ਬਾਬੂ ਬਚਨ ਸਿੰਘ (ਲੁਧਿਆਣਾ ਉੱਤਰ) : ਡਿਪਟੀ ਸਪੀਕਰ ਸਾਹਿਬਾ, ਸਾਡੇ ਪੰਜਾਬ ਵਿਚ ਥੋੜੇ ਸਾਲਾਂ ਵਿੱਚ ਹੀ ਗੌਰਮਿੰਟ ਦਾ ਟੈਕਸੇਸ਼ਨ ਡਬਲ ਤੋਂ ਵੀ ਜ਼ਿਆਦਾ ਹੋ ਗਿਆ ਹੈ। ਸੰਨ 1960-61 ਦੇ ਜਿਹੜੇ Accounts ਸਨ ਉਨ੍ਹਾਂ ਦੇ ਮੁਤਾਬਕ ਇਸ ਸੂਬੇ ਵਿਚ ਜਿਹੜਾ ਟੈਕਸ ਲਗਾ ਉਹ ਸੀ 33, 23 ਲੱਖ। ਲੇਕਿਨ ਜਿਹੜਾ ਬਜਟ ਸਰਦਾਰ ਕਪੂਰ ਸਿੰਘ ਸਾਡੇ ਫਾਈਨੈਂਸ ਮਿਨਿਸਟਰ ਨੇ 1966-67 ਦਾ ਪੇਸ਼ ਕੀਤਾ ਹੈ ਉਸ ਦੇ ਮੁਤਾਬਕ 76,34 ਲਖ ਰੁਪਿਆ ਟੈਕਸੇਸ਼ਨ ਦਾ ਬਣਦਾ ਹੈ। ਇਸ ਦਾ ਮਤਲਬ ਇਹ ਹੈ ਕਿ ਤਕਰੀਬਨ $2\frac{1}{3}$ ਗੁਣਾ ਟੈਕਸ ਇਸ ਸੂਬੇ ਵਿਚ ਵਧਿਆ ਹੈ ਜਿਥੇ ਇਨ੍ਹਾਂ ਨੇ ਸੂਬੇ ਵਿਚ $2\frac{1}{3}$ ਗੁਣਾ ਟੈਕਸ ਵਿਚ ਇਜ਼ਾਫਾ ਕੀਤਾ ਹੈ ਉਥੇ ਲੁਤਫ ਦੀ ਗਲ ਹੈ ਕਿ ਅਮੀਰਾਂ ਉਪਰ ਸਰਕਾਰ ਨੇ ਟੈਕਸ ਲਗਾਉਣ ਤੋਂ ਗੁਰੇਜ਼ ਕੀਤਾ ਹੈ। ਗੌਰਮਿੰਟ ਦੀ ਆਪਣੀ ਕਿਤਾਬ ਹੈ ਜਿਸ ਦਾ ਨਾਂ ਹੈ, "ਪੰਜਾਬ ਬਜਟ ਐਟ ਏ ਗਲਾਂਸ"। ਇਸ ਵਿਚੋਂ ਦਸਿਆ ਹੈ ਕਿ ਡਾਇਰੈਕਟ ਟੈਕਸੇਸ਼ਨ ਜਿਥੇ 1960-61 ਵਿਚ 9 ਕਰੋੜ ਰੁਪਿਆ ਸੀ ਉਹ ਵਧ ਕੇ 1966-67 ਦੇ ਬਜਟ ਤਕ 11,51 ਲਖ ਬਣਿਆ ਹੈ। ਗੋਇਆ ਡਾਇਰੈਕਟ ਟੈਕਸੇਸ਼ਨ ਸਵਾਇਆ ਹੋ ਗਿਆ। ਇਨਡਾਇਰੈਕਟ ਟੈਕਸੇਸ਼ਨ ਦੀ ਬਾਬਤ ਵੇਖੋ—ਜਿਹੜੇ ਟੈਕਸ ਗਰੀਬਾਂ ਦੇ ਸਿਰ ਮੁੰਨਣ ਵਾਲੇ ਹਨ ਅਤੇ ਗਰੀਬਾਂ ਦੀ ਪੌੜੀ ਲਾਹੁਣ ਵਾਲੇ ਹਨ ਉਹ ਕਿੰਨੇ ਵਧ ਗਏ ਹਨ। 1960-61 ਵਿਚ ਇਨ-ਡਾਇਰੈਕਟ ਟੈਕਸੇਸ਼ਨ 24 20 ਲੱਖ ਰੁਪਿਆ ਸੀ ਅਤੇ 1966-67 ਵਿਚ 64,83 ਲੱਖ ਰੁਪਿਆ ਹੋ ਗਿਆ, ਯਾਨੀ $2\frac{3}{4}$ ਗੁਣਾ ਟੈਕਸ ਬਣ ਗਿਆ। ਡਾਇਰੈਕਟ ਟੈਕਸੇਸ਼ਨ ਤਾਂ ਸਾਰਾ ਸਵਾਇਆ ਹੀ ਵਧਿਆ ਹੈ ਪਰ ਇਨ-ਡਾਇਰੈਕਟ ਟੈਕਸੇਸ਼ਨ 3 ਗੁਣਾ ਹੋ ਗਿਆ ਹੈ। ਇਸ ਦਾ ਮਤਲਬ ਸਾਫ ਹੈ ਕਿ ਜਿਨ੍ਹਾਂ ਲੋਕਾਂ ਦੀ ਟੈਕਸ

[ਬਾਬੂ ਬਚਨ ਸਿੰਘ]

ਪੇ ਕਰਨ ਦੀ ਕੈਪੈਸਿਟੀ ਹੈ ਉਨ੍ਹਾਂ ਨੂੰ ਸਰਕਾਰ ਬਿਲਕੁਲ ਛਡਣ ਲਈ ਤਿਆਰ ਹੈ। ਪੰਜਾਬ ਇਕ ਅਜਿਹਾ ਸੂਬਾ ਹੈ ਜਿਸ ਨੇ ਹਿੰਦੁਸਤਾਨ ਦੇ ਸਾਰਿਆਂ ਸੂਬਿਆਂ ਨਾਲੋਂ ਜ਼ਿਆਦਾ ਤਰੱਕੀ ਕੀਤੀ ਹੈ। ਗੌਰਮਿੰਟ ਇਹ ਗਲ ਫਖਰੀਆ ਕਹਿੰਦੀ ਹੈ ਕਿ ਸੂਬੇ ਨੇ ਤਰੱਕੀ ਕੀਤੀ ਹੈ। ਲੇਕਿਨ ਸਵਾਲ ਇਹ ਹੈ ਕਿ ਆਇਆ ਇਸ ਨਾਲ ਮਜ਼ਦੂਰਾਂ ਨੂੰ ਕੋਈ ਫਾਇਦਾ ਪਹੁੰਚਿਆ ਹੈ, ਆਇਆ ਕਿਸਾਨ ਨੂੰ ਕੋਈ ਫਾਇਦਾ ਪਹੁੰਚਿਆ ਹੈ, ਆਇਆ ਛੋਟੇ ਦੁਕਾਨਦਾਰ ਨੂੰ ਕੋਈ ਫਾਇਦਾ ਪਹੁੰਚਿਆ ਹੈ ਜਾਂ ਮਗਰਮੱਛ ਹੋਰ ਮੋਟੇ ਹੋ ਗਏ ਹਨ ਅਤੇ ਸਰਕਾਰ ਉਨ੍ਹਾਂ ਦੀ ਹਿਮਾਇਤ ਕਰਨ ਲਈ ਕੰਮ ਕਰ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਇਸ ਅਸੈਂਬਲੀ ਵਿਚ ਹਮੇਸ਼ਾ ਇਹ ਕੰਪਲੇਂਟ ਰਹੀ ਹੈ ਕਿ ਜਦ ਜਦ ਖਾਧੜਾਂ ਦਾ ਸਵਾਲ ਆਇਆ, ਜਦ ਜਦ ਬਿਰਲਿਆਂ ਦਾ ਸਵਾਲ ਆਇਆ, ਜਦ ਜਦ ਨੌਰੰਗਿਆਂ ਦਾ ਸਵਾਲ ਆਇਆ, ਜਾਂ ਹੋਰ ਕਿਸੇ ਪੁਰੀ ਵਰਗੇ ਸਰਮਾਏਦਾਰ ਦਾ ਸਵਾਲ ਆਇਆ ਤਾਂ ਸਾਡੀ ਸਰਕਾਰ ਨੇ ਉਨ੍ਹਾਂ ਦੇ ਸਾਹਮਣੇ ਘੁਟਣੇ ਟੇਕ ਕੇ ਸਲਾਮ ਕੀਤੀ। ਸਰਕਾਰ ਨੇ ਹਮੇਸ਼ਾਂ ਉਨ੍ਹਾਂ ਦੇ ਅੱਗੇ ਘੁਟਨੇ ਟੇਕ ਕੇ ਉਨ੍ਹਾਂ ਨੂੰ ਸਲਾਮ ਕੀਤੀ। (ਇਕ ਆਵਾਜ਼ : ਉਨ੍ਹਾਂ ਅੱਗੇ ਲੰਮੀ ਪੈ ਗਈ) ਮਗਰ ਤੁਸੀਂ ਹੀ ਇਹ ਕਹੋ ਕਿ ਉਨ੍ਹਾਂ ਅਗੇ ਲੰਮੀ ਪੈ ਗਈ ਡੰਡਵਤ ਕੀਤੀ, ਮੈਂ ਕਹਿੰਦਾ ਹਾਂ ਕਿ ਉਨ੍ਹਾਂ ਅਗੇ ਘੁਟਨੇ ਟੇਕਦੀ ਹੈ। ਇਸ ਵੇਲੇ ਸੂਬੇ ਦੀ ਹਾਲਤ ਕੀ ਹੈ ? ਇਕ ਪਾਸੇ, ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਪੌਣੇ ਤਿੰਨ ਗੁਣਾ ਇਨਡਾਇਰੈਕਟ ਟੈਕਸੇਸ਼ਨ ਵਧੀ ਪਰ ਉਸ ਦੇ ਮੁਕਾਬਲੇ ਵਿਚ ਸਰਕਾਰ ਨੇ ਲੋ ਪੇਡ ਮੁਲਾਜ਼ਮਾਂ ਵਾਸਤੇ ਕੀ ਕੀਤਾ ਹੈ ? ਜਦ ਜਦ ਅਸੀਂ ਇਹ ਸਵਾਲ ਉਠਾਂਦੇ ਹਾਂ ਕਿ ਟੈਕਸੇਸ਼ਨ ਸਰਕਾਰ ਵਧਾ ਰਹੀ ਹੈ ਔਰ ਮਹਿੰਗਾਈ ਵਧ ਰਹੀ ਹੈ—ਮੈਂ ਮਹਿੰਗਾਈ ਦੇ ਸਵਾਲ ਵੱਲ ਬਾਅਦ ਵਿਚ ਆਵਾਂਗਾ ਅਤੇ ਸਭ ਤੋਂ ਜਿਹੜੇ ਲੋਪੇਡ ਤਨਖਾਹਾਂ ਵਾਲੇ ਕਰਮਚਾਰੀ ਹਨ ਉਨ੍ਹਾਂ ਵਾਸਤੇ ਕੀ ਕਰ ਰਹੇ ਹੋ ਤਾਂ ਸਰਕਾਰ ਕਹਿੰਦੀ ਹੈ ਕਿ ਸਾਡੇ ਪਾਸ ਉਨ੍ਹਾਂ ਦੇ ਵਾਸਤੇ ਪੈਸਾ ਨਹੀਂ ਹੈ। ਮੈਂ ਅਰਜ਼ ਕਰਦਾ ਹਾਂ ਕਿ ਸਾਡੇ ਵਜ਼ੀਰ ਸਾਹਿਬ ਦੱਸਣ ਕਿ ਪਿਛਲੇ 5 ਸਾਲਾਂ ਵਿਚ ਜਿਨ੍ਹਾਂ ਆਦਮੀਆਂ ਦੀ ਤਨਖਾਹ 60 ਰੁਪੈ ਮਾਹਵਾਰ ਸੀ ਔਰ ਮਹਿੰਗਾਈ ਅਲਾਊਂਸ 40 ਰੁਪੈ ਮਿਲਦਾ ਸੀ ਉਨ੍ਹਾਂ ਨੂੰ ਸਿਵਾਏ 10 ਰੁਪੈ ਹੋਰ ਦੇਣ ਦੇ ਯਾਨੀ 10 ਪਰਸੈਂਟ ਅਜਾਫਾ ਕਰਨ ਦੇ ਸਰਕਾਰ ਨੇ ਉਨ੍ਹਾਂ ਦੀ ਤਨਖਾਹ ਵਿਚ ਕੀ ਫਰਕ ਪਾਇਆ ਹੈ ? ਇਸ ਵੇਲੇ ਇਕ ਪਾਸੇ ਸਰਕਾਰ ਨੇ ਉਨ੍ਹਾਂ ਦੀ ਤਨਖਾਹ ਪਿਛਲੇ ਸਾਲਾਂ ਵਿਚ ਸਿਰਫ 10 ਪਰਸੈਂਟ ਵਧਾਈ ਹੈ ਔਰ ਇਸ ਸਾਲ ਸਰਕਾਰ ਕਹਿੰਦੀ ਹੈ ਕਿ ਸਾਡੇ ਖਜ਼ਾਨੇ ਵਿਚ ਪੈਸਾ ਨਹੀਂ, ਖਜ਼ਾਨਾ ਖਾਲੀ ਹੈ ਲੇਕਿਨ ਇਸ ਦੇ ਮੁਕਾਬਲੇ ਵਿਚ ਇਹ ਦੇਖਣਾ ਚਾਹੀਦਾ ਹੈ ਕਿ ਇਨ੍ਹਾਂ ਸਾਲਾਂ ਵਿਚ ਮਹਿੰਗਾਈ ਵਿਚ ਕਿਤਨਾ ਅਜ਼ਾਫਾ ਹੋਇਆ ਹੈ। ਸੰਨ 1960-61 ਤੋਂ ਮੈਂ ਕੋਈ ਜ਼ਿਆਦਾ ਦੂਰ ਨਹੀਂ ਜਾਣਾ ਚਾਹੁੰਦਾ। ਸਨ 1960-61 ਤੋਂ ਲੈ ਕੇ ਅਜ ਤਕ ਮਹਿੰਗਾਈ ਵਿਚ 50 ਫੀ ਸਦੀ ਦਾ ਅਜ਼ਾਫਾ ਹੋਇਆ ਹੈ। ਜਿਥੇ ਇਕ ਪਾਸੇ ਸਰਕਾਰ ਦੀ ਟੈਕਸੇਸ਼ਨ $2\frac{1}{3}$ ਗੁਨਾ ਹੋ ਗਈ ਹੈ, ਮਹਿੰਗਾਈ 100 ਤੋਂ 150 ਹੋ ਗਈ ਹੈ ਤਾਂ ਫੇਰ ਕੀ ਵਜ਼ਾਹ ਹੈ ਕਿ ਸਰਕਾਰ ਲੋਪੇਡ ਐਂਪਲਾਈਜ਼ ਨੂੰ ਸਿਵਾਏ 10 ਫੀ ਸਦੀ ਦੇਣ ਦੇ ਹੋਰ ਕਿਸੇ ਗਲ ਲਈ ਤਿਆਰ ਨਹੀਂ ? ਲੇਕਿਨ ਇਹ ਸਰਕਾਰ ਇਕ ਪਾਸੇ ਤਾਂ ਲੋ ਪੇਡ ਐਂਪਲਾਈਜ਼ ਨੂੰ ਕੁਝ ਵੀ ਦੇਣਾ ਨਹੀਂ ਚਾਹੁੰਦੀ ਦੂਜੇ ਪਾਸੇ ਇਥੇ ਜੋ ਕੁਝ ਹੋ ਰਿਹਾ ਹੈ, ਜਿਸ ਤਰ੍ਹਾਂ ਵੱਡੇ ਵੱਡੇ ਮਗਰਮੱਛ ਪਲ ਰਹੇ ਹਨ, ਜਿਸ ਤਰ੍ਹਾਂ ਸੈਕਟਰੀਆਂ ਨੂੰ ਵਧਾਇਆ ਜਾ ਰਿਹਾ ਹੈ, ਜਿਸ ਤਰਾਂ ਡਿਪਟੀ ਸੈਕਟਰੀਆਂ ਨੂੰ ਵਧਾਇਆ ਜਾ ਰਿਹਾ ਹੈ, ਜਾਇੰਟ ਸੈਕਟਰੀਆਂ, ਅੰਡਰ ਸੈਕਟਰੀਆਂ ਔਰ ਅਸਿਸਟੈਂਟ ਸੈਕਟਰੀਆਂ ਨੂੰ ਵਧਾਇਆ ਜਾ ਰਿਹਾ ਹੈ, ਮਹਿਕਮੇ ਉਤੇ ਮਹਿਕਮਾ ਖੜਾ ਕੀਤਾ ਜਾ ਰਿਹਾ ਹੈ, ਇਸ ਤੋਂ ਜ਼ਿਆਦਾ ਵੇਸਟੇਜ ਕਿਸੇ ਦੂਜੇ ਮੁਲਕ ਵਿਚ ਹੋ ਨਹੀਂ ਸਕਦੀ ਜਿਹੜਾ ਸਾਡੇ ਤੋਂ ਜ਼ਿਆਦਾ ਗਰੀਬ ਹੋਵੇ। ਅਸੀਂ ਜਿਸ ਵਕਤ ਰੋਟੀ ਮੰਗਦੇ ਹਾਂ, ਸਾਡੇ ਵਾਸਤੇ ਸਰਕਾਰ ਕੋਲ ਰੋਟੀ ਨਹੀਂ ਪੱਥਰ ਹੁੰਦੇ ਹਨ ਪਰ ਇਸ ਦੇ ਉਲਟ ਜਿਸ ਵਕਤ ਵਡੇ ਵਡੇ ਅਫਸਰ ਮਖਣ ਮੰਗਦੇ ਹਨ ਤਾਂ ਮੱਖਣ ਹੀ ਨਹੀਂ, ਮਖਣ ਦੇ ਨਾਲ ਇਹ ਕਹਿੰਦੇ ਹਨ ਕਿ ਤੁਹਾਨੂੰ ਅੰਡੇ ਵੀ ਦਿਆਂਗੇ, ਮੁਰਗੇ ਵੀ ਦਿਆਂਗੇ, ਸਭ ਕੁਝ ਦਿਆਂਗੇ। ਇਸ ਦਾ ਕਾਰਨ ਕੀ ਹੈ ? ਕਾਰਨ ਇਹੋ ਹੈ ਕਿ ਇਹ

ਜਿਹੜੇ ਲੋਕ ਗੱਦੀਆਂ ਉਤੇ ਬੈਠੇ ਹੋਏ ਹਨ ਇਨ੍ਹਾਂ ਦੇ ਕੌਲ ਔਰ ਫੇਅਲ ਵਿਚ ਫਰਕ ਹੈ। ਇਹ ਲੋਕ ਜ਼ਬਾਨੀ ਤਾਂ ਗਰੀਬਾਂ ਦੇ ਨਾਲ ਹਮਦਰਦੀ ਜਾਹਿਰ ਕਰਦੇ ਹਨ ਪਰ ਅਮਲੀ ਤੌਰ ਤੇ ਵਡੇ ਵਡੇ ਲੋਕਾਂ ਨਾਲ ਹਮਦਰਦੀ ਜ਼ਾਹਿਰ ਕਰਦੇ ਹਨ। ਇਸ ਵੇਲੇ ਇਕ ਪਾਸੇ ਤਾਂ ਪੰਜਾਬ ਵਿਚ ਕਾਲ ਪੈ ਰਿਹਾ ਹੈ—ਸਿਵਾਏ ਚੰਦ ਜ਼ਿਲਿਆਂ ਦੇ ਜਿੱਥੇ ਕਿ ਪਾਣੀ ਦੀ ਕੁਝ ਸਹੂਲੀਅਤ ਹੈ, ਇਰੀਗੇਸ਼ਨ ਦੀ ਸਹੂਲੀਅਤ ਹੈ—ਬਾਕੀ ਜ਼ਿਲਿਆਂ ਵਿਚ ਕਾਲ ਪੈ ਰਿਹਾ ਹੈ। ਪਰਸੋਂ ਹੀ ਡੀ. ਸੀ. ਕਰਨਾਲ ਦਾ ਬਿਆਨ ਆਇਆ ਕਿ ਜ਼ਿਲ੍ਹਾ ਕਰਨਾਲ ਵਿਚ 45 ਫੀ ਸਦੀ ਰੱਬੀ ਦੀ ਫਸਲ ਡੈਮੇਜ਼ ਹੋ ਗਈ ਹੈ। ਅਗਰ ਕਰਨਾਲ ਜੈਸੇ ਜ਼ਿਲੇ ਵਿਚ 45 ਫੀ ਸਦੀ ਫਸਲ ਤਬਾਹ ਹੋ ਗਈ ਹੈ ਤਾਂ ਗੁੜਗਾਵਾਂ ਅਤੇ ਮਹੇਂਦਰਗੜ੍ਹ ਜ਼ਿਲਿਆਂ ਦਾ ਤੇ ਖੁਦਾ ਹਾਫਜ਼। ਐਸੀ ਸੂਰਤ ਵਿਚ ਸਰਕਾਰ ਦੇ ਸਾਹਮਣੇ ਇਕ ਗਲ ਜ਼ਰੂਰੀ ਹੋਣੀ ਚਾਹੀਦੀ ਸੀ ਕਿ ਉਹ ਅਪਣਾ ਕੈਪੀਟਲ ਬਜਟ ਬਹੁਤ ਜ਼ਿਆਦਾ ਮਜ਼ਬੂਤ ਬਣਾਉਂਦੀ। ਅਪਣੇ ਕੈਪੀਟਲ ਬਜਟ ਦੇ ਨਾਲ ਕੋਸ਼ਿਸ਼ ਕਰਕੇ ਸਰਕਾਰ ਲੋਕਾਂ ਨੂੰ ਰੋਜ਼ਗਾਰ ਮੁਹੈਯਾ ਕਰਦੀ, ਲੋਕਾਂ ਨੂੰ ਕੰਮ ਮੁਹੈਯਾ ਕਰਕੇ ਸਟੇਟ ਦੀ ਆਮਦਨ ਨੂੰ ਵਧਾਇਆ ਜਾਂਦਾ। ਪਰ ਬੜੇ ਅਫਸੋਸ ਦੀ ਗਲ ਹੈ ਔਰ ਮੈਂ ਇਹ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਸਰਕਾਰ ਨੇ ਕੈਪੀਟਲ ਬਜਟ ਦੇ ਸਿਲਸਿਲੇ ਦੇ ਵਿਚ ਜੋ ਕੁਝ ਕੀਤਾ ਹੈ ਉਸ ਨੇ ਪੰਜਾਬ ਦੀਆਂ ਆਸਾਂ ਅਤੇ ਉਮੀਦਾਂ ਉਤੇ ਬਿਲਕੁਲ ਪਾਣੀ ਫੇਰ ਦਿੱਤਾ ਹੈ। ਸੰਨ 1960-61 ਦੇ Accounts ਦਸਦੇ ਹਨ ਕਿ 1960-61 ਵਿਚ ਸਰਕਾਰ ਦਾ ਕੈਪੀਟਲ ਬਜਟ 23 ਕਰੋੜ 85 ਲੱਖ ਸੀ। ਉਹ ਵਧਦਾ ਵਧਦਾ ਇਥੋਂ ਤਕ ਚਲਾ ਗਿਆ ਕਿ 1964-65 ਵਿਚ 33 ਕਰੋੜ 99 ਲੱਖ ਯਾਨੀ 34 ਕਰੋੜ ਹੋ ਗਿਆ ਲੇਕਿਨ ਇਸ ਸਾਲ ਇਹ ਕੈਪੀਟਲ ਬਜਟ ਰਹਿ ਗਿਆ ਸਿਰਫ 16 ਕਰੋੜ 16 ਲੱਖ ਰੁਪਿਆ। ਸਰਕਾਰ ਦੀ ਟੈਕਸੇਸ਼ਨ ਵਧ ਜਾਏ, ਸਰਕਾਰ ਦੀ ਆਮਦਨ ਵਧ ਜਾਵੇ—ਸਰਕਾਰ ਇਸ ਗੱਲ ਵਿਚ ਕਾਮਯਾਬ ਹੋਈ ਹੋਵੇ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਕੋਲੋਂ ਟੈਕਸ ਵਸੂਲ ਕਰ ਸਕੀ ਹੋਵੇ, ਲੋਕਾਂ ਨੂੰ ਫਲੀਸ ਕੀਤਾ ਹੋਵੇ, ਸੂਬੇ ਵਿਚ ਲੋਕਾਂ ਦੀ ਇਹ ਮੰਗ ਹੋਵੇ ਕਿ ਇਸ ਸੂਬੇ ਵਿਚ ਕੋਈ ਐਸੇ ਕੰਮ ਕਰੋ ਜਿਨ੍ਹਾਂ ਦੇ ਨਾਲ ਲੋਕਾਂ ਨੂੰ ਰੋਜ਼ਗਾਰ ਮਿਲੇ ਉਥੇ ਸੂਬੇ ਦਾ ਕੈਪੀਟਲ ਬਜਟ 34 ਕਰੋੜ ਤੋਂ ਡਿਗ ਕੇ 16 ਕਰੋੜ ਤੇ ਆ ਜਾਵੇ ਤਾਂ ਇਸ ਤੋਂ ਜ਼ਿਆਦਾ ਸ਼ਰਮਨਾਕ ਗੱਲ ਹੋਰ ਕੀ ਹੋ ਸਕਦੀ ਹੈ ?

ਇਥੇ ਸਰਦਾਰ ਕਪੂਰ ਸਿੰਘ ਨੇ ਹੁਣੇ ਹੁਣੇ ਕਿਹਾ ਸੀ ਕਿ ਲੀਕੇਜ ਨੂੰ ਰੋਕ ਕੇ ਆਮਦਨੀ ਵਧਾਣੀ ਹੈ ਪਰ ਮੈਂ ਉਨ੍ਹਾਂ ਦੀ ਤਵਜੁਹ ਇਸ ਗਲ ਵਲ ਦਵਾਉਣੀ ਚਾਹੁੰਦਾ ਹਾਂ ਕਿ ਇਸ ਸਾਲ ਜਿਹੜੀ ਤੁਸਾਂ ਜ਼ਿਆਦਾ ਟੈਕਸ ਵਸੂਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਹ ਇਸ ਗਲ ਨਾਲ ਐਗਰੀ ਕਰਨਗੇ ਕਿ ਸਿਰਫ ਦੋ ਹੀ ਆਈਟਮਜ਼ ਹਨ ਜਿਨ੍ਹਾਂ ਤੋਂ ਇਹ ਆਮਦਨ ਵਧੀ ਹੈ। ਇਕ ਹੈ ਸੈਲਜ਼ ਟੈਕਸ ਜਿਹੜਾ ਪਿਛਲੇ ਸਾਲ 10 ਕਰੋੜ ਰੁਪੈ ਸੀ ਇਸ ਸਾਲ ਤੁਹਾਡੇ ਅਪਣੇ ਤਖਮੀਨੇ ਦੇ ਮੁਤਾਬਕ 21 ਕਰੋੜ ਹੈ। ਇਸ ਦੇ ਮੁਤਾਬਕ ਮੈਂ ਤੁਹਾਨੂੰ ਦਸਦਾ ਹਾਂ ਕਿ ਕਿਸ ਤਰਾਂ ਟੈਕਸ ਵਸੂਲ ਹੁੰਦਾ ਹੈ। ਮਿਨਿਸਟਰ ਕਮਿਸ਼ਨਰ ਨੂੰ ਹੁਕਮ ਦਿੰਦਾ ਹੈ ਔਰ ਕਮਿਸ਼ਨਰ ਮੁਖਤਲਿਫ ਜ਼ਿਲਿਆਂ ਦੇ ਟੈਕਸੇਸ਼ਨ ਅਫਸਰਾਂ ਨੂੰ ਹੁਕਮ ਦਿੰਦਾ ਹੈ ਕਿ ਅਸਾਂ ਇਤਨਾ ਰੁਪਿਆ ਤੁਹਾਡੇ ਕੋਲੋਂ ਲੈਣਾ ਹੈ—ਤੁਹਾਡੇ ਜ਼ਿਲੇ, ਸਰਕਲ ਤੋਂ ਅਸਾਂ ਇਤਨਾ ਰੁਪਿਆ ਲੈਣਾ ਹੈ—ਇਕ ਇਕ ਕਰੋੜ ਲੈਣਾ ਹੈ, ਡੇਢ ਡੇਢ ਕਰੋੜ ਲੈਣਾ ਹੈ। ਮਿਨਿਸਟਰ ਜਿਤਨਾ ਮੰਗਦਾ ਹੈ ਅਫਸਰ ਅਪਣੀ ਕਾਰਗੁਜ਼ਾਰੀ ਵਖਾਉਣ ਲਈ ਉਸ ਤੋਂ ਵੀ ਜ਼ਿਆਦਾ ਉਗਰਾਉਣ ਦੀ ਕੋਸ਼ਿਸ਼ ਕਰਦੇ ਹਨ। ਤੁਸਾਂ ਹੁਣੇ ਹੁਣੇ ਵੇਖਿਆ ਹੈ ਕਿ ਕਿਸ ਤਰ੍ਹਾਂ ਨਾਲ ਮੁਲਾਜ਼ਮਾਂ ਦੀ ਖਲੜੀ ਲਾਹੀਂ ਜਾਂਦੀ ਹੈ ਕਿਸ ਤਰ੍ਹਾਂ ਮੁਲਾਜ਼ਮਾਂ ਨੂੰ ਤੰਗ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਨੇ ਹੁਣੇ ਹੁਣੇ ਇਕ ਕਾਰਨਾਮਾ ਕੀਤਾ। ਸਾਰਾ ਪੰਜਾਬ ਬੜੀਆਂ ਬਗਲਾਂ ਵਜਾ ਰਿਹਾ ਹੈ, ਖੁਸ਼ ਹੋ ਰਿਹਾ ਹੈ। ਸਾਡੇ ਪੰਜਾਬ ਦੇ ਐਜੂਕੇਸ਼ਨ ਮਿਨਿਸਟਰ ਨੇ ਇਕ ਪਾਸੇ ਥੋੜੀ ਜਿਹੀ ਰਿਆਇਤ ਦਿੱਤੀ ਜੋ 25 ਲੱਖ ਰੁਪੈ ਦੇ ਕੇ ਕੁਝ ਟੀਚਰਾਂ ਦੀ ਤਨਖਾਹ ਵਧਾਈ ਪਰ ਦੂਜੇ ਹੀ ਪਾਸੇ ਸਰਕਲ ਐਜੂਕੇਸ਼ਨ ਅਫਸਰ ਮਿਸਟਰ ਸਾਂਤ ਦੀ ਸਪੈਸ਼ਲ ਡਿਊਟੀ ਲਗਾ ਦਿੱਤੀ ਕਿ ਇਸ ਹਥ ਦਿਉ ਤੇ

[ਬਾਬੂ ਬਚਨ ਸਿੰਘ]

ਉਸ ਹੱਥ ਖੋਹ ਲਉ। ਜਿਹੜਾ ਐਕਸੈਸ ਉਨ੍ਹਾਂ ਨੂੰ ਮਿਲਣਾ ਸੀ, ਹੁਕਮ ਇਹ ਹੋਇਆ ਕਿ ਜੇਕਰ 86 ਮਿਲਦੇ ਹਨ ਤਾਂ 75 ਰੁਪੈ ਸਰਕਾਰ ਨੂੰ ਦੇ ਦੇਵੇ ਔਰ 11 ਆਪਣੇ ਘਰ ਲੈ ਜਾਵੇ। ਇਸ ਤਰ੍ਹਾਂ ਦੇ ਤਾਂ ਇਥੇ ਹੁਕਮ ਚਲਦੇ ਹਨ। ਜਿਸ ਵੇਲੇ ਲੋਕ ਹਾਲ ਦੁਹਾਈ ਪਾਉਂਦੇ ਹਨ ਤਾਂ ਮਿਨਿਸਟਰ ਇਥੇ ਮੁਕੱਰ ਜਾਂਦੇ ਹਨ—ਉਹ ਕਹਿੰਦੇ ਹਨ ਕਿ ਕੋਈ ਜ਼ਬਰਦਸਤੀ ਨਹੀਂ ਕੀਤੀ ਕੋਈ ਜ਼ਿਆਦਤੀ ਨਹੀਂ ਕੀਤੀ, ਕਿਸੇ ਨੂੰ ਕੋਈ ਮਜਬੂਰ ਨਹੀਂ ਕੀਤਾ ਔਰ ਉਨ੍ਹਾਂ ਦੀਆਂ ਗਲਾਂ ਤੋਂ ਇਉਂ ਜਾਪਦਾ ਹੈ ਜਿਵੇਂ ਲੋਕਾਂ ਨੇ ਸਭ ਕੁਝ ਅਪਣੀ ਮਰਜ਼ੀ ਨਾਲ ਕੀਤਾ, ਵਾਲੰਟੈਰੀਲੀ ਕੀਤਾ। ਮੈਂ ਕਹਿੰਦਾ ਹਾਂ ਕਿ ਇਹ ਬਿਲਕੁਲ ਗਲਤ ਬਾਤ ਹੈ। ਇਸ ਪਾਸੇ ਲੋਕ ਰੋ ਰਹੇ ਹਨ, ਵਾਵੇਲਾ ਕਰ ਰਹੇ ਹਨ। ਲੋ ਪੇਡ ਮੁਲਾਜ਼ਮ ਇਸ ਕਰਕੇ ਰੋ ਰਹੇ ਹਨ ਕਿ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੁੰਦਾ ਦੂਜੇ ਪਾਸੇ ਸਰਕਾਰ ਬਿਲਕੁਲ ਹੱਥ ਤੇ ਹੱਥ ਰਖੀ ਬੈਠੀ ਹੈ। ਮੈਂ ਇਸ ਵੇਰ ਜਦ ਇਥੋਂ ਵਾਪਸ ਲੁਧਿਆਨੇ ਗਿਆ ਤਾਂ ਮੈਨੂੰ ਕਈਆਂ ਮੁਲਾਜ਼ਮਾਂ ਨੇ ਕਿਹਾ ਕਿ ਇਥੇ ਤਾਂ ਖੂਬ ਝਾਟਮ ਝਾਟਾ ਕਰਦੇ ਹੋ—ਵਜ਼ੀਰ ਵਜ਼ੀਰ ਦੀ ਜੁੰਡੀ ਖਿਚਦਾ ਹੈ, ਕਾਂਗਰਸ ਪਾਰਟੀ ਦੇ ਮੈਂਬਰ ਅਪਣੇ ਵਜ਼ੀਰਾਂ ਦੀਆਂ ਜੁੰਡੀਆਂ ਖਿਚਦੇ ਹਨ ਅਤੇ ਤੁਸੀਂ ਵੀ ਸਾਰਿਆਂ ਦੀਆਂ ਖਿਚਦੇ ਹੋ। ਪਰ ਕਦੇ ਸਾਡਾ ਵੀ ਸੋਚਿਆ ਜੇ ? ਮੈਂ ਕਹਿੰਦਾ ਹਾਂ ਕਿ ਇਹ ਬਿਲਕੁਲ ਇਕ ਫਾਰਸ (**Farce**) ਹੈ, ਤਮਾਸ਼ਾ ਹੋ ਰਿਹਾ ਹੈ। ਅਸੀਂ ਲੋਕਾਂ ਅਗੇ ਗੁਨਾਹਗਾਰ ਹਾਂ। ਇਸ ਦੇ ਜ਼ਿੰਮੇਦਾਰ ਅਸੀਂ ਸਾਰੇ ਹਾਂ। ਰੌਲਾ ਤਾਂ ਪਾਉਂਦੇ ਹਾਂ ਮਗਰ ਕੋਈ ਇਫੈਕਟਿਵ (effective) ਰੌਲਾ ਨਹੀਂ ਪਾਉਂਦੇ। ਮੈਂ ਦੇਖ ਰਿਹਾ ਹਾਂ ਕਿ ਜਿਸ ਤਰ੍ਹਾਂ ਦੂਜਿਆਂ ਸੂਬਿਆਂ ਵਿਚ ਇੰਤਸ਼ਾਰ ਦੀਆਂ ਤਾਕਤਾਂ ਉਭਰ ਚੁਕੀਆਂ ਹਨ ਕਿਧਰੇ ਪੰਜਾਬ ਵਿਚ ਵੀ ਇੰਤਸ਼ਾਰ ਦੀਆਂ ਤਾਕਤਾਂ ਨਾ ਉਭਰ ਪੈਣ। ਇਸ ਵੇਲੇ ਇਕਨਾਮਿਕ ਡਿਸਟਰੈਸ ਦੀ ਵਜਾਹ ਕਰਕੇ ਜੇਕਰ ਇੰਤਸ਼ਾਰ ਦੀਆਂ ਤਾਕਤਾਂ ਉਭਰੀਆਂ ਤਾਂ ਉਸ ਦੇ ਲਈ ਜ਼ਿੰਮੇਦਾਰ ਖੁਦ ਸਰਕਾਰ ਹੋਵੇਗੀ ਔਰ ਇਸ ਸਰਕਾਰ ਨੂੰ ਕਦੇ ਵੀ ਪੰਜਾਬ ਮੁਆਫ ਨਹੀਂ ਕਰ ਸਕੇਗਾ। ਤਿੰਨ ਸਾਲ ਪਹਿਲੇ 5 ਕਰੋੜ ਰੁਪਿਆ ਇਕਲਾ ਐਕਸਾਈਜ਼ ਦਾ ਆਉਂਦਾ ਸੀ ਇਸ ਵੇਲੇ ਉਹ 14 ਕਰੋੜ ਰੁਪਏ ਹੈ। ਤੁਸੀਂ ਕਹਿੰਦੇ ਹੋ ਕਿ ਲੀਕੇਜ ਨੂੰ ਰੋਕਿਆ ਹੈ। ਪਰ ਐਕਸਾਈਜ਼ ਦੇ ਤਾਂ ਤੁਸੀਂ ਠੇਕੇ ਦਿੰਦੇ ਹੋ। ਆਕਸ਼ਨ ਕਰਦੇ ਰਹੇ ਹੋ।

6.00 p.m.

ਜਿਥੇ ਆਕਸ਼ਨ ਹੁੰਦੀ ਹੈ ਉਥੇ ਲੀਕੇਜ ਦਾ ਕੀ ਵਾਸਤਾ ? ਕਿਸ ਤਰ੍ਹਾਂ ਲੀਕੇਜ ਹੋ ਸਕਦੀ ਹੈ? ਲੇਕਿਨ ਇਹ 14 ਕਰੋੜ ਕਿਸ ਤਰ੍ਹਾਂ ਵਧਿਆ ਹੈ। ਮੇਰੇ ਆਪਣੇ ਜ਼ਿਲ੍ਹੇ ਦਾ ਮੈਨੂੰ ਪਤਾ ਹੈ ਕਿ ਉਥੇ ਜਿਥੇ ਪਹਿਲੇ 44 ਦੁਕਾਨਾਂ ਸ਼ਰਾਬ ਦੀਆਂ ਸਨ ਉਥੇ 19 ਹੋਰ ਖੋਲ੍ਹ ਦਿੱਤੀਆਂ ਹਨ। ਇਸ ਤਰ੍ਹਾਂ ਇਨ੍ਹਾਂ ਉਥੇ ਦੁਕਾਨਾਂ ਵਧਾ ਕੇ ਲੋਕਾਂ ਨੂੰ ਕਿਹਾ ਹੈ ਕਿ ਪੀਉ ਮਿਤਰੋ ਪਿਉ, ਅਜ ਇਥੇ ਸਾਡਾ ਰਾਜ ਹੈ, ਅਜ ਸਰਦਾਰ ਕਪੂਰ ਸਿੰਘ ਦਾ ਰਾਜ ਹੈ ਔਰ ਜੇ ਅਜ ਨਾ ਪੀਉਗੇ ਤਾਂ ਕਦੋਂ ਪੀਉਗੇ। ਇਨ੍ਹਾਂ ਉਸ ਦਿਨ ਸਵਾਲ ਦੇ ਜਵਾਬ ਵਿਚ ਖੁਦ ਮਨਿਆ ਸੀ ਕਿ ਪਹਿਲੇ ਜਿਥੇ ਅਗਰੇਜ਼ੀ ਸ਼ਰਾਬ ਦੀ ਇਕ ਦੁਕਾਨ ਹੁੰਦੀ ਸੀ ਉਥੇ ਇਨ੍ਹਾਂ ਚਾਰ ਕਰ ਦਿੱਤੀਆਂ ਹਨ। ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਇਸ ਤਰ੍ਹਾਂ ਸ਼ਰਾਬ ਦੀਆਂ ਦੁਕਾਨਾ ਵਧਾ ਕੇ ਕਲਾਲ ਦਾ ਕੰਮ ਨਹੀਂ ਕੀਤਾ ਔਰ ਕਲਾਲ ਬਣ ਕੇ ਸਟੇਟ ਦੀ ਆਮਦਨੀ ਵਧਾਉਣ ਦੀ ਕੋਸ਼ਿਸ਼ ਕੀਤੀ ਹੈ।

ਇਸ ਦੇ ਅਲਾਵਾ ਮੈਂ ਇਕ ਗੱਲ ਹੋਰ ਦਸਣੀ ਚਾਹੁੰਦਾ ਹਾਂ ਔਰ ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਦੇ ਆਮਦਨੀ ਵਧਾਉਣ ਦੇ ਜ਼ਰਾਏ ਹਨ ਕੀ ਇਹ ਕਾਬਲੇ ਫਖਰ ਹਨ ? ਇਕ ਪਾਸੇ ਤਾਂ ਇਹ ਹਾਲਤ ਹੈ ਕਿ ਲੋਕ ਬਾਰਡਰ ਤੇ ਤਬਾਹ ਹੋ ਗਏ ਹੋਏ ਹਨ ਔਰ ਭੁਖੇ ਮਰ ਰਹੇ ਹਨ, ਉਧਰ ਸਾਊਥ ਪੰਜਾਬ ਵਿਚ ਲੋਕ ਡਰਾਟ ਕਰ ਕੇ ਭੁਖ ਨਾਲ ਮਰ ਰਹੇ ਹਨ, ਪਰ ਇਹ ਕਹਿੰਦੇ ਹਨ ਕਿ ਪੰਜਾਬ ਦੇ ਲੋਕਾਂ ਦੀ ਆਮਦਨੀ ਵਧ ਗਈ ਹੈ। ਇਸ ਸਿਲਸਿਲੇ ਵਿਚ ਮੈਂ ਹਾਉਸ ਨੂੰ ਦਸਦਾ ਹਾਂ ਕਿ ਖੇਤੀ ਤੋਂ ਪੰਜਾਬ ਦੀ ਕਿਤਨੀ ਕੁਝ ਆਮਦਨੀ ਵਧੀ ਹੈ। ਮੈਂ ਦਸਦਾ ਹਾਂ ਕਿ ਇਸ ਸਾਲ ਪੰਜਾਬ ਦੀ ਖੇਤੀ ਤੋਂ ਆਮਦਨੀ 1960-61 ਦੀ ਖੇਤੀ ਦੀ ਆਮਦਨੀ ਤੋਂ ਘੱਟ ਹੈ। ਮੈਂ ਸਰਦਾਰ ਕਪੂਰ ਸਿੰਘ ਨੂੰ ਦਾਅਵੇ ਨਾਲ ਕਹਿੰਦਾ ਹਾਂ

ਕਿ ਜੇਕਰ ਉਹ ਇਸ ਸਾਲ ਪੰਜਾਬ ਦੀ ਖੇਤੀ ਤੋਂ ਹੋਈ ਆਮਦਣੀ 1960-61 ਦੀ ਖੇਤੀ ਦੀ ਆਮਦਣੀ ਤੋਂ ਵਧ ਸਾਬਤ ਕਰ ਦੇਣ ਔਰ ਇਹ ਸਾਬਤ ਕਰ ਦੇਣ ਕਿ ਉਸ ਸਾਲ ਨਾਲੋਂ ਇਸ ਸਾਲ ਆਮਦਣੀ ਵਧੀ ਹੈ ਤਾਂ ਮੈਂ ਇਨ੍ਹਾਂ ਦਾ ਸ਼ਾਗਿਰਦ ਬਣ ਜਾਂਵਾਂਗਾ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਖੇਤੀ ਦੀ ਆਮਦਣੀ ਘਟ ਰਹੀ ਹੈ ਔਰ ਕਈ ਇਲਾਕਿਆਂ ਵਿਚ ਕਾਲ ਪਿਆ ਹੋਇਆ ਹੈ ਔਰ ਇਸ ਦੇ ਬਾਵਜੂਦ ਇਹ ਕਹਿੰਦੇ ਹਨ ਕਿ ਕਿਉਂਕਿ ਪੰਜਾਬ ਦੇ ਲੋਕਾਂ ਦੀ ਆਮਦਨੀ ਵਧ ਰਹੀ ਹੈ ਇਸ ਕਰਕੇ ਇਹ ਸੇਲਜ਼ ਟੈਕਸ ਔਰ ਐਕਸਾਈਜ਼ ਟੈਕਸ ਨਾਲ ਗੌਰਮਿੰਟ ਦੀ ਆਮਦਨੀ ਵਧਾ ਰਹੇ ਹਨ ਔਰ ਸ਼ਰਾਬ ਦੀ ਜ਼ਰੀਏ ਹੀ ਆਮਦਣੀ ਵਧਾ ਰਹੇ ਹਨ। ਇਸ ਦੇ ਨਾਲ ਹੀ ਮੈਂ ਕਹਿੰਦਾ ਹਾਂ ਕਿ ਫਿਰ ਜਿਹੜਾ ਇਹ ਕਹਿੰਦੇ ਹਨ ਕਿ ਐਗਰੀਕਲਚਰ ਵਿਚ ਤਰੱਕੀ ਹੋ ਗਈ ਹੈ, ਇਨ੍ਹਾਂ ਦਾ ਇਹ ਦਾਅਵਾ ਵੀ ਬੇਨਕਾਬ ਹੋ ਗਿਆ ਹੈ ਕਿਉਂਕਿ ਸਰਕਾਰ ਪਹਿਲੇ ਇਸ ਮਤਲਬ ਲਈ ਲੋਕਾਂ ਨੂੰ ਕਹਿੰਦੀ ਰਹੀ ਹੈ ਉਹ ਅੰਗਰੇਜ਼ੀ ਖਾਦ ਵਧ ਤੋਂ ਵਧ ਇਸਤੇਮਾਲ ਕਰਨ ਲੇਕਿਨ ਅਜ ਹਾਲਤ ਇਹ ਹੈ ਕਿ ਪੰਜਾਬ ਦੇ ਲੋਕ ਖਾਦ ਮੰਗਦੇ ਹਨ ਪਰ ਉਨ੍ਹਾਂ ਨੂੰ ਸੁਪਰ ਫਾਸਫੇਟ ਨਹੀਂ ਮਿਲ ਰਿਹਾ। ਅਜ ਕਪਾਹ ਔਰ ਗੰਨੇ ਦੀ ਬਿਜਾਈ ਦਾ ਵਕਤ ਹੈ ਜਿਨ੍ਹਾਂ ਫਸਲਾਂ ਲਈ ਬਿਜਾਈ ਤੋਂ ਪਹਿਲੇ ਸੁਪਰ ਫਾਸਫੇਟ ਜ਼ਮੀਨ ਵਿਚ ਪਾਣਾ ਜ਼ਰੂਰੀ ਹੁੰਦਾ ਹੈ, ਪਰ ਉਹ ਲੋਕਾਂ ਨੂੰ ਇਹ ਮੁਹੱਈਆ ਨਹੀਂ ਕਰ ਰਹੇ। ਮੈਂ ਕਹਿੰਦਾ ਹਾਂ ਕਿ ਜੇ ਕਰ ਇਹ ਸੁਪਰ ਫਾਸਫੇਟ ਉਨ੍ਹਾਂ ਨੂੰ ਇਸ ਵਕਤ ਤੇ ਨਹੀਂ ਦੇ ਸਕਦੇ ਤਾਂ ਇਨ੍ਹਾਂ ਨੂੰ ਇਨ੍ਹਾਂ ਗਦੀਆਂ ਤੇ ਬੈਠਣ ਦਾ ਕੋਈ ਹਕ ਨਹੀਂ।

ਦੂਜੇ ਪਾਸੇ ਖੇਤੀ ਲਈ ਪਾਣੀ ਦੀ ਜ਼ਰੂਰਤ ਹੈ ਜਿਥੇ ਚਾਰ ਜ਼ਿਲ੍ਹਿਆਂ ਵਿਚ ਅਜ ਕਾਲ ਪਿਆ ਹੋਇਆ ਹੈ। ਅਗਰ ਅਜ ਰੀਵਾੜੀ, ਊਨਾ, ਨਾਰਨੌਲ, ਭੀਵਾਨੀ ਔਰ ਹਾਂਸੀ ਵਿਚ ਪਾਣੀ ਦਾ ਇੰਤਜ਼ਾਮ ਹੁੰਦਾ ਤਾਂ ਅਜ ਉਨ੍ਹਾਂ ਲੋਕਾਂ ਦੀ ਇਹ ਹਾਲਤ ਨਾ ਹੁੰਦੀ ਔਰ ਅਜ ਉਥੇ ਵੀ ਇਸੇ ਤਰ੍ਹਾਂ ਫਸਲਾਂ ਹੁੰਦੀਆਂ ਜਿਸ ਤਰ੍ਹਾਂ ਅਜ ਲੁਧਿਆਨੇ ਵਿਚ ਹੋ ਰਹੀਆਂ ਹਨ। ਇਸ ਵਿਚ ਕੋਈ ਸ਼ਕ ਨਹੀਂ ਕਿ ਅਜ ਲੁਧਿਆਨੇ ਵਿਚ ਪੈਦਾਵਾਰ ਵਧੀ ਹੈ ਭਾਵੇਂ ਕਾਸਟ ਆਫ ਪਰੋਡਕਸ਼ਨ ਵੀ ਮਹਿੰਗੀ ਹੋ ਗਈ ਹੈ। ਇਸ ਸਰਕਾਰ ਨੂੰ ਇਨ੍ਹਾਂ ਚੀਜ਼ਾਂ ਦੇ ਸਪਲਾਈ ਕਰਨ ਵਲ ਜ਼ਿਆਦਾ ਧਿਆਨ ਦੇਣ ਦੀ ਲੋੜ ਸੀ ਜਦ ਕਿ ਉਧਰ ਖੇਮਕਰਨ ਵਗੈਰਾ ਵਿਚ ਤਬਾਹੀ ਹੋ ਗਈ ਸੀ। ਉਧਰ ਚਾਰ ਜ਼ਿਲ੍ਹਿਆਂ ਵਿਚ ਕਾਲ ਪਿਆ ਹੋਇਆ ਸੀ ਪਰ ਇਨ੍ਹਾਂ ਦੀ ਰਾਹ ਵਿਚ ਰੁਕਾਵਟਾਂ ਹਨ ਕਿਉਂਕਿ ਸਰਕਾਰ ਨੇ ਇਸ ਸਾਲ ਕਈ ਨਵੀਆਂ ਕਾਰਪੋਰੈਸ਼ਨਾਂ ਬਣਾਈਆਂ ਹਨ ਜਿਨ੍ਹਾਂ ਨੂੰ ਇਹ ਕਰੋੜਾਂ ਰੁਪਏ ਦੇ ਰਹੀ ਹੈ ਹਾਲਾਂਕਿ ਉਨ੍ਹਾਂ ਕਾਰਪੋਰੇਸ਼ਨਾਂ ਦੀ ਇਸ ਵੇਲੇ ਜ਼ਰੂਰਤ ਵੀ ਨਹੀਂ ਹੈ। ਅਜ ਪੰਜਾਬ ਦੀ ਸਭ ਤੋਂ ਪਹਿਲੀ ਜ਼ਰੂਰਤ ਖਾਦ ਔਰ ਪਾਣੀ ਦੀ ਸੀ। ਮੈਂ ਸਮਝਦਾ ਹਾਂ ਕਿ ਜੇਕਰ ਇਹ ਸਰਕਾਰ ਲੋਕਾਂ ਨੂੰ ਖੇਤੀ ਵਾਸਤੇ ਪਾਣੀ ਔਰ ਖਾਦ ਨਹੀਂ ਦੇ ਸਕਦੀ ਤਾਂ ਇਹ ਕੁਝ ਵੀ ਨਹੀਂ ਕਰ ਸਕਦੀ। ਕਾਰਪੋਰੇਸ਼ਨਾਂ ਤਾਂ ਦੋ ਸਾਲ ਬਾਅਦ ਵਿਚ ਵੀ ਬਣਾਈਆਂ ਜਾ ਸਕਦੀਆਂ ਸਨ ਔਰ ਜੇਕਰ ਕਿਸੇ ਨੂੰ ਇਨ੍ਹਾਂ ਨੇ ਕਾਰਪੋਰੇਸ਼ਨਾਂ ਬਣਾ ਕੇ ਨੌਕਰੀ ਦੇਣੀ ਸੀ ਤਾਂ ਉਹ ਵੀ ਦੋ ਸਾਲ ਬਾਅਦ ਦੇ ਸਕਦੇ ਸੀ ਲੇਕਿਨ ਪਾਣੀ ਦੀ ਜ਼ਰੂਰਤ ਤਾਂ ਅਜ ਹੈ ਕਿਉਂਕਿ ਡਰਾਂਟ ਕਰ ਕੇ ਕਾਲ ਪਿਆ ਹੋਇਆ ਹੈ। ਇਸ ਬਾਰੇ ਹਾਲਤ ਇਹ ਹੈ ਕਿ ਅਜ ਲੋਕ ਧੜਾਧੜ ਟੀਊਬਵੈਲਾਂ ਵਾਸਤੇ ਦਰਖਾਸਤਾਂ ਦੇ ਰਹੇ ਹਨ ਪਰ ਉਨ੍ਹਾਂ ਨੂੰ ਬਿਜਲੀ ਦੇ ਕਨੈਕਸ਼ਨ ਨਹੀਂ ਮਿਲ ਰਹੇ। ਅਜ ਲੋਕਾਂ ਨੂੰ ਖਾਦ ਦੀ ਜ਼ਰੂਰਤ ਹੈ ਪਰ ਤੁਸੀਂ ਕੀ ਕਰ ਰਹੇ ਹੋ। 8 ਫਰਵਰੀ ਨੂੰ ਪੰਜਾਬ ਗੌਰਮਿੰਟ ਨੇ ਅਪਣੇ ਜ਼ਿਲਾ ਅਫਸਰਾਂ ਨੂੰ ਕਿਹਾ ਹੈ ਕਿ ਜੇਕਰ ਕੋਈ ਫਰਟੀਲਾਈਜ਼ਰ ਲੈਣ ਵਾਸਤੇ ਇਜਾਜ਼ਤ ਮੰਗੇ ਉਸ ਨੂੰ ਨਾ ਦਿੱਤਾ ਜਾਵੇ। ਤੁਸੀਂ ਸੋਚਿਆ ਤੁਹਾਡਾ ਇਹ ਹੁਕਮ ਠੀਕ ਹੈ? ਕੀ ਜ਼ਿਮੀਂਦਾਰ ਆਪਣੇ ਕੋਲੋਂ ਖਰਚ ਕਰਕੇ ਖਾਸ ਤੌਰ ਤੇ ਅਜ ਜਦ ਕੇ ਕਾਲ ਪਿਆ ਹੋਇਆ ਹੈ, ਵਿਲਾਇਤੀ ਖਾਦ ਮੁੱਲ ਲੈ ਕੇ ਖੇਤਾਂ ਵਿਚ ਪਾ ਸਕਦਾ ਹੈ? ਅਜ ਕਾਸ਼ਤਕਾਰ ਦੀ ਹਾਲਤ ਇਹ ਹੈ ਕਿ ਜੇਕਰ ਉਸ ਨੂੰ ਸਰਕਾਰ ਵਲੋਂ ਖਾਦ ਲਈ ਕਰਜ਼ਾ ਮਿਲ ਜਾਵੇ ਤਾਂ ਉਹ ਖਾਦ ਪਾ ਦਿੰਦਾ ਹੈ ਵਰਨਾ ਨਹੀਂ ਪਾਉਂਦਾ। ਹੁਣੇ ਉਸ ਦਿਨ ਦੀ ਗੱਲ ਹੈ ਕਿ ਲੁਧਿਆਣੇ ਵਿਚ ਜ਼ਿਲ੍ਹਾ ਫੂਡ

[ਬਾਬੂ ਬਚਨ ਸਿੰਘ]

ਪਰੋਡਕਸ਼ਨ ਕਮੇਟੀ ਦੀ ਮੀਟਿਗ ਹੋ ਰਹੀ ਸੀ ਜਿਸ ਵਿਚ ਉਥੋਂ ਦਾ ਡਿਪਟੀ ਕਮਿਸ਼ਨਰ ਔਰ ਐਗਰੀਕਲਚਰ ਅਫਸਰ ਔਰ ਦੂਜੇ ਮੈਂਬਰ ਮੌਜੂਦ ਸਨ। ਉਨ੍ਹਾਂ ਸਾਰਿਆਂ ਨੇ ਯਕ ਜ਼ਬਾਨ ਹੋ ਕੇ ਕਿਹਾ ਕਿ ਤੁਸੀਂ ਸਾਨੂੰ ਤਾਂ ਤੁਨਦੇ ਹੋ ਪਰ ਸਰਕਾਰ ਨੂੰ ਇਸ ਬਾਰੇ ਜਾ ਕੇ ਕਿਉਂ ਨਹੀਂ ਕਹਿੰਦੇ। ਤੁਸੀਂ ਸਰਕਾਰ ਨੂੰ ਜਾ ਕੇ ਕਹੋ ਕਿ ਖਾਦ ਲਈ ਕਰਜ਼ੇ ਉਸ ਨੇ ਕਿਉਂ ਬੰਦ ਕਰ ਦਿੱਤੇ ਹਨ। ਕੀ ਇਸ ਤਰ੍ਹਾਂ ਖੇਤੀ ਦੀ ਪੈਦਾਵਾਰ ਵਧ ਸਕੇਗੀ? ਫਿਰ ਇਕ ਪਾਸੇ ਤੁਸੀਂ ਖਾਦ ਦੀਆਂ ਕੀਮਤਾਂ ਵਧਾ ਦਿਤੀਆਂ ਹਨ ਕਿਉਂਕਿ ਜਿਹੜਾ ਪਹਿਲੇ 10 ਰੁਪਏ ਨੂੰ ਮਿਲਦਾ ਸੀ ਉਹ ਹੁਣ 12 ਰੁਪਏ ਨੂੰ ਮਿਲਦਾ ਹੈ। ਪਾਣੀ ਤੁਸੀਂ ਦੇਣ ਨੂੰ ਤਿਆਰ ਨਹੀਂ ਹੋ ਔਰ ਫਰਟੇਲਾਈਜ਼ਰ ਵਾਸਤੇ ਕਰਜ਼ੇ ਤੁਸੀਂ ਬੰਦ ਕਰ ਦਿਤੇ ਹਨ। ਇਹ ਹਨ ਨੇਕੀਆਂ ਜਿਹੜੀਆਂ ਤੁਸੀਂ ਜ਼ਿਮੀਂਦਾਰ ਤੇ ਕਰ ਰਹੇ ਹੋ। ਫਿਰ ਮੈਂ ਪੁਛਦਾ ਹਾਂ ਕਿ ਕਿਤਨੇ ਜ਼ਿਮੀਂਦਾਰਾਂ ਨੂੰ ਇਸ ਸਾਲ ਤੇਲ ਮਿਲ ਸਕਿਆ ਹੈ। ਇਹ ਹਨ ਤੁਹਾਡੇ ਇਨਤਜ਼ਾਮ ਜਿਨ੍ਹਾਂ ਕਰ ਕੇ ਬਸਾਂ ਖੜੀਆਂ ਹੋ ਗਈਆਂ ਸਨ, ਲੋਕਾਂ ਦੇ ਟਰੱਕ ਖੜ੍ਹੇ ਹੋ ਗਏ ਸਨ ਔਰ ਤੇਲ ਤੋਂ ਬਿਨਾ ਜ਼ਿਮੀਂਦਾਰ ਤਾਂ ਤਰਾਹੀਂ ਤਰਾਹੀਂ ਕਰ ਚੁਕਾ ਹੈ। *Mr. Speaker in the Chair.* ਤੁਹਾਡੇ ਸਾਹਮਣੇ ਤੇਲ ਦੇ ਡੀਲਰਾਂ ਨੇ ਉਵਰ ਚਾਰਜ ਕਰ ਕੇ ਦੌਲਤ ਕਮਾਉਣ ਦੀ ਕੋਸ਼ਿਸ਼ ਕੀਤੀ ਹੈ ਔਰ ਤੁਸੀਂ ਬਿਟਰ ਬਿਟਰ ਦੇਖਦੇ ਰਹੇ ਹੋ। ਅਜ ਵੀ ਤੁਸੀਂ ਦੇਖੋ। ਉਸ ਦਿਨ ਲੁਧਿਆਨੇ ਦੀ ਫੂਡ ਪਰੋਡਕਸ਼ਨ ਕਮੇਟੀ ਵਿਚ ਇਕ ਮੈਂਬਰ ਨੇ ਇਹ ਪੁਛਿਆ ਵੀ ਸੀ ਕਿ ਕੀ ਵਜ੍ਹਾ ਹੈ ਕਿ ਲੁਧਿਆਣੇ ਸ਼ਹਿਰ ਵਿਚ ਤੇਲ ਦੀ ਡਿਸਟਰੀਬੀਊਸ਼ਨ ਲਈ ਪਰਮਿਟ ਸਿਸਟਮ ਲਾਗੂ ਹੈ ਪਰ ਸ਼ਹਿਰ ਤੋਂ ਇਕ ਮੀਲ ਬਾਹਰ ਜਿਹੜੇ ਡੀਲਰ ਤੇਲ ਵੇਚਦੇ ਨੇ ਉਨ੍ਹਾਂ ਤੇ ਕੋਈ ਕੰਟਰੋਲ ਜਾਂ ਅੰਕੁਸ਼ ਲਾਗੂ ਨਹੀਂ। ਉਹ ਜਿਸ ਤਰ੍ਹਾਂ ਮਰਜ਼ੀ ਆਵੇ ਉਸ ਦੀ ਬਲੈਕ ਕਰੇ। ਇਸ ਦੇ ਨਾਲ ਨਾਲ ਮੈਂ ਅਰਜ਼ ਕਰਦਾ ਹਾਂ ਕਿ ਉਸ ਦਿਨ ਕਮੇਟੀ ਵਿਚ ਸਰਕਾਰ ਨੇ ਕਿਹਾ ਸੀ ਕਿ ਅਸੀਂ ਸਿਵਲ ਸਪਲਾਈਜ਼ ਨੂੰ ਮਜ਼ਬੂਤ ਕੀਤਾ ਹੈ। ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਲੁਧਿਆਣੇ ਵਿਚ ਉਸੇ ਕਮੇਟੀ ਦੀ ਮੀਟਿੰਗ ਵਿਚ ਕਈ ਮੈਂਬਰਾਂ ਨੇ ਕਿਹਾ ਸੀ ਕਿ ਅਜ ਪੰਜਾਬ ਵਿਚ 34—35 ਰੁਪਏ ਕੁਇੰਟਲ ਮਕੀ ਬਿਕ ਰਹੀ ਹੈ ਪਰ ਉਥੇ ਡਿਸਟਰਿਕਟ ਫੂਡ ਸਪਲਾਈ ਦੇ ਆਦਮੀ 38 ਰੁਪਏ ਕੁਇੰਟਲ ਖਰੀਦ ਰਹੇ ਹਨ। ਇਸ ਦਾ ਕਾਰਨ ਇਹ ਹੈ ਕਿ ਸਰਕਾਰ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਹੋਇਆ ਹੈ ਕਿ ਤੁਸੀਂ ਕੋਈ ਬਿਡ ਨਹੀਂ ਕਰਨੀ। ਬਿਡ ਸਿਰਫ ਵਪਾਰੀ ਹੀ ਕਰਨਗੇ। ਜਿਤਨੀ ਬਿਡ ਵਪਾਰੀ ਕਰੇ ਔਰ ਬੋਲੀ ਉਸ ਤੇ ਖਤਮ ਹੋ ਜਾਵੇ, ਹੋਣ ਦੇਣੀ ਹੈ ਔਰ ਜਦ ਸਾਰੀਆਂ ਢੇਰੀਆਂ ਦੀ ਬੋਲੀ ਖਤਮ ਹੋ ਜਾਵੇ ਤਾਂ ਉਨ੍ਹਾਂ ਢੇਰੀਆਂ ਦਾ ਜਿਤਨੇ ਫੀਸਦੀ ਹਿਸਾ ਉਹ ਲੈਣਾ ਚਾਹੁਣ ਤਾਂ ਉਹ ਲੈ ਸਕਦੇ ਹਨ। ਜੇ ਉਹ 35 ਰੁਪਏ ਵਾਲੀ ਢੇਰੀ ਲੈਣਾ ਚਾਹੁਣ ਤਾਂ ਉਹ ਲੈ ਸਕਦੇ ਹਨ ਔਰ ਜੇ ਕਰ ਉਹ 35 ਰੁਪਏ ਵਾਲੀ ਜਾਂ ਇਸ ਤੋਂ ਵਧ ਵਾਲੀ ਲੈਣਾ ਚਾਹੁਣ ਤਾਂ ਉਹ ਲੈ ਸਕਦੇ ਹਨ।

ਫਿਰ ਇਕ ਨੇਕੀ ਸਰਕਾਰ ਨੇ ਕਿਸਾਨਾਂ ਨਾਲ ਹੋਰ ਕੀਤੀ ਹੈ। ਇਕ ਪਾਸੇ ਤਾਂ ਕਿਸਾਨਾਂ ਦੀਆਂ ਕੋਆਪ੍ਰੇਟਿਵ ਸੋਸਾਇਟੀਆਂ ਨੂੰ ਕਿਹਾ ਕਿ ਘਟੋ ਘਟ 50 ਹਜ਼ਾਰ ਟਨ ਅਨਾਜ ਤੁਸੀਂ ਖਰੀਦ ਕੇ ਰਖੋ ਔਰ ਉਨ੍ਹਾਂ ਨੇ ਸਰਕਾਰ ਦੇ ਕਹਿਣ ਤੇ ਅਨਾਜ ਖਰੀਦ ਕੇ ਰਖ ਲਿਆ। ਜਿਸ ਵਕਤ ਉਨ੍ਹਾਂ ਖਰੀਦਿਆ ਉਸ ਵੇਲੇ ਉਨ੍ਹਾਂ ਨੂੰ 60 ਰੁਪਏ ਕੁਇੰਟਲ ਉਹ ਪਿਆ ਪਰ ਅਜ ਉਸ ਦਾ ਓਪਨ ਮਾਰਕਟ ਵਿਚ 54 ਜਾਂ 55 ਰੁਪਏ ਕੁਇੰਟਲ ਭਾ ਹੈ। ਇਸ ਤਰ੍ਹਾਂ ਦੀ ਮਦਦ ਸਰਕਾਰ ਨੇ ਕੋਆਪਰੇਟਿਵ ਸੋਸਾਈਟੀਆਂ ਨੂੰ ਦਿੱਤੀ ਹੈ। ਔਰ ਇਸ ਦੇ ਅਲਾਵਾ ਜਿਹੜੀਆਂ ਮਾਰਕਿਟ ਸੋਸਾਈਟੀਆਂ ਹਨ, ਉਨ੍ਹਾਂ ਨੇ ਜੋ ਅਨਾਜ ਖਰੀਦਿਆ ਸੀ, ਉਹ ਵੀ ਸਰਕਾਰ ਨੇ ਕਿਹਾ ਹੈ ਕਿ ਕੋਆਪਰੇਟਿਵ ਸੋਸਾਈਟੀਆਂ ਆਪਣੇ ਵਿਚ ਗਿਣ ਲੈਣ। ਇਹ ਹਨ ਇਸ ਸਰਕਾਰ ਦੇ ਕੰਮ ਜੋ ਇਹ ਜ਼ਿਮੀਂਦਾਰਾਂ ਦੀ ਮਦਦ ਵਾਸਤੇ ਕਰ ਰਹੀ ਹੈ। ਤੁਸੀਂ ਦਸੋ ਜੇ ਮੈਂ ਤੁਹਾਨੂੰ ਕਹਾਂ ਕਿ ਮੇਰੇ ਲਈ ਕਣਕ ਖਰੀਦ ਲਓ, ਤਾਂ ਕੀ ਮੈਂ ਤੁਹਾਨੂੰ ਕਹਿ ਸਕਦਾ ਹਾਂ ਕਿ ਤੁਸੀਂ ਇਹ ਆਪਣੇ ਨਾਂ ਤੇ ਪਾ ਲਉ ? ਇਹ ਤਾਂ ਇਸੇ ਤਰ੍ਹਾਂ ਦੀ ਗਲ ਹੈ ਜਿਸ ਤਰ੍ਹਾਂ ਕਹਿੰਦੇ ਹਨ ਕਿ ਅਨ੍ਹਾਂ ਵੰਡੇ

ਰੇਵੜੀਆਂ ਮੁੜ ਮੁੜ ਆਪਣਿਆਂ ਨੂੰ ਜਾਂ ਕਹਿੰਦੇ ਹਨ ਕਿ ਅਨ੍ਹੀ ਪੀਵੇ ਤੇ ਕੁੱਤਾ ਚਟੇ। (ਇਕ ਆਵਾਜ਼: ਤੁਹਾਡੀ ਕੀ ਪੋਜ਼ੀਸ਼ਨ ਹੈ ?) (ਵਿਘਨ) ਮੇਰੀ ਪੋਜ਼ੀਨਸ਼ ਪੁਛਣੀ ਹੋਵੇ ਤਾਂ ਇਹ ਹੈ ਕਿ ਮੈਂ ਦੋਗਲੇ ਆਦਮੀਆਂ ਨੂੰ ਪਸੰਦ ਨਹੀਂ ਕਰਦਾ। (ਘੰਟੀ) ਇਸ ਵੇਲੇ ਪੰਜਾਬ ਦੀ ਜ਼ਰੂਰਤ ਇਹ ਹੈ ਕਿ ਸਰਕਾਰ ਪੰਜਾਬ ਨੂੰ ਖੁਸ਼-ਹਾਲ ਬਨਾਉਣ ਦੀ ਕੋਸ਼ਿਸ਼ ਕਰੇ। ਇਸ ਲਈ ਕਿਸਾਨ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਣ ਦੀ ਲੋੜ ਹੈ। ਹੋ ਰਿਹਾ ਇਹ ਹੈ ਕਿ ਤੁਸੀਂ ਕਿਸਾਨ ਨੂੰ ਫਰਟੇਲਾਈਜ਼ਰ ਖਰੀਦਣ ਲਈ ਕਰਜ਼ੇ ਦੇਣ ਨੂੰ ਤਿਆਰ ਨਹੀਂ ਹੋ। ਅਗਰ ਇਹੀ ਹਾਲਤ ਰਹੀ ਤਾਂ ਸੂਬੇ ਵਿਚ ਆਮ ਬੇਇਤਮੀਨਾਨੀ ਫੈਲ ਜਾਵੇਗੀ। ਸਰਕਾਰ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਪਿਛਲੇ ਦਿਨ ਹਰੀਜਨਾਂ ਨੇ ਜੋ ਮਜ਼ਾਹਰਾ ਕੀਤਾ ਸੀ ਉਹ ਬਨਾਵਟੀ ਮਜ਼ਾਹਰਾ ਨਹੀਂ ਸੀ ਉਨ੍ਹਾਂ ਨੂੰ ਉਨ੍ਹਾਂ ਦੇ ਵੋਟਰ ਤੰਗ ਕਰਦੇ ਹਨ। ਸਾਨੂੰ ਵੀ ਸਾਡੇ ਵੋਟਰ ਕਹਿੰਦੇ ਹਨ ਕਿ ਜੇਕਰ ਤੁਸੀਂ ਗਰੀਬ ਦੀ ਹਾਲਤ ਠੀਕ ਨਹੀਂ ਕਰ ਸਕਦੇ ਤਾਂ ਤੁਹਾਡਾ ਅਸੈਂਬਲੀ ਵਿਚ ਬੈਠਨ ਦਾ ਕੋਈ ਮਤਲਬ ਨਹੀਂ ਹੈ। (ਵਿਘਨ) ਕੋਈ ਵਕਤ ਆ ਸਕਦਾ ਹੈ ਕਿ ਅਸੈਂਬਲੀਆਂ ਦਾ ਬਾਈਕਾਟ ਹੋ ਜਾਵੇ ਜਾਂ ਇਹ ਲੜਾਈ ਦਾ ਅਖਾੜਾ ਬਣ ਜਾਣ । ਮੈਂ ਡੈਮੋਕਰੇਸੀ ਵਿਚ ਬੀਲੀਵ ਕਰਦਾ ਹਾਂ ਅਤੇ ਸਰਕਾਰ ਨੂੰ ਵਾਰਨਿੰਗ ਦਿੰਦਾ ਹਾਂ, ਇਲਤਿਜਾ ਕਰਦਾ ਹਾਂ, ਕਿ ਹਾਲੇ ਵਕਤ ਹੈ ਸੰਭਲਣ ਦਾ ਅਗਰ ਨਾ ਸੰਭਲੇ ਤਾਂ ਫਿਰ ਰੋਣ ਨਾਲ ਕੁਝ ਨਹੀਂ ਬਣਨਾ। ਪੰਜਾਬ ਇਕ ਆਤਸ਼ਫਸ਼ਾਂ ਪਹਾੜ ਦੇ ਦਹਾਨੇ ਤੇ ਖੜ੍ਹਾ ਹੈ। ਜ਼ਿਮੀਂਦਾਰ ਨੂੰ ਪੂਰੀਆਂ ਸਹੂਲਤਾਂ ਦੇਵੇ ਸਰਕਾਰ ਇਸ ਗਲ ਦੀ ਲੋੜ ਹੈ ਇਸ ਵਕਤ। ਮੈਂ ਪੁਛਦਾ ਹਾਂ ਭਲਾ ਉਸ ਨੂੰ ਕਰਜਾ ਦੇਣ ਤੇ ਸਰਕਾਰ ਦਾ ਕੀ ਜ਼ੋਰ ਲਗਦਾ ਹੈ। ਤੁਸੀਂ ਬਿਆਜ ਲੈਣਾ ਹੈ ਬਲਕਿ ਸਰਵਿਸਿੰਗ ਚਾਰ-ਜਿਜ਼ ਵੀ ਲੈ ਲੈਣੇ ਹਨ। ਕੀ ਸਰਕਾਰ ਪਾਸ ਸਿਰਫ ਫਜ਼ੂਲ ਕਾਰਪੋਰੇਸ਼ਨਜ਼ ਕਾਇਮ ਕਰਨ ਲਈ ਹੀ ਪੈਸਾ ਰਹਿ ਗਿਆ ਹੈ ? ਮੈਂ ਕਿਸ ਕਿਸ ਕਾਰਪੋਰੇਸ਼ਨ ਦਾ ਨਾਂ ਲਵਾਂ। ਮੈਂ ਸਭ ਨੂੰ ਛਡਦੇ ਹੋਏ ਇਕ ਛੋਟੀ ਜਿਹੀ ਕਾਰਪੋਰੇਸ਼ਨ ਦਾ ਥੋੜਾ ਜਿਹਾ ਜਿਕਰ ਕਰਦਾ ਹਾਂ। ਇਕ ਅਫਸਰ ਜਿਸ ਦਾ ਮੈਂ ਨਾਮ ਨਹੀਂ ਲੈਂਦਾ, ਨੂੰ ਪਾਲਣ ਲਈ ਅਕਸਪੋਰਟ ਕਾਰਪੋਰੇਸ਼ਨ ਬਣਾਈ ਗਈ। ਇਸ ਨੇ ਕੁਝ ਲਖ ਰੁਪਏ ਦਾ ਮਾਲ ਹੀ ਐਕਸਪੋਰਟ ਕੀਤਾ ਅਤੇ ਲਖਾਂ ਦਾ ਘਾਟਾ ਪਾਇਆ। ਤੁਸੀਂ ਇਹ ਕਾਰਪੋਰੇਸ਼ਨਾਂ ਘਾਟੇ ਪਾਉਣ ਲਈ ਹੀ ਬਣਾਈਆਂ ਹਨ। ਤੁਸੀਂ ਪਲੈਨਜ਼ ਬਣਾਉਂਦੇ ਹੋ ਅਤੇ ਬਿਗਾੜਦੇ ਹੋ। ਜ਼ਰੂਰਤ ਇਸ ਗਲ ਦੀ ਹੈ ਕਿ ਸਰਕਾਰੀ ਮੁਲਾਜ਼ਮ ਨੂੰ ਗਰੰਟੀ ਦਿਤੀ ਜਾਵੇ ਕਿ ਉਸ ਦੀ ਤਨਖਾਹ ਕੀਮਤਾਂ ਦੇ ਨਾਲ ਨਾਲ ਰਹੇਗੀ, ਕੀਮਤਾਂ ਵਧਣ ਤਾਂ ਉਸ ਦੀ ਤਨਖਾਹ ਵੀ ਵਧੇ, ਘਟ ਜਾਣ ਤਾਂ ਬੇਸ਼ਕ ਘਟਾ ਦਿਉ। ਜਿਸ ਆਦਮੀ ਨੂੰ ਤੁਸੀਂ ਮੁਲਾਜ਼ਮ ਰਖਦੇ ਹੋ ਉਸ ਨੂੰ ਗਲੀਆਂ ਵਿਚ ਨਾ ਰੋਲੋ। ਉਸ ਨੇ ਤੁਹਾਡਾ ਆਸਰਾ ਲਿਆ ਹੈ, ਉਹ ਮੁਲਕ ਦੀ ਖਿਦਮਤ ਕਰਦਾ ਹੈ,ਉਸ ਨੂੰ ਠੁਡੇ ਨਾ ਮਾਰੋ। ਕਿਸਾਨਾਂ ਨੂੰ ਪੈਦਾਵਾਰ ਵਧਾਉਣ ਲਈ ਇਨਸੈਂਟਿਵ ਦਿਉ। ਕਿਸਾਨ ਅਤੇ ਰਬ ਲਈ ਇਕ ਲਫਜ਼ ਵਰਤਿਆ ਜਾਂਦਾ ਹੈ 'ਅੰਨਦਾਤਾ' ਅਜ ਉਹ ਕਿਸਾਨ ਦਾਨੇ ਦਾਨੇ ਨੂੰ ਤਰਸ ਰਿਹਾ ਹੈ ਅਤੇ ਸੋਚਦਾ ਹੈ ਕਿ ਖੇਤੀ ਬਾੜੀ ਕਰਨਾ ਤਾਂ ਭੁਖੇ ਮਰਨਾ ਹੈ। ਪੰਜਾਬ ਦੇ ਗੁੜ ਵਲ ਵੇਖੋ। ਇਥੇ ਗੁੜ ਘੱਟ ਹੈ। ਮਗਰ ਸਰਕਾਰ ਸਰਮਾਇਆਦਾਰਾਂ ਨਾਲ ਮਿਲ ਕੇ ਯੂ. ਪੀ. ਤੋਂ ਗੁੜ ਇਮਪੋਰਟ ਕਰ ਰਹੀ ਹੈ ਪਰ ਪੰਜਾਬੀ ਕਿਸਾਨ ਨੂੰ 34—35 ਰੁਪਏ ਮਨ ਮਕੀ ਵੇਚਣ ਤੇ ਮਜਬੂਰ ਕਰਦੀ ਹੈ। ਉਸ ਦੀ ਮੱਕੀ ਐਕਸਪੋਰਟ ਨਹੀਂ ਹੋ ਸਕਦੀ। ਇਹ ਹਾਲਤ ਹੈ। ਫਿਰ ਦੇਖੋ ਮੇਰੇ ਜ਼ਿਲੇ ਵਿਚ 92 ਲਖ ਕਰਜ਼ ਦੇ ਕਾਂਗਜ਼ ਪੂਰੇ ਹੋ ਚੁਕੇ ਹਨ ਪਰ 92 ਲਖ ਵਿਚ ਸਿਰਫ 14 ਲਖ ਰੁਪਿਆ ਹੀ ਕਰਜ਼ ਦਿਤਾ ਹੈ ਅਤੇ ਦਰਖਾਸਤਾਂ $1\frac{1}{2}$ ਕਰੋੜ ਰੁਪਏ ਕਰਜ਼ ਦੀਆਂ ਹਨ। ਇਹੀ ਹਾਲ ਹੋਰ ਜ਼ਿਲ੍ਹਿਆਂ ਵਿਚ ਵੀ ਹੈ। ਇੰਡਸਟ੍ਰੀਅਲਿਸਟ ਦਾ ਵੀ ਇਹੀ ਹਾਲ ਹੈ ਉਹ ਬਿਲਬਿਲਾ ਰਿਹਾ ਹੈ। (ਵਿਘਨ) ਮੈਂ ਸਰਕਾਰ ਨੂੰ ਕਹਿੰਦਾ ਹਾਂ ਇਹ ਬਜਟ ਤੁਹਾਡੇ ਲਈ ਨਹੀਂ ਹੈ ਤੁਸੀਂ ਮਾਲਕ ਨਹੀਂ ਹੋ ਤੁਸੀਂ ਤਾਂ ਪੰਜਾਬ ਦੇ ਲੋਕਾਂ ਦੇ ਖਾਦਮ ਹੋ, ਸੇਵਾਦਾਰ ਤੇ ਜੇ ਸੇਵਾਦਾਰ ਅਮਾਨਤ ਵਿਚ ਖਿਆਨਤ ਕਰੇ ਤਾਂ ਕੀ ਸਜ਼ਾ ਹੁੰਦੀ ਹੈ ? ਤੁਹਾਨੂੰ ਵੀ ਇਹੀ ਸਜ਼ਾ ਮਿਲਣੀ ਹੈ। ਇਥੇ ਨਾ ਮਿਲੇ ਤਾਂ ਪਰਮਾਤਮਾ ਦੇ

[ਬਾਬੂ ਬਚਨ ਸਿੰਘ]

ਦਰਬਾਰ ਵਿਚ ਮਿਲੇਗੀ। (ਤਾੜੀਆਂ) ਸਪੀਕਰ ਸਾਹਿਬ, ਮੈਂ ਇਕ ਗੱਲ ਕਹਿਕੇ ਖਤਮ ਕਰਦਾ ਹਾਂ। ਇਨ੍ਹਾਂ ਦੀ ਲਿਆਕਤ ਦਾ ਇਹ ਹਾਲ ਹੈ ਕਿ ਇਸ ਬਜਟ ਵਿਚ New Expenditure ਦਾ ਜ਼ਿਕਰ ਹੈ। 3 ਸਾਲ ਤੋਂ ਇਸ 'New Expenditure' ਵਿਚ ਲਲਤੋਂ ਤੋਂ ਸਰਾਬੇ ਤਕ ਦੀ ਸੜਕ ਦਾ ਜ਼ਿਕਰ ਆ ਰਿਹਾ ਹੈ। ਉਹ ਨਾ ਸੜਕ, ਨਾ ਸੜਕ ਦਾ ਨਿਸ਼ਾਨ, ਉਹ ਤਾਂ ਜ਼ਿਲਾ ਪਰੀਸ਼ਦ ਦੀ 7 ਮੀਲ ਦੀ ਸੜਕ ਹੈ ਮਗਰ ਨਾ ਵਜ਼ੀਰ ਸਾਹਿਬ ਨੂੰ ਇਹ ਦੇਖਣ ਦੀ ਫੁਰਸਤ ਹੈ ਤੇ ਇਨ੍ਹਾਂ ਦੇ ਅਫਸਰ ਇਤਨੇ ਨਾਅਹਿਲ ਹਨ ਕਿ ਉਨ੍ਹਾਂ ਨੂੰ ਪਤਾ ਨਹੀਂ ਉਹ ਕੀ ਕਰ ਰਹੇ ਹਨ ਇਹ ਤਾਂ ਇਨ੍ਹਾਂ ਦਾ ਹਾਲ ਹੈ।

ਇਕ ਹੋਰ ਗੱਲ ਦਾ ਜ਼ਿਕਰ ਕਰਦਾ ਹਾਂ। ਮੇਰੇ ਜ਼ਿਲ੍ਹੇ ਵਿਚ fish fingerlings ਪੈਦਾ ਕਰਨ ਦੀ ਸਕੀਮ ਹੈ। ਉਸ ਲਈ ਇਕ pond ਬਨਾਉਣਾ ਹੈ। ਮੈਂ ਸਰਦਾਰ ਕਪੂਰ ਸਿੰਘ ਹੋਰਾਂ ਤੋਂ ਪੁਛਿਆ ਇਹ 3 ਲਖ ਰੁਪਿਆ ਕਿਸ ਲਈ ਰਖਿਆ ਹੈ। ਕੈਪਟਨ ਰਤਨ ਸਿੰਘ ਹੋਰਾਂ ਤੋਂ ਵੀ ਪੁਛਿਆ। ਦੋਨਾਂ ਨੇ ਕਿਹਾ ਕਿ ਸਾਨੂੰ ਤਾਂ ਪਤਾ ਨਹੀਂ। ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਥੇ ਬਨਾਉਣ ਦੀ ਸਕੀਮ ਹੈ ਉਹ ਪਿੰਡ ਬੇਟ ਵਿਚ ਨਹੀਂ, ਟਿਬਿਆਂ ਵਿਚ ਹੈ। (ਹਾਸਾ) ਇਨ੍ਹਾਂ ਨੇ ਰੇਤੇ ਵਿਚ ਮਛੀਆਂ ਪੈਦਾ ਕਰਨੀਆਂ ਹਨ ਪਰਮਾਤਮਾ ਇਨ੍ਹਾਂ ਤੇ ਰਹਿਮ ਕਰੇ, ਖੁਦਾ ਇਨ੍ਹਾਂ ਨੂੰ ਅਕਲ ਬਖਸ਼ੇ। ਇਸ ਤਰ੍ਹਾਂ ਦੀ ਸਰਕਾਰ ਸਾਡੇ ਪਲੇ ਪਈ ਹੈ।

STATEMENT BY THE CHIEF MINISTER, PUNJAB REGARDING THE PUNJAB SITUATION

Chief Minister (Shri Ram Kishan) : Mr. Speaker, Sir, with your permission I want to make a statement on the present Punjab situation. With the re-opening of the Punjabi Suba issue, opposite views have been expressed and in some quarters slogans and counter-slogans have created a situation of anxiety.

It will be recalled that under similar circumstances in 1956, a decision was taken to resolve the language controversy. However, due to one reason or the other, some people, have remained dissatisfied. It was against this background that the Government of India agreed to re-open the issue of Punjabi Suba and to give a calm consideration to various aspects of the question with a view to finding a solution, which should not only resolve the controversy, but bring about maximum satisfaction and stability in Punjab.

It is a tribute to our democratic processes that all shades of public opinion have had an opportunity to express themselves on the issue of Punjabi Suba. The Congress Working Committee and the Union Cabinet are also giving their best consideration to this problem. We can rest assured that the solution thus arrived at after cool and thorough deliberations will be in the best interests of the State and the country.

It is the constitutional right of indivisuals and parties to express their views and even influence other people. But the law of the land does not give permission to any one to exceed the limits and pose a threat to peace and tranquility of the State. No Government can tolerate violence of thoughts and action calculated to disturb the peace. I wish to make it clear that the Government have absolutely no desire to suppress the free and frank expression of views and opinions but law and order shall be preserved at all costs.

The Government have taken careful note of the present trend that in the eagerness to gain a point over the adversary, some people are oblivious of the harmful consequences of provocative slogans and counter-

slogans. Government's patient toleration in the interest of fairplay should, however, not be misunderstood by anyobody ; as necessary, the administration will be quite prepared to initiate suitable action to preserve peace. If required, necessary restrictions will also be imposed to preserve order and stability.

At the time of the Chinese aggression in 1962 and again in the recent Indo-Pakistan conflict Punjabis of all communities shed their blood together for the territorial integrity of the country. We have not yet fully recovered from the shock which our economy received as a result of the recent war. Problems like the resettlement of the war displaced and the rehabilitation of the agricultural and industrial economy of the border districts still remain to be dealt with. These problems cannot be solved unless we have conditions of ability in our State. It is, therefore, of utmost importance that nothing should be permitted to happen which may weeken the State and, in turn, its capability of competently dealing with the problems arising out of the after-math of the war.

May I, therefore, appeal to all Punjabis who are proud of the common heritage of the Gurus and the Saints and to all the religious and political leaders of the State not to forget the basic unity of Punjabis derived through the common heritage of Hindus and Sikhs and other communities of Punjab. It is on the basis of this unity that we have decided to celebrate the 500th birth anniversary of Shri Guru Nanak Devji and also the 300th birth-anniversary of Shri Guru Gobind Singhji on a proper scale with a view to highlighting the fact of common spiritual heritage of all people of Punjab. Let not any intolerance or violence leave a slur on the fair name of the Punjab, the land that has given birth to great ideas of humanity, universal brotherhood and amity.

Sardar Lachhman Singh Gill : What is the occasion to make this statement? (*Interruptions and noise in the House.*)

Mr. Speaker : Order, order please.

Chief Minister : I would particulary appeal to Sant Fateh Singh Ji, for whom we all have sincere respect, to keep the basic interests of the Punjab in view in the present situation. May I also urge that with him the need for calm and comprehensive discussions and mutual consideration on such a vital matter. (Interruptions and Noise in the House.)

Mr. Speaker : Order, order please.

Chief Minister : I have no doubt that he would find full and fair response. To Swami Satyanand and other leaders too would go my appeal for similar tolerance and understanding. We must avoid saying or doing things which might aggravate the existing difficult situation or precipitate any crisis.

I take this opportunity of assuring all fellow Punjabis—the farmers, the industrialists and other law-abiding citizens—that this Government will maintain peace and tranquility under all circumstances. (Thumping.)

ਸਰਦਾਰ ਲਛਮਣ ਸਿੰਘ ਗਿੱਲ : ਤੁਹਾਡੇ ਕੋਲੋਂ ਕੁਝ ਨਹੀਂ ਹੋਣਾ। ਇਹ ਅਨਟਾਈਮਿਲੀ ਸਟੇਟਮੈਂਟ ਹੈ।

Mr. Speaker : Order, order please.

Chief Minister : No one need have any fear on account of a few irresponsible statements. Life and property will be protected with all the power at the disposal of the State Government.

ਸਰਦਾਰ ਲਛਮਣ ਸਿੰਘ ਗਿਲ : ਬਲੇ ਓ ਪਹਿਲਵਾਨਾ........ਨਾਲੇ ਰੋਈ ਜਾਂਦੇ ਹੋ ਨਾਲੇ ਸਟੇਟਮੈਂਟ ਦਿੰਦੇ ਹੋ। ਸਟੇਟਮੈਂਟ ਦੇ ਕੇ ਤਾਂ ਹਦ ਕਰ ਦਿੱਤੀ ਹੈ।

ਸ੍ਰੀ ਸਪੀਕਰ : ਆਰਡਰ ਪਲੀਜ਼ । ਨੋ ਇਨਟਰਪਸ਼ਨਜ਼ । (Order please. No interruptions.) (ਵਿਘਨ) Order, order please.

Chief Minister : Let us remain calm and have faith that the Government of India will evolve a solution which will end all acrimonious controversies for ever. Let us not forget the closest bonds that have cemented the Hindus and the Sikhs in a common heritage over centuries.

ਸਰਦਾਰ ਗੁਰਚਰਨ ਸਿੰਘ : ਕੀ ਮਹਾਰਾਸ਼ਟਰ ਵਿਚ ਸਰਕਾਰ ਨਹੀਂ ਸੀ ਫਿਰ ਇਸ ਸਰਕਾਰ ਨੂੰ ਕੀ ਖਤਰਾ ਆ ਗਿਆ ? (ਵਿਘਨ)

Mr. Speaker : Order, order please.

Chief Minister : The essence of this heritage is love, unity and tolerance. Let us resolve to preserve and promote mutual trust and understanding and settle our problems in that spirit.

ਸਰਦਾਰ ਲਛਮਣ ਸਿੰਘ ਗਿੱਲ : ਤੁਹਾਡੇ ਕੋਲੋਂ ਤਿੰਨ ਲਖ ਨਾਗੇ ਤਾਂ ਸਾਂਭੇ ਨਹੀਂ ਜਾਂਦੇ ਤੇ ਸਾਨੂੰ ਧਮਕੀਆਂ ਦਿੰਦੇ ਹੋ। ਪਹਿਲਾਂ ਨਾਗਿਆਂ ਨੂੰ ਤਾਂ ਸੰਭਾਲੋ। (ਵਿਘਨ)

Mr. Speaker : Order, order please. No interruption.

Chief Minister : I have no doubt that at this critical juncture leaders of all political parties will give true guidance to their followers not to forget the sacred blood shed by our brave soldiers for saving the honour of Punjab and the country and to remain peaceful. (*thumping*)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਇਕ ਸਟੇਟਮੈਂਟ ਚੀਫ ਮਨਿਸਟਰ ਸਾਹਿਬ ਨੇ ਦਿੱਤੀ ਹੈ ਇਸ ਵਿਚ ਇਨ੍ਹਾਂ ਨੇ ਬਹੁਤ ਸਾਰੇ ਕੰਪਲੀਕੇਟਿਡ ਮਸਲੇ ਉਠਾਏ ਹਨ । ਜਿਥੇ ਤਕ ਲਾ ਐਂਡ ਆਰਡਰ ਦਾ ਤਅੱਲੁਕ ਹੈ ....(ਵਿਘਨ)

ਸ੍ਰੀ ਸਪੀਕਰ : ਤੁਸੀਂ ਕਿਸ ਗੱਲ ਤੇ ਬੋਲ ਰਹੇ ਹੋ ? ਜੇਕਰ ਤੁਸੀਂ ਕੋਈ ਕਲੈਰਿਫਿਕੇਸ਼ਨ ਚਾਹੁੰਦੇ ਹੋ ਤਾਂ ਸਵਾਲ ਪੁਛ ਸਕਦੇ ਹੋ। (On what subject is the hon. Member speaking ? If he wants any clarification, he can put a question.)

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਸ੍ਰੀ ਨੰਦਾ ਜੀ ਨੇ ਬਿਆਨ ਦਿੱਤੇ ਅਤੇ ਕਿਹਾ ਕਿ ਅਸੀਂ ਪੰਜਾਬੀ ਸੂਬਾ ਇਸ਼ੂ ਨੂੰ ਫਰੈਸ਼ ਅਤੇ ਫਰਾਖ ਦਿਲੀ ਨਾਲ ਸੋਚਣਾ ਚਾਹੁੰਦੇ ਹਾਂ ਅਤੇ ਇਸ ਦਾ ਹੱਲ ਕਢ ਰਹੇ ਹਾਂ ਅਤੇ ਇਸ ਤੇ ਸਾਨੂੰ ਵਿਸ਼ਵਾਸ ਦਿਵਾਇਆ ਸੀ ਕਿ ਕਿਸੇ ਕਿਸਮ ਦੀ ਗੜਬੜ ਨਹੀਂ ਸ਼ੁਰੂ ਕੀਤੀ ਜਾਵੇਗੀ। ਪਰ ਚੀਫ ਮਨਿਸਟਰ ਸਾਹਿਬ ਨੇ ਉਨ੍ਹਾਂ ਨੂੰ ਕਾਮਲੀ ਸੋਚਣ ਹੀ ਨਹੀਂ ਦਿੱਤਾ। ਇਹ ਚੀਫ ਮਨਿਸਟਰ ਇਸ ਤਰ੍ਹਾਂ ਦੀ ਸਟੇਟਮੈਂਟ ਦੇ ਕੇ ਆਪ ਪੰਜਾਬ ਵਿਚ ਗੜਬੜ ਮਚਾਣਾ ਚਾਹੁੰਦੇ ਹਨ। ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਕੀ ਉਨ੍ਹਾਂ ਨੂੰ ਇਨ੍ਹਾਂ ਨੇ ਥਿੰਕ ਕਰਨ ਦੇਣਾ ਹੈ ਜਾਂ ਨਹੀਂ ? ਕੀ ਇਹ ਠੀਕ ਨਹੀਂ ਕਿ ਇਹ ਗੜਬੜ ਤੁਸੀਂ ਮਚਾ ਰਹੇ ਹੋ ? (ਵਿਘਨ)

ਸਰਦਾਰ ਲਛਮਣ ਸਿੰਘ ਗਿੱਲ : ਇਨ੍ਹਾਂ ਨੇ ਸਟੇਟਮੈਂਟ ਦਿੱਤੀ ਹੈ ਇਸ ਲਈ ਸਾਨੂੰ ਹਕ ਹੈ ਸਵਾਲ ਪੁਛਣ ਦਾ। ਇਹ ਤਾਂ ਆਪ ਅਗ ਲਗਾ ਰਹੇ ਹਨ।

ਸ੍ਰੀ ਸਪੀਕਰ : ਆਰਡਰ ਪਲੀਜ਼। ਟੇਕ ਯੋਅਰ ਸੀਟ। ਲੋਕ ਸਭਾ ਵਿਚ ਕਨਵੈਨਸ਼ਨ ਹੈ ਕਿ ਜਿਥੇ ਕੋਈ ਇਮਪਾਰਟੈਂਟ ਸਟੇਟਮੈਂਟ ਸਰਕਾਰ ਵਲੋਂ ਦਿੱਤੀ ਜਾਵੇ ਉਸ ਤੇ ਬਾਈ ਵੇ ਆਫ ਕਲੈਰੀ-

ਫਿਕੈਸ਼ਨ ਗਰੁਪ ਦੇ ਲੀਡਰ ਇਕ ਇਕ ਸਵਾਲ ਪੁਛ ਸਕਦੇ ਹਨ। (Order please. A convention is in vogue in the Lok Sabha that if any important statement is made by the Government on their own then by way of clarification each of the group leaders are entitled to ask a question.)

ਸਰਦਾਰ ਲਛੱਮਣ ਸਿੰਘ ਗਿੱਲ : ਆਨ ਏ ਪੁਆਇਟ ਆਫ ਆਰਡਰ। ਸਪੀਕਰ ਸਾਹਿਬ, ਇਹ ਤਾਂ ਆਪ ਭੜਕਾ ਰਹੇ ਹਨ। ਅਸੀਂ ਕੀ ਕੀਤਾ ਹੈ ? ਇਹ ਜਾਣ ਬੁਝ ਕੇ ਸ਼ਰਾਰਤ ਕਰਦੇ ਹਨ..... (ਵਿਘਨ)

Mr. Speaker : Order please. Take your seat.

ਸਰਦਾਰ ਲਛੱਮਣ ਸਿੰਘ ਗਿੱਲ : ਸਪੀਕਰ ਸਾਹਿਬ, ਤੁਸੀਂ ਸਾਡੀ ਗੱਲ ਹੀ ਨਹੀਂ ਸੁਣਦੇ......

ਸਰਦਾਰ ਗੁਰਨਾਮ ਸਿੰਘ : ਇਹ ਆਪ ਬਰੀਚ ਆਫ ਪੀਸ ਕਰਾਉਣ ਤੇ ਤੁਲੇ ਹੋਏ ਹਨ। ਸੈਂਟਰ ਨੂੰ ਥਿੰਕ ਨਹੀਂ ਕਰਨ ਦਿੰਦੇ। ਇਹ ਆਪ ਅਗ ਲਾ ਰਹੇ ਹਨ।

Mr. Speaker : Please take your seat.

ਸਰਦਾਰ ਗੁਰਨਾਮ ਸਿੰਘ : ਇਨ੍ਹਾਂ ਨੇ ਸੰਤ ਫਤਿਹ ਸਿੰਘ ਦਾ ਨਾਂ ਲਿਆ ਹੈ। ਸੈਂਟਰ ਦੀ ਅਪੀਲ ਕਰਨ ਤੇ ਜਦ ਪਾਕਿਸਤਾਨ ਨਾਲ ਸਾਡੀ ਲੜਾਈ ਸੀ ਤਾਂ ਉਸ ਅਪੀਲ ਨੂੰ ਸੰਤ ਫਤਿਹ ਸਿੰਘ ਨੇ ਮੰਨ ਲਿਆ ਸੀ। ਉਹ ਬਜਾ ਅਪੀਲ ਸੀ ਪਰ ਹੁਣ ਤਾਂ ਕੋਈ ਗੱਲ ਹੀ ਨਹੀਂ ਫਿਰ ਵੀ ਇਹ ਆਪ ਇਸ ਤਰ੍ਹਾਂ ਦੀ ਸਟੇਟਮੈਂਟ ਦੇਕੇ, ਜਿਸ ਦੀ ਕੋਈ ਲੋੜ ਨਹੀਂ ਸੀ, ਭੜਕਾ ਰਹੇ ਹਨ ਅਤੇ ਸੈਂਟਰ ਦੇ ਲੀਡਰਾਂ ਨੂੰ ਸਹੀ ਢੰਗ ਨਾਲ ਸੋਚਣ ਨਹੀਂ ਦਿੰਦੇ। ਹਰ ਰੋਜ਼ ਕੋਈ ਨਵੀਂ ਸਟੇਟਮੈਂਟ ਦੇ ਦਿੰਦੇ ਹਨ।

Mr. Speaker : Order please.

ਸਰਦਾਰ ਗੁਰਨਾਮ ਸਿੰਘ : ਅਸੀਂ ਪੰਜਾਬੀ ਸੂਬੇ ਤੇ ਇਨਸਿਸਟ ਕਰਾਂਗੇ ਅਤੇ ਇਸ ਤੋਂ ਘਟ ਕਿਸੇ ਵੀ ਫਾਰਮੂਲੇ ਨੂੰ ਮਨਣ ਲਈ ਅਸੀਂ ਤਿਆਰ ਨਹੀਂ ਇਹ ਸਰਕਾਰ ਆਪ ਇਸ ਸਟੇਟ ਵਿਚ ਅਗ ਲਗਾ ਰਹੀ ਹੈ ਅਤੇ ਜੇਕਰ ਕੋਈ ਬਰੀਚ ਆਫ ਪੀਸ ਹੋਇਆ ਤਾਂ ਇਸ ਲਈ ਸਰਕਾਰ ਆਪ ਜ਼ਿੰਮੇਵਾਰ ਹੋਵੇਗੀ ਕਿਉਂਕਿ ਇਸ ਤਰ੍ਹਾਂ ਦੀਆਂ ਸਟੇਟਮੈਂਟਾਂ ਇਹ ਦੇ ਰਹੀ ਹੈ ਜਿਸ ਨਾਲ ਮਾਹੌਲ ਠੀਕ ਨਾ ਰਹੇ। ਇਨ੍ਹਾਂ ਨੇ ਹੀ ਇਸ ਤਰ੍ਹਾਂ ਦੀਆਂ ਸਟੇਟਮੈਂਟਾਂ ਦੇ ਕੇ ਸ੍ਰੀ ਲਾਲ ਬਹਾਦਰ ਸਾਸ਼ਤਰੀ ਨੂੰ ਥਿੰਕ ਨਹੀਂ ਕਰਨ ਦਿੱਤਾ ਅਤੇ ਹੁਣ ਵੀ ਸੈਂਟਰ ਦੇ ਲੀਡਰਾਂ ਨੂੰ ਇਹ ਐਫਰੈਸ਼ ਥਿੰਕ ਨਹੀਂ ਕਰਨ ਦੇ ਰਹੇ। ਇਸ ਦੀ ਸਾਰੀ ਜ਼ਿੰਮੇਵਾਰੀ ਇਨ੍ਹਾਂ ਦੇ ਆਪਣੇ ਸਿਰ ਤੇ ਹੈ।

Mr. Speaker : Order please.

ਸਰਦਾਰ ਲਛੱਮਣ ਸਿੰਘ ਗਿੱਲ : ਮੈਂ ਸਵਾਲ ਪੁਛਣਾ ਚਾਹੁੰਦਾ ਹਾਂ। ਤੁਸੀਂ ਆਪ ਹੀ ਕਿਹਾ ਹੈ ਕਿ ਸਵਾਲ ਪੁਛੇ ਜਾ ਸਕਦੇ ਹਨ:::..... (ਵਿਘਨ) ਇਹ ਆਪ ਸੂਬੇ ਨੂੰ ਭੜਕਾ ਰਹੇ ਹਨ ਅੱਗ ਲਗਾ ਰਹੇ ਹਨ। ਜਦ ਗੌਰਮੈਂਟ........... (ਵਿਘਨ)

6.30 p.m. **Mr. Speaker** : The House stands adjourned till 9.30 a.m. tomorrow on Wednesday, the 9th March, 1966.

(*The Sabha then adjourned till* 9.30 *a.m. on Wednesday, the 9th March,* 1966).

8506PVS—462—9-8-66 —C., P. & S. Pb., Chd.

APPENDIX

TO

P.V.S. DEBATES VOL I—NO. 14.

Dated the 8th March, 1966.

Cases withdrawn from the Courts.

3296. Comrade Ram Piara : Will the Minister for Welfare and justice be pleased to state :

(a) whether any cases from the Courts have been withdrawn by the Punjab Government/District Magistrates or by any authority in the State during the period from 6th July, 1964, to date ; if so, the details thereof, year-wise, district-wise, together with the names of the persons cases have been withdrawn stating the dates when these were withdrawn and the reasons for withdrawing these cases.

(b) the designation of the authority who ordered the withdrawal of each of the said cases ?

Shri Chand Ram : (a) and (b) A statement indicating the district-wise number of cases withdrawn and the authority under which these cases were ordered to be withdrawn is enclosed. The time and labour involving in giving the details of each of these 214 cases will not be commensurate with any possible benefit to be derived therefrom.

STATEMENT

Sr. No.	District	No. of cases withdrawn by District Magistrate	No. of cases withdrawn by State Government.	Total number of cases withdrawn
1.	Sangrur	6	..	6
2.	Hoshiarpur	4	1	5
	Kapurthala	4	1	5
4.	Ferozepore	5	..	5
5.	Ludhiana	6	3	9
6.	Hissar	7	..	7
7	Gurdaspur	..	1	1
8.	Simla	11	..	11
9.	Kangra	5	..	5
10.	Jullundur	63	..	63
11.	Rohtak	9	1	10
12.	Mohindergarh	..	1	1
13.	Gurgaon	1	4	5
14.	Bhatinda	3	..	3
15.	Patiala	3	..	3
16.	Kulu	2	..	2
17.	Ambala	12	7	16
18.	Karnal	13	7	20
19.	Amritsar	37	..	37
	Total	191	23	214

APPENDIX

to

P.V.S. DEBATES VOL I—NO. 14.

Dated the 8th March, 1966.

Cases withdrawn from the Courts.

3296. Comrade Ram Piara : Will the Minister for Welfare and Justice be pleased to state :

(a) whether any cases from the Courts have been withdrawn by the Punjab Government/District Magistrates or by any authority in the State during the period from 6th July, 1964, to date ; if so, the details thereof, year-wise, district-wise, together with the names of the persons cases have been withdrawn stating the dates when these were withdrawn and the reasons for withdrawing these cases.

(b) the designation of the authority who ordered the withdrawal of each of the said cases ?

Shri Chand Ram : (a) and (b) A statement indicating the district-wise number of cases withdrawn and the authority under which these cases were ordered to be withdrawn is enclosed. The time and labour involving in giving the details of each of these 214 cases will not be commensurate with any possible benefit to be derived therefrom.

STATEMENT

Sr. No.	District	No. of cases withdrawn by District Magistrate	No. of cases withdrawn by State Government	Total number of cases withdrawn
[illegible]	Sangrur	6	..	[illegible]
2.	Hissar	4	1	5
[illegible]	[illegible]	4	1	5
[illegible]	[illegible]	[illegible]	..	[illegible]
[illegible]	[illegible]	[illegible]	3	[illegible]
[illegible]	[illegible]		..	[illegible]
[illegible]	[illegible]		1	[illegible]
[illegible]	Simla	[illegible]	..	11
9.	Karnal	[illegible]	..	[illegible]
10.	Jullundur	[illegible]	..	[illegible]
11	[illegible]	[illegible]	1	10
[illegible]	[illegible]garh		1	[illegible]
[illegible]	[illegible]		4	[illegible]
[illegible]	[illegible]		..	[illegible]
[illegible]	[illegible]	[illegible]	..	3
[illegible]	[illegible]	[illegible]	..	2
[illegible]	[illegible]	[illegible]	7	[illegible]
[illegible]	[illegible]	[illegible]	[illegible]	[illegible]
[illegible]	[illegible]	37	..	[illegible]
	Total	191	23	214

Original with;
Punjab Vidhan Sabha
Digitized by;
Panjab Digital Library

Punjab Vidhan Sabha Debates

9th March, 1966

Vol. I—No. 15

OFFICIAL REPORT



CONTENTS

Wednesday, the 9th March, 1966 — PAGE

Price: Rs. 7.00 P. se.

ERRATA

To

PUNJAB VIDHAN SABHA DEBATES Vol. I, No. 15, DATED THE 9TH MARCH, 1966

Read	*For*	*Page*	*Line*
ਅਖਤਿਆਰ	ਅਖਿਤਆਰ	(15)1	Last
इनसेक्टीसाईड्ज़	इनमेक्टीसाइज	(15)2	4
therefor	therfor	(15)2	23
Government	Governmsnt	(15)4	1
ਸਰਦਾਰ ਗੁਰਚਰਨ ਸਿੰਘ	ਸਰਦ'ਰ ਗੁਰਚਨ ਸਿੰਘ	(15)4	14
क्राईटीरिया	काईटीरिया	(15)4	Last
मुख्य	मख्य	(15)6 (15)87	13, 27, 31 6 from below
फास्ट	फ'रट	(15)6	20
1962-63	1963-62	(15)9	2
1963-64	1936-64	(15)9	2
1964-65	1995-65	(15)9	2
April, 1965	April, 196	(15)10	9
complete	completed	(15)10	16
9271	927,	(15)10	Last but one
[Education Minister]	[Education of Minister]	(15)12	1
ਹਾਊਸ	ਹਾਓਸ	(15)19	1
where	were	(15)22	24
ਡਿਕਲੇਅਰ ਹੋ ਚੁਕਿਆ ਹੈ	ਡਿਕਲੇਅਰ ਹੋ ਚੁਕਿਆ	(15)25	19
कामरेड राम प्यारा	कामरेड र म प्यारा	(15)25	22
ਫੇਰ	ਡਰ	(15)26	9
may	my	(15)27	8 from below
Sarvshri	Sarvshr	(15)31	3
School	Sdhool	(15)37	4

P. T. O.

Read	*For*	*Page*	*Line*
stands	stand	(15)50	3
loanees	loanes	(15)52	1
	lonees	(15)60	2
Simultaneously	Simulataneously	(15)71	5
EXPLANATION	EXLANATION	(15)73	14
regarding	regardineg	(15)74	21
reflections	reflection	(15)78	10
censure	censur	(15)79	11
form	from	(15)86	19 from below
आफ	आप	(15)91	17
ਨਫਰਤ	ਨਫਤਰ	(15)92	8 from below
ਹੋ	ਹੈ	(15)93	4 do
(Interruptions)	(Intettuptions)	(15)95	7
ਮੰਤ	ੰਤ	(15)95	22
ਖਿਲਾਫ	ਖਿਲਾਢ	(15)96	5 from below
चौधरी नेत राम	चौधरी नत राम	(15)99	4
	चौध,ी नत राम	(15)125	16
does	dose	(15)99	24
comply	be comply	(15)100	13
sufficiently	sufficently	(15)100	Last but one
Noes	Nos	(15)101	25
ਮੈਂਡਮ	ਮੈਂਡਮਾ	(15)116	4
ਬੈਠਦੇ	ਬੈਨਦੇ	(15)123	23
arrested	arested	(15)124	6
bail	bale	(15)124	6
ਕੇ	ਦੇ	(15)125	8 from below
ਅਸੂਲ	ਅਸਲ	(15)126	24
ਹਿੰਦੂ	ਹਿਦੂ	(15)127	10

PUNJAB VIDHAN SABHA

Wednesday, the 9th March, 1966

The Vidhan Sabha met in the Assembly Chamber, Vidhan Bhawan Sector 1, Chandigarh at 9.30 A.M. of the Clock. Mr. Speaker (Shri Harbans Lal) in the Chair.

STARRED QUESTIONS AND ANSWERS

Damage by cold to sarson crop in district Gurgaon

***9383. Shri Babu Dyal Sharma** : Will the Minister for Revenue be pleased to state whether he is aware of the fact that the sarson crop of Gurgaon District has been totally destroyed by excessive cold and other crops dependent on Chak Sahbi stream for irrigation are withering owing to scarcity of water ; if so, the details of the steps being taken by the Government to protect them ?

Sardar Ajmer Singh (Planning and Local Government Minister) : (1) The sarson crop of Gurgaon District has not been totally destroyed by excessive cold. This crop has caught some disease because of lack of rain. The sarson crop in the bed of the Sahibi has been least damaged.

(2) The water of the Sahibi is not used for irrigation. This water is used to charge the brackish sub-soil water, to sweeten it. As such, the question of taking any steps to save the crops from withering because of drought does not arise.

ਸਰਦਾਰ ਗੁਰਚਰਨ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਆਇਆ ਇਹ ਗੱਲ ਉਨ੍ਹਾਂ ਦੇ ਇਲਮ ਵਿੱਚ ਹੈ ਕਿ ਸਰਦੀ ਨੇ ਭਾਵੇਂ ਸਰਸੋਂ ਦੀ ਫਸਲ ਇਤਨੀ ਨਹੀਂ ਸੀ ਮਾਰੀ ਜਿਤਨੀ ਕਿ ਹੁਣ ਤੇਲੇ ਨੇ ਸਾਰੇ ਪੰਜਾਬ ਵਿੱਚ ਬਿਲਕੁਲ ਹੀ ਮਾਰ ਦਿੱਤੀ ਹੈ ?

ਮੰਤਰੀ : ਜਿਥੋਂ ਤਕ ਗੁੜਗਾਉਂ ਦਾ ਸਵਾਲ ਹੈ, ਉਸ ਦਾ ਮੈਂ ਇਸ ਸਵਾਲ ਮੁਤਾਬਿਕ ਜਵਾਬ ਦੇ ਦਿੱਤਾ ਹੈ, ਬਾਕੀ ਪੰਜਾਬ ਦਾ ਮੈਨੂੰ ਪਤਾ ਨਹੀਂ ਹੈ।

ਸਰਦਾਰ ਲਛਮਣ ਸਿੰਘ ਗਿੱਲ : On a point of order, Sir., ਸਪੀਕਰ ਸਾਹਿਬ, ਹੁਣੇ ਵਜ਼ੀਰ ਸਾਹਿਬ ਨੇ ਜਵਾਬ ਦਿੰਦਿਆਂ ਕਿਹਾ ਕਿ ਬਾਕੀ ਪੰਜਾਬ ਦਾ ਮੈਨੂੰ ਕੋਈ ਪਤਾ ਨਹੀਂ । ਕੀ ਵਜ਼ੀਰ ਸਾਹਿਬ ਇਸ ਤਰ੍ਹਾਂ ਦਾ ਵੀ ਜਵਾਬ ਦੇ ਸਕਦੇ ਹਨ, ਜਿਵੇਂ ਇਹ ਕਿਸੇ ਖਾਸ ਇਕ ਹਿੱਸੇ ਦੇ ਵਜ਼ੀਰ ਹੋਣ।

Minister : Sir, it has been stated in the reply that this crop has got some disease because of lack of rains.

श्री बाबू दयाल शर्मा : जैसे बताया गया है कि तेला लगा था इस लिए नुक्सान हुआ मैं पूछना चाहता हूं कि इस से बचने के लिए गवर्नमैंट ने क्या तजवीज इख्तयार की ।

ਮੰਤਰੀ : ਭਾਵੇਂ ਤੁਸੀਂ ਇਹ ਪਹਿਲਾਂ ਨਹੀਂ ਸੀ ਪੁਛਿਆ ਪਰ ਫੇਰ ਵੀ ਮੈਂ ਦਸ ਸਕਦਾ ਹਾਂ ਕਿ ਸਰਕਾਰ ਨੇ ਜਿਤਨੇ ਵੀ ਇਸ ਦੇ ਰੋਕ ਥਾਮ ਲਈ ਮੇਈਅਰਜ਼ ਸਨ ਉਹ ਵੱਧ ਤੋਂ ਵਧ ਅਖਤਿਆਰ ਕੀਤੇ ਹਨ । ਇਹ ਠੀਕ ਹੈ ਕਿ ਇਤਨੇ ਮੇਈਅਰਜ਼ ਇਤਨੀ ਜਲਦੀ ਵਿੱਚ, ਅਖਿਤਆਰ

[ਯੋਜਨਾ ਅਤੇ ਸਥਾਨਕ ਸ਼ਾਸ਼ਨ ਮੰਤਰੀ]

ਨਹੀਂ ਕੀਤੇ ਜਾ ਸਕਦੇ ਸਨ ਜੋ ਸਾਰੇ ਏਰੀਆ ਨੂੰ ਕਵਰ ਕਰਨ, ਇਹ ਤਾਂ ਇਹ ਮਾਈਨਰ ਹੈਲਥ ਹੀ ਹੋ ਸਕਦੀ ਸੀ ਏਸ ਵੇਲੇ।

श्री बाबू दयाल शर्मा : यह बताया जा सकता है कि कितने इनमेक्टोसाईड्ज़ यूज़ हुये और कितने बचे ।

Minister : I require notice

Agricultural land of Livestock Farm, Hissar

***9471. Shri Hunna Mal** : Will the Minister of State for Animal Husbandry and Agriculture be pleased to state :

(a) whether it is a fact that during the the past years agricultural land of the Government Livestock Farm in district Hissar used to be cultivated by the tenants on batai system but the same has now been got vacated from them and under a new scheme it is being cultivated by the Government by means of tractors etc.; if so, the total income that accrued to the Government from the said tenants on account of Batai during the period from Kharif 1960 to Rabi 1965 together with the present total net income accruing to the Government after deducting the wear and tear of the tractors and other expenses incurred under the present system ;

(b) whether Government have earned more profit by taking over the cultivation than it did from the said tenants under batai system ; if so, what, if not, the reasons therfor ?

Captain Rattan Singh :(a) *First Part.*—Yes, only 4,599 acres out of 6,893 acres of land was got vacated during the year 1965-66.

Second Part.—Rs. 28,73,525 as 'batai' from tenants during the five years from 1960-61 to 1964-65. The net income through mechanised cultivation will be known after crops have been harvested and accounts finalised.

(b) Not yet known.

श्री ओम प्रकाश अग्निहोत्री : जिन मुज़ारों को बेदखल किया गया था क्या उन को पहले कहीं ज़मीन अलाट की गई थी ? अगर नहीं तो इस की क्या वजह है ?

राज्य मन्त्री : ऐसी कोई बाईंडिंग स्टेट गवर्नमैंट पर आयद नहीं होती, इस लिये यह सवाल ही पैदा नहीं होता ।

Pandit Chiranji Lal Sharma : Sir, will the hon. Minister of State for Animal Husbandry and Agriculture be pleased to state the criteria kept in view to eject some tenants while to keep others on the land ?

राज्य मन्त्री : गवर्नमैंट जो मुनासिब समझती है उस के मुताबिक काम करवाया जाता है और तकरीबन सारे का सारा ऐरिया हम अडंर कल्टीवेशन ले रहे हैं ।

श्री अमर सिंह : क्या यह दरुस्त है कि गरीब हरिजनों को बेदखल किया गया है मगर जो रिसोर्सिज वाले हैं वह अभी भी बैठे हुए हैं ।

राज्य मन्त्री : किसी को बेदखल नहीं किया गया यह तो year to year के लिये breeding programme के तहत cultivation के लिये जमीन दी जाती है । under the breeding programme we have to keep the land.

श्री अमर सिंह : मैं यह पूछना चाहता हूं कि मुजारे कितने बेदखल हुए और जब मुजारे बेदखल नहीं हुए थे उस वक्त पैदावार ज्यादा होती थी मगर जब ट्रैक्टरों से वहां पर काम किया गया तो पैदावार कम हो गई इस की क्या वजह है ?

राज्य मन्त्री : मुजारों के नम्बर का तो मुझे पता नहीं है, बाकी जो इनका सवाल था उसका मैं ने जवाब दे दिया है ।

श्री अमर सिंह : मैं ने सवाल किया था कि कितने मुजारे बेदखल हुए थे, और ट्रैक्टरों से पैदावार क्यों कम हुई, इस का जवाब आना चाहिये ।

राज्य मन्त्री : मैं ने अर्ज किया कि जितनी ज़मीन हिसार फार्म के लिये चाहिये वह ट्रैक्टर आरगेनाईज़ेशन के जरिये काश्त कराई जा रही है ।

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਪਹਿਲੇ ਮੁਜ਼ਾਰੇ ਹੁਣ ਤੱਕ ਰਖੇ ਹੋਏ ਹਨ ਕੀ ਉਹ ਕਿਸੇ ਫੇਵਰਿਟਿਜ਼ਮ ਦੀ ਵਜਾਹ ਨਾਲ ਰਖੇ ਹੋਏ ਹਨ ?

ਰਾਜ ਮੰਤਰੀ : ਉਥੇ ਕਲਟੀਵੇਸ਼ਨ ਦੇ ਵਿੱਚ ਕਿਸੇ ਫੇਵਰਿਟਿਜ਼ਮ ਦਾ ਕੋਈ ਸਵਾਲ ਨਹੀਂ ਹੈ ।

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਪੁਛਿਆ ਸੀ ਕਿ ਜਿਹੜੇ ਪਹਿਲੇ ਮੁਜ਼ਾਰੇ ਹੁਣ ਤੱਕ ਚਲੇ ਆਉਂਦੇ ਹਨ ਉਸ ਦਾ ਕੀ ਕਾਰਨ ਹੈ । ਸਪੀਕਰ ਸਾਹਿਬ, ਇਸ ਦਾ ਜਵਾਬ ਆਉਣਾ ਚਾਹੀਦਾ ਹੈ ।

ਰਾਜ ਮੰਤਰੀ : ਮੈਂ ਪਹਲਾਂ ਅਰਜ਼ ਕੀਤਾ ਹੈ ਕਿ ਅਸੀਂ ਲੈਂਡ ਯੀਅਰ ਟੂ ਯੀਅਰ ਦਿੰਦੇ ਹਾਂ ਅਤੇ ਜਿਸ ਨੂੰ ਚਾਹੀਏ ਇਜੈਕਟ ਕਰ ਸਕਦੇ ਹਾਂ । ਕਿਸੇ ਨੂੰ ਵੀ ਸਾਲ ਬਾਅਦ ਕਢ ਸਕਦੇ ਹਾਂ ।

श्री ओम प्रकाश अग्निहोत्री : मैं यह पूछना चाहता हूं कि क्या गवर्नमैंट उन मुजारों को फिर स इस जमीन पर आबाद करने को तैयार है जो मौजूदा ट्रैक्टरों की कल्टीवेशन की निस्बत ज्यादा पैदावार करते थे ?

राज्य मन्त्री : यह ब्रीडिंग प्रोग्राम के तहत बिजाई जाती है अगर कोई पैदावार ज्यादा करके दिखा सकता हो तो हम उसे ज़रूर देंगे ।

Pandit Chiranji Lal Sharma : Will the hon. Minister of State for Animal Husbandry and Agriculture be pleased to state whether the provisions of the Punjab Security of Land Tenures Act are kept in view while ejecting the tenants ?

Minister of State : Certainly

Transfer of Patwaris in Ferozepur District

***8961. Sardar Gurcharan Singh** : Will the Minister for Revenue be pleased to state—

(a) the total number of patwaris transferred from one place to another in district Ferozepur in the months of March and April, 1965 ;

(b) whether any of the said patwaris were re-transferred, immediately after their first transfer ; if so, the reasons therefor ?

Sardar Ajmer Singh (Planning and Local Government Minister): (a) 142 patwaris.

(b) 19 patwaris.

[Planning and Local Governmsnt Minister]

According to Government Policy all the Patwaris in the State are to be posted beyond a distance of 20 miles from their homes. Nineteen patwaris were ordered to be re-transfrerred as in their case the actual distance was found to be of more than 20 miles from their homes.

ਸਰਦਾਰ ਗੁਰਚਰਨ ਸਿੰਘ : ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ 142 ਦੀ ਬਦਲੀ ਕੀਤੀ ਸੀ ਜਿਨ੍ਹਾਂ ਵਿਚੋਂ 19 ਨੂੰ ਫੇਰ ਵਾਪਸ ਉਥੇ ਹੀ ਲਾ ਦਿੱਤਾ ਹੈ । ਮੈਂ ਉਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਤਰੀਕਾ ਠੀਕ ਹੈ ਕਿ ਜੇ ਕੋਈ 20 ਮੀਲ ਤੋਂ ਦੂਰ ਚਲਾ ਜਾਂਦਾ ਹੈ ਤਾਂ ਕਾਇਦੇ ਦੇ ਮੁਤਾਬਿਕ ਉਸ ਨੂੰ ਉਸ ਦੇ ਘਰ ਦੇ 20 ਮੀਲ ਦੇ ਏਰੀਏ ਅੰਦਰ ਲਿਆਉਣਾ ਜ਼ਰੂਰੀ ਹੈ ? what are the reasons ?

ਮੰਤਰੀ : 19 ਆਦਮੀਆਂ ਦੀ ਸਾਡੇ ਪਾਸ ਰਿਪਰੇਜ਼ੈਂਟੇਸ਼ਨ ਆਈ ਸੀ ਕਿ ਉਨ੍ਹਾਂ ਦੀ ਬਦਲੀ ਉਨ੍ਹਾਂ ਦੇ ਘਰਾਂ ਤੋਂ ਦੂਰ ਹੋਈ ਹੈ । ਕਈ 90 ਮੀਲ ਤੱਕ ਵੀ ਲਾਏ ਗਏ ਸਨ । ਉਨਾਂ ਦੀ ਰਿਪਰੇਜ਼ੈਂਟੇਸ਼ਨ ਮੰਨ ਕੇ ਉਨ੍ਹਾਂ ਨੂੰ 20 ਮੀਲ ਦੇ ਏਰੀਏ ਤੋਂ ਬਾਹਰ ਪਰ ਨੇੜੇ ਲਾ ਦਿੱਤਾ ਗਿਆ ਹੈ।

ਸਰਦਾਰ ਗੁਰਚਨ ਸਿੰਘ : ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ 19 ਆਦਮੀਆਂ ਦੀ ਤਾਂ ਗਲ ਮੰਨ ਲਈ ਪਰ ਜਿਹੜੇ 100-100 ਮੀਲ ਤੱਕ ਅਜੇ ਵੀ ਲੱਗੇ ਹੋਏ ਹਨ ਉਨ੍ਹਾਂ ਦੇ ਕਹਿਣ ਤੇ ਵੀ ਬਦਲੀ ਨਹੀਂ ਹੁੰਦੀ, ਕਿਤੇ ਇਹ ਇਨ੍ਹਾਂ 19 ਆਦਮੀਆਂ ਨਾਲ ਫੇਵਰਿਟਿਜ਼ਮ ਤਾਂ ਨਹੀਂ ਕੀਤੀ ਹੋਈ ?

ਕਾਮਰੇਡ ਭਾਨ ਸਿੰਘ ਭੌਰਾ : ਕੀ ਵਜ਼ੀਰ ਸਾਹਿਬ ਇਹ ਗੱਲ ਦੱਸਣਗੇ ਕਿ ਜਦੋਂ ਪਟਵਾਰੀਆਂ ਨੇ ਰਿਪਰੇਜ਼ੈਂਟੇਸ਼ਨ ਕੀਤੀ ਉਹ ਕਿਤਨੇ ਸਨ ਅਤੇ ਉਨ੍ਹਾਂ ਦੇ ਵਿਚੋਂ ਕਿਤਨਿਆਂ ਦੀ ਮੰਨ ਲਈ ਗਈ ?

ਮੰਤਰੀ : ਮੇਰੇ ਪਾਸ ਜੋ ਇਨਫਰਮੇਸ਼ਨ ਹੈ ਉਹ ਇਹ ਹੈ ਕਿ 19 ਆਦਮੀਆਂ ਦੀ ਰਿ-ਪਰਜ਼ੈਂਟੇਸ਼ਨ ਮਨਜ਼ੂਰ ਕਰ ਲਈ ਗਈ ਹੈ ।

श्री अमर सिंह : बहुत से पटवारी ऐसे हैं जो अपने रैंजीडैंस से 3-4 मील के फासले पर लगे चले आ रहे हैं, वह रात को अपने घर जाकर सोते हैं । अगर गवर्नमैंट की पालिसी यह है कि सरकार इस लिये दूर ट्रांस्फर करती है ताकि घरों के नज़दीक रहने से सरकार के काम में बाधा पड़ता है तो मैं पूछना चाहता हूं कि इन लोगों की अभी तक ट्रांस्फर क्यों नहीं की ?

ਮੰਤਰੀ : ਸਪੀਕਰ ਸਾਹਿਬ, ਲੈਂਡ ਮੈਨੂਅਲ ਰੂਲਜ਼ ਵਿਚ ਇਹ ਹੈ ਕਿ ਪਟਵਾਰੀ ਆਪਣੇ ਘਰ ਤੋਂ 20 ਮੀਲ ਦੇ ਅੰਦਰ ਨਾ ਲਾਏ ਜਾਣ । ਗੌਰਮੈਂਟ ਦੀ ਇਹ ਪਾਲਸੀ ਹੈ ਕਿ ਇਸ ਤਰ੍ਹਾਂ ਕੋਈ ਪਟਵਾਰੀ ਮੁੜ ਕੇ ਰਾਤ ਘਰ ਨਾ ਕਟੇ, ਕਿਉਂਕਿ ਇਸ ਤਰ੍ਹਾਂ ਉਹ ਡਿਊਟੀ ਤੋਂ ਗ਼ੈਰ ਹਾਜ਼ਰ ਹੁੰਦਾ ਸੀ । ਪਹਿਲਾਂ ਇਹ 10 ਮੀਲ ਦੀ ਸ਼ਰਤ ਸੀ । 1961 ਵਿਚ 20 ਮੀਲ ਕੀਤੀ ਗਈ। ਇਸ ਨੂੰ ਇਨਫੋਰਸ ਕੀਤਾ ਜਾਂਦਾ ਹੈ । ਅਗਰ ਕੋਈ ਲੈਪਸ ਹੈ ਤਾਂ ਮੈਂ ਸਮਝਦਾ ਹਾਂ ਕਿ ਡਿਸਟਰਿਕਟ ਆਫੀਸਰਜ਼ ਜ਼ਰੂਰ ਗ਼ੌਰ ਕਰਨਗੇ ।

श्री सुरेंद्र नाथ गौतम : यह जो २० मील का फासला रखा गया हैं यह प्लेंज और बैकवर्ड हिल्ली एरिया के लिए बराबर ही रखा गया हैं अगर ऐसा है तो क्या काईटीरिया हैं क्योंकि हिल्ली एरिया में आने जाने के साधन बहुत कम हैं ।

(No reply)

ਸ੍ਰੀ ਸੁਰਿੰਦਰ ਨਾਥ ਗੌਤਮ : ਆਨ ਏ ਪੁਆਇੰਟ ਆਫ ਆਰਡਰ, ਸਰ। ਗੌਰਮੈਂਟ ਨੇ ਜਿਹੜੀ 20 ਮੀਲ ਦੀ ਪਾਲਸੀ ਬਣਾਈ ਹੈ ਇਹ ਪਲੈਨਜ਼ ਵਾਸਤੇ ਹੀ ਹੈ ਜਾਂ ਹਿਲੀ ਏਰੀਏ ਵਾਸਤੇ ਵੀ ਏਹੀ ਹੈ ? ਮੈਂ ਸਰਕਾਰ ਦੀ ਤਵਜੁਹ ਦਿਵਾਣਾ ਚਾਹੁੰਦਾ ਹਾਂ ਕਿ ਹਿਲੀ ਏਰੀਏ ਵਿਚ ਆਮਦੋ ਰਫਤ ਦੇ ਸਾਧਨ ਨਹੀਂ।

ਸਰਦਾਰ ਗੁਰਚਰਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਦੇ ਇਲਮ ਵਿਚ ਹੈ ਕਿ ਕਿਸੇ ਵੀ ਪਟਵਾਰੀ ਦੀ ਰਿਟਨ ਰਿਪਰੈਜ਼ੰਟੇਸ਼ਨ ਡਿਪਟੀ ਕਮਿਸ਼ਨਰ ਕੋਲ ਜਾਂ ਗੌਰਮੈਂਟ ਕੋਲ ਨਹੀਂ ਆਈ ? ਆਈ ਚਾਰਜ ਦੀ ਗੌਰਮੈਂਟ ਫਾਰ ਦਿਸ।

ਮੰਤਰੀ : ਰਿਪਰੈਜ਼ੈਂਟੇਸ਼ਨ ਦੇ ਮਾਅਨੇ ਇਹ ਨਹੀਂ ਕਿ ਜ਼ਰੂਰ ਹੀ ਲਿਖਤੀ ਹੋਵੇ, ਜ਼ਬਾਨੀ ਵੀ ਹੋ ਸਕਦੀ ਹੈ।

ਕਾਮਰੇਡ ਬਾਬੂ ਸਿੰਘ ਮਾਸਟਰ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਜੇ ਡੀ. ਸੀ. ਸਾਹਿਬ ਨੇ ਹਾਲੇ ਵੀ ਗ਼ਲਤ ਕੀਤਾ ਹੋਵੇ ਕਿ ਕੁਝ ਪਟਵਾਰੀ 20 ਮੀਲ ਤੋਂ ਬਾਹਰ ਨਾ ਹੋਣ, ਕੀ ਡੀ. ਸੀ. ਤੇ ਐਕਸ਼ਨ ਲੈਣ ਨੂੰ ਤਿਆਰ ਨੇ ?

ਸ੍ਰੀ ਸਪੀਕਰ : ਨੋ ਪੁਆਇੰਟ ਆਫ ਆਰਡਰ। **(This is no point of order.)**

ਕਾਮਰੇਡ ਗੁਰਬਖਸ਼ ਸਿਘ ਧਾਲੀਵਾਲ : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਇਹ 20 ਮੀਲ ਦਾ ਫਾਸਲਾ ਜੋ ਮਿਥਿਆ ਹੈ ਇਹ 20 ਮੀਲ ਕਰੋ ਫਲਾਈਟ ਦੇ ਹਿਸਾਬ ਨਾਲ ਹੈ ਜਾਂ ਇਹ 20 ਮੀਲ ਸੜਕ ਦੇ ਵਿੰਗੇ ਟੇਢੇ ਹਿਸਾਬ ਨਾਲ ਹੈ ?

ਮੰਤਰੀ : ਫਾਸਲਾ ਉਹ ਹੈ ਜੋ ਸੜਕ ਦੁਆਰਾ ਰਸਤਾ ਕਵਰ ਕਰਦੇ ਨੇ, ਉਸ ਨੂੰ ਗਿਣਿਆ ਹੈ, ਕਰੋ ਫਲਾਈਟ ਦਾ ਨਹੀਂ।

Chaudhri Darshan Singh : Are there any instructions or rules, according to which the patwaris could be posted within twenty miles ?

ਮੰਤਰੀ : ਰੂਲਜ਼ ਵਿਚ ਕੋਈ ਨਹੀਂ।

ਸਰਦਾਰ ਗੁਰਚਰਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਦੇ ਵਿਚ ਪਟਵਾਰੀ ਪਹਿਲਾਂ ਸਨ ਉਨ੍ਹਾਂ ਪਿੰਡਾਂ ਵਿਚ ਹੀ ਲਾਏ ਗਏ ਹਨ, ਉਹ ਕਿਤੇ ਹੋਰ ਦੋ ਚਾਰ ਮੀਲ ਏਧਰ ਓਧਰ ਲਾਏ ਜਾ ਸਕਦੇ ਸਨ, ਓਥੇ ਹੀ ਲਾਉਣ ਦਾ ਕੀ ਕਾਰਨ ਹੈ ?

ਮੰਤਰੀ : ਮੈਂ ਸਮਝਦਾ ਹਾਂ ਇਟ ਇਜ਼ ਏ ਮੈਟਰ ਆਫ ਇਨਕੁਆਇਰੀ। ਇਕ ਆਦਮੀ ਓਥੇ ਲਗਿਆ ਹੋਇਆ ਹੈ, ਉਸ ਦੇ ਖਿਲਾਫ ਕੋਈ ਸ਼ਿਕਾਇਤ ਨਹੀਂ। ਉਹ ਟਰਾਂਸਫਰ ਹੋ ਗਿਆ। ਉਸ ਨੂੰ ਫੇਰ ਓਥੇ ਹੀ ਲਾ ਦਿਤਾ ਹੈ। ਆਈ ਥਿੰਕ ਦੇਅਰ ਇਜ਼ ਨਥਿੰਗ ਰਾਂਗ ਅਬਾਊਟ ਇਟ।

Memorandum from Punjab Subordinate Services Federation

***9624. Shri Om Parkash Agnihotri** . Will the Minister for Finance be pleased to state whether the Punjab Subordinate Services Federation submitted a Memorandum regarding the revision of pay scales, appointment of a pay Commission and fixation of D.A. keeping in view the price index etc. during the period from October, 1965 to 10th February, 1966 ; if so, the details of the action so far taken or proposed to be taken in this connection ?

Shri Ram Kishan (Chief Minister) : Yes. The matter is under examination.

श्री ओम प्रकाश अग्निहोत्री : मुख्य मन्त्री साहिब ने सबार्डिनेट सर्विसिज़ फैड्रेशन को कई बार एशोरेंस दी हैं कि यू. के. की तरह यहां भी व्हिटले काऊंसिल्ज़ बनाई जाएंगी और पंजाब में सारे इम्प्लाईज़ के ग्रीवेंसिज़ दूर करने के लिए ज्वायंट कंसलटेटिव मशीनरी कायम की जाएगी, क्या वह बताएंगे कि इस बारे में क्या किया है ?

मुख्य मन्त्री : आनरेबल मैंबर को मालूम है कि इसी हाउस में मैंने जवाब दे के कहा है कि गवर्नमैंट आफ इंडिया और मुख्तलिफ स्टेट गवर्नमैंट्स से, जो ज़रूरी काम किया है, जो स्टेप्स ले रहे हैं, खतो किताबत की गई थी, लिटरेचर पहुंचा है। जो एडमिनिस्ट्रेटिव रिफार्मज कमीशन कायम किया गया उन के सामने सवाल आया था। उन्होंने गौर करके कुछ रिकमेंडेशन्ज़ की हैं। सारे सवाल पर गौर हो रहा है। अंडर एग्ज़ामीनेशन है। जिस वक्त कन्सरंड डिपार्टमैंट्स की तरफ से यह मामला एग्जामिन हो कर आ जाएगा कार्रवाई हो जाएगी।

Pandit Chiranji Lal Sharma : May I ask as to how long will it take the Government to finalise the matter after due consideration ?

मुख्य मन्त्री : कुछ कहा नहीं जा सकता। सारा मामला अंडर कंसिडरेशन है, अंडर एग्जामीनेशन है।

ਸਰਦਾਰ ਅਜਾਇਬ ਸਿੰਘ ਸੰਧੂ : ਸਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਾਲੇ ਬੜੇ ਐਜੀਟੇਟਿਡ ਨੇ ਕੀ ਮੁਖ ਮੰਤਰੀ ਜੀ ਕੋਈ ਡੇਟ ਮੁਕਰਰ ਕਰਨ ਲਈ ਤਿਆਰ ਨੇ ਕਿ ਕਦੋਂ ਤਕ ਫੈਸਲਾ ਕਰ ਦੇਣਗੇ ?

मुख्य मन्त्री : डेट मुकर्रर नहीं की जा सकती।

श्री ओम प्रकाश अग्निहोत्री : उन की डिमांडों में यह भी है कि जो रिट्रैंचमैंट हो रही है। वह बन्द की जाए। मुख्य मन्त्री ने एशोरेंस दिलाई थी और इस पर उन्होंने फास्ट ब्रेक किया था। अगर कोई ऐसी एशोरेंस है तो उस पर अमल क्यों नहीं किया गया ?

मुख्य मन्त्री: कोई एशोरेंस नहीं दी गई। एक डैपूटेशन मिला था उन की बात को गौर से सुना था और कहा था कि उन की बात पर गौर किया जाएगा। मामला ज़ेरे गौर है। अभी कोई रिटरेंचमैंट नहीं हुई है।

ਕਾਮਰੇਡ ਭਾਨ ਸਿੰਘ ਭੌਰਾ : ਕੀ ਕਾਰਨ ਹੈ ਕਿ ਪਰਾਈਸ ਇੰਡੈਕਸ ਦੇ ਮੁਤਾਬਿਕ ਡੀ. ਏ. ਵਧਾਉਣ ਬਾਰੇ ਜਿਸ ਤਰ੍ਹਾਂ ਕਿ ਸੈਂਟਰ ਵਿਚ ਹੈ ਇਹ ਕਿਉਂ ਨਹੀਂ ਮੰਨਦੇ ?

मुख्य मन्त्री : जो स्टेट के रिसोर्सिज़ होंगे उसके मुताबक सारी बात को मद्देनज़र रखा जाएगा।

सरदार रणजीत सिंह नैनेवालिया : क्या मुख्य मन्त्री साहिब बताएंगे कि कोई नोटिस आ गया है कि वह पैन डाउन स्ट्राईक करेंगे इसी हफ्ता में ?

मुख्य मन्त्री : कोई नोटिस नहीं।

कामरेड राम प्यारा : चीफ मिनिस्टर साहिब ने कहा है कि जो उन्होंने रिक्वेस्ट की है वह अंडर एग्ज़ामीनेशन है। उस रिक्वेस्ट या उन डिमांड्ज़ में वज़न है तो क्या यह मान रहे हैं ?

मुख्य मन्त्री : 17 फरवरी को वह डैपूटेशन मुझे मिला था। 21 फरवरी को उस डैपूटेशन को एक अफसर के पास भेजा गया। डिमांड्ज़ कन्सरंड डिपार्टमैंटस को भेज दी गई है। वह अंडर एग्जामीनेशन हैं।

श्री ओम प्रकाश अग्निहोत्री : सैंटर में, और कई सूबों में पे कमीशन कायम किए गए हैं। क्या मुख्य मन्त्री जी बताएंगे कि क्या वजह है कि पंजाब में इंप्लाईज की डिमांड के बावजूद पे कमीशन कायम नहीं किया गया ?

मुख्य मन्त्री : उन की डिमांड में यह भी एक डिमांड थी जो एडमिनिस्ट्रेटिव रिफार्मज़ कमीशन के पास भेजी थी। उन की रिकमैंडेशन्ज़ जो हैं वह सब अंडर एग्जामीनेशन हैं।

Loss of Crops due to failure of Rains in Naraingarh Sub-Division of District Ambala

***9683. Tikka Jagjit Singh :** Will the Minister for Revenue be pleased to state—

(a) whether the Government is aware of the fact that Naraingarh Sub-Division of district Ambala is facing a great crisis of foodgrain shortage due to the failure of rains during Kharif 1965, and Rabi, 1966 ;

(b) the number of villages in the said Sub-Division where loss to the Rabi crop, 1966, has been found to be more than 50 per cent during the special girdawari ordered by the Government ;

(c) the measures taken or proposed to be taken by the Government for giving relief to the people of the said Sub-Division ;

(d) the number and names of villages of the said Sub-Division where the loss to the Kharif, Crop 1965, was found to be more than 50 per cent and the details of the relief given or proposed to be given by the Government to such drought affected villages ?

Sardar Ajmer Singh (Planning and Local Government Minister) : (a) No. There is no crisis of foodgrains shortage in Naraingarh Sub-Division of Ambala District. Scarcity conditions because of severe drought, however, exist.

(b) 334 villages.

(c) (i) Remission of land revenue has been allowed in the drought affected areas on the following scale :—

(a) Where the damage was more than 50 per cent :	Total remission
(b) Where the damage was below 50 per cent but more than 25 per cent	75 per cent remission

(ii) Recovery of taccavi loans has been suspended till Rabi, 1966 in such areas.

(iii) Fair price food-grain depots are functioning in the Sub-Division.

(d) (1) Number and names of villages, where the loss to kharif crop 1965, is more than 50 per cent are as follows :—

(i) Rajpura.
(ii) Serli.
(iii) Rajauli.

(2) Remission of land revenue and suspension of recovery of taccavi loans mentioned against part (c) of the question have been allowed.

टिक्का रणजीत सिंह : वज़ीर साहिब ने बताया है कि तकावी की रिकवरी की सस्पैन्शन कर दी गई है । 334 गांव में बिल्कुल फसल नहीं हुई। 36। के करीब गांव हैं सारी तहसील में, सारी तहसील में एक साल के लिए रिकवरी पोस्टपोन होनी चाहिए थी क्योंकि सारी तहसील में ही फसल नहीं हुई।

ਮੰਤਰੀ : ਇਹ ਗਲ ਕੰਸਿਡਰ ਕੀਤੀ ਜਾ ਸਕਦੀ ਹੈ ।

Pandit Chiranji Lal Sharma : May I know as to how many Fair Price Shops have been started or opened in the Sub-Division ?
ਸਰਦਾਰ ਗੁਰਚਰਨ ਸਿੰਘ (ਮੋਗਾ) : ਸਪੀਕਰ ਸਾਹਿਬ, ਮੈਂ ਪਿਛਲੇ ਦਿਨ ਬਜਟ ਦੀ ਜਨਰਲ ਡਿਸਕਸ਼ਨ ਤੇ ਬੋਲਦਿਆਂ ਹੋਇਆਂ ਪੰਜਾਬੀ ਸਪੀਕਿੰਗ ਸਟੇਟ ਦੇ ਹਕ ਵਿਚ ਹਾਊਸ ਦੇ ਅਗੇ ਕੁਝ ਬੇਨਤੀਆਂ ਕਰ ਰਿਹਾ ਸੀ । ਹੁਣ ਹਿੰਦ ਸਰਕਾਰ ਨੇ ਸਾਡੀ ਜਾਇਜ਼ ਅਤੇ ਹੱਕੀ ਮੰਗ ਨੂੰ ਇਕ ਤਰ੍ਹਾਂ ਨਾਲ ਕਬੂਲ ਕਰ ਲਿਆ ਹੈ । (ਵਿਘਨ) ਖੈਰ, ਮੈਨੂੰ ਇਸ ਦੇ ਬਾਰੇ ਜ਼ਿਆਦਾ ਨਹੀਂ ਬੋਲਣਾ ਚਾਹੀਦਾ । ਦੋ ਲਫਜ਼ਾਂ ਵਿਚ ਸਰਕਾਰ ਦੇ ਅਗੇ ਮੈਂ ਇਹੋ ਬੇਨਤੀ ਕਰਾਂਗਾ ਕਿ ਜਿਸ ਫਰਾਖ ਦਿਲੀ

ਨਾਲ ਹਾਈ ਕਮਾਂਡ ਨੇ ਸਾਡੀ ਮੰਗ ਨੂੰ ਮੰਨਿਆ ਹੈ ਸਾਡੀ ਸਰਕਾਰ ਵੀ ਇਸ ਨੂੰ ਉਸੇ ਗ੍ਰੇਸ ਨਾਲ ਮੰਨੇ ਅਤੇ ਡੀਮਾਰਕੇਸ਼ਨ ਨੂੰ ਇੰਪਲੀਮੈਂਟ ਕਰੇ ਤਾਂ ਜੋ ਕਿਸੇ ਬੰਦੇ ਦੀਆਂ ਫੀਲਿੰਗਜ਼ ਇੰਜਰ ਨਾ ਹੋਣ। ਜੇਕਰ ਕਿਸੇ ਦੀਆਂ ਫੀਲਿੰਗਜ਼ ਇੰਜਰ ਹੋ ਜਾਣ ਤਾਂ ਫਿਰ ਗ੍ਰੇਸ ਨਹੀਂ ਰਹਿ ਜਾਂਦੀ । ਨਾਲ ਹੀ ਨਾਲ ਮੈਂ ਇਹ ਅਰਜ਼ ਕਰਾਂਗਾ ਕਿ ਜਿਸ ਤਰ੍ਹਾਂ ਅਜ ਅਖਬਾਰਾਂ ਵਿਚ ਇਸ਼ਾਰਾ ਸੀ ਕਿ ਪਹਾੜੀ ਇਲਾਕੇ ਨਾਲ ਵੀ ਕੋਈ ਧੱਕਾ ਨਹੀਂ ਕੀਤਾ ਜਾਵੇਗਾ, ਉਨ੍ਹਾਂ ਦੀ ਮਰਜ਼ੀ ਦੇ ਮੁਤਾਬਿਕ ਫੈਸਲਾ ਹੋਵੇਗਾ, ਮੈਂ ਕਹਾਂਗਾ ਕਿ ਹਰਿਆਣੇ ਦੇ ਲੋਕਾਂ ਦੇ ਬਾਰੇ ਵੀ ਉਨ੍ਹਾਂ ਦੀ ਮਰਜ਼ੀ ਦੇ ਮੁਤਾਬਿਕ ਹੀ ਫੈਸਲਾ ਹੋਣਾ ਚਾਹੀਦਾ ਹੈ । ਉਨ੍ਹਾਂ ਦਾ ਵੀ ਹਕ ਹੈ। ਸੋ ਮੈਂ ਸਮਝਦਾ ਹਾਂ ਕਿ ਇਹ ਸਾਰੀ ਚੀਜ਼ ਗਰੇਸਫੁਲੀ ਮੁਕ ਜਾਏ ਤਾਂ ਚੰਗੀ ਗਲ ਹੈ । ਮੈਂ ਆਪਣੀ ਪਾਰਟੀ ਵਲੋਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਹਿੰਦੂ ਸਿੱਖ ਜੋ ਭੀ ਹਾਂ, ਅਸਾਂ ਇਥੇ ਰਲ ਕੇ ਰਹਿਣਾ ਹੈ । ਇਹ ਸਾਡੀ ਸਾਂਝੀ ਸਟੇਟ ਹੈ , ਇਥੇ ਸੈਕੂਲਰਿਜ਼ਮ ਹੈ, ਡੈਮੋਕਰੇਸੀ ਹੈ, ਸਾਨੂੰ ਸਾਰਿਆਂ ਨੂੰ ਹਰ ਮੁਮਕਿਨ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਥੇ ਸਾਨੂੰ ਇਕੱਠੇ ਹੋ ਕੇ, ਏਕਤਾ ਰਖਕੇ ਚਲਣਾ ਚਾਹੀਦਾ ਹੈ ਤਾਕਿ ਸਾਡੀ ਸਟੇਟ ਪ੍ਰਾਸਪਰਸ ਹੋ ਸਕੇ, ਦੇਸ਼ ਤਰੱਕੀ ਕਰ ਸਕੇ । ਇਸ ਤੋਂ ਅੱਗੇ ਨਾ ਜਾਂਦਾ ਹੋਇਆ, ਮੈਂ ਜਨਰਲ ਡਿਸਕਸ਼ਨ ਆਫ ਦੀ ਬਜਟ ਉਪਰ ਆਉਂਦਾ ਹਾਂ ਔਰ ਇਸ ਸਬੰਧ ਵਿਚ ਸਿਰਫ਼ ਇਕ ਦੋ ਸਬਜੈਕਟਸ ਉਤੇ ਹੀ ਅਪਣੇ ਵਿਚਾਰ ਆਪ ਜੀ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ । ਇਕ ਤਾਂ ਮੈਂ ਜਨਰਲ ਐਡਮਿਨਿਸਟਰੇਸ਼ਨ ਬਾਰੇ ਕਹਿਣਾ ਹੈ ਔਰ ਦੂਜੇ ਟਰਾਂਸਪੋਰਟ ਬਾਰੇ ।

ਜਿਥੋਂ ਤਕ ਲਾ ਐਂਡ ਆਰਡਰ ਦਾ ਤਅਲੁਕ ਹੈ ਗਵਰਨਰ ਸਾਹਿਬ ਨੇ ਵੀ ਅਪਣੇ ਐਡਰੈਸ ਵਿਚ ਔਰ ਫਾਈਨੈਂਸ ਮਿਨਿਸਟਰ ਸਾਹਿਬ ਨੇ ਵੀ ਅਪਣੀ ਸਪੀਚ ਵਿਚ ਇਸ ਗਲ ਦਾ ਦਾਵਾ ਕੀਤਾ ਹੈ ਕਿ ਇਥੇ ਬੜੀ ਨੀਟ ਔਰ ਕਲੀਨ ਐਡਮਿਨਿਸਟਰੇਸ਼ਨ ਹੈ, ਹੋਣੀ ਚਾਹੀਦੀ ਹੈ । ਠੀਕ ਹੈ, ਹੋਣੀ ਚਾਹੀਦੀ ਹੈ ਲੇਕਿਨ, ਸਪੀਕਰ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ ਕਿ ਬਜਾਏ ਨੀਟ ਔਰ ਕਲੀਨ ਐਡਮਿਨਿਸਟਰੇਸ਼ਨ ਦੇ ਦਿਨ ਬ ਦਿਨ ਸਰਕਾਰ ਇਤਨੀ ਥੱਲੇ ਚਲੀ ਜਾ ਰਹੀ ਹੈ ਐਡ-ਮਿਨਿਸਟਰੇਸ਼ਨ ਵੱਲੋਂ ਕਿ ਉਸ ਦਾ ਕੋਈ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ । ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੀਆਂ ਚੰਦ ਇਕ ਗਲਤੀਆਂ ਦਾ ਸਾਨੂੰ ਪਤਾ ਲਗਦਾ ਹੈ ਔਰ ਜਦ ਅਸੀਂ ਉਨ੍ਹਾਂ ਨੂੰ ਹਾਊਸ ਵਿਚ ਲਿਆਉਂਦੇ ਹਾਂ ਤਾਂ ਬਜਾਏ ਇਸ ਗਲ ਦੇ ਕਿ ਸਾਡੀਆਂ ਗਲਾਂ ਵੱਲ ਧਿਆਨ ਦਿੱਤਾ ਜਾਵੇ, ਉਨ੍ਹਾਂ ਦੀ ਇਨਕੁਆਇਰੀ ਕਰਵਾਈ ਜਾਵੇ, ਸਾਡੀ ਤਸੱਲੀ ਕਰਾਈ ਜਾਵੇ, ਅਪਣੀ ਤਸੱਲੀ ਕੀਤੀ ਜਾਵੇ । ਇਥੇ ਸਰਕਾਰ ਵੱਲੋਂ ਬਾਹਵਾਂ ਚੜ੍ਹਾਈਆਂ ਜਾਂਦੀਆਂ ਹਨ । ਅਸੀਂ ਕਹਿੰਦੇ ਹਾਂ ਕਿ ਫਿਗਰਜ਼ ਪੇਸ਼ ਕਰਦੇ ਹਾਂ, ਫੈਕਟਸ ਦਸਦੇ ਹਾਂ ਕਿ ਫਲਾਨੇ ਅਫਸਰ ਨੇ ਕਾਂਗਰਸ ਸਰਕਾਰ ਦੀ ਵੀ ਬਦਨਾਮੀ ਕੀਤੀ, ਤੁਸੀਂ ਅਪਣੇ ਆਪ ਨੂੰ ਅਤੇ ਲੋਕਾਂ ਨੂੰ ਵੀ ਉਨ੍ਹਾਂ ਤੋਂ ਬਚਾਉ । ਪਰ ਸਾਡੀ ਗਲ ਸੁਣੀ ਤਕ ਨਹੀਂ ਜਾਂਦੀ । ਸਪੀਕਰ ਸਾਹਿਬ, ਜਿਥੋਂ ਤਕ ਮੇਰੇ ਜ਼ਿਲ੍ਹੇ ਫਿਰੋਜ਼ਪੁਰ ਦਾ ਤਅੱਲੁਕ ਹੈ ਔਰ ਤੁਹਾਡਾ ਜ਼ਿਲ੍ਹਾ ਵੀ ਸਾਡੇ ਗਵਾਂਢ ਵਿਚ ਹੀ ਹੈ; ਇਥੋਂ ਦੇ ਕਤਲਾਂ ਦੀ ਲਿਸਟ ਲੈ ਲਉ ਤਾਂ ਪਤਾ ਲਗ ਜਾਵੇਗਾ ਕਿ ਲਾ ਐਂਡ ਆਰਡਰ ਦੀ ਪੁਜ਼ੀਸ਼ਨ ਕਿਤਨੀ ਚੰਗੀ ਹੈ । ਪਿਛਲੇ ਸਾਲ ਉਥੇ ਕਤਲਾਂ ਦਾ ਰੀਕਾਰਡ ਸੀ । ਪਹਿਲਾਂ ਕਦੇ ਉਥੇ ਇਤਨੇ ਕਤਲ ਨਹੀਂ ਸਨ ਹੋਏ ਔਰ ਕਦੇ ਪੰਜਾਬ ਦੇ ਕਿਸੇ ਹੋਰ ਜ਼ਿਲ੍ਹੇ ਵਿਚ ਇਤਨੇ ਕਤਲ ਨਹੀਂ ਹੋਏ ਜਿਤਨੇ ਫਿਰੋਜ਼ਪੁਰ ਦੇ ਜ਼ਿਲ੍ਹੇ ਵਿਚ ਹੋਏ ਹਨ । ਪਿਛਲੇ ਸਾਲ ਜਿਥੇ ਕਤਲਾਂ ਦੀ ਗਿਣਤੀ 80 ਦੇ ਕਰੀਬ ਸੀ ਇਸ ਸਾਲ 109 ਕਤਲ ਹੋਏ । ਇਸ ਨੂੰ ਤੁਸੀਂ ਦਸੋ ਕਿ ਨੀਟ ਐਂਡ ਕਲੀਨ ਸੈਟ ਅਪ ਕਿਵੇਂ ਕਿਹਾ ਜਾ ਸਕਦਾ ਹੈ ?

ਬਾਬੂ ਬਚਨ ਸਿੰਘ : ਤੁਸੀਂ ਨੀਟ ਕਹਿੰਦੇ ਹੋ ਜਾਂ ਨੀਚ ?

ਸਰਦਾਰ ਗੁਰਚਰਨ ਸਿੰਘ : ਮੈਂ ਤਾਂ ਨੀਟ ਹੀ ਕਹਿਣਾ ਚਾਹੁੰਦਾ ਹਾਂ ਪਰ ਇਹ ਹੈ ਨਹੀਂ। ਸਪੀਕਰ ਸਾਹਿਬ, ਨੀਟ ਐਂਡ ਕਲੀਨ ਇਹ ਹੋ ਕਿਵੇਂ ਸਕਦੀ ਹੈ। ਇਸ ਦਾ ਨੀਟ ਐਂਡ ਕਲੀਨ ਹੋਣਾ ਨਿਰਭਰ ਕਰਦਾ ਹੈ ਜ਼ਿਲੇ ਦੇ ਉਥੋਂ ਦੇ ਅਹਿਕਾਮ ਉਤੇ ਡੀ. ਸੀ. ਔਰ ਪੁਲਿਸ ਕਪਤਾਨ ਵਗੈਰਾ ਉਤੇ। ਲੇਕਿਨ ਜਦੋਂ ਅਫਸਰਾਨ ਦੇ ਹੀ ਮਨ ਖਰਾਬ ਹੋ ਚੁਕੇ ਹੋਣ, ਜਦੋਂ ਅਫਸਰ ਹੀ ਘਟੀਆ ਦਰਜੇ ਦੇ ਹੋਣ, ਛੋਟੀਆਂ ਛੋਟੀਆਂ ਅਤੇ ਨਾਜਇਜ਼ ਜਹੀਆਂ ਹਰਕਤਾਂ ਕਰਨ ਤਾਂ ਫਿਰ ਲੋਕਾਂ ਅਗੇ ਜਸਟੀਫੀਕੇਸ਼ਨ ਦੇਣ ਦਾ ਕਿਵੇਂ ਮੌਕਾ ਮਿਲ ਸਕਦਾ ਹੈ ? ਸਪੀਕਰ ਸਾਹਿਬ, ਮੈਂ ਅਗੇ ਵੀ ਇਕ ਦੋ ਮਿਸਾਲਾਂ ਦਿੱਤੀਆਂ ਸਨ ਪਰ ਚੀਫ ਮਨਿਸਟਰ ਸਾਹਿਬ, ਸ਼ਾਇਦ ਅਪਣੇ ਆਪ ਨੂੰ ਵੀ ਭੁਲ ਗਏ ਔਰ ਉਨ੍ਹਾਂ ਨੂੰ ਪਰੋਟੈਕਸ਼ਨ ਦੇਣੀ ਸ਼ੁਰੂ ਕਰ ਦਿੱਤੀ। ਡੀ. ਸੀ. ਇਕ ਬੜੀ ਵਡੀ ਪੋਸਟ ਹੁੰਦੀ ਹੈ। ਪਰ ਜੇ ਡੀ. ਸੀ. ਹੀ ਗਲਤੀਆਂ ਕਰਨੀਆਂ ਸ਼ੁਰੂ ਕਰ ਦੇਵੇ ਤਾਂ ਉਸ ਨੂੰ ਕਿਸੇ ਸੂਰਤ ਵਿਚ ਵੀ ਮੁਆਫ ਨਹੀਂ ਕੀਤਾ ਜਾ ਸਕਦਾ, ਨਹੀਂ ਕਰਨਾ ਚਾਹੀਦਾ। ਸਪੀਕਰ ਸਾਹਿਬ, ਬੇਸ਼ਕ ਇਨ੍ਹਾਂ ਨੇ ਪਿਛਲੇ ਦਿਨੀ ਸਾਡੀਆਂ ਗਲਾਂ ਦੀ ਪਰਵਾਹ ਨਹੀਂ ਕੀਤੀ ਪਰ ਮੈਂ ਇਸ ਮੌਕੇ ਉਤੇ ਅਪਣੇ ਜ਼ਿਲਾ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਬਾਰੇ ਦੋ ਚਾਰ ਗਲਾਂ ਤੁਹਾਡੇ ਜ਼ਰੀਏ ਚੀਫ ਮਨਿਸਟਰ ਔਰ ਹੋਮ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਇਕ ਗਲ ਪਿਛਲੇ ਦਿਨਾਂ ਵਿਚ ਮੈਂ ਦੱਸੀ ਵੀ ਸੀ ਪਰ ਉਸ ਵਕਤ ਮੇਰੇ ਕੋਲ ਫੈਕਟਸ ਐਂਡ ਫਿਗਰਜ਼ ਨਹੀਂ ਸਨ। ਹੁਣ ਮੈਂ ਸਾਰੇ ਫੈਕਟਸ ਐਂਡ ਫਿਗਰਜ਼ ਨਾਲ ਲਿਆਂਦੇ ਹੋਏ ਹਨ। ਉਸ ਵੇਲੇ ਵੀ ਮੈਂ ਦਸਿਆ ਕਿ ਉਸ ਡੀ ਸੀ. ਨੇ ਰੈਡ ਕਰਾਸ ਦੇ ਫੰਡਜ਼ ਦੀ ਮਿਸਐਪਰੋਪ੍ਰੀਏਸ਼ਨ ਕੀਤੀ ਹੈ ਪਰ ਚੀਫ ਮਨਿਸਟਰ ਸਾਹਿਬ ਨੇ ਕਹਿ ਦਿੱਤਾ ਕਿ ਇਹ ਗਲ ਬਿਲਕੁਲ ਗਲਤ ਹੈ। ਉਹ ਕਹਿਣ ਲਗੇ ਕਿ ਮੇਰਾ ਡੀ. ਸੀ. ਬੜਾ ਚੰਗਾ ਆਦਮੀ ਹੈ। ਹੁਣ ਮੈਥੋਂ ਸੁਣ ਲੈਂਦੇ ਕਿ ਉਹ ਕਿੰਨ੍ਹਾਂ ਕੁ ਚੰਗਾ ਹੈ। ਉਹ ਇਸ ਵਕਤ ਹਾਊਸ ਵਿਚ ਬੈਠੇ ਨਹੀਂ, ਖੈਰ, ਸਰਦਾਰ ਦਰਬਾਰਾ ਸਿੰਘ ਬੈਠੇ ਹੋਏ ਹਨ। ਸਪੀਕਰ ਸਾਹਿਬ, ਜਿਹੜੀ ਰੈਡ ਕਰਾਸ ਸੁਸਾਇਟੀ ਹੁੰਦੀ ਹੈ ਉਸ ਦਾ ਪੈਸਾ ਕੋਈ ਅਫਸਰ ਜਾਂ ਡੀ. ਸੀ. ਅਪਣੇ ਕੰਮਾਂ ਲਈ ਖਰਚ ਨਹੀਂ ਕਰ ਸਕਦਾ ਕਿਉਂਕਿ ਉਹ ਗਰੀਬਾਂ ਲਈ ਹੁੰਦਾ ਹੈ। ਉਹ ਅਫਸਰ ਉਸ ਪੈਸੇ ਨੂੰ ਨਹੀਂ ਲੈ ਸਕਦੇ। ਬਿਨਾਂ ਬੋਰਡ ਆਫ ਡਾਇਰੈਕਟਰਜ਼ ਦੀ ਮਨਜ਼ੂਰੀ ਦੇ ਡੀ. ਸੀ, ਵੀ ਸਿਵਾਏ 25 ਰੁਪਏ ਦੇ, ਇਸ ਫੰਡ ਵਿਚੋਂ ਰਕਮ ਨਹੀਂ ਕਢ ਸਕਦਾ। ਲੇਕਿਨ ਸਪੀਕਰ ਸਾਹਿਬ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਸਾਡੇ ਜ਼ਿਲੇ ਦੇ ਡੀ. ਸੀ. ਸ਼੍ਰੀ ਵਿਰਕ ਨੇ ਇਸ ਫੰਡ ਵਿਚੋਂ ਅਪਣੀ ਮਰਜ਼ੀ ਨਾਲ, ਬਿਨਾ ਬੋਰਡ ਆਫ ਡਾਇਰੈਕਟਰਜ਼ ਦੇ ਨੋਟਿਸ ਵਿਚ ਲਿਆਂਦੇ, ਕਿਤਨੇ ਹੀ ਰੁਪਏ ਅਪਣੇ ਲੜਕੇ ਦੀ ਬੀਮਾਰੀ ਉਤੇ ਖਰਚ ਕੀਤੇ, ਜਿਹੜਾ ਪੂਨੇ ਦੇ ਹਸਪਤਾਲ ਵਿਚ ਪਿਆ ਹੈ। ਉਸ ਜਗ੍ਹਾ ਡੀ. ਸੀ. ਦੇ ਸਿਪਾਹੀ, ਅਰਦਲੀ, ਸਵੀਪਰ ਉਸ ਦੀ ਤੀਮਾਰ ਦਾਰੀ ਕਰਦੇ ਰਹੇ ਹਨ। ਉਸ ਡੀ. ਸੀ. ਫੀਰੋਜ਼ਪੁਰ ਨੇ ਅਪਣੇ ਉਸ ਬੀਮਾਰ ਲੜਕੇ ਕੈਪਟਨ ਉਤੇ ਖਰਚ ਕਰਨ ਲਈ ਮੁਖਤਲਿਫ ਨਾਵਾਂ ਉਤੇ ਰੈਡ ਕਰਾਸ ਸੋਸਾਇਟੀ ਦੇ ਫੰਡ ਵਿਚੋਂ ਪੈਸੇ ਖਰਚ ਕੀਤੇ। ਚੰਦ ਸਿੰਘ ਕੁਕ ਹਸਪਤਾਲ ਵਿਚ ਉਸ ਨੂੰ ਸੰਭਾਲਦਾ ਸੀ। ਉਸ ਚੰਦ ਸਿੰਘ ਦੇ ਨਾਂ ਉਤੇ 22 ਫਰਵਰੀ, 1965 ਨੂੰ ਮਿਲਟਰੀ ਹਸਪਤਾਲ ਪੂਨਾ 500 ਰੁਪੈ ਦਾ ਚੈਕ ਰੈਡ ਕਰਾਸ ਸੋਸਾਇਟੀ ਫਿਰੋਜ਼ਪੁਰ ਦੇ ਵਿਚੋਂ ਭੇਜਿਆ ਜਿਸ ਦੀ ਪੇਮੈਂਟ ਪੂਨਾ ਰੈਡ ਕਰਾਸ ਸੋਸਾਇਟੀ ਵਿਚ ਹੋਈ। ਮੈਂ ਇਹ ਅਲਜ਼ਾਮ ਇਸ ਕਰਕੇ . ਲਗਾ ਰਿਹਾ ਹਾਂ ਕਿਉਂਕਿ ਇਥੇ ਇਹ ਕਿਹਾ ਜਾਂਦਾ ਹੈ ਕਿ ਅਸੀਂ ਸਿਖ ਅਫਸਰਾਂ ਨੂੰ ਪ੍ਰੋਟੈਕਸ਼ਨ ਦਿੰਦੇ ਹਾਂ। ਮੈਂ ਉਸ ਵਕਤ ਵੀ ਇਹ ਕਿਹਾ ਸੀ ਕਿ ਇਹ ਗਲਤ ਗਲ ਹੈ, ਕੋਈ ਵੀ ਸਿਖ ਅਫਸਰ ਅਗਰ ਭੈੜਾ ਕੰਮ ਕਰੇਗਾ ਤਾਂ ਅਸੀਂ ਉਸ ਦੀ ਸਟਰਾਂਗਲੀ ਨਿੰਦਾ ਕਰਾਂਗੇ। ਇਹ ਕੋਈ ਗਲ ਨਹੀਂ ਕਿ ਹਰ ਇਕ ਨੂੰ ਪ੍ਰੋਟੈਕਟ ਹੀ ਕਰਾਂਗੇ। ਸੋ ਮੈਂ ਡੀ. ਸੀ. ਫਿਰੋਜ਼ਪੁਰ ਬਾਰੇ ਦਸ ਰਿਹਾ ਸੀ ਕਿ ਕਿਸ ਤਰ੍ਹਾਂ ਉਸ ਨੇ ਰੈਡ ਕਰਾਸ ਫੰਡ ਵਿਚੋਂ ਪੈਸਾ ਅਪਣੇ ਮਫਾਦ ਲਈ ਖਰਚ ਕੀਤਾ। ਸਿਪਾਹੀ ਰਘਬੀਰ ਸਿੰਘ ਦੇ ਨਾਂ ਉਤੇ 150 ਰੁਪੈ, ਜਰਨੈਲ ਸਿੰਘ ਜਿਹੜਾ ਕਿ ਉਸ ਦਾ ਅਰਦਲੀ ਹੈ ਔਰ ਜਿਸ ਦਾ ਨੰਬਰ 102433 ਹੈ ਉਸ ਨੂੰ 200 ਰੁਪਿਆ ਸਵੀਪਰ ਦੇ ਨਾਂ ਉਤੇ ਦਿਵਾਇਆ ਜਿਹੜਾ ਉਸ ਨੇ ਆਪਣੇ ਮੁੰਡੇ ਦੀਆਂ ਦਵਾਈਆਂ ਵਾਸਤੇ

ਪੂਨੇ ਹਸਪਤਾਲ ਭੇਜਿਆ। ਇਸੇ ਤਰ੍ਹਾਂ ਬਲਵੰਤ ਸਿੰਘ ਸਿਪਾਹੀ, ਨੰਬਰ 335480 ਦੇ ਨਾਂ ਉਤੇ ਰੈਡ ਕਰਾਸ ਦੇ ਫੰਡਜ਼ ਵਿਚੋਂ ਰਕਮ ਕਢਾ ਕੇ ਉਥੇ ਭੇਜੀ ਆਪਣੇ ਲੜਕੇ ਦੀ ਮਦਦ ਕਰਨ ਵਾਸਤੇ। ਇਸ ਤਰ੍ਹਾਂ, ਸਪੀਕਰ ਸਾਹਿਬ, ਕੋਈ 2,400 ਰੁਪਿਆ ਇਸ "ਇਮਾਨਦਾਰ ਡਿਪਟੀ ਕਮਿਸ਼ਨਰ" ਨੇ ਇਕ ਸੀਨੀਅਰ ਪੋਸਟ ਜ਼ਿਲੇ ਦੇ ਜੂਨੀਅਰ ਪੋਸਟ ਡਿਪਟੀ ਕਮਿਸ਼ਨਰ ਨੇ ਜਿਹੜਾ ਕਿ ਇਕ ਐਸ. ਡੀ. ਉ. ਬਣਨ ਦੇ ਵੀ ਕਾਬਲ ਨਹੀਂ ਹੈ, ਇਸ ਤਰ੍ਹਾਂ ਖਰਚ ਕੀਤਾ—ਉਸ ਰੁਪਏ ਵਿਚੋਂ ਆਪਣੇ ਜ਼ਾਤੀ ਮੁਫਾਦ ਵਾਸਤੇ ਖਰਚ ਕੀਤਾ ਔਰ ਬਗੈਰ ਬੋਰਡ ਆਫ ਡਾਇਰੈਕਟਰਜ਼ ਦੀ ਮਨਜ਼ੂਰੀ ਦੇ ਬਾਹਰ ਭੇਜਿਆ ਜਿਹੜਾ ਕਿ ਗਰੀਬ ਲੋਕਾਂ ਦੇ ਭਲੇ ਲਈ ਖਰਚ ਹੋਣਾ ਸੀ। ਅਜਿਹੇ ਡਿਪਟੀ ਕਮਿਸ਼ਨਰ ਨੂੰ ਇਥੇ ਸਾਡੇ ਵਜ਼ੀਰ, ਚੀਫ ਮਨਿਸਟਰ ਸਾਹਿਬ ਪ੍ਰੋਟੈਕਸ਼ਨ ਦਿੰਦੇ ਹਨ। ਜਿਹੜੀ ਸਰਕਾਰ ਇਸ ਤਰ੍ਹਾਂ ਦੇ ਲੋਕਾਂ ਨੂੰ ਪ੍ਰੋਟੈਕਸ਼ਨ ਦਿੰਦੀ ਹੈ, ਮੈਂ ਸਮਝਦਾ ਹਾਂ ਕਿ ਐਸੀ ਸਰਕਾਰ ਉਪਰ ਲਾਅਨਤ ਹੈ।

(*Interruption by Chaudhri Darshan Singh*)

ਸ਼੍ਰੀ ਸਪੀਕਰ : ਚੌਧਰੀ ਦਰਸ਼ਨ ਸਿੰਘ, ਜੇ ਇੰਟਰਪਸ਼ਨ ਕਰਨੀਆਂ ਹਨ ਤਾਂ ਕਮ ਅਜ਼ ਕਮ ਅਪਣੀ ਸੀਟ ਉਤੇ ਤਾਂ ਬੈਠੋ, ਦੋਵੇਂ ਗੱਲਾਂ ਇਕੋ ਵੇਰ ਨਹੀਂ ਚਲ ਸਕਦੀਆਂ। (Addressing Chaudhri Darshan Singh. If the hon. Member has to make an interruption he should do so from his own seat. He should not resort to both the things at one and the same time.)

ਸਰਦਾਰ ਗੁਰਚਰਨ ਸਿੰਘ : ਸਪੀਕਰ ਸਾਹਿਬ, ਉਸੇ ਡਿਪਟੀ ਕਮਿਸ਼ਨਰ ਦੇ ਬਰਖਿਲਾਫ ਰੈਡ ਕਰਾਸ ਸੋਸਾਇਟੀ ਦੇ ਫੰਡਜ਼ ਵਿਚ ਐਮਬੇਜ਼ਲਮੈਂਟ ਕਰਨ ਬਾਰੇ ਸ਼ਿਕਾਇਤ ਲਿਖ ਕੇ ਚੀਫ ਮਨਿਸਟਰ ਸਾਹਿਬ ਨੂੰ 12 ਦਸੰਬਰ, 1964 ਨੂੰ ਭੇਜੀ ਗਈ। 25 ਦਸੰਬਰ, 1964 ਨੂੰ ਇਹ ਉਨ੍ਹਾਂ ਦੇ ਦਫਤਰ ਵਿਚ ਪਹੁੰਚ ਗਈ। ਚੀਫ ਮਨਿਸਟਰ ਸਾਹਿਬ ਨੇ ਇਸ ਉਤੇ ਇਨਕੁਆਇਰੀ ਕਰਨ ਲਈ ਕੇਸ ਵਿਜੀਲੈਂਸ ਡਿਪਾਰਟਮੈਂਟ ਨੂੰ ਦੇ ਦਿੱਤਾ। ਲੇਕਿਨ ਵਿਰਕ ਸਾਹਿਬ ਨੇ ਸੋਚਿਆ ਕਿ ਮੈਨੂੰ ਤਾਂ ਪਦਮ ਸ਼ਿਰੀ ਮਿਲਣ ਦੀ ਕੋਸ਼ਿਸ਼ ਹੋ ਰਹੀ ਹੈ—ਸਿਫਾਰਸ਼ਾਂ ਕਰਕੇ, ਵਿਜਿਲੈਂਸ ਵਾਲਿਆਂ ਨੂੰ ਮਿਲ ਕੇ ਕਿਹਾ ਕਿ ਕਮ ਅਜ਼ ਕਮ ਇਸ ਮੌਕੇ ਉਤੇ ਇਸ ਦੀ ਇਨਕੁਆਇਰੀ ਠਪ ਕਰ ਦਿਉ, ਪਦਮ ਸ਼ਿਰੀ ਮਿਲਣ ਤੋਂ ਬਾਅਦ ਜੋ ਕਰਨਾ ਜੇ ਕਰ ਲੈਣਾ। ਉਸ ਇਨਕੁਆਇਰੀ ਨੂੰ ਠਪ ਕਰਵਾ ਦਿੱਤਾ। ਉਸ ਨੂੰ ਪਦਮ ਸ਼ਿਰੀ ਮਿਲਿਆ ਪਰ ਸਪੀਕਰ ਸਾਹਿਬ, ਕੁਰਬਾਨੀ ਉਸ ਨੇ ਕੀ ਕੀਤੀ, ਕੁਰਬਾਨੀਆਂ ਤਾਂ ਬੇਸੁਮਾਰ ਫੌਜੀਆਂ ਨੇ ਕੀਤੀਆਂ ਜਿਨ੍ਹਾਂ ਨੇ ਬਾਰਡਰ ਉਤੇ ਅਪਣੀਆਂ ਜਾਨਾਂ ਮੁਲਕ ਵਾਸਤੇ ਵਾਰ ਦਿੱਤੀਆਂ। ਇਹ ਤਾਂ ਮੰਤਰੀਆਂ ਦੀ ਝੋਲੀ ਚੁਕੀ ਹੀ ਕਰਦਾ ਰਿਹਾ ਹੈ। ਚੀਫ ਮਨਿਸਟਰ ਜਦ ਫਿਰੋਜ਼ਪੁਰ ਚੈਕਿੰਗ ਵਾਸਤੇ ਗਏ ਤਾਂ ਉਸ ਨੇ ਇਨ੍ਹਾਂ ਨੂੰ ਫੌਜੀਆਂ ਵਾਲੇ ਕਪੜੇ ਪਵਾ ਦਿੱਤੇ। ਪਿਸਤੌਲ ਪਕੜਵਾ ਦਿੱਤੀ ਔਰ ਜਰਨੈਲ ਦਾ ਖਤਾਬ ਦੇ ਦਿੱਤਾ ਉਹ ਬੜੇ ਖੁਸ਼ ਹੋ ਗਏ ਪਰ ਉਨ੍ਹਾਂ ਨੇ ਉਸ ਵਕਤ ਇਹ ਨਹੀਂ ਸੋਚਿਆ ਕਿ ਉਨ੍ਹਾਂ ਕਪੜਿਆਂ ਵਿਚ ਕਿਸ ਤਰ੍ਹਾਂ ਦੇ ਕਾਰਟੂਨ ਲਗਦੇ ਹਨ। ਉਹ ਚੀਫ ਮਨਿਸਟਰ ਦੀ ਝੋਲੀ ਚੁਕ ਕੇ ਹੀ ਪਦਮ ਸ਼ਿਰੀ ਲੈ ਗਿਆ।

ਸਪੀਕਰ ਸਾਹਿਬ, ਮੈਂ ਇਕ ਸਵਾਲ ਪੁਛਿਆ ਸੀ ਔਰ ਉਸ ਦੇ ਜਵਾਬ ਵਿਚ ਮੈਨੂੰ ਦਸਿਆ ਗਿਆ ਕਿ within the radius of five miles ਕੋਈ ਹੋਰ ਭੱਠਾ ਨਹੀਂ ਦਿੱਤਾ ਜਾ ਸਕਦਾ। ਮੈਂ ਵੀ ਕਮੇਟੀ ਦਾ ਮੈਂਬਰ ਸੀ। ਡਿਸਟਰਿਕਟ ਫਿਰੋਜ਼ਪੁਰ ਦੇ ਸਾਰੇ ਲੈਜਿਸਲੇਟਰਜ਼ ਨੇ ਯੂਨਾਨੀਮਸਲੀ ਇਹ ਰਿਕੁਮੈਂਡੇਸ਼ਨ ਕੀਤੀ ਕਿ ਗੁਰੂ ਸਾਹਿਬ ਨੇ ਜਿਥੇ ਜ਼ਫਰ ਨਾਮਾ ਲਿਖਿਆ ਸੀ—ਦੀਨਾ

[ਸਰਦਾਰ ਗੁਰਚਰਨ ਸਿੰਘ]

ਸਾਹਿਬ ਦਾ ਉਹ ਗੁਰਦੁਆਰਾ ਇਤਹਾਸਿਕ ਗੁਰੁਦਵਾਰਾ ਹੈ—ਉਥੇ ਸੜਕ ਬਣਾਉਣੀ ਚਾਹੀਦੀ ਹੈ। ਉਥੇ ਭੱਠਾ ਦਿੱਤਾ ਜਾਵੇ। ਸਪੀਕਰ ਸਾਹਿਬ, ਸਾਡੀ ਰੀਕਵੈਸਟ ਡੀ. ਸੀ. ਨੇ ਮੰਨ ਲਈ, ਕਮੇਟੀ ਨੇ ਮੰਨ ਲਈ। ਭੱਠਾ ਲਗਾ ਦਿੱਤਾ। ਮਗਰ ਬਾਵਜੂਦ ਇਸ ਪਾਲਿਸੀ ਦੇ ਕਿ 5 ਮੀਲ ਦੇ ਅੰਦਰ ਹੋਰ ਕੋਈ ਭੱਠਾ ਨਹੀਂ ਦਿੱਤਾ ਜਾ ਸਕਦਾ, ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੇ ਇਕ ਦੋ ਤਕੜੇ ਬੰਦਿਆਂ ਨੂੰ, ਬਿਜ਼ਨੈਸ ਦੇ ਤੌਰ ਤੇ, ਉਸ ਜਗ੍ਹਾ ਤੋਂ $1\frac{1}{2}$ ਮੀਲ ਦੇ ਫਾਸਲੇ ਤੇ ਅਪਣੀ ਤਾਕਤ ਦੀ ਵਰਤੋਂ ਕਰਕੇ, ਨਾਜਾਇਜ਼ ਵਰਤੋਂ ਕਰਕੇ ਸੈਦੋਂ ਵਿਚ ਭੱਠਾ ਦੇ ਦਿੱਤਾ। ਇਥੇ ਚੀਫ ਮਨਿਸਟਰ ਉਸ ਨੂੰ ਪ੍ਰੋਟੈਕਸ਼ਨ ਦਿੰਦਾ ਹੈ, ਉਸ ਨੂੰ ਜਿਸ ਨੇ ਸਰਕਾਰ ਨੂੰ ਮਿਸਲੀਡ ਕੀਤਾ, ਸਰਕਾਰ ਨੂੰ ਬਦਨਾਮ ਕੀਤਾ। ਮੈਂ ਇਕ ਸਵਾਲ ਪੁਛਿਆ। ਜਵਾਬ ਵਿਚ ਦਸਿਆ ਗਿਆ ਕਿ ਦੀਨਾ ਸਾਹਿਬ ਵਿਚ ਕੋਈ ਭੱਠਾ ਨਹੀਂ। ਮੇਰੇ ਕੋਲ ਰਿਪਲਾਈ ਮੌਜੂਦ ਹੈ। ਅਗਰ ਦੀਨਾ ਸਾਹਿਬ ਵਿਚ ਭੱਠਾ ਨਾ ਹੋਵੇ—ਇਹ ਗਲ ਝੂਠ ਹੋਵੇ ਤਾਂ I would resign from the House ਵਰਨਾ ਉਸ ਡੀ. ਸੀ. ਦੇ ਖਿਲਾਫ ਕੇਸ ਬਣਾਇਆ ਜਾਵੇ ਜਿਸ ਨੇ ਸਰਕਾਰ ਨੂੰ ਮਿਸਲੀਡ ਕੀਤਾ ਹੈ, ਸਰਕਾਰ ਦੀ ਬਦਨਾਮੀ ਕਰਵਾਈ ਹੈ ਔਰ ਝੂਠ ਬੋਲਿਆ ਹੈ। ਇਹੋ ਜਿਹਾ ਡਿਪਟੀ ਕਮਿਸ਼ਨਰ . . .

Finance Minister : Can this be expected of the honourable Member to make allegations like this? Sir, when the officer is not in a position to reply to these allegations, such allegations should not be made against him?

Sardar Gurcharan Singh: Mr. Speaker, I am giving factual position and everything about his official functioning.

ਸ੍ਰੀ ਸਪੀਕਰ : ਅਗਰ ਤਾਂ ਕਿਸੇ ਨੂੰ ਕਿਸੇ ਅਫਸਰ ਦੇ ਖਿਲਾਫ ਕੋਈ ਪਰਸਨਲ ਗਰੀਵੈਂਸਿਜ਼ ਹੋਣ ਔਰ ਉਹ ਉਨ੍ਹਾਂ ਦਾ ਜ਼ਿਕਰ ਇਥੇ ਕਰੇ ਤਾਂ ਠੀਕ ਹੈ ਕਿ ਇਸ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ but if an offiicer cannot be criticized for the action done in the course of the discharge of his official duties then I do not think anything can be done here. If any hon. Member has got any personal grievances against an officer and he wants to refer the same in the House then it is right that this should not be allowed to be done, but if an Officer cannot be cricitized for the action done in the course of the discharge of his official duties then I do not think anything can be done here.)

ਸਰਦਾਰ ਗੁਰਚਰਨ ਸਿੰਘ : ਫਿਰ ਉਸ ਨੇ ਸਾਡੇ ਜ਼ਿਲੇ ਦੇ ਪਟਵਾਰੀਆਂ ਦੀਆਂ ਹੋਲ ਸੇਲ ਟਰਾਂਸਫਰਜ਼ ਕਰ ਦਿੱਤੀਆਂ। ਜਿਥੇ ਵੀ ਕੋਈ ਪਟਵਾਰੀ ਪੁਰਾਣਾ ਬੈਠਾ ਹੋਇਆ ਸੀ ਉਸ ਨੇ ਉਸ ਨੂੰ ਉਥੋਂ ਚੁਕ ਕੇ ਹੋਰ ਥਾਂ ਤੇ ਸੁਟ ਦਿੱਤਾ ਔਰ ਇਹ ਸਿਰਫ ਰੋਬ੍ਹ ਪਾਉਣ ਦੀ ਖਾਤਰ ਹੀ ਕੀਤਾ। ਮੈਂ ਜਾ ਕੇ ਡਿਪਟੀ ਕਮਿਸ਼ਨਰ ਨੂੰ ਕਿਹਾ ਕਿ ਤੁਸੀਂ ਇਹ ਕੀ ਕਰ ਦਿਤਾ ਹੈ। ਤੁਹਾਡੇ ਰੂਲ ਦੇ ਮੁਤਾਬਿਕ ਇਹ ਤਾਂ ਠੀਕ ਹੈ ਕਿ ਕੋਈ ਵੀ ਪਟਵਾਰੀ ਆਪਣੇ ਘਰ ਤੋਂ 20 ਮੀਲ ਦੀ ਦੂਰੀ ਦੇ ਅੰਦਰ ਅੰਦਰ ਨਹੀਂ ਰਹਿਣਾ ਚਾਹੀਦਾ ਔਰ ਜਿਹੜੇ ਪਹਿਲੇ ਹੀ 20 ਮੀਲ ਤੋਂ ਵਧ ਦੂਰੀ ਤੇ ਬੈਠੇ ਹੋਏ ਸੀ ਤੁਸੀਂ ਉਨ੍ਹਾਂ ਨੂੰ ਉਥੋਂ ਪੁਟ ਦਿਤਾ। ਤਾਂ ਉਹ ਕਹਿਣ ਲਗਾ ਕਿ ਨੋ ਨੋ ਇਹ 20 ਮੀਲ ਕਰੋ ਫਲਾਈਟ ਹੈ। ਪਰ ਜਦੋਂ ਮੈਂ ਰੈਵਿਨਿਉ ਮਨਿਸਟਰ ਸਾਹਿਬ ਤੋਂ ਪੁਛਿਆ ਕਿ ਕੀ 20 ਮੀਲ ਕਰੋ ਫਲਾਈਟ ਵਾਲੀ ਗਲ ਠੀਕ ਹੈ ਤਾਂ

he was Kind enough ਔਰ ਉਨ੍ਹਾਂ ਨੇ ਕਿਹਾ ਕਿ ਨਹੀਂ । ਫਿਰ ਜਦ ਮੈਂ ਡਿਪਟੀ ਕਮਿਸ਼ਨਰ ਨੂੰ ਦਸਿਆ ਕਿ ਰੇਵੇਨਿਉ ਮਨਿਸਟਰ ਨੇ ਇਹ ਕਿਹਾ ਹੈ but he did not care ਉਸ ਨੇ ਜੋ ਟਰਾਂਸਫਰਾਂ ਕੀਤੀਆਂ ਸੀ, ਪਤਾ ਨਹੀਂ ਕੀ ਵਜ੍ਹਾ ਹੋਈ, ਪਤਾ ਨਹੀਂ ਕਿ ਕੀ ਉਸਨੂੰ ਪੈਸਿਆਂ ਦਾ ਲਾਲਚ ਸੀ ਜਾਂ ਉਸ ਤੇ ਪੁਲੀਟੀਕਲ ਪਰੈਸ਼ਰ ਪਿਆ ਜਾਂ ਹੋਰ ਕਿਸੇ ਵਜ੍ਹਾ ਕਰ ਕੇ ਉਸ ਨੇ 19 ਨਵੇਂ ਆਦਮੀ ਮੁੜ ਕੇ ਤਬਦੀਲ ਕਰ ਕੇ 15 ਦਿਨਾਂ ਵਿਚ ਲਗਾ ਦਿਤੇ। ਜੇ ਮੈਂ ਪੁਛਿਆ ਕਿ ਇਹ ਫਿਰ ਕਿਉਂ ਤਬਦੀਲ ਕਰ ਕੇ ਲਗਾ ਦਿੱਤੇ ਹਨ ਤਾਂ ਉਸ ਨੇ ਦਸਿਆ ਕਿ ਮੈਨੂੰ ਪਤਾ ਲਗ ਗਿਆ ਹੈ ਕਿ ਇਹ ਈਮਾਨਦਾਰ ਹਨ।

ਇਸ ਦੇ ਇਲਾਵਾ ਇਕ ਹੋਰ ਮਸਲਾ, ਜਿਹੜਾ ਕਿ ਬੜਾ ਇਮਪਾਰਟੈਂਟ ਹੈ, ਦੇ ਬਾਰੇ ਮੈਂ ਕੁਝ ਜ਼ਿਕਰ ਕਰਨਾ ਚਾਹੁੰਦਾ ਹਾਂ ਔਰ ਉਹ ਹੈ ਟਰਾਂਸਪੋਰਟ ਦਾ। ਜਿਥੋਂ ਤਕ ਟਰਾਂਸਪੋਰਟ ਇੰਡਸਟਰੀ ਦਾ ਤਅੱਲੁਕ ਹੈ ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਸਰਕਾਰ ਵਲੋਂ ਇਸ ਨਾਲ ਬੜਾ ਧੱਕਾ ਹੋ ਰਿਹਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਅਗਰ ਤਾਂ ਸਰਕਾਰ ਇਸ ਬਾਰੇ ਕੋਈ ਯੂਨੀਫਾਰਮ ਪਾਲਿਸੀ ਬਣਾ ਲਵੇ ਔਰ ਉਸ ਪਾਲਿਸੀ ਦੇ ਅਧੀਨ ਅਗਰ ਇਹ ਸਾਰੀਆਂ ਪਰਾਈਵੇਟ ਕੰਪਨੀਆਂ ਨੂੰ ਨੈਸ਼ਨੇਲਾਈਜ਼ ਕਰਨ ਦਾ ਫੈਸਲਾ ਕਰ ਲਵੇ ਤਾਂ ਮੈਂ ਇਸ ਨਾਲ ਐਗਰੀ ਕਰਾਂਗਾ ਕਿ ਚਲੋ ਟੋਟਲ ਨੈਸ਼ਨੇਲਾਈਜ਼ੇਸ਼ਨ ਹੋ ਗਈ ਹੈ ਲੇਕਿਨ ਜੇਕਰ ਇਸ ਵਲੋਂ ਇਹ ਕੀਤਾ ਜਾਵੇ ਕਿ ਕਈਆਂ ਨੂੰ ਤਾਂ ਇਹ ਤਕਵੀਅਤ ਦੇਣ ਔਰ ਜੇਕਰ ਉਹ ਪਹਿਲੇ 10 ਰੁਪਏ ਕਮਾ ਰਿਹਾ ਹੋਵੇ ਔਰ ਉਸ ਨੂੰ ਤਕਵੀਅਤ ਦੇ ਕੇ ਇਕ ਹਜ਼ਾਰ ਰੁਪਏ ਕਮਾਉਣ ਦੇ ਕਾਬਲ ਬਣਾ ਦੇਣ, ਇਸ ਤੋਂ ਸਾਨੂੰ ਪਰੇਸ਼ਾਨੀ ਹੁੰਦੀ ਹੈ। ਔਰ ਇਸੇ ਤਰ੍ਹਾਂ ਜੋ ਗਰੀਬ ਹੋਣ ਉਸ ਨੂੰ ਲੁਟ ਕੇ ਖਾ ਜਾਣ। ਮੈਂ ਸਮਝਦਾ ਹਾਂ ਕਿ ਇਨ੍ਹਾਂ ਚੀਜ਼ਾਂ ਦੀ ਇਕ ਡੈਮੋਕਰੇਟਿਕ ਸਰਕਾਰ ਕੋਲੋਂ ਉਮੀਦ ਨਹੀਂ ਕੀਤੀ ਜਾ ਸਕਦੀ। ਪਰ ਇਹ ਸਰਕਾਰ ਇਸ ਤਰ੍ਹਾਂ ਟਰਾਂਸਪੋਰਟ ਵਿਚ ਕਰਦੀ ਹੈ। ਇਸ ਬਾਰੇ ਮੈਂ ਤੁਹਾਨੂੰ ਮਿਸਾਲਾਂ ਦਿੰਦਾ ਹਾਂ। 1956 ਵਿਚ ਪੈਪਸੂ ਪੰਜਾਬ ਵਿਚ ਮਰਜ ਹੋਇਆ ਸੀ ਔਰ ਉਸ ਵੇਲੇ ਉਥੇ ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਦੀ ਸਕੀਮ ਬਣਾਈ ਗਈ ਸੀ ਜਿਸ ਨੂੰ ਪੰਜਾਬ ਗੌਰਮਿੰਟ, ਰੇਲਵੇ ਔਰ ਬੈਂਕ ਨੇ ਪੈਸੇ ਪਾ ਕੇ ਚਲਾਉਣਾ ਸੀ। ਉਸ ਵੇਲੇ ਪਹਿਲੇ ਇਹ ਫੈਸਲਾ ਕੀਤਾ ਗਿਆ ਸੀ ਕਿ ਤਮਾਮ ਦੀਆਂ ਤਮਾਮ ਬਸਾਂ ਜੋ ਅਰਸਟਵਾਈਲ ਪੈਪਸੂ ਵਿਚ ਉਸ ਵੇਲੇ ਚਲਦੀਆਂ ਸਨ, ਨੂੰ ਨੈਸ਼ਨੇਲਾਈਜ਼ ਕਰ ਕੇ ਉਹ ਕਾਰਪੋਰੇਸ਼ਨ ਚਲਾਈ ਜਾਵੇਗੀ। ਲੇਕਿਨ 1956 ਵਿਚ ਜਿਸ ਵੇਲੇ ਪੈਪਸੂ ਪੰਜਾਬ ਵਿਚ ਮਰਜ ਹੋ ਗਿਆ ਔਰ ਕਿਉਂਕਿ ਉਸ ਵੇਲੇ ਪੰਜਾਬ ਵਿਚ ਪੰਜਾਬ ਰੋਡਵੇਜ਼ ਔਰ ਪਰਾਈਵੇਟ ਬਸਾਂ 50, 50 ਬੇਸਿਜ਼ ਤੇ ਕੰਮ ਕਰ ਰਹੀਆਂ ਸਨ ਤਾਂ ਪੈਪਸੂ ਕਾਰਪੋਰਸ਼ਨ ਬਾਰੇ ਵੀ ਇਹ ਮੰਗ ਕੀਤੀ ਗਈ ਔਰ ਗੌਰਮਿੰਟ ਮੰਨ ਵੀ ਗਈ ਕਿ ਅਛਾ 50, 50 ਬੇਸਿਜ਼ ਤੇ ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਔਰ ਪਰਾਈਵੇਟ ਕੰਮਪਨੀਆਂ ਕੰਮ ਕਰਨਗੀਆਂ। ਇਸ ਬਾਰੇ ਸਰਕਾਰ ਵਲੋਂ ਐਸ਼ੋਰੈਂਸ ਦਿੱਤੀ ਗਈ ਔਰ ਚੀਫ ਮਨਿਸਟਰ ਨੇ ਜੋ ਐਸ਼ੋਰੈਂਸ ਦਿਤੀ ਉਸ ਦੇ ਮੁਤਾਬਕ ਨੋਟੀ-ਫਿਕੇਸ਼ਨ ਵੀ ਜਾਰੀ ਹੋ ਗਈ ਔਰ ਕੰਮ ਵੀ ਸ਼ੁਰੂ ਹੋ ਗਿਆ ਪਰ ਹੁਣ ਉਸ ਐਸ਼ੋਰੈਂਸ ਤੋਂ ਹੁਣ ਇਹ ਪਿਛੇ ਹਟ ਰਹੀ ਹੈ ਹਾਲਾਂਕਿ ਉਹ ਐਸ਼ੋਰੈਂਸ ਇਨ ਰਾਈਟਿੰਗ ਸੀ ਜਿਸ ਵਿਚ ਲਿਖਿਆ ਹੈ—

'The Chief Minister assured the Patiala Division operators that their right will be considered equally with other two divisions of Ambala and Jullundur without any discrimination.

1956 ਵਿਚ ਸਾਡੀ ਸਰਕਾਰ ਨੇ ਲਿਖ ਕੇ ਇਹ ਐਸ਼ੋਰੈਂਸ ਦਿੱਤੀ ਸੀ। ਇਸ ਤੋਂ ਬਾਅਦ 20 ਜੂਨ, 1959 ਨੂੰ ਇਨ੍ਹਾਂ ਇਕ ਐਗਰੀਮੈਂਟ ਸਾਈਨ ਕੀਤਾ—

On 20th June, 1959 a meeting was held by the Director of Transport, Punjab State at Chandigarh jointly of Private Bus Operators and the Pepsu Road Transport Corporation in the presence of the General Manager of the Corporation where both the parties agreed and signed the documents for 50:50 scheme to be applied in Patiala Division.

[ਸਰਦਾਰ ਗੁਰਚਰਨ ਸਿੰਘ]

ਇਹ ਐਗਰੀਮੈਂਟ ਸਰਕਾਰ ਨੇ ਆਪਣੇ ਜੈਨਰਲ ਮੈਨੇਜਰ ਕੋਲੋਂ ਸਾਈਨ ਕਰਵਾਈ। ਪਰ ਇਸ ਤੋਂ ਇਹ ਬੈਕ ਆਊਟ ਕਰ ਗਏ ਔਰ ਉਸ ਦੇ ਬਾਅਦ 1960 ਵਿਚ—

Duiing 1960, the then Chief Minister assured the operators by giving an answer on the floor of this House i.e., the Punjab Assembly that 50:50 scheme will be applied to Patiala Division.

ਇਹ 1960 ਵਿਚ ਪੰਜਾਬ ਦੇ ਪਿਛਲੇ ਚੀਫ ਮਨਿਸਟਰ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਇਸ ਅਸੈਂਬਲੀ ਵਿਚ ਦਿਤੀ ਸੀ। ਉਸ ਦੇ ਬਾਅਦ 3 ਮਾਰਚ, 1962 ਨੂੰ—

On 3rd March, 1962, a deputation of the Pepsu Motor Federation approached the Chief Minister, Punjab to decide the case of Patiala Division. Then a preliminary step was taken.

ਸਪੀਕਰ ਸਾਹਿਬ, ਇਸ ਤਰ੍ਹਾਂ ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਔਰ ਉਸ ਲਈ ਜ਼ਿਆਦਾ ਪਾਵਰ ਲੈਣ ਵਾਸਤੇ ਆਖਿਆ ਸੀ— that viable units be created in Patiala Division. ਇਹ ਕਿਹਾ ਕਿ ਤੁਸੀਂ ਵਾਇਬਲ ਯੂਨਿਟਸ ਬਣਾਉ ਯਾਨੀ ਸਤ ਸਤ ਪਰਮਿਟਾਂ ਦੀਆਂ ਕੰਪਣੀਆਂ ਬਣਾਉ ਤਾਂ ਤੁਹਾਨੂੰ 50 ਫੀ ਸਦੀ ਦਾ ਹਕ ਮਿਲੇਗਾ। ਇਹ ਐਸ਼ੋਰੈਂਸ ਦਿੱਤੀ ਗਈ ਔਰ ਇਸ ਦੇ ਮੁਤਾਬਿਕ ਨੋਟੀਫੀਕੇਸ਼ਨ ਵੀ ਹੋਈ—

A letter was addressed by the Provincial Transport Controller, Punjab to the Regional Transport Authority, Patiala.

ਇਹ ਚਿਠੀ ਲਿਖੀ ਗਈ ਸੀ ਜਿਸ ਦਾ ਨੰਬਰ ਸੀ 5296/ਈ, ਮਿਤੀ 2 ਮਾਰਚ, 1962 ਹੈ। ਇਤਨੀ ਐਸ਼ੋਰੈਂਸ ਇਨ੍ਹਾਂ ਦਿੱਤੀ ਹੈ। ਇਸੇ ਤੇ ਹੀ ਬਸ ਨਹੀਂ ਹੈ। ਤੁਸੀਂ ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਦੀ ਵਰਕਿੰਗ ਨੂੰ ਦੇਖੋ ਔਰ ਉਸ ਦਾ ਮੁਕਾਬਲਾ ਬਾਕੀ ਦੀਆਂ ਪਰਾਈਵੇਟ ਟਰਾਂਸਪੋਰਟ ਕੰਪਨੀਆਂ ਦੀ ਵਰਕਿੰਗ ਨਾਲ ਕਰੋ ਤੇ ਫਿਰ ਅੰਦਾਜ਼ਾ ਲਗਾਉ ਕਿ ਇਹ ਕਿਥੇ ਖੜੇ ਹਨ। ਪਰਾਈਵੇਟ ਆਪਰੇਟਰ ਜੋ ਅਰਸਟਵਾਈਲ ਪੈਪਸੂ ਵਿਚ ਆਪਣੀਆਂ ਬਸਾਂ ਚਲਾਉਂਦੇ ਹਨ, ਉਨ੍ਹਾਂ ਦੀ ਗਿਣਤੀ 650 ਹੈ ਔਰ ਉਹ 34 ਹਜ਼ਾਰ ਮੀਲ ਕੁਲ ਮਾਈਲੇਜ ਕਰਦੀਆਂ ਹਨ ਜਿਸ ਵਿਚੋਂ 6000 ਮੀਲ ਕਚੇ ਰੂਟਸ ਵੀ ਹਨ। ਇਸ ਦੇ ਮੁਕਾਬਲੇ ਵਿਚ ਗੌਰਮਿੰਟ ਦੀਆਂ ਯਾਨੀ ਕਾਰਪੋਰੇਸ਼ਨ ਦੀਆਂ ਕੁਲ 235 ਬਸਾਂ ਹਨ ਜਿਹੜੀਆਂ ਪਹਿਲੇ 210 ਸੀ ਔਰ ਇਹ 28000 ਮੀਲ ਪਕੇ ਰੂਟ ਕਵਰ ਕਰਦੀਆਂ ਹਨ। ਫਿਰ ਦੇਖਣ ਵਾਲੀ ਗੱਲ ਇਹ ਹੈ ਕਿ ਇਕ ਤਾਂ ਇਨ੍ਹਾਂ ਪਾਸ ਕੋਈ ਵੀ ਕੱਚਾ ਰੂਟ ਨਹੀਂ ਔਰ ਇਕ ਇਕ ਬਸ 125 ਤੋਂ 250 ਦੀ ਐਵਰੇਜ ਮਾਈਲੇਜ ਕਵਰ ਕਰਦੀ ਹੈ ਯਾਨੀ ਉਨ੍ਹਾਂ ਨੂੰ ਇਤਨੇ ਲੰਬੇ ਲੰਬੇ ਰੂਟ ਦਿਤੇ ਹੋਏ ਹਨ ਪਰ ਪਰਾਈਵੇਟ ਅਪਰੇਟਰਾਂ ਦੀਆਂ ਬਸਾਂ ਨੂੰ 20 ਜਾਂ 25 ਮੀਲ ਦੇ ਫਾਸਲੇ ਤੇ ਜਾ ਕੇ ਖੜਾ ਹੋਣਾ ਪੈਂਦਾ ਹੈ ਕਿਉਂਕਿ ਉਨ੍ਹਾਂ ਨੂੰ ਛੋਟੇ ਛੋਟੇ ਰੂਟ ਦਿੱਤੇ ਹੋਏ ਹਨ। ਇਸ ਤੋਂ ਇਲਾਵਾ ਉਹ ਕੰਪਣੀਆਂ ਇਨ੍ਹਾਂ ਨੂੰ ਚੰਦੇ ਦੇਂਦੀਆਂ ਹਨ ਔਰ ਉਨ੍ਹਾਂ ਨੂੰ ਸਰਕਾਰੀ ਬਸਾਂ ਦੇ ਮੁਕਾਬਲੇ ਵਿਚ ਵਾਧੂ ਟੈਕਸ ਦੇਣੇ ਪੈਂਦੇ ਹਨ।

ਇਸ ਦੇ ਇਲਾਵਾ ਇਹ ਜਿਹੜੀਆਂ ਪਰਾਈਵੇਟ ਅਪਰੇਟਰਾਂ ਦੀਆਂ 650 ਬਸਾਂ ਚਲਦੀਆਂ ਨੇ ਇਨ੍ਹਾਂ ਦੇ ਮਾਲਿਕਾਂ ਨਾਲ ਸਭ ਤੋਂ ਵਡਾ ਜ਼ੁਲਮ ਹੁਣ ਇਹ ਕੀਤਾ ਹੈ ਕਿ ਉਨ੍ਹਾਂ ਦੀ ਇਕ ਕਾਰਪੋਰੇਸ਼ਨ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਬਾਰੇ ਇਨ੍ਹਾਂ ਇਕ ਨੋਟੀਫੀਕੇਸ਼ਨ ਜਾਰੀ ਕੀਤੀ ਔਰ ਉਸ ਨੋਟੀਫੀਕੇਸ਼ਨ ਤੇ ਇਤਰਾਜ਼ ਮੰਗੇ ਪਰ ਇਤਰਾਜ਼ ਸੁਣੇ ਨਹੀਂ ਔਰ ਇਹ ਫੈਸਲਾ ਕੀਤਾ ਕਿ ਬਠਿੰਡਾ ਤੋਂ ਤਲਵੰਡੀ ਔਰ ਬਠਿੰਡਾ ਤੋਂ ਸਰਸਾ ਵਾਇਆ ਮਾਨਸਾ ਦੀ ਸੜਕ ਦਾ ਰੂਟ (ਘੰਟੀ)———

[Quorum Bells]

ਸਪੀਕਰ ਸਾਹਿਬ, ਮੈਂ ਜਲਦੀ ਹੀ ਖਤਮ ਕਰ ਦਿੰਦਾ ਹਾਂ । ਮੈਂ ਅਰਜ਼ ਕਰਦਾ ਹਾਂ ਕਿ

11.00 A.M.

ਆਪਰੇਟਰਜ਼ ਪਾਸ ਇਸ ਵੇਲੇ ਸਾਰੀ 8,400 ਮੀਲ ਡੋਲੀ ਮਾਈਲੇਜ ਹੈ। ਉਸ ਵਿਚੋਂ 7,400 ਮੀਲ ਕਾਰਪੋਰੇਸ਼ਨ ਟੇਕ ਓਵਰ ਕਰਨ ਲਗੀ ਹੈ । ਸਪੀਕਰ ਸਾਹਿਬ, 19 ਕੰਪਨੀਆਂ ਚਲਾਉਂਦੀਆਂ ਹਨ । ਉਨ੍ਹਾਂ ਪਾਸੋਂ 7,400 ਮੀਲ ਲੈਣ ਤੋਂ ਬਾਅਦ ਮਾਮੂਲੀ ਜਿਹੀ ਕੱਚੀ ਮਾਈਲੇਜ ਹੀ ਰਹਿ ਜਾਣੀ ਹੈ ਅਤੇ 15 ਕੰਪਨੀਆਂ ਬਿਲਕੁਲ ਖਤਮ ਹੋ ਜਾਣੀਆਂ ਹਨ । ਨਤੀਜਾ ਇਹ ਹੋਣਾ ਹੈ ਕਿ ਉਨ੍ਹਾਂ ਦੀਆਂ 650 ਵਹੀਕਲਜ਼ ਖੜੀਆਂ ਦੀ ਖੜੀਆਂ ਹੀ ਰਹਿ ਜਾਣੀਆਂ ਹਨ, ਕਿਸੇ ਨੇ ਮੁਲ ਨਹੀਂ ਲੈਣੀਆਂ । ਉਨ੍ਹਾਂ ਦੀ ਜਾਇਦਾਦ ਖਤਮ ਹੋ ਜਾਣੀ ਹੈ । ਤੁਸੀਂ ਵੀ ਸੈਕੰਡ ਹੈਂਡ ਗਡੀਆਂ ਨਹੀਂ ਖਰੀਦ ਕਰਦੇ, ਨਵੀਆਂ ਲੈਂਦੇ ਹੋ । ਇਹ ਹਾਲ ਹੋਵੇਗਾ ਉਨ੍ਹਾਂ ਦਾ। ਹੁਣ ਨਵੀਂ ਪੰਜਾਬੀ ਲੈਂਗੁਏਜ ਸਟੇਟ ਬਣੇਗੀ । ਉਸ ਵਿਚ ਵੀ ਤੁਸੀਂ 15-16 ਅਲਗ ਕਾਨੂੰਨ ਪਾਸ ਕਰ ਦਿਉਗੇ । ਅਸੀਂ ਕਹਿੰਦੇ ਹਾਂ ਕਿ ਪੈਪਸੂ ਵਾਲਿਆਂ ਤੇ ਜ਼ੁਲਮ ਨਾ ਕਰੋ, ਉਨ੍ਹਾਂ ਨੂੰ ਵੀ ਪੰਜਾਬ ਦੇ ਐਟ ਪਾਰ ਟਰੀਟ ਕਰੋ । (ਘੰਟੀ) ਸਪੀਕਰ ਸਾਹਿਬ, ਮੈਂ ਕਹਿਣਾ ਤਾਂ ਕਈ ਕੁਝ ਸੀ ਪਰ ਉਹ ਸਭ ਛਡ ਦਿੰਦਾ ਹਾਂ, ਇਕ ਹੀ ਗਲ ਕਹਿ ਕੇ ਬੈਠ ਜਾਵਾਂਗਾ ।

ਸਪੀਕਰ ਸਾਹਿਬ, 1953 ਵਿਚ ਇਕ ਸਕੀਮ ਬਣੀ ਕਿ 50 : 50 ਸਕੀਮ ਦੇ ਤਹਿਤ ਜਿਤਨੀ ਮਾਈਲੇਜ ਆਪਰੇਟਰਜ਼ ਤੋਂ ਲਵਾਂਗੇ ਉਤਨੀ ਹੀ ਮਾਈਲੇਜ ਓਵਰ ਲੈਪਿੰਗ ਰੂਟਸ ਵਿਚ ਦਿਆਂਗੇ। ਮੈਂ ਕਿਸੇ ਤੇ ਇਤਰਾਜ਼ ਨਹੀਂ ਕਰਦਾ । ਸਰਦਾਰ ਦਿਲਬਾਗ ਸਿੰਘ ਹੋਰੀਂ ਮੇਰੇ ਸਾਹਮਣੇ ਬੈਠੇ ਹਨ, ਇਸ ਲਈ ਮੈਂ ਕਮਿਟਿਡ ਹਾਂ । (ਹਾਸਾ) ਸਪੀਕਰ ਸਾਹਿਬ, ਇਨ੍ਹਾਂ ਨੇ ਓਵਰ ਲੈਪਿੰਗ ਰੂਟਸ ਤੇ 50 : 50 ਦੀ ਸਕੀਮ ਦੇ ਤਹਿਤ ਉਨ੍ਹਾਂ ਨੂੰ ਮਾਈਲੇਜ ਦੇਣੀ ਹੈ । ਇਨ੍ਹਾਂ ਨੇ ਕਈਆਂ ਕੰਪਨੀਆਂ ਨੂੰ ਤਾਂ ਇਸ ਦੇ ਤਹਿਤ ਪੂਰੀ ਮਾਈਲੇਜ ਦੇ ਦਿਤੀ ਹੈ ਤੇ ਕਈਆਂ ਨੂੰ ਕੁਝ ਵੀ ਨਹੀਂ ਦਿਤਾ । ਇਹ ਬਹੁਤ ਵਡੀ ਡਿਸਕ੍ਰਿਮੀਨੇਸ਼ਨ ਹੈ । ਇਸ ਮਾਮਲੇ ਵਿਚ ਮੋਟਰ ਯੂਨੀਅਨ ਇਨਸਾਫ ਨਹੀਂ ਕਰ ਸਕਦੀ । ਜੋ ਮਾਲਿਕ ਕਮੇਟੀ ਦਾ ਮੈਂਬਰ ਹੋਵੇ ਅਤੇ ਉਸ ਨੇ ਪਰਮਿਟ ਹੀ ਲੈਣਾ ਹੋਵੇ ਤਾਂ ਉਹ ਕਿੰਨਾ ਹੀ ਭਗਤ ਹੋਵੇ, ਇਨਸਾਫ ਨਹੀਂ ਕਰ ਸਕਦਾ । ਇਸ ਲਈ ਆਫੀਸ਼ਲ ਬਾਡੀ ਹੋਣੀ ਚਾਹੀਦੀ ਹੈ । ਤਾਕਿ ਸਭ ਨਾਲ ਇਨਸਾਫ ਹੋਵੇ । ਵਰਨਾ ਨੈਸ਼ਨੇਲਾਈਜ਼ੇਸ਼ਨ ਕਰ ਦਿਉ, ਅਸੀਂ ਵੈਲਕਮ ਕਰਾਂਗੇ । ਕਿਸੇ ਨਾਲ ਡਿਸਕ੍ਰਿਮੀਨੇਸ਼ਨ ਨਹੀਂ ਹੋਣੀ ਚਾਹੀਦੀ । (ਘੰਟੀ)

ਸਪੀਕਰ ਸਾਹਿਬ, ਇਕ ਹੀ ਗਲ ਹੋਰ ਕਹਿਣੀ ਹੈ । ਇਸ ਬਜਟ ਵਿਚ ਇਕ 32 ਲਖ ਰੁਪਏ ਦੀ ਰਕਮ ਰਖੀ ਗਈ ਹੈ ਜੋ ਪੈਨਲਟੀਜ਼ ਦੇ ਜ਼ਰੀਏ ਆਵੇਗੀ । ਅਗਰ ਕਿਸੇ ਨੇ ਪੈਸੇਂਜਰ ਟੈਕਸ ਦੇ ਟਿਕਟ ਨਾ ਲਾਏ ਤਾਂ ਕਿਸੇ ਨੇ ਕੰਡਕਟਰ ਨੂੰ ਕੁਝ ਨਹੀਂ ਕਹਿਣਾ, ਜੁਰਮਾਨਾ ਆਪਰੇਟਰ ਨੂੰ ਹੀ ਮੈਜਿਸਟਰੇਟ ਨੇ ਕਰਨਾ ਹੈ ਜੋ ਕਿ ਪੈਸੇ ਦੀ ਖਾਤਰ ਹਜ਼ਾਰ ਰੁਪਿਆ ਹੋ ਸਕਦਾ ਹੈ । ਇਨ੍ਹਾਂ ਨੇ ਪਹਿਲਾਂ ਹੀ ਅੰਦਾਜ਼ਾ ਲਾ ਲਿਆ ਕਿ ਪੈਨਲਟੀਜ਼ ਨਾਲ ਇਤਨਾ ਰੁਪਿਆ ਆਵੇਗਾ । ਮੈਂ ਸਰਕਾਰ ਅਗੇ ਦਰਖਾਸਤ ਕਰਦਾ ਹਾਂ ਕਿ ਅਗਰ ਤੁਸੀਂ ਲੋਕਾਂ ਨੂੰ ਆਪਣੇ ਨਾਲ ਲੈਣਾ ਹੈ, ਲੋਕਾਂ ਦੀ ਬਦ-ਅਮਨੀ ਹਟਾਉਣੀ ਹੈ ਤਾਂ ਉਨ੍ਹਾਂ ਨੂੰ ਬਰਾਬਰ ਟਰੀਟ ਕਰੋ। ਪੈਪਸੂ ਵਾਲਿਆਂ ਨੂੰ ਪੰਜਾਬ ਵਾਲਿਆਂ ਦੇ ਅਤੇ ਪੰਜਾਬ ਵਾਲਿਆਂ ਨੂੰ ਪੈਪਸੂ ਵਾਲਿਆਂ ਦੇ ਐਟ ਪਾਰ ਟਰੀਟ ਕਰੋ, ਉਨ੍ਹਾਂ ਦੀ ਤਕਲੀਫਾਂ ਦੂਰ ਕਰੋ, ਡਿਸਕ੍ਰਿਮੀਨੇਸ਼ਨ ਦੂਰ ਕਰੋ । ਇਨ੍ਹਾਂ ਕਹਿ ਕੇ ਖਤਮ ਕਰਦਾ ਹਾਂ । ਆਪ ਦਾ ਧੰਨਵਾਦ।

ਸ੍ਰੀ ਸਪੀਕਰ : ਕੈਪਟਨ ਰਤਨ ਸਿੰਘ ਜੀ, ਪੰਡਤ ਚਿਰੰਜੀ ਲਾਲ ਹੋਰਾਂ ਨੇ ਇਕ ਕਮੇਟੀ ਦੀ ਮੀਟਿੰਗ ਵਿਚ ਜਾਣਾ ਹੈ । ਉਨ੍ਹਾਂ ਤੋਂ ਬਾਅਦ ਤੁਸੀਂ ਬੋਲ ਲੈਣਾ । (Addressing Captain Rattan Singh : Pandit Chiranji Lal has to attend a meeting of a Committee. The hon. State Minister may deliver his speech after him.)

पंडित चिरंजी लाल शर्मा (गनौर) : स्पीकर साहिब, बजट पर डिसकशन दो तीन रोज से चल रही है, इस पर काफी कुछ कहा जा चुका है। मैं जब फिनांस मिनिस्टर साहिब की स्पीच पढ़ रहा था तो मुझे एक बात खास तौर पर खटकी कि वह हकूमत जो हरिजनों के सहारे जिन्दा है, जो बैकवर्ड क्लासिज़ के सहारे जिन्दा है उस गरीब तबके के लिये इस बजट में जगह नहीं है। स्पीकर साहिब, आप को मालूम है कि आज से चार साल पहले इसी हकूमत ने इसी सदन में हरिजन कल्याण टैक्स का एक्ट बनाया और उस के तहत पंजाब की जनता से 3 करोड़ 86 लाख रुपया इकट्ठा किया और उस वक्त के मुख्य मन्त्री सरदार प्रताप सिंह कैरों ने एलान किया कि इस रकम में सरकार एक करोड़ 14 लाख रुपया और मिलायेगी . . . .

श्री अध्यक्ष : ज़रा ठहरिये, कोरम नहीं है। सरदार कपूर सिंह जी, अगर बजट डिसकशन पर भी यही हालत हो. . . . . (The hon. Member may stop for a while, there is no quorum. Addressing Sardar Kapoor Singh: If such is the state of affairs when discussion on the Budget is going on then. . . .)

पंडित चिरंजी लाल शर्मा : तो उन को यह ऐशुरेंस दी गई, सब्ज़ बाग दिखाए गए कि इस राज में इतना हरिजन कल्याण किया जायगा कि यहां पर कोई भी दुखी नहीं रह जायगा, उन के पक्के मकानात बनवाए जाएंगे, उन के लिए रोज़गार के साधन मुहैया किये जाएंगे मगर चार साल बीत चुके, गवर्नमैण्ट इन्टरैस्ट कमा रही है और वह गरीब बहुत ज्यादा बेचैन हैं जिस का जिन्दा सबूत यह है कि इस हाउस के तमाम हरिजन लैजिस्लेटरज़ और लीडिंग कांग्रेसी लैजिसलेटर्ज़ और ऐक्स मिनिस्टर्ज़ ने इस बात पर वाकआउट किया कि जो ऐश्योरेंस हाउस में उन को दी गई थी उस को इम्पलीमैंट न करके सरकार उन पर ज़ुल्म कर रही है। स्पीकर साहिब, आप अन्दाज़ा लगाएं कि किस तरीके से उन के साथ मज़ाक किया जाता है। अब इलैक्शन आ रहे हैं और यह उन के आगे पीछे हाथ जोड़ते फिरेंगे कि अगर किसी और को वोट दोगे तो कांग्रेस का और मुल्क का भट्ठा बिठाओगे उन के घर आएंगे, उन की रज़ाइयां ओढ़ते फिरेंगे। (विघ्न) रोटी खाएंगे लस्सी पियेंगे मगर जब उन को कुछ देने का मौका आया तो सरदार कपूर सिंह साहिब फरमाते हैं :—

At page 44 of the Budget speech it is written—

"In view of the tight Plan ceiling, it has not been possible to provide this amount within the Plan."

Finance Minister: Also read the next sentence.

Pandit Chiranji Lal Sharma: All right. It reads—

"Keeping in view, however, the commitment already made, the Government have decided to add Rs. 22.8 lakhs out of the non-plan budget."

(Interruptions)

यह प्रिंटिड डाकुमैंट है, अगर कहें तो सारा ही पढ़ दूं, आप का काम कर दूं। स्पीकर साहिब हमारी गवर्नमैण्ट ने एक इवेल्यूशन कमेटी बनाई जिस के चेयरमेन एक बड़े ऐक्स्पीरियेंस्ड लैजिस्लेटर साबका मिनिस्टर श्री वृषभान जी को बनाया। मुझे तो मालूम नहीं कि उस कमेटी की कभी कोई मीटिंग भी बुलाई गई। आखिर यह मज़ाक उन से क्यों किया गया यह सब कुछ तो उन लोगों की आंखों में धूल डालने के लिये किया गया है। दिस इज़

नथिंग बट ऐन आई वाश। मैं पूछता हूं कि अगर यह इवैल्यूएशन कमेटी बनाई गई थी यह देखने के लिये सरकार ने हरिजनों के लिये 18–19 साल में क्या किया है तो उस की रिपोर्ट कहां है ? (Quorum Bells)

तो कहां है उस कमेटी की रिपोर्ट ? कितनी मीटिंग्ज़ हुई हैं उस कमेटी की ? इस बात पर तो श्री वृष भान जी को भी अर्ज है कि उस कमेटी की कोई मीटिंग नहीं हुई।

फिर यह कहा जाता है कि हम 100 रुपया की रकम दे रहे हैं हरिजनों को कि वह मिल के शेयर खरीद कर लें तो क्या मिल का शेयर खरीद करने से उन के पेट में अनाज चला जाएगा ? और क्या इस तरह से उन का कल्याण हो जाएगा ? आप आज देहात के अन्दर जा कर देखें कि क्या हालत है। गरीब को सुबह को रोटी का टुकड़ा मिला तो शाम का फिक्र उस को सताना शुरु कर देता है। आज गेहूं 26 से 28 रुपए मन तक मिलता है और अगर एक कुन्बे में 6 या 8 आदमी हैं तो वह अपना पेट किस तरह से पाल सकते हैं। वह 100 रुपया के शेयर को ले कर क्या करेगा और किस तरह से अपना और सारे कुंबे का पेट पालेगा ? फिर कहते हैं कि हम उन्हें ज़मीन दे रहे हैं तो क्या ज़मीन है या रबड़ है जो खींच कर अपनी ज़रूरत के मुताबिक आप बढ़ा लेंगे। हम ने कहा कि इवेक्यूलैंड में से दे दो तो उसे आप ने नीलाम करना शुरू कर दिया। इस लिये मैं पूरे ज़ोर से यह कहना चाहता हूं कि यह हकूमत गरीब तबका के साथ, हरिजनों के साथ पसमान्दा लोगों के साथ और पछड़े हुए लोगों के साथ सरासर ज्यादती कर रही है और जुल्म कर रही है। उन के पास रहने को मकान नहीं छोटी छोटी कोठड़ियां हैं और फिर उसी कोठड़ी में बीबी भी लड़की भी, दामाद भी, ससुर भी, बच्चे भी और अगर कटरू हो तो वह भी वहां पर ही रहता है, यह हालत आज उन बेचारों की इस हकूमत ने कर रखी है ? इस लिये मैं कहूंगा कि इस हकूमत के पास अभी 9 या 10 महीने हैं और इन को हरिजनों की हालत को बेहतर बनाने की तरफ फौरी तौर पर ध्यान देना चाहिए और अगर नहीं देंगे तो चांद को नारेंगे। यह हमारे डायलेक्ट की बात है। आप ने चांद राम को वज़ीर बना लिया या, मास्टर गुरबन्ता सिंह को बना लिया या फिर चौधरी सुन्दर सिंह को बना लिया स्टेट मिनिस्टर तो क्या इस से पंजाब की 25 या 30 फीसदी आबादी के पेट में टुकड़ा चला जाएगा ? अगर वाकई हकूमत गरीबों को उभारना चाहती है और हरिजनों का कल्याण करना चाहती है और मदद करना चाहती है तो सही मायनों में इमदाद करनी चाहिए जिस से उन के पेट में रोटी जा सके। हकूमत तो लाज़म है कि इन के गुज़ारा के लिये कोई साधन बनाएं और कोई काटेज इन्डस्टरी खोले सिरफ 100 रुपये के शेयर देने से कोई काम नहीं होगा।

इस के बाद मैं चंद लफ्ज़ विमुक्त जातियों के बारे में कहना चाहता हूं। इन की पंजाब में काफी तादाद है। धोबी, तेली, खाती, लोहार, मन्यार, सुनार, आदि बहुत सी जातियां हैं और इन की हालत इस हकूमत के माथे पर एक बदनुमा दाग है। इन की किसी भी जगह कोई रैप्रिज़ैंटेशन नहीं है। आज आप झीवरों की हालत देखें, घुमारों की हालत देखें आप दिहात में जा कर देखें कि क्या हालत है। (एक आवाज़ : आप शायद नए गांव में गए हैं।) मैं ने तो देहात की पवित्र भूमि में जन्म लिया और देहात के कूओं ने मेरी प्यास

[पंडित चिरंजी लाल शर्मा]

बुझाई है और देहात की पवन ने मुझे जिन्दगी दी है, मैं ने देहात की हालत देखी है। फिनांस मिनिस्टर ने कहा है कि इन के पास भी एक कमरा है तो हो सकता है कि अब यह एक कमरा में रह रहे हों। सोते तो एक कमरा में ही होंगे क्योंकि कोठी के बाकी कमरों में तो यह जा नहीं सकते। अनलैस ही इज डिवाइडिड इन्टू पीसीज। (हंसी) तो मैं यह अर्ज़ कर रहा था कि पछड़ी जातियों और विमुक्त वर्ग की एकनामिक हालत क्या है। कहते हैं कि उन्हें वज़ीफे दे दिए और ट्रेनिंग एन्स्टीच्यूटों में दाखल करवा दिया, क्या इस से उन सब का कल्याण हो जाएगा। मैं इस हकूमत से यह पूछता हूं कि इस 18 और 19 साल के अर्सा में कौन सी कलियर पिक्चर हमारे सामने डिपिक्ट की है। रुपया हरिजन कल्याण के लिये इकट्ठा कर लिया है और दूसरे धन्धों में लगा दिया है और उन के उपर खर्च नहीं किया। इस तरह की कार्रवाइयों से हकूमत ज्यादा देर तक नहीं चल सकती

इस के बाद स्पीकर साहिब, यहां पर जैनरल एडमिनिस्ट्रेशन का जिक्र किया गया है इस की आज क्या हालत है। यह हकूमत कमिशन बनाती है कमेटियां बनाती है और As I said earlier this Government is Government of Committees and Commissions.

विजिलैंस कमिशन, दास कमीशन, एडमिनिस्ट्रेटिव रिफामर्ज़ कमीशन और इसी तरह हरियाना डिवैल्पमैंट कमेटी और पता नहीं कौन कौन सी कमेटियां और कमीशन बनाए गए हैं और जब उनकी रिपोर्ट आती है तो पता नहीं कहां चली जाती है। जिस वक्त किसी कमटी या कमीशन की रिपोर्ट के बारे में सवाल किया जाता है तो कहा जाता है under consideration. When is this consideration going to be over? When are these reports to be implemented? When will this Government die out?

तो मैं अर्ज़ कर रहा था कि यह कमिशन और कमेटियां गवर्नमैंट के एक्सचैकर र पब्लिक के खजाना पर सरासर डाका है और भारी बोझ है। इन की कोई यूटिलिटी नहीं। दास कमिशन की रिपोर्ट आई और उस के बाद फालो अप के लिये कमेटियां बनाई गई और फिर कई आफीसर्ज़ को चार्ज शीट किया गया लेकिन खोदा पहाड़ और निकला चूहा। आखिर में यह कहा गया कि इन का कोई कसूर ही नहीं। कितना वेस्ट है सरकार के खज़ाने का और कितनी परेशानी है उन अफसरों को। फिर विजेलैंस कमीशन बनाया गया विद ए रिटायर्ड जज आफ दी हाई कोर्ट जसटस टेक चंद लेकिन मैं शक करता हूं कि एक भी केस इस कमीशन को आज तक रैफर नहीं किया गया। इस कमिशन की एस्टेबलिशमेंट क्या है यह तो परमात्मा ही जानता है। मेरे एक सवाल के जवाब में उन्होंने बताया था तो पता चला था कि कमीशन मुकरर किया गया है। मैं यह समझता हूं कि जितने भी यह कमीशन और कमेटियां हैं कोई रैशन्ल कमेटी है? यह फजूल हैं। They create problems, they create confusion, they fail to find out the solution out of it.

स्पीकर साहिब, इस हकूमत के अन्दर मैं यह समझता हूं कि कोई इनिशिएटिव नहीं है कोई ओरिजनेलेटी नहीं है, कोई इन्डीपेंडेंट थिंकिंग नहीं है। They depend upon

Committees and Commissions. But how long ? इस हकूमत ने हमें दिया क्या है ? Corruption. Corruption is rampant. It is on the increase. छोटे से लेकर बड़े से बड़े तक आप चले जाएं unless he greases the palm of the clerk the needful will not be done। जहां तक कि अगर किसी ने महकमा में भी काम लेना हो तो unless he tips the man concerned उस का काम नहीं होगा। तो, स्पीकर साहिब, मैं अर्ज करूंगा कि कुरपशन इस हद तक बढ़ी हुई है। इस की वजह क्या है कि Bureaucracy is in full swing. वुज़रा साहिबान को कोई पूछता नहीं। इन की हिम्मत नहीं कि कोई आर्डर पास कर दें और उस को इम्पलीमेंट करवा दें। इस वक्त भी मेरे सामने दो वुज़रा साहिबान जलवा अफरोज़ हैं और वह जानते हैं इस बात को। कहा यह जाता है कि दास कमीशन की रिपोर्ट हमारे लिए बाइबल का दर्जा रखती है। लेकिन हालत यह है कि कोई बात जायज हो या नाजायज़ हो डे टू डे एडमिनिस्ट्रेशन में इन्टरफीरेंस चलती है इन की। और इन में लिख कर देने की तो हिम्मत नहीं इस लिये टैलीफोन पर बात करते हैं और मैसेज जाते हैं और फिर जिस अफसर से काम लेना हो उस को अफसर के नाते से नहीं भाई चारे के नाते से कहा जाता है कि देखना भाई यह काम करना है चाहे जिस तरह भी हो। मैं अर्ज़ करूं कि दखल दर माबूलात एडमिनिस्ट्रेशन में कर रहे हैं इस लिये यह नहीं कहा जा सकता कि इस हकूमत ने हमें नीट और क्लीन एडमिनिस्ट्रेशन दी है कुरप्शन बढ़ी है और इनएफीशंसी बढ़ी है। Highly inefficient administration we are having in the State at present. एक छोटे से काम के लिए भी unless you pursue the matter on personal level काम होता नहीं और छ: महीने तक सड़कें मापनी पड़ती हैं। और unless you wander from pillar to post, unless you just knock at the doors of the individuals आप का काम नहीं चलेगा। आप ने गवर्नमैण्ट मुलाज़मों की क्या हालत कर रखी है। जब तक किसी का खूंटा भारी न हो तब तक वह नौकरी के अन्दर रह नहीं सकता। आप इनके साथ ज्यादती कर रहे हैं लैजिस्लेटरों को तो आप अलाऊंस 300 से 400 करना चाहते हैं ताकि इन का मूंह बन्द कर दिया जाए और हमें खुश रखने की खातर इस तरह किया जा रहा है लेकिन गवर्नमैण्ट मुलाज़मों को कुछ नहीं दिया जा रहा है। खाह कोई अमीर या गरीब है, देहाती या शहरी हो, मुलाज़म या मालिक हो सब के लिये महंगाई यकसां है फिर क्यों एम. एल. एज़. को तो अलाऊंस बढ़ा रहे हैं और मुलाज़मों को कुछ नहीं दिया गया। क्या वजह है कि गवर्नमैंट आफ इंडिया ने अपने मुलाज़मों का डी. ए. 6 दफा बढ़ाया है ? तो फिर क्या वजह है कि पंजाब की हुकूमत ने इन मुलाज़मों का डी. ए. नहीं बढ़ाया। और हर चीज महंगी हो रही है आप ज्यादा टैक्स लगा रहे हैं ईन्टों पर लगा दिया ज़मीन महंगी कर दी लकिन मुलाज़मों की तनखाह नहीं बढ़ाई। इफ दे वांट टू पुट एन एंड टू कुरप्शन तो उस का एक ही हल है कि डे टू डे एडमिनिस्ट्रेशन को नीट एंड क्लीन किया जाए। और मुलाज़मों की तन्खाहों में अज़ाफा किया जाए ताकि वह अपना गुज़ारा इन बढ़ती हुई कीमतों में कर सकें। आज इन में फरस्ट्रेशन है।

[पंडित चिरंजी लाल शर्मा]

अभी अभी मैं चैंबर में आ रहा था तो मुझे पी.सी.एस. एसोशिसिएशन की तरफ से यह एक मैमोरैंडम मिला। मुझे वह तो मालूम नहीं कि किस ने दिया लेकिन इस को देख कर तअाजुब होता है। मैं ने इसे पढ़ कर देखा है जिस में उन्होंने ज़िक्र किया है कि पी.सी.एस. काडर पिछले 40 साल से इसी तरह से चला आ रहा कोई इस को तरक्की नहीं दी गई जब कि महंगाई इन दिनों कहीं से कहीं चली गई है। मेरा कहने का मतलब यहां पर पी.सी.एस. आफीसर्ज़ के काज़ को प्लीड करने का नहीं है और ना ही मुझे किसी पी.सी.एस. से प्यार है। But the facts are facts and they must be faced squarely. एक तरफ आप कहते हैं कि तमाम महकमों के लोगों की इन्स्पैक्टर्ज़ और सब-इनस्पैक्टर्ज़ की, दीगर अमले की तनखाहें बढ़ी हैं, मगर किया कुछ नहीं गया। इस हाऊस के अंदर भी और बाहर भी बड़ी बड़ी एशोरैंसिज़ दी जाती हैं मगर किया कुछ नहीं जाता। रैप्रिजैंटेशन्ज़ लेकर रख ली, उन को ऐंश्योरैंस दे दी और इस के बाद कुछ ना किया यह आज की सरकार का काम है। इस लिये मैं इस केस के मुताल्लिक इतना ही कहूंगा कि इन लोगों की, जिन के पहले 40 साल से गरेड मुकरर हैं इनको रिवाईज़ कर के इनकी हौसला अफज़ाई ज़रूर की जाये।

जहां तक इंडस्टरी का सवाल है इस के मुतल्लिक मैं पहले भी काफी फैक्टस ऐण्ड फिगर्ज़ दे चुका हूं। जहां तक पंजाब की इंडस्ट्रियल डिवैल्पमैंट का सवाल है, पंजाब ने इंडस्टरी में काफी डिवैल्पमैंट की है। इस चीज़ से इनकार नहीं किया जा सकता। मगर इंडस्टरी में साबिका हकूमत के बाद जो मौजूदा हकूमत आई है इस ने 10 प्रति शत तरक्की भी नहीं की। इस की मैं एक मसाल देता हूं कि कसबा घनौर में 157 एकड़ जमीन अक्वायर की गई, मगर जब फैक्टरी लगने का वक्त आया तो यह फैक्टरी या लगी ज़िला कांगड़ा में। यह 14 लाख की स्कीम थी जब इस के मुताल्लिक इस सरकार से पूछा गया तो इस का आज तक कोई जवाब नहीं मिला। बताऊं इस फैक्टरी को क्यों रिमूव किया गया इस लिये कि यह मेरे हलका के अपने कसबा घनौर में लग रही थी। इस लिये रिमूव किया क्योंकि यह मेरे अपने हलका सोनीपत में लग रही थी। इस लिये भी यहां नहीं लगाई गई क्योंकि यह डिस्टरिक्ट रोहतक के अंदर लगने वाली थी और इस लिये भी नहीं लग सकी क्योंकि यह डिस्टरिक्ट हरियाना प्रान्त में आता है। इसी तरह से पानीपत में एक पेपर मिल लगनी थी मगर वह पालमपुर उठा कर ले जाई गई। यह आखिर हमारे इलाके से ऐसा स्लूक होता क्यों है। क्या उन की निगाह में हमारे इलाके की ज़मीन इंडस्ट्रियल डिवल्पमैंट के लिये अच्छी नहीं है? ठीक है, इंडस्ट्रियल डिवल्पमैंट, आप अगर अम्बाला से आगे अमृतसर तक चाहे चले जायें, वहां ही हो सकती है मगर इस इलाका के लिये ना कोई इंडस्टरी है, ना कोई परमिट कोटे का सवाल वहां अट्रैक्शन की कोई चीज़ नहीं है, nothing of the kind and no encouragement और जब से बिजली की शार्टेज हुई है उस वक्त से कुनैकशन भी कटने शुरू हो गये हैं। ना कोई सैंट्र से हैल्प मिलती है और ना ही इस सरकार से। ना हम इंडस्टरी में डिवैल्प हो सके हैं, और ना हम एग्रीकलचर में ही आगे आ सके यह एक कमज़ोरी है जो दिन बदिन हमारे इलाके में बढ़ती जाती है जिस से मैं समझता हूं कि यह कभी भी पूरी नहीं हो सकेगी।

इक चीज़ स्पीकर साहिब, मैं रोड ट्रांस्पोर्ट के बारे में भी अर्ज़ करदूं कि आर.टी. ए. का जो महकमा है यह एक बनिये की दुकान है। इस महकमे का काम है लोगों को रूट परमिट देना। अगर किसी गुड़गावां के आदमी को रूट परमिट लेना पड़े तो इस को अम्बाला आना होगा, इसी तरह से कोई रोहतक का झज्जर का रूट परमिट लेना चाहता है तो उसे भी रिजनल ट्रांस्पोर्ट अम्बाला के आफिस में आना पड़ेगा। इस के साथ ही महेंद्रगढ़ वालों को रिजनल ट्रांस्पोर्ट आथेरिटी पटियाला के पास जाना पड़ेगा। अगर सौदा की ज़रूरत तो यहां हो और बनिये की दुकान यहां से दूसरे गांव में हो तो वहां पर कोई सौदा खरीदने नहीं जाता मगर यह कहते हैं कि इतनी दूर से अंबाले आओ अगर रूट परमिट लेना हो तो क्यों नहीं ऐसा किया जाता कि आर. टी. ए. का हैड क्वारटर ही अंबाला से रोहतक शिफट कर दिया जाये ताकि दूसरे ट्रांस्पोर्टर्ज़ को किसी तरह की भी कोई इनकनवीनियेंस ना हो।

स्पीकर साहिब, वैसे तो बड़ी बड़ी ज्वानज़ चल रही हैं मगर कल जो पेपर में न्यूज़ आई है कांग्रेस वर्किंग कमेटी की, इसका जो रैजोल्यूशन है इस ने एक चीज तो कलियर कर दी है कि on the basis of language पंजाबी सूबा बना दिया जाये, हिल्ली एरिया के बारे में भी यह कलैरीफिकेशन आ गई है कि इसे हिमाचल में मरज कर दिया जाये but our fate is still hanging in the balance. जहां तक हरियाने का सवाल है इस के बारे में हाई कमांड भी अभी तक कलियर नहीं है। मगर on the floor of the House हरियाना के लोगों की तरफ से मैं यह बात कलियर कर देनी चाहता हूं कि हरियाना के लोग कोई भेड़ बकरियां नहीं हैं कि जिधर मरजी हो उन को धकेल दिया जाये वह अपनी किसमत का फैसला खुद करेंगे। वह यह हरगिज़ बरदाश्त नहीं करेंगे कि उन के ऊपर किसी तरह से पंजाबी ठोसी जाये या इस को बाईफरकेट किया जायेगा या इस के टुकड़े ही किये जायें। यह इस तरह की बातें हरगिज़ हरगिज़ बरदाश्त नहीं करेंगे। यह अपनी किसमत के खुद ज़िम्मेवार हैं। मैं यह बात भी याद करा देना चाहता हूं कि 1857 की तहरीके आज़ादी हरियाना से चली थी, इस के बाद मेरठ, झज्जर और जींद से गदर शुरू हुआ था। क्या यह हमें आज़ादी हासिल करने का बदला दिया जा रहा है। हरियाना ने आज तक हकीकत की लड़ाइयां लड़ी हैं। हरियाना ने गंगा यमुना पार तक दुशमन को भगाया, कुरुक्षेत्र में हकीकत की लड़ाई लड़ कर दिखाई। हम हमेशा से झूठ के मुखालिफ हैं, हकीकत के खिलाफ हमारे ऊपर अगर कोई बात हम पर ठोसी जायेगी तो हम उसे बरदाश्त नहीं करेंगे। अगर कोई बात हकीकत के खिलाफ हम पर लादी गई, पंजाबी सूबा बने या ना बने, इस से हमें कोई सरोकार नहीं मगर हम अपने हित को किसी के लिये कुरबान नहीं करेंगे। अगर हाई कमांड ने हमारे जज़बात के साथ खलवाड़ किया तो याद रखें इन की दनदनाती हुई गोलियां हमारे लिये फूल बन जायेंगी।

ਪਸ਼ੂ ਪਾਲਣ ਅਤੇ ਖੇਤੀ-ਬਾੜੀ ਦੇ ਰਾਜ ਮੰਤਰੀ (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਇਸ ਬਜਟ ਦੇ ਮੁਤੱਲਿਕ ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਆਨਰੇਬਲ ਮੈਂਬਰ ਸਾਹਿਬਾਨ ਨੇ ਬੋਲਦਿਆਂ ਹੋਇਆਂ ਜਿਹੜੇ ਮੁਲਕ ਦੇ ਬਹੁਤ ਅਹਿਮ ਅਤੇ ਜ਼ਰੂਰੀ ਮਸਲੇ ਹਨ ਉਨ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ।

[ਪਸ਼ੂ ਪਾਲਣ ਅਤੇ ਖੇਤੀ-ਬਾੜੀ ਦੇ ਰਾਜ ਮੰਤ੍ਰੀ]

ਮੈਂ ਅਰਜ਼ ਕਰਾਂ ਕਿ ਖੁਰਾਕ ਦਾ ਮਸਲਾ ਇਸ ਮੁਲਕ ਲਈ ਸਭ ਤੋਂ ਵੱਡਾ ਅਤੇ ਅਹਿਮ ਪ੍ਰਾਬਲਮ ਹੈ। ਮਰਹੂਮ ਪ੍ਰਧਾਨ ਮੰਤਰੀ ਨੇ ਜੋ ਜੈ ਜਵਾਨ ਅਤੇ ਜੈ ਕਿਸਾਨ ਦਾ ਨਾਹਰਾ ਲਾਇਆ ਸੀ ਉਹ ਐਨ ਵਕਤ ਦੇ ਮੁਤਾਬਿਕ ਸੀ। ਇਸ ਦੇ ਮੁਤਾਬਿਕ ਜੋ ਸਾਨੂੰ ਵਿਚਾਰ ਅਤੇ ਸੁਝਾਓ ਮਿਲਣੇ ਸੀ ਉਹ ਨਹੀਂ ਦਿੱਤੇ ਗਏ। ਇਹ ਠੀਕ ਹੈ ਕਿ ਇਸ ਸਾਰੇ ਪ੍ਰਾਬਲਮ ਤੋਂ ਸਰਕਾਰ ਚੰਗੀ ਤਰ੍ਹਾਂ ਜਾਣੂ ਹੈ ਪਰ ਇਨ੍ਹਾਂ ਦੇ ਹਲ ਕਰਨ ਵਿਚ ਵੀ ਸਰਕਾਰ ਨੂੰ ਬੜੀਆਂ ਬੜੀਆਂ ਮੁਸ਼ਕਲਾਤਾਂ ਹਨ, ਪਰ ਜੇ ਸਾਰੇ ਮੈਂਬਰ ਸਾਹਿਬਾਨ ਇਕ ਹੌਕੇ ਕਾਨਫੀਡੈਂਸ ਨਾਲ ਹਲ ਕਰਨਾ ਚਾਹੁੰਣ ਤਾਂ ਇਹ ਚੰਗੀ ਤਰ੍ਹਾਂ ਹਲ ਹੋ ਸਕਦੀਆਂ ਹਨ। ਇਹ ਠੀਕ ਹੈ ਕਿ ਲੜਾਈ ਦੇ ਕਾਰਨ, ਕਾਫੀ ਖਰਚ ਹੋਣ ਕਰਕੇ ਕਈ ਪਲੈਨਜ਼ ਕਟ ਹੋਣੀਆਂ ਸੀ ਪਰ ਫੇਰ ਵੀ ਜੇ ਨਿਗਾਹ ਮਾਰੀ ਜਾਵੇ ਤਾਂ ਐਗਰੀਕਲਚਰ ਅਤੇ ਐਨੀਮਲ ਹਸਬੈਂਡਰੀ ਲਈ 9 ਕਰੋੜ ਅਤੇ 64 ਲੱਖ ਰੁਪਏ ਦੀ ਰਕਮ ਰੱਖੀ ਹੈ। ਮੈਂ ਸਮਝਦਾ ਹਾਂ ਕਿ ਇਤਨੀ ਪਰੋਵੀਜ਼ਨ ਕਰਕੇ ਅਸੀਂ ਬੜੀ ਹਿੰਮਤ ਕੀਤੀ ਹੈ। ਪਰ ਇਸ ਦੇ ਮੁਕਾਬਲੇ ਤੇ ਜੇ ਸਾਰੇ ਪ੍ਰਾਬਲਮਜ਼ ਨੂੰ ਦੇਖਿਆ ਜਾਵੇ ਤਾਂ ਇਹ ਰਕਮ ਬਿਲਕੁਲ ਹੀ ਥੋੜ੍ਹੀ ਹੈ। ਮੈਂਬਰ ਸਾਹਿਬਾਨ ਵੀ ਗਿਲਾ ਕਰਦੇ ਹਨ ਕਿ ਸਾਨੂੰ ਸਕੀਮਜ਼ ਚਲਾਉਣ ਵਾਸਤੇ ਬੜੀ ਘਟ ਰਕਮ ਦੀ ਪ੍ਰੋਵੀਜ਼ਨ ਕੀਤੀ ਜਾਂਦੀ ਹੈ। ਜੇ ਕਰ ਸਾਰਿਆਂ ਮਸਲਿਆਂ ਦਾ ਮੈਂ ਏਥੇ ਜ਼ਿਕਰ ਕਰਾਂ ਤਾਂ ਬੜਾ ਵਕਤ ਚਾਹੀਦਾ ਹੈ। ਮੈਂ ਸਿਰਫ ਕਣਕ ਦੇ ਬੀਜ ਦਾ ਹੀ ਏਥੇ ਜ਼ਿਕਰ ਕਰਦਾ ਹਾਂ। ਹਰ ਸਾਲ ਸਾਨੂੰ ਬੀਜਣ ਲਈ 60 ਲੱਖ ਮਣ ਬੀਜ ਚਾਹੀਦਾ ਹੈ ਜੇ ਸਾਰੇ ਏਰੀਆ ਦੀ ਮੁਕੰਮਲ ਤੌਰ ਤੇ ਬਿਜਾਈ ਕਰਵਾਈ ਜਾਵੇ ਅਤੇ ਇਸ ਦੇ ਲਈ ਘਟ ਤੋਂ ਘਟ 70 ਕਰੋੜ ਰੁਪਏ ਦੀ ਲੋੜ ਹੈ। ਜੇ ਫਰਟੇਲਾਈਜ਼ਰ ਲਈ ਹਿਸਾਬ ਲਾਈਏ..........

ਇਕ ਮਾਨਯੋਗ ਮੈਂਬਰ : ਕੋਰਮ ਨਹੀਂ ਹੈ ਜੀ। (ਘੰਟੀ ਵਜਾਈ ਗਈ)

ਪਸ਼ੂ ਪਾਲਣ ਅਤੇ ਖੇਤੀ-ਬਾੜੀ ਰਾਜ ਮੰਤਰੀ : ਮੈਂ ਬੀਜਾਂ ਦਾ ਜ਼ਿਕਰ ਕਰ ਰਿਹਾ ਸੀ। ਸਪੀਕਰ ਸਾਹਿਬ, ਲੜਾਈ ਨੇ ਸਾਡੇ ਸਭ ਕੰਮਾਂ ਵਿਚ ਕਾਫੀ ਰੋਕ ਪਾਈ ਹੈ। ਸਾਨੂੰ ਐਗਰੀਕਲਚਰਲ ਆਊਟਲੁਕ ਤਬਦੀਲ ਕਰਨ ਦੀ ਲੋੜ ਹੈ। ਇਸ ਕਰਕੇ ਅਸੀਂ ਨਵੀਂ ਸਟਰੈਟੇਜੀ ਅਖਤਿਆਰ ਕੀਤੀ ਹੈ। ਉਹ ਸਟਰੈਟੇਜੀ ਇਹ ਹੈ ਕਿ ਸਾਡੀ ਐਗਰੀਕਲਚਰ ਯੂਨੀਵਰਸਟੀ ਦੇ ਮਾਹਿਰਾਂ ਨੇ ਸਾਨੂੰ ਚੰਗੇ ਬੀਜ ਦਿਤੇ ਨੇ। ਉਨ੍ਹਾਂ ਦੇ ਕਾਰਨ, ਸਪੀਕਰ ਸਾਹਿਬ, ਅਸੀਂ 1966-67 ਵਿਚ ਇੰਟੈਂਸਿਵ ਕਲਟੀਵੇਸ਼ਨ ਕਰਨਾ ਚਾਹੁੰਦੇ ਹਾਂ ਉਨ੍ਹਾਂ ਫਸਲਾਂ ਦੀ ਜਿਨ੍ਹਾਂ ਦੇ ਬੀਜ ਸਾਡੇ ਕੋਲ ਆ ਗਏ ਨੇ, ਜਿਨ੍ਹਾਂ ਦੀ ਪਰ ਏਕੜ ਯੀਲਡ ਬਹੁਤ ਜ਼ਿਆਦਾ ਵਧਣ ਦਾ ਇਮਕਾਨ ਹੈ। ਇਹ ਪਰ ਏਕੜ ਯੀਲਡ ਤਦ ਹੀ ਵਧ ਸਕਦੀ ਹੈ ਜੇ ਇਰੀਗੇਸ਼ਨ ਫੈਸਿਲੇਟੀਜ਼ ਪੂਰੀਆਂ ਹੋਣ ਤੇ ਫਰਟੇਲਾਈਜ਼ਰ ਪੂਰੀ ਤਰ੍ਹਾਂ ਮਿਲ ਸਕੇ। ਸਪੀਕਰ ਸਾਹਿਬ, ਫਰਟੇਲਾਈਜ਼ਰ ਦੇ ਮੁਤੱਲਿਕ ਸਾਡੇ ਦੇਸ਼ ਦੇ ਵਿਚ ਕਾਫੀ ਕਰਿਟਿਸਿਜ਼ਮ ਹੋਈ ਕਿ ਅਸੀਂ ਫਰਟੇਲਾਈਜ਼ਰ ਬਾਹਰੋਂ ਕਿਉਂ ਮੰਗਾਉਂਦੇ ਹਾਂ। ਮੈਂ ਦਸਣਾ ਚਾਹੁੰਦਾ ਹਾਂ ਕਿ ਫਰਟੇਲਾਈਜ਼ਰ ਦੀ ਮੰਗ, ਇਸ ਦੀ ਵਰਤੋਂ ਐਨੀ ਤੇਜ਼ੀ ਨਾਲ ਵਧੀ ਹੈ ਕਿ ਇਹ ਖੁਸ਼ੀ ਦਾ ਮਕਾਮ ਹੈ ਕਿ ਫਰਟੇਲਾਈਜ਼ਰ ਨੂੰ ਕਿਸਾਨਾਂ ਨੇ ਅਪਣਾਇਆ ਹੈ। ਪਲਾਨ ਵਿਚ ਇਹ ਕਦੇ ਵੀ ਖਿਆਲ ਨਹੀਂ ਕੀਤਾ ਜਾ ਸਕਦਾ ਸੀ ਕਿ ਐਨੀ ਮੰਗ ਐਨੀ ਛੇਤੀ ਵਧ ਜਾਏਗੀ। ਜਦ ਤਕ ਅਸੀਂ ਬਾਹਰੋਂ ਫਰਟੇਲਾਈਜ਼ਰ ਨਹੀਂ ਮੰਗਾਵਾਂਗੇ ਅਸੀਂ ਇਹ ਮੰਗ ਪੂਰੀ ਨਹੀਂ ਕਰ ਸਕਾਂਗੇ। ਗੌਰਮਿੰਟ ਆਫ ਇੰਡੀਆ ਦੇ ਫੂਡ ਐਂਡ ਐਗਰੀਕਲਚਰ ਮਨਿਸਟਰ ਸ਼੍ਰੀ ਸੁਬਰਮਾਨੀਯਮ ਨੇ ਕਿਹਾ ਸੀ ਕਿ ਬਾਹਰੋਂ ਫਰਟੇਲਾਈਜ਼ਰ ਲਿਆਂਦਾ ਜਾਵੇ, ਇਸ ਤੋਂ ਬਿਨਾਂ ਹਿੰਦੁਸਤਾਨ ਸੈਲਫ ਸਫੀਸ਼ੈਂਟ ਨਹੀਂ ਹੋ ਸਕਦਾ। ਇਸ ਦਾ ਇਹ ਮਤਲਬ ਨਹੀਂ ਕਿ ਇਹ ਕੁਛ ਅਰਸੇ ਲਈ ਮੰਗਾਉਣਾ ਹੈ ਯਾ ਹਮੇਸ਼ਾ ਲਈ ਮੰਗਾਉਣਾ ਹੈ। ਜਦ ਤਕ ਸਾਡੀਆਂ ਆਪਣੀਆਂ ਫੈਕਟਰੀਆਂ ਸੈਟ ਅਪ ਨਹੀਂ ਹੁੰਦੀਆਂ ਬਾਹਰੋਂ

ਫਰਟੇਲਾਈਜ਼ਰ ਮੰਗਾਉਣਾ ਜ਼ਿਆਦਾ ਅਛਾ ਹੈ ਬਨਿਸਬਤ ਇਸ ਦੇ ਕਿ ਅਸੀਂ ਅਨਾਜ ਬਾਹਰੋਂ ਮੰਗਾਈਏ । ਇਹ ਮੁਨਾਸਬ ਹੈ । ਅਸੀਂ ਹਿੰਮਤ ਅਤੇ ਮਿਹਨਤ ਨਾਲ ਕੰਮ ਕਰਨਾ ਹੈ । ਪੰਜਾਬ ਵਿਚ ਸਾਨੂੰ ਜਿੰਨੇ ਫਰਟੇਲਾਈਜ਼ਰ ਦੀ ਲੋੜ ਹੈ ਓਨਾਂ ਫਰਟੇਲਾਈਜ਼ਰ ਮੰਗਾਉਣ ਦੀ ਆਗਿਆ ਦਿਤੀ ਹੈ। ਇਸ ਸਾਲ ਵਿਚ 75 ਲਖ ਟਨ ਫਰਟੇਲਾਈਜ਼ਰ ਇਸਤੇਮਾਲ ਕਰਨ ਦਾ ਟੀਚਾ ਲਗਾਇਆ ਹੈ । ਸਪੀਕਰ ਸਾਹਿਬ, ਮੇਰੇ ਬਜ਼ੁਰਗ ਦੋਸਤ ਮਾਸਟਰ ਗੁਰਬੰਤਾ ਸਿੰਘ ਹੋਰਾਂ ਨੇ ਉਸ ਦਿਨ ਕਿਹਾ ਸੀ ਕਿ ਅਸੀਂ ਓਨੀ ਤੇਜ਼ੀ ਨਾਲ ਨਹੀਂ ਚਲਦੇ ਜਿੰਨਾ ਅਸੀਂ ਪਹਿਲਾਂ ਚਲਦੇ ਸੀ। ਮੈਂ ਤੁਹਾਡੀ ਮਾਰਫਤ ਹਾਊਸ ਨੂੰ ਅੰਕੜਿਆਂ ਰਾਹੀਂ ਦਸਣਾ ਚਾਹੁਦਾ ਹਾਂ। ਮੈਂ ਫਿਗਰਜ਼ ਦਿੰਦਾ ਹਾਂ। 1961-62 ਵਿਚ ਸਾਡੀ ਫਰਟੇਲਾਈਜ਼ਰ ਦੀ ਖਪਤ 63,000 ਟਨ ਸੀ। 1962-63 ਵਿਚ 1,04,000 ਟਨ ਹੋਈ। 1965-66 ਵਿਚ ਇਹ 3,30,000 ਟਨ ਹੋਈ। 1966-67 ਵਿੱਚ ਜੇ ਸਾਨੂੰ ਪੂਰੀ ਖਾਦ ਮਿਲ ਸਕੀ ਤਾਂ ਸਾਨੂੰ ਆਸ ਹੈ ਕਿ ਇਹ 5,77,000 ਟਨ ਹੋਏਗੀ । ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਫਰਟੇਲਾਈਜ਼ਰ ਦੀ ਮੰਗ ਕਿੰਨੀ ਤੇਜ਼ੀ ਨਾਲ ਵਧੀ ਹੈ । ਜਿਥੇ ਫਰਟੇਲਾਈਜ਼ਰ ਦੀ ਮੰਗ ਵਧੀ ਹੈ ਓਥੇ ਬੀਜਾਂ ਦੀ ਖਪਤ ਕਿੰਨੀ ਹੋਈ ਹੈ ਉਹ ਵੀ ਮੈਂ ਦਸਣਾ ਚਾਹੁੰਦਾ ਹਾਂ । ਮਾਸਟਰ ਜੀ ਆ ਗਏ ਨੇ, ਬੜੀ ਖੁਸ਼ੀ ਦੀ ਗਲ ਹੈ । 1961-62 ਵਿਚ ਅਸੀਂ ਸਿਰਫ 29,600 ਕੁਇੰਟਲ ਕਣਕ ਦਾ ਬੀਜ ਦਿਤਾ । 1,285 ਕੁਇੰਟਲ ਚੌਲਾਂ ਦਾ, 17,482 ਕੁਇੰਟਲ ਨਰਮੇ ਦਾ, 819 ਕੁਇੰਟਲ ਬਾਜਰੇ ਦਾ ਦਿਤਾ । 1965-66 ਵਿਚ, ਅਸੀਂ ਉਸ ਨਾਲ ਮੁਕਾਬਲਾ ਕਰੀਏ ਤਾਂ ਕਣਕ ਦਾ ਬੀ ਜਿਹੜਾ ਅਸੀਂ ਦਿਤਾ 1,22,060 ਕੁਇੰਟਲ ਸੀ । ਰਾਈਸ ਦਾ 8,400 ਕੁਇੰਟਲ, ਨਰਮੇ ਦਾ 44,500, ਬਾਜਰੇ ਦਾ 1,900 ਕੁਇੰਟਲ ਤੇ ਹਾਈਬਰਿਡ ਮੇਜ਼ ਦਾ 3,962 ਕੁਇੰਟਲ ਬੀਜ ਦਿਤਾ । ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਸੀਂ ਕਿੰਨੀ ਤੇਜ਼ੀ ਨਾਲ ਵਧ ਰਹੇ ਹਾਂ । ਲੇਕਿਨ ਜੇ ਇਹ ਕਹਿਣ ਕਿ ਇਹ ਪੂਰਾ ਨਹੀਂ, ਇਹ ਬਿਲਕੁਲ ਪੂਰਾ ਨਹੀਂ ਹੋ ਸਕਦਾ । ਇਹ ਬੜੀ ਵੱਡੀ ਪਰਾਬਲਮ ਹੈ । ਮੈਂ ਸਮਝਦਾ ਹਾਂ ਕਿ ਜੇ ਸਾਨੂੰ ਇਹ ਜ਼ਿਆਦਾ ਮਿਲ ਜਾਏ ਤਾਂ ਅਸੀਂ ਹੋਰ ਅਛਾ ਪਰਬੰਧ ਕਰ ਸਕਦੇ ਹਾਂ । ਸਪੀਕਰ ਸਾਹਿਬ, ਅਜ ਕਲ ਜਦ ਤਕ ਖੇਤੀ-ਬਾੜੀ ਨੂੰ ਨਵੇਂ ਢੰਗਾਂ, ਨਵੇਂ ਆਊਟਲੁਕ ਨਾਲ ਨਾ ਕੀਤਾ ਜਾਏ, ਨਵੀਂ ਬੇਹਤਰੀਨ ਮੈਨੇਜਮੈਂਟ ਨਾ ਲਿਆਂਦੀ ਜਾਏ ਤਾਂ ਤਰੱਕੀ ਨਹੀਂ ਹੋ ਸਕਦੀ । ਇਸ ਲਈ ਜਦ ਤਕ ਕਿਸਾਨ ਨੂੰ ਜ਼ਿਆਦਾ ਤੋਂ ਜ਼ਿਆਦਾ ਕਰੈਡਿਟ ਨਹੀਂ ਮਿਲਦਾ ਉਹ ਪੂਰਾ ਕੰਮ ਨਹੀਂ ਕਰ ਸਕਦਾ । ਕਰੈਡਿਟ ਸਾਡੀ ਸਰਕਾਰ ਲਈ ਬੜਾ ਵਡਾ ਮਸਲਾ ਹੈ । ਉਸ ਨੂੰ ਕਿਸ ਤਰ੍ਹਾਂ ਪੂਰਾ ਕੀਤਾ ਜਾਣਾ ਚਾਹੀਦਾ ਹੈ । ਮੈਨੂੰ ਅਫਸੋਸ ਹੈ ਕਿ ਇਸ ਹਾਊਸ ਵਿਚ ਕਿਸੇ ਆਨਰੇਬਲ ਮੈਂਬਰ ਨੇ ਇਸ ਬਾਰੇ ਕੋਈ ਸਜੈਸ਼ਨ ਨਹੀਂ ਦਿਤੀ ਜਿਸ ਦਾ ਅਸੀਂ ਮੁਕਾਬਲਾ ਕਰ ਲਈਏ । ਸਪੀਕਰ ਸਾਹਿਬ, ਮੈਂ ਤਹਾਨੂੰ ਦਸਿਆ ਸੀ ਕਿ ਖਾਦ ਅਤੇ ਬੀਜ ਲਈ ਸਾਨੂੰ 16 ਕਰੋੜ ਰੁਪਏ ਕਰੈਡਿਟ ਦੀ ਰਕਮ ਚਾਹੀਦੀ ਹੈ ਇਕ ਸਾਲ ਵਿਚ । ਜਿਥੇ ਸਾਡਾ ਬਜਟ ਸਿਰਫ 9 ਕਰੋੜ ਦਾ ਹੈ ਓਥੇ ਸਾਨੂੰ ਫਰਟੇ-ਲਾਈਜ਼ਰ ਅਤੇ ਸੀਡ ਲਈ 16 ਕਰੋੜ ਰੁਪਿਆ ਚਾਹੀਦਾ ਹੈ । ਲੇਕਿਨ ਇਹ ਸਾਡੀ ਡਿਵੈਲਪਿੰਗ ਅਕਾਨੋਮੀ ਵਿਚ ਸਭ ਤੋਂ ਜ਼ਿਆਦਾ ਘਾਟੇ ਵਾਲਾ ਕੰਮ ਹੈ । ਜਿੰਨਾ ਸਾਨੂੰ ਕਰਜ਼ਾ ਚਾਹੀਦਾ ਹੈ, ਜਿੰਨੀ ਰਕਮ ਚਾਹੀਦੀ ਹੈ, ਬਾਵਜੂਦ ਸਾਡੀ ਸਾਰੀ ਕੋਸ਼ਿਸ਼ ਦੇ ਸਾਡੀ ਮਾਇਕ ਪੁਜ਼ੀਸ਼ਨ ਸਟੇਟ ਦੀ ਜੋ ਹੈ ਉਹ ਇਸ ਨੂੰ ਪੂਰਾ ਨਹੀਂ ਕਰ ਸਕਦੀ । ਇਸ ਕਰਕੇ ਸਾਨੂੰ ਕਰੈਡਿਟ ਸਿਸਟਮ ਨੂੰ ਕੋਆਪਰੇਟਿਵ ਸਿਸਟਮ ਦੁਆਰਾ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ । ਲੈਂਡ ਮਾਰਗੇਜ ਬੈਂਕਾਂ ਰਾਹੀਂ ਜਿਹੜਾ ਅਸੀਂ ਕਰੈਡਿਟ ਦੇਣ ਦਾ ਫੈਸਲਾ ਕੀਤਾ ਹੈ ਯਾ ਕੋਆਪਰੇਟਿਵ ਰਾਹੀਂ ਫਰਟੇਲਾਈਜ਼ਰ ਦਾ ਜਿਹੜਾ ਫੰਡ ਇਕਠਾ ਕਰਨਾ ਸ਼ੁਰੂ ਕੀਤਾ ਹੈ ਦਰਅਸਲ ਮਕਸਦ ਇਹ ਹੈ ਕਿ ਲੋਕਾਂ ਨੂੰ ਵਧ ਤੋਂ ਵਧ ਕਰੈਡਿਟ ਦਿਤਾ ਜਾਵੇ । ਲੇਕਿਨ ਕਰੈਡਿਟ ਦਾ ਲੋਨ ਰਿਜ਼ਰਵ ਬੈਂਕ ਦੇ ਨੀਚੇ ਨਹੀਂ । ਜੇ ਤੁਸੀਂ ਸਾਰਾ ਕਰੈਡਿਟ ਤਕਾਵੀ ਰੂਪ ਵਿਚ ਕੋਆਪਰੇਟਿਵ ਰਾਹੀਂ ਸ਼ੁਰੂ ਕਰੋ ਤਾਂ ਤੁਹਾਡਾ ਕਰੈਡਿਟ ਦਾ ਮਸਲਾ

[ਪਸ਼ੂ ਪਾਲਣ ਅਤੇ ਖੇਤੀ ਦੇ ਰਾਜ ਮੰਤਰੀ]

ਹਲ ਹੋ ਜਾਏਗਾ । ਮੈਂ ਉਮੀਦ ਕਰਦਾ ਹਾਂ ਕਿ ਜਿਹੜਾ ਤਜਰਬਾ ਅਸੀਂ ਅਗਲੇ ਸਾਲ ਕਰਾਂਗੇ ਇਸ ਵਿਚ ਸਾਨੂੰ ਲਾਭਦਾਇਕ ਸਫਲਤਾ ਹੋਵੇਗੀ । ਲੇਕਿਨ ਸਾਡੇ ਸੂਬੇ ਦੀ ਜੋ ਹਾਲਤ ਇਸ ਵੇਲੇ ਹੈ ਮੈਂ ਤਾਂ ਸਮਝਦਾ ਹਾਂ ਕਿ ਜਿੰਨਾ ਇੰਟਰੈਸਟ ਸਾਨੂੰ ਇਕਨਾਮਿਕ ਡਵੈਲਪਮੈਂਟ ਵਿਚ ਹੋਣਾ ਚਾਹੀਦਾ ਹੈ, ਜਿੰਨਾ ਇੰਟਰੈਸਟ ਸਾਨੂੰ ਐਗਰੀਕਲਚਰ ਡਿਵੈਲਪਮੈਂਟ ਵਿਚ ਹੋਣਾ ਚਾਹੀਦਾ ਹੈ, ਉਹ ਨਹੀਂ । ਅਸੀਂ ਤਾਂ ਪਾਰਟੀਸ਼ਨ ਅਤੇ ਇਨ੍ਹਾਂ ਚੀਜ਼ਾਂ ਤੇ ਵਕਤ ਜ਼ਿਆਦਾ ਦਿੰਦੇ ਹਾਂ ਤੇ ਇਨ੍ਹਾਂ ਕੰਮਾਂ ਲਈ ਵਕਤ ਨਹੀਂ ਮਿਲਦਾ ਤੇ ਉਨ੍ਹਾਂ ਨੂੰ ਜ਼ਿਆਦਾ ਅਹਿਮ ਸਮਝਦੇ ਹਾਂ । ਜਦੋਂ ਸਾਡਾ ਦੇਸ਼ ਇਕ ਰਹਿਣਾ ਹੈ ਤਾਂ ਸਾਨੂੰ ਇਸ ਚੀਜ਼ ਨੂੰ ਸੀਰੀਅਸਲੀ ਨਹੀਂ ਲੈਣਾ ਚਾਹੀਦਾ । ਸਾਨੂੰ ਐਡਮਨਿਸ-ਟਰੇਟਿਵ ਐਂਗਲ ਤੋਂ ਦੇਖਣਾ ਚਾਹੀਦਾ ਹੈ । ਸਾਡਾ ਸਾਰਾ ਵਕਤ ਤਾਂ ਹੋਰ ਚੀਜ਼ਾਂ ਹੀ ਲੈ ਜਾਂਦੀਆਂ ਹਨ । ਗਰੀਬਾਂ ਦੀ ਗ਼ਰੀਬੀ ਨੂੰ ਦੂਰ ਕਰਨਾ ਚਾਹੀਦਾ ਹੈ । ਮੇਰੇ ਲਈ ਇਹ ਕਹਿਣਾ ਖੁਸ਼ੀ ਦੀ ਗਲ ਹੈ ਕਿ ਜੋ ਕਮਪਲੇਂਟ ਕਮਿਊਨਿਲਿਸਟਾਂ ਕੋਲੋਂ ਹੁੰਦੀ ਸੀ ਉਹ ਖਤਮ ਹੋ ਗਈ ਹੈ । ਹੁਣ ਜਿਹੜੀ ਵੀ ਪਾਰਟੀ ਇਸ ਸੂਬੇ ਵਿਚ ਬਰਸਰੇਇਕਤਦਾਰ ਆਏਗੀ ਆਪਣੀ ਇਕਨਾਮਿਕ ਪਾਲਿਸੀ ਦੇ ਬੇਸਿਜ਼ ਤੇ ਆਏਗੀ । ਕਾਂਗਰਸ ਦੀ ਆਈਡਿਆਲੋਜੀ ਇਕਨਾਮਿਕ ਪਲੈਨਿੰਗ ਅਤੇ ਸੈਕੂਲਰਿਜ਼ਮ ਹੈ । (ਵਿਘਨ) ਮੈਨੂੰ ਖਤਰਾ ਨਹੀਂ, ਦੂਸਰਿਆਂ ਦਾ ਫਲੈਂਕ ਖਤਮ ਹੋ ਰਿਹਾ ਹੈ । ਸਪੀਕਰ ਸਾਹਿਬ, ਜਿੱਥੇ ਖਾਦ ਅਤੇ ਬੀਜਾਂ ਦੀ ਲੋੜ ਹੈ ਉਸ ਦੇ ਨਾਲ ਸਭ ਤੋਂ ਜ਼ਿਆਦਾ ਇਰੀਗੇਸ਼ਨ ਪੋਟੈਂਸ਼ਲ ਵਧਾਉਣ ਦੀ ਵੀ ਲੋੜ ਹੈ । ਇਹ ਕਈ ਜ਼ਿਲ੍ਹਿਆਂ ਵਿਚ ਬਹੁਤ ਜ਼ਿਆਦਾ ਹੈ ਅਤੇ ਕਈ ਜ਼ਿਲ੍ਹਿਆਂ ਵਿਚ ਬਹੁਤ ਘਟ ਹੈ।

ਬਾਬੂ ਬਚਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਰੀਗੇਸ਼ਨ ਅਤੇ ਐਗਰੀਕਲਚਰ ਲਈ ਸਪੈਸ਼ਲੀ ਦੋ ਦਿਨ ਮੁਕਰਰ ਕੀਤੇ ਹੋਏ ਹਨ । ਇਸ ਕਰਕੇ ਇਨ੍ਹਾਂ ਨੂੰ ਬਜਟ ਤੇ ਕੁਝ ਰੋਸ਼ਨੀ ਪਾਉਣੀ ਚਾਹੀਦੀ ਹੈ।

ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਦੋਂ ਤਕ ਇਰੀਗੇਸ਼ਨ ਪੋਟੈਨਸ਼ਲ ਨਹੀਂ ਵਧੇਗਾ ਉਦੋਂ ਤਕ ਅਸੀਂ ਤੇਜ਼ੀ ਨਾਲ ਤਰੱਕੀ ਨਹੀਂ ਕਰ ਸਕਦੇ । ਇਰੀਗੇਸ਼ਨ ਪੋਟੈਂਸ਼ਲ ਵਧਾਉਣ ਖਾਤਿਰ 1964-65 ਦੇ ਵਿਚ 6 ਹਜ਼ਾਰ 8 ਸੌ ਟਿਊਬਵੈਲ ਐਨਰਜਾਈਜ਼ ਹੋਏ ਸੀ ਔਰ 1965-66 ਦੇ ਵਿਚ 11 ਹਜ਼ਾਰ ਟਿਊਬਵੈਲਾਂ ਦਾ ਟੀਚਾ ਸੀ ਔਰ 1966-67 ਦੇ ਵਿਚ 20 ਹਜ਼ਾਰ ਟਿਊਬਵੈਲ ਐਨਰਜਾਈਜ਼ ਕਰਨ ਦਾ ਫੈਸਲ ਕੀਤਾ ਹੈ। ਜੇ ਟੀਚਿਆਂ ਦੇ ਨੁਕਤਾਨਿਗਾਹ ਨਾਲ ਅਸੀਂ ਦੇਖੀਏ ਤਾਂ ਇਹ ਬਹੁਤ ਵਡੀ ਡਿਵੈਲਪਮੈਂਟ ਹੈ ਲੇਕਿਨ ਜੇ ਉਵਰਆਲ ਤਰੀਕੇ ਨਾਲ ਦੇਖੀਏ ਤਾਂ ਸਾਡਾ ਜਿਹੜਾ ਬੈਸਟ ਇਰੀਗੇਟਿਡ ਜ਼ਿਲ੍ਹਾ ਹੈ ਉਥੇ ਵੀ ਇਰੀਗੇਸ਼ਨ 66 ਫੀ ਸਦੀ ਤੋਂ ਵਧ ਨਹੀਂ ਹੈ। ਬੈਸਟ ਇਰੀਗੇਟਿਡ ਜ਼ਿਲ੍ਹਾ ਅੰਮ੍ਰਿਤਸਰ ਦਾ ਹੈ । ਇਸ ਕਰਕੇ ਮੈਂ ਸਮਝਦਾ ਹਾਂ ਕਿ ਜਦੋਂ ਤਕ ਅਸੀਂ ਇਰੀਗੇਸ਼ਨ ਪੋਟੈਂਸ਼ਲ ਨਹੀਂ ਵਧਾਵਾਂਗੇ ਅਸੀਂ ਉਦੋਂ ਤਕ ਤੇਜ਼ੀ ਨਾਲ ਫੂਡ ਵਿਚ ਸੈਲਫਸਫੀਸ਼ੈਂਟ ਨਹੀਂ ਹੋ ਸਕਦੇ । ਜਿੱਥੋਂ ਤਕ ਫੂਡ ਪ੍ਰੋਡਕਸ਼ਨ ਦਾ ਤਅੱਲੁਕ ਹੈ ਪਿਛਲੇ ਸਾਲ ਬਾਰਸ਼ ਘਟ ਹੋਣ ਦੇ ਬਾਵਜੂਦ ਵੀ ਸਾਡੀ ਜਿਹੜੀ ਸੌਣੀ ਦੀ ਫਸਲ ਸੀ ਉਹ ਉਸ ਤੋਂ ਪਿਛਲੇ ਸਾਲ ਦੇ ਬਰਾਬਰ ਸੀ । ਜੇ ਧਾਨਾਂ ਦੇ ਵਿਚ ਘਟ ਪੈਦਾਵਾਰ ਹੋਈ ਤਾਂ ਮਕੀ ਦੇ ਵਿਚ ਉਤਨੀ ਜ਼ਿਆਦਾ ਪੈਦਾਵਾਰ ਹੋਈ ਹੈ । ਕਣਕ ਦੇ ਬਾਰੇ ਜਿਹੜੀ ਸਾਡੀ ਆਸ ਸੀ ਕਿ ਅਸੀਂ 36 ਲਖ ਟਨ ਪੈਦਾ ਕਰ ਸਕਾਂਗੇ ਉਹ ਬਾਰਿਸ਼ ਨਾ ਹੋਣ ਦੀ ਵਜ੍ਹਾ ਕਰਕੇ ਪੂਰੀ ਨਹੀਂ ਹੋਈ ਕਿਉਂਕਿ ਕੁਦਰਤ ਵਲੋਂ ਨਹਿਰਾਂ ਦੇ ਵਿਚ ਪਾਣੀ ਵੀ ਨਹੀਂ ਸੀ ਰਿਹਾ । ਲੇਕਿਨ ਫੇਰ ਵੀ ਪਿੱਛੇ ਜਿਹੜੀ ਬਾਰਿਸ਼ ਹੋਈ ਹੈ ਉਸ ਦਾ ਬਹੁਤ ਫਾਇਦਾ ਹੋਇਆ ਹੈ ਔਰ ਸਾਨੂੰ ਆਸ ਹੈ ਕਿ 30 ਲਖ ਟਨ ਰੱਬੀ ਦੀ ਫਸਲ ਵੀ ਹੋ ਜਾਵੇਗੀ । ਮੈਂ ਤੁਹਾਡੇ ਰਾਹੀਂ ਦਸਣਾ ਚਾਹੁੰਦਾ ਹਾਂ ਕਿ

ਅਸੀਂ ਹਰ ਪਹਿਲੂ ਦੇ ਵਿਚ ਕੋਸ਼ਿਸ਼ ਕੀਤੀ ਹੈ ਕਿ ਵਧ ਤੋਂ ਵਧ ਕੰਮ ਕੀਤਾ ਜਾਵੇ। ਬੀਜਾਂ ਤੇ, ਫਰਟੀਲਾਈਜ਼ਰ ਤੇ ਅਤੇ ਇਨਸੈਕਟੀਸਾਈਡਜ਼ ਤੇ ਅਸੀਂ ਅਗੇ ਨਾਲੋਂ ਕਈ ਗੁਣਾ ਜ਼ਿਆਦਾ ਖਰਚ ਕਰ ਰਹੇ ਹਾਂ। ਲੇਕਿਨ ਸਾਡਾ ਜਿਹੜਾ ਕਿਸਾਨ ਹੈ ਉਹ ਇਹ ਚਾਹੁੰਦਾ ਹੈ ਕਿ ਸਾਰਾ ਕੰਮ ਐਗਰੀਕਲਚਰ ਦੇ ਮਹਿਕਮੇ ਵਾਲੇ ਹੀ ਉਸ ਨੂੰ ਕਰ ਕੇ ਦੇਣ। ਮੈਂ ਉਨ੍ਹਾਂ ਦੇ ਗਿਆਨ ਲਈ ਅਰਜ਼ ਕਰਨੀ ਚਾਹੁੰਦਾ ਹਾਂ ਕਿ ਐਗਰੀਕਲਚਰ ਡਿਪਾਰਟਮੈਂਟ ਦਾ ਰੋਲ ਇਕ ਟੀਚਰ ਦਾ ਹੈ। ਉਨ੍ਹਾਂ ਦੇ ਕੋਲ ਸਟਾਫ ਇਤਨਾ ਥੋੜਾ ਹੈ ਕਿ ਉਹ ਸਿਰਫ ਤਰੀਕਾ ਹੀ ਦਸ ਸਕਦੇ ਹਨ। ਮੈਨੂੰ ਇਹ ਦਸਣ ਵਿਚ ਖੁਸ਼ੀ ਹੈ ਕਿ ਐਗਰੀਕਲਚਰ ਯੂਨੀਵਰਸਟੀ ਨੇ ਜਿਹੜਾ ਫਾਰਮਰ ਦੀ ਟਰੇਨਿੰਗ ਦਾ ਪਰੋਗਰਾਮ ਬਣਾਇਆ ਹੈ ਉਸ ਦੇ ਨਾਲ ਕਿਸਾਨ ਦਾ ਬਹੁਤ ਹੌਂਸਲਾ ਵਧਿਆ ਹੈ। ਇਹ ਪਰੋਗਰਾਮ ਬੜਾ ਪਾਪੂਲਰ ਬਣ ਗਿਆ ਹੈ। ਉਥੇ ਜਿਹੜੇ ਬਾਹਰੋਂ ਕਿਸਾਨ ਭਰਾ ਜਾਂਦੇ ਹਨ ਉਨ੍ਹਾਂ ਨੂੰ ਨਾ ਸਿਰਫ ਯੂਨੀਵਰਸਟੀ ਦੇ ਵਿਚ ਹੀ ਚੰਗੀ ਖੇਤੀ ਦਿਖਾਈ ਜਾਂਦੀ ਹੈ ਬਲਕਿ ਉਥੇ ਲਾਗੇ ਲਾਗੇ ਦੇ ਪਰੋਗਰੈਸਿਵ ਫਾਰਮ ਵੀ ਦਿਖਾਏ ਜਾਂਦੇ ਹਨ। 1966-67 ਦੇ ਵਿਚ ਅਸੀਂ ਇਸ ਕੰਮ ਨੂੰ ਹੋਰ ਵੀ ਤੇਜ਼ੀ ਦੇ ਨਾਲ ਵਧਾ ਰਹੇ ਹਾਂ ਤਾਕਿ ਕਿਸਾਨਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਫਾਇਦਾ ਹੋਵੇ। ਮੇਰੇ ਦੋਸਤ ਮੈਂਬਰਾਂ ਵਿਚੋਂ ਐਗਰੀਕਲਚਰ ਡਿਪਾਰਟਮੈਂਟ ਦੇ ਕੰਮ ਦੀ ਕਿਸੇ ਨੇ ਵੀ ਦਾਦ ਨਹੀਂ ਦਿੱਤੀ। ਮੈਂ ਦਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਅਸੀਂ ਜਿਹੜਾ ਮੈਕਸੀਕਨ ਵੀਟ ਮੰਗਾਇਆ ਸੀ ਉਹ ਜਹਾਜ਼ ਤੋਂ ਉਤਰਦਾ ਸਿੱਧਾ ਹੀ ਟਰੱਕਾਂ ਤੇ ਲਦਾ ਕੇ ਏਥੇ ਲਿਆਂਦਾ ਗਿਆ ਅਤੇ ਕਿਸਾਨਾਂ ਨੂੰ ਵਕਤ ਸਿਰ ਬੀਜ ਦਿੱਤਾ ਗਿਆ। ਸਾਰੇ ਪੰਜਾਬ ਵਿਚ ਜਿੱਥੇ ਜਿੱਥੇ ਵੀ ਇਹ ਬੀਜ ਬੀਜਿਆ ਗਿਆ ਹੈ ਮੈਨੂੰ ਉਥੇ ਜਾ ਕੇ ਫਸਲ ਦੀ ਹਾਲਤ ਦੇਖਣ ਦਾ ਮੌਕਾ ਮਿਲਿਆ ਹੈ। ਮੈਨੂੰ ਆਸ ਹੈ ਕਿ ਇਹ ਸਾਡੇ ਸੂਬੇ ਦੇ ਵਿਚ ਰੈਵੋਲਿਊਸ਼ਨ ਲਿਆਵੇਗਾ। ਇਸ ਦਾ ਝਾੜ ਜੋ ਦਸਿਆ ਹੈ ਉਹ 70 ਤੋਂ 90 ਮਣ ਫੀ ਏਕੜ ਦਾ ਹੈ। ਇਹ ਲੰਬਾ ਚੌੜਾ ਤਜਰਬਾ ਅਸੀਂ ਤਕਰੀਬਨ 7 ਹਜ਼ਾਰ ਏਕੜ ਵਿਚ ਮੁਖਤਲਿਫ ਜਗ੍ਹਾਂ ਤੇ, ਮੁਖਤਲਿਫ ਕਲਾਈਮੇਟ ਵਿਚ ਔਰ ਮੁਖਤਲਿਫ ਕਿਸਮ ਦਾ ਫਰਟੀਲਾਈਜ਼ਰ ਪਾ ਕੇ ਕਰ ਰਹੇ ਹਾਂ। ਇਹ ਤਜਰਬਾ ਆਮ ਤੌਰ ਤੇ ਦਸਾਂ ਸਾਲਾਂ ਦੇ ਵਿਚ ਵੀ ਪੂਰਾ ਨਹੀਂ ਸੀ ਹੋ ਸਕਦਾ ਜਿਹੜਾ ਕਿ ਅਸੀਂ ਇਕ ਸਾਲ ਦੇ ਵਿਚ ਪੂਰਾ ਕਰ ਰਹੇ ਹਾਂ। ਇਹ ਮੈਂ ਨਹੀਂ ਕਹਿ ਸਕਦਾ ਕਿ ਇਸ ਸਾਲ ਕੀ ਝਾੜ ਹੋਵੇਗਾ ਲੇਕਿਨ ਫਸਲ ਦੀ ਪੁਜ਼ੀਸ਼ਨ ਇਹ ਦਸਦੀ ਹੈ ਕਿ ਉਸ ਦਾ ਝਾੜ ਅੰਦਾਜ਼ੇ ਦੇ ਮੁਤਾਬਿਕ ਹੀ ਹੋਵੇਗਾ। ਅਗਰ ਉਹ ਅੰਦਾਜ਼ੇ ਦੇ ਮੁਤਾਬਿਕ ਹੋਇਆ ਤਾਂ ਅਗਲੇ ਸਾਲ ਦੀ ਰਬੀ ਦੀ ਫਸਲ ਦੇ ਮੌਕੇ ਅਸੀਂ ਪੰਜਾਬ ਦੇ ਵਿਚ ਜਿੱਥੇ ਜਿੱਥੇ ਟਿਊਬਵੈਲਾਂ ਅਤੇ ਖੂਹਾਂ ਦਾ ਪਾਣੀ ਮਿਲ ਸਕੇਗਾ ਉਥੇ ਦੋ ਲਖ ਏਕੜ ਜ਼ਮੀਨ ਦੇ ਵਿਚ ਅਸੀਂ ਮੈਕਸੀਕਨ ਵੀਟ ਬੀਜਾਂਗੇ। ਔਰ ਸਾਡੀ ਜਿਹੜੀ ਪੈਦਾਵਾਰ ਦੀ ਪਰਸੈਂਟੇਜ ਹੈ ਉਹ ਉਸ ਏਰੀਏ ਦੇ ਵਿਚ ਡਬਲ ਨਾਲੋਂ ਵੀ ਜ਼ਿਆਦਾ ਹੋ ਜਾਵੇਗੀ। ਮੈਨੂੰ ਯਾਦ ਹੈ ਜਦੋਂ ਮਰਹੂਮ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਡਬਲ ਪਰੋਡਕਸ਼ਨ ਦਾ ਨਾਅਰਾ ਲਾਇਆ ਸੀ ਤਾਂ ਉਦੋਂ ਕਰਿਟੀਸਿਜ਼ਮ ਹੋਇਆ ਸੀ ਕਿ ਇਹ ਨਹੀਂ ਹੋ ਸਕਦੀ। ਲੇਕਿਨ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਨ੍ਹਾਂ ਬੀਜਾਂ ਅਤੇ ਇਨ੍ਹਾਂ ਤਰੀਕਿਆਂ ਦੇ ਨਾਲ ਅਸੀਂ ਡਬਲ ਪਰੋਡਕਸ਼ਨ ਕਰ ਸਕਾਂਗੇ। ਇਸ ਤੋਂ ਇਲਾਵਾ ਸਾਡੇ ਪਾਸ ਧਾਨਾਂ ਦਾ ਬੀਜ ਵੀ ਆ ਗਿਆ ਹੈ ਔਰ ਹਾਈਬਰਿਡ ਬਾਜਰਾ ਅਸੀਂ ਜਿਹੜਾ ਪੈਦਾ ਕੀਤਾ ਹੈ ਉਸ ਦੇ ਨਾਲ ਮੈਂ ਉਮੀਦ ਕਰਦਾ ਹਾਂ ਕਿ ਪੰਜਾਬ ਬਹੁਤ ਤਰੱਕੀ ਕਰੇਗਾ।

ਬਾਬੂ ਬਚਨ ਸਿੰਘ : ਸ਼ੇਖਚਿੱਲੀ ਦੇ ਪੁਲਾਉ ਨਾ ਪਕਾਉ।

ਪਸ਼ੂ ਪਾਲਣ ਅਤੇ ਖੇਤੀ ਦੇ ਰਾਜ ਮੰਤਰੀ : ਸਪੀਕਰ ਸਾਹਿਬ, ਖੇਤੀ-ਬਾੜੀ ਤੇ ਸਾਡਾ ਜਿਹੜਾ ਐਂਫੇਸਿਜ਼ ਰਿਹਾ ਹੈ ਉਹ ਅਜ ਤਕ ਸਿਰਫ ਫੂਡ ਪਰੋਡਕਸ਼ਨ ਤੇ ਹੀ ਰਿਹਾ ਹੈ। ਮੈਂ ਸਮਝਦਾ

[ਪਸ਼ੂ ਪਾਲਣ ਅਤੇ ਖੇਤੀ ਦੇ ਰਾਜ ਮੰਤਰੀ]

ਹਾਂ ਕਿ ਇਹ ਸਾਡਾ ਲੂਪਸਾਈਡਿਡ ਆਊਟਲੁਕ ਸੀ। ਖੇਤੀ ਬਾੜੀ ਤਦ ਤਕ ਤਰਕੀ ਨਹੀਂ ਕਰ ਸਕਦੀ ਜਦੋਂ ਤਕ ਐਨੀਮਲ ਹਸਬੈਂਡਰੀ ਤੇ ਜ਼ੋਰ ਨਹੀਂ ਦਿੱਤਾ ਜਾਂਦਾ। ਪੰਜਾਬ ਦੀ ਤਰੱਕੀ ਤਾਂ ਹੀ ਹੋ ਸਕਦੀ ਹੈ ਜੇ ਇਹ ਡੇਅਰੀ ਡਿਵੈਲਪਮੈਂਟ ਦੇ ਵਿਚ ਵੀ ਤਰੱਕੀ ਕਰੇ। ਔਰ ਐਸਾ ਕਰਨ ਦੇ ਨਾਲ ਪੰਜਾਬ ਡੈਨਮਾਰਕ ਆਫ ਇੰਡੀਆ ਬਣ ਸਕਦਾ ਹੈ। ਜੇ ਇਸ ਪਾਸੇ ਵਲ ਰਜ਼ੂਹ ਕੀਤਾ ਜਾਵੇ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਸੀਂ ਪੰਜਾਬ ਦੇ ਵਿਚ ਬਹੁਤ ਤਰਕੀ ਕਰਾਂਗੇ।

ਬਾਬੂ ਬਚਨ ਸਿੰਘ : ਤਦੇ ਹੀ ਤੁਸੀਂ ਪੈਦਾਵਾਰ ਪਹਿਲੇ ਨਾਲੋਂ ਘਟਾ ਦਿੱਤੀ ਹੈ।

ਪਸ਼ੂ ਪਾਲਣ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ : ਪੈਦਾਵਾਰ ਤੁਹਾਡੇ ਕਹਿਣ ਨਾਲ ਜਾਂ ਸਾਡੇ ਕਹਿਣ ਨਾਲ ਨਹੀਂ ਵਧ ਘਟ ਸਕਦੀ। ਇਸ ਗਲ ਨੂੰ ਤਾਂ ਸਾਰਾ ਹਿੰਦੁਸਤਾਨ ਮੰਨਦਾ ਹੈ ਕਿ Punjab is the granary of India. If Punjab can become the granary of India, it must also be turned into milk-shed of India.

ਔਰ ਮਿਲਕ-ਸ਼ੈਡ ਲਈ ਅਸੀਂ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਨੂੰ ਸ਼ੁਰੂ ਕਰ ਦਿੱਤਾ ਹੈ। ਅਗਲੇ ਸਾਲ ਜਿਹੜਾ ਮਿਲਕ-ਸ਼ੈਡ ਏਰੀਆ ਹੈ ਉਸ ਦੇ ਵਿਚ ਅਸੀਂ ਲੋਨ ਐਡਵਾਂਸ ਕਰਾਂਗੇ। ਇਹ ਉਥੇ ਕਰ ਰਹੇ ਹਾਂ। ਜਿੱਥੇ ਮਿਲਕ ਪਲਾਂਟ ਲਗੇਗਾ ਤਾਕਿ ਕਨਸੈਂਟਰੇਟਿਡ ਡਿਵੈਲਪਮੈਂਟ ਹੋਵੇ। ਇਸ ਦੇ ਲਈ ਅਸੀਂ ਕੈਟਲ ਇਨਸ਼ੋਰੈਂਸ ਵੀ ਲਾਗੂ ਕਰ ਦਿੱਤੀ ਹੈ। ਜਿਹੜੇ ਲੋਨ ਲੈ ਕੇ ਮੱਝਾਂ ਖਰੀਦਣਗੇ ਉਨ੍ਹਾਂ ਦੀ ਲਾਜ਼ਮੀ ਤੌਰ ਤੇ ਇਨਸ਼ੋਰੈਂਸ ਕੀਤੀ ਜਾਵੇਗੀ, ਉਸ ਦੇ ਨਾਲ ਸਾਡਾ ਲੋਨ ਵੀ ਸੇਫ ਰਹੇਗਾ ਅਤੇ ਜੇ ਕਿਸੇ ਜ਼ਿਮੀਂਦਾਰ ਦਾ ਡੰਗਰ ਮਰ ਜਾਵੇਗਾ ਤਾਂ ਉਸ ਦਾ ਵੀ ਨੁਕਸਾਨ ਨਹੀਂ ਹੋਵੇਗਾ। ਜਿਹੜਾ ਐਕਸਪੈਰੀਮੈਂਟ ਅਸੀਂ ਚੰਡੀਗੜ੍ਹ ਦੇ ਮਿਲਕ-ਸ਼ੈਡ ਏਰੀਆ ਦੇ ਵਿਚ ਕੀਤਾ ਹੈ ਉਸ ਨੂੰ ਅਸੀਂ ਹੋਰ ਵਧਾਵਾਂਗੇ ਔਰ ਮੈਂ ਉਮੀਦ ਕਰਦਾ ਹਾਂ ਕਿ ਪੰਜਾਬ ਡੇਅਰੀ ਡਿਵੈਲਪਮੈਂਟ ਦੇ ਵਿਚ ਬਹੁਤ ਤਰੱਕੀ ਕਰੇਗਾ। ਸ੍ਰੀ ਚਿਰੰਜੀ ਲਾਲ ਜੀ ਤੇ ਹੋਰ ਦੂਜੇ ਦੋਸਤਾਂ ਨੇ ਗੌਰਮਿੰਟ ਦਾ ਕਰਿਟੀਸਿਜ਼ਮ ਕੀਤਾ ਹੈ। ਠੀਕ ਹੈ ਇਹ ਉਨ੍ਹਾਂ ਦਾ ਕੰਮ ਹੈ ਕਿ ਜਾਇਜ਼ ਤੌਰ ਤੇ ਸਰਕਾਰ ਨੂੰ ਕਰਿਟੀਸਾਈਜ਼ ਕਰਨ ਲੇਕਿਨ ਮੈਨੂੰ ਅਫਸੋਸ ਹੈ ਕਿ ਜੋ ਇਸ ਸਰਕਾਰ ਦੀ ਦੇਨ ਹੈ ਉਸਦਾ ਉਨ੍ਹਾਂ ਨੇ ਕੋਈ ਚਰਚਾ ਨਹੀਂ ਕੀਤਾ। ਜੇਕਰ ਡੈਮੋਕਰੇਸੀ ਨੂੰ ਕਾਮਯਾਬ ਕਰਨਾ ਹੈ ਤਾਂ ਇਸ ਵਿਚ ਅਸੀਂ ਡਰ ਨੂੰ ਖਤਮ ਕਰਨਾ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਹੁਣ ਡਰ ਨਾਲ ਨਹੀਂ ਪਰਸੂਏਸ਼ਨ ਨਾਲ ਹੀ ਸਾਰਾ ਕੰਮ ਚਲਦਾ ਹੈ। ਲੇਕਿਨ ਜੋ ਡਰ ਨਾਲ ਕੰਮ ਕਰਨ ਦੇ ਆਦੀ ਹੋ ਜਾਂਦੇ ਹਨ ਉਨ੍ਹਾਂ ਨੂੰ ਜੇ ਆਜ਼ਾਦੀ ਮਿਲ ਜਾਵੇ ਤਾਂ ਉਹ ਆਪਣੇ ਟਾਈਮ ਤੇ ਪੁਜ਼ੀਸ਼ਨ ਨੂੰ ਮਿਸਯੂਟੀਲਾਈਜ਼ ਕਰਨ ਲਗ ਪੈਂਦੇ ਹਨ (ਘੰਟੀ) ਮੈਂ ਸਮਝਦਾ ਹਾਂ ਕਿ ਜੇਕਰ ਅਸੀਂ ਡੈਮੋਕਰੇਸੀ ਤੇ ਯਕੀਨ ਰਖਦੇ ਹਾਂ ਤਾਂ ਡਰ ਨੂੰ ਦਿਲ ਤੋਂ ਕਢ ਦੇਣਾ ਚਾਹੀਦਾ ਹੈ। ਕਰਿਟੀਸਿਜ਼ਮ ਹੋਣਾ ਲਾਜ਼ਮੀ ਹੈ ਡੈਮੋਕਰੇਸੀ ਵਿਚ ਲੇਕਿਨ ਇਸਦੇ ਨਾਲ ਇਕ ਗਲ ਦਾ ਧਿਆਨ ਜ਼ਰੂਰ ਰਖਣਾ ਚਾਹੀਦਾ ਹੈ ਕਿ ਕਰਿਟੀਸਿਜ਼ਮ ਕਰਨ ਵਾਲੇ ਆਪਣੀ ਬੁੱਕਲ ਵਿਚ ਵੀ ਝਾਤੀ ਮਾਰ ਕੇ ਵੇਖ ਲਿਆ ਕਰਨ। ਸਾਨੂੰ ਪਹਿਲਾਂ ਤਾਂ ਖੁਦ ਆਕੇ ਕਹਿੰਦੇ ਹਨ ਕਿ ਨਾਜਾਇਜ਼ ਤਬਾਦਲੇ ਕਰੋ ਅਤੇ ਫਿਰ ਕਹਿੰਦੇ ਹਨ ਕਿ ਨਾਜਾਇਜ਼ ਤਬਾਦਲੇ ਕਿਉਂ ਕਰਦੇ ਹੋ। ਜੇਕਰ ਇਨ੍ਹਾਂ ਦੀ ਗਲ ਮੰਨੀਏ ਤਾਂ ਮਾੜੇ ਅਤੇ ਜੇਕਰ ਨਾ ਮੰਨੀਏ ਤਾਂ ਮਾੜੇ। ਮੈਂ ਕਹਿੰਦਾ ਹਾਂ ਕਿ ਜੋ ਚੀਜ਼ ਕਿਸੇ ਬਾਰੇ ਕਹੀ ਜਾਂਦੀ ਹੈ ਉਸਦਾ ਮਾਪ ਹਰ ਇਕ ਨੂੰ ਆਪਣੇ ਤੇ ਵੀ ਲਾਗੂ ਕਰਨਾ ਚਾਹੀਦਾ ਹੈ ਕਿ ਕੀ ਅਸੀਂ ਕੋਈ ਨਾਜਾਇਜ਼ ਕੰਮ ਕਰਵਾਉਣ ਕਰਨ ਦੀ ਕੋਸ਼ਸ਼ ਕਰਦੇ ਹਾਂ। ਇਕ ਗਲ ਸਮਝ ਲੈਣੀ ਚਾਹੀਦੀ ਹੈ ਕਿ ਜੋ ਵੀ ਨਾਜਾਇਜ਼ ਕੰਮ ਹੋਵੇਗਾ ਉਸਦਾ ਫਾਇਦਾ ਨਹੀਂ ਹੋਵੇਗਾ ਨੁਕਸਾਨ ਹੀ ਹੋਵੇਗਾ। ਮੈਂ ਸਮਝਦਾ ਹਾਂ ਕਿ ਅਫਸਰਾਂ ਨੂੰ

ਡੀਮਾਰੇਲਾਈਜ਼ ਕਰਨ ਦਾ ਬਹੁਤ ਕੰਮ ਕੀਤਾ ਹੈ ਅਤੇ ਜੋ ਟੈਕਨੀਕਲ ਅਫਸਰ ਹਨ ਚੰਗੇ ਆਦਮੀ ਹਨ ਉਨ੍ਹਾਂ ਨੂੰ ਜਿਨ੍ਹਾਂ ਹਾਲਾਤ ਵਿਚ ਸਰਵਿਸ ਕਰਨੀ ਪੈਂਦੀ ਹੈ ਮੈਂ ਉਸ ਨੂੰ ਵੇਖ ਕੇ ਹੈਰਾਨ ਹਾਂ ਕਿ ਉਹ ਕਿਉਂ ਐਨੀ ਦੇਰ ਤੋਂ ਗੌਰਮਿੰਟ ਸਰਵਿਸ ਵਿਚ ਹਨ। ਬਾਹਰ ਉਨ੍ਹਾਂ ਨੂੰ ਚੰਗੀਆਂ ਨੌਕਰੀਆਂ ਮਿਲ ਸਕਦੀਆਂ ਹਨ ਉਨ੍ਹਾਂ ਨੂੰ ਘਾਟਾ ਨਹੀਂ ਅਤੇ ਉਥੇ ਕਰਿਟੀਸਿਮ ਵੀ ਨਹੀਂ ਹੁੰਦਾ (ਵਿਘਨ) ਮੈਂ ਸਮਝਦਾ ਹਾਂ ਕਿ ਕੋਈ ਆਦਮੀ ਐਸਾ ਨਹੀਂ ਜੋ ਗ਼ਲਤੀ ਨਹੀਂ ਕਰਦਾ। ਗ਼ਲਤੀ ਉਸੇ ਕੋਲੋਂ ਹੋਣੀ ਹੈ ਜਿਸ ਨੇ ਕੰਮ ਕਰਨਾ ਹੈ, ਵੇਹਲਾ ਕੀ ਗ਼ਲਤੀ ਕਰੇਗਾ। ਜੇਕਰ ਸੇਹਵਨ ਹੋਈ ਗ਼ਲਤੀ ਨੂੰ ਸੁਆਫ ਕਰਨ ਦੀ ਹਿੰਮਤ ਨਹੀਂ ਰਖਦੇ ਤਾਂ ਮੈਂ ਸਮਝਦਾ ਹਾਂ..........

ਬਾਬੂ ਬਚਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਜੋ ਆਦਮੀ ਪਬਲਿਕ ਐਕਸਚੈਕਰ ਤੋਂ ਪੈਸੇ ਲੈਂਦਾ ਹੈ ਕੀ ਉਸ ਨੂੰ ਕਰਿਟੀਸਾਈਜ਼ ਕਰਨ ਦਾ ਹਕ ਹੈ ਜਾਂ ਨਹੀਂ ?

ਪਸ਼ੂ ਪਾਲਨ ਅਤੇ ਖੇਤੀ ਬਾੜੀ ਦੇ ਰਾਜ ਮੰਤਰੀ : ਮੈਂ ਤਾਂ, ਬਾਬੂ ਜੀ , ਇਹ ਹਕ ਕਨਸੀਡ ਕੀਤਾ ਹੈ ਪਰ ਮੈਂ ਇਹ ਕਹਿੰਦਾ ਹਾਂ ਕਿ ਕਰਿਟੀਸਿਜ਼ਮ ਕੰਨਸਟਰਕਟਿਵ ਹੋਣਾ ਚਾਹੀਦਾ ਹੈ ਅਤੇ ਹਰ ਗਲ ਨੂੰ ਕਰਿਟੀਸਾਈਜ਼ ਨਹੀਂ ਕਰਨਾ ਚਾਹੀਦਾ।

There are rules and regulations under which he has to work. ਜੇਕਰ ਰੂਲਜ਼ ਐਂਡ ਰੈਗੂਲੇਸ਼ਨਜ਼ ਮੁਤਾਬਕ ਕਿਸੇ ਦੀ ਮੁਖਾਲਫਤ ਹੋ ਜਾਂਦੀ ਹੈ ਤਾਂ ਉਸ ਐਕਸ਼ਨ ਨੂੰ ਕਰਿਟੀਸਾਈਜ਼ ਨਹੀਂ ਕਰਨਾ ਚਾਹੀਦਾ ਅਤੇ ਮਾੜੀ ਰੰਗਤ ਨਹੀਂ ਦੇਣੀ ਚਾਹੀਦੀ ਵਰਨਾ ਐਡਮਨਿਸਟਰੇਟਿਵ ਮਸ਼ੀਨਰੀ ਨਹੀਂ ਚਲ ਸਕੇਗੀ। ਅਜ ਕਿਉਂ ਕਮਰਸ਼ਲ ਫਰਮਾਂ ਵਿਚ ਚੰਗੇ ਐਫੀਸ਼ੈਂਟ ਆਦਮੀ ਜਾ ਰਹੇ ਹਨ ਅਤੇ ਜਾਣ ਦੀ ਕੋਸ਼ਸ਼ ਕਰ ਰਹੇ ਹਨ ? ਇਸੇ ਲਈ ਕਿ ਉਥੇ ਫਜ਼ੂਲ ਦੀ ਨੁਕਤਾਚੀਨੀ ਨਹੀਂ ਹੁੰਦੀ ਰੂਲਜ਼ ਮੁਤਾਬਕ ਫਰੀਡਮ ਆਫ ਐਕਸ਼ਨ ਹੈ ਅਤੇ ਤਨਖਾਹ ਵੀ ਵਧ ਮਿਲਦੀ ਹੈ। ਲੇਕਿਨ ਸਾਡੇ ਹਾਲਾਤ ਐਸੇ ਹਨ ਕਿ ਜੇਕਰ ਇਕ ਦੀ ਤਨਖਾਹ ਵਧਦੀ ਹੈ ਤਾਂ ਸਭ ਦੀ ਵਧਾਣੀ ਪੈਂਦੀ ਹੈ (ਘਟੀ) ਆਖਰ ਵਿਚ ਮੈਂ ਇਹੋ ਅਰਜ਼ ਕਰਦਾ ਹਾਂ ਕਿ ਜਮ-ਹੂਰੀਅਤ ਵਿਚ ਕਰਿਟੀਸਿਜ਼ਮ ਦਾ ਪੂਰਾ ਹਕ ਹੈ। ਪਰ ਇਹ ਕਰਿਟੀਸਿਜ਼ਮ ਕੰਨਸਟਰਕਟਿਵ ਹੋਣਾ ਚਾਹੀਦਾ ਹੈ। ਇਨ੍ਹਾਂ ਅਲਫਾਜ਼ ਨਾਲ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ।

ਸਰਦਾਰ ਰਣਜੀਤ ਸਿੰਘ ਨੈਣੇਵਾਲੀਆ (ਮਹਿਲਕਲਾਂ) : ਸਪੀਕਰ ਸਾਹਿਬ, ਆਪ ਦਾ ਸ਼ੁਕਰੀਆ ਜੋ ਤੁਸੀਂ ਮੈਨੂੰ ਟਾਈਮ ਦਿਤਾ ਹੈ। ਸਭ ਤੋਂ ਪਹਿਲਾਂ ਮੈਂ ਕਾਂਗਰਸ ਹਾਈ ਕਮਾਂਡ ਨੂੰ ਵਧਾਈ ਦਿੰਦਾ ਹਾਂ ਕਿ ਉਸਨੇ ਪੰਜਾਬੀ ਸਪੀਕਿੰਗ ਸਟੇਟ ਬਾਰੇ ਜੋ ਪੈਂਡਿੰਗ ਮਸਲਾ ਸੀ ਉਸ ਸਬੰਧ ਵਿਚ ਬੜਾ ਫਾਰਸਾਈਟਿਡਲੀ ਡੀਸੀਯਨ ਲਿਆ ਹੈ। ਇਸਦੇ ਨਾਲ ਹੀ ਮੈਂ ਸਾਰੀ ਪੁਲੀਟੀਕਲ ਪਾਰਟੀਜ਼ ਨੂੰ ਅਪੀਲ ਕਰਦਾ ਹਾਂ ਕਿ ਆਪਣੇ ਸਾਰੇ ਡਿਫਰੈਂਸਿਜ਼ ਭੁਲ ਕੇ ਇਕ ਮੁਸ਼ਤ ਹੋ ਜਾਉ ਤਾਕਿ ਇਸ ਪ੍ਰਾਂਤ ਦੀ ਤਰੱਕੀ ਹੋ ਸਕੇ।

ਸਪੀਕਰ ਸਾਹਿਬ, ਇਸ ਬਜਟ ਦੇ ਬਾਰੇ ਮੇਰੀ ਰਾਏ ਤਾਂ ਇਹ ਹੈ ਕਿ ਇਹ ਡਿਫਿਸਿਟ ਬਜਟ ਜੋ ਪੇਸ਼ ਕੀਤਾ ਗਿਆ ਹੈ ਇਹ ਅਨਬੈਲੈਂਸਡ ਬਿਉਰੋਕਰੈਟਿਕ ਅਤੇ ਕੈਪੀਟਲਿਸਟਕ ਬਜਟ ਹੈ। ਇਸ ਦਫਾ ਸਾਡਾ ਰੈਵੇਨਿਊ ਐਕਾਊਂਟ 5 ਕਰੋੜ 28 ਲਖ ਰੁਪਏ ਸਰਪਲਸ ਸੀ ਜਿਸ ਨੂੰ ਇਨ੍ਹਾਂ ਨੇ 5 ਕਰੋੜ 25 ਲਖ ਰੁਪਏ ਦਾ ਡਿਫਿਸਿਟ ਬਣਾ ਦਿਤਾ ਅਤੇ ਇਸ ਤਰ੍ਹਾਂ ਸਿਰਫ ਇਸ ਲਈ ਕੀਤਾ ਸਿੰਪਲੀ ਟੂ ਇਮਪੋਜ਼ ਮੋਰ ਟੈਕਸਿਜ਼ ਇਨ੍ਹਾਂ ਨੇ ਕੈਪੀਟਲ ਐਕਸਪੈਂਡੀਚਰ ਅਤੇ ਕਰਜ਼ੇ ਵਧਾ ਕੇ ਇਸ ਨੂੰ ਡੈਫਿਸਿਟ ਬਣਾ ਦਿਤਾ ਹੈ। ਇਹ ਟੈਕਸ ਲਗਾਣ ਖਾਤਰ ਬਜਟ ਨੂੰ ਡਿਫਿਸਿਟ ਦਸਣ ਲਈ ਆਪਣੀ ਰੈਵੇਨਿਊ ਰੀਸੀਟਸ ਨੂੰ ਅੰਡਰ ਐਸਟੀਮੇਟ ਕਰ ਰਹੇ ਹਨ ਅਤੇ ਜੋ ਐਕਸਪੈਂਡੀਚਰ ਨੂੰ ਓਵਰ ਐਸਟੀਮੇਟ ਕਰ ਰਹੇ ਹਨ। ਸਪੀਕਰ ਸਾਹਿਬ, ਮੈਂ ਇਕ ਹੀ ਮਿਸਾਲ ਇਨ੍ਹਾਂ ਦੇ ਅੰਦਰ ਐਸਟੀ-

[ਸਰਦਾਰ ਰਣਜੀਤ ਸਿੰਘ ਨੈਣੇਵਾਲੀਆ]

ਮੇਟ ਦੀ ਪੇਸ਼ ਕਰਦਾ ਹਾਂ । ਤੁਸੀਂ ਵੇਖੋ ਸਾਡੀ ਲੈਂਡ ਰੈਵੇਨਿਊ ਰੀਅਲਾਈਜ਼ੇਸ਼ਨ 1961-62 ਵਿਚ 425 ਲਖ 1962-63 ਵਿਚ 466 ਲਖ, 1963-64 ਵਿਚ 503 ਲਖ ਅਤੇ 1965-66 ਵਿਚ 416 ਲਖ ਸੀ ਇਹ ਉਸ ਵਕਤ ਦੇ ਫਿਗਰਜ਼ ਹਨ ਜਿਸ ਵਕਤ ਪੰਜਾਬ ਵਿਚ ਬਹੁਤ ਹੜ੍ਹ ਆਉਂਦੇ ਰਹੇ, 20 ਲਖ ਏਕੜ ਰਕਬਾ ਵਾਟਰਲਾਗਡ ਰਿਹਾ ਹੈ ਅਤੇ ਲੈਂਡ ਰੈਵੇਨਿਊ ਰਿਮਿਸ਼ਨ ਦਿਤੀ ਜਾਂਦੀ ਰਹੀ । ਜਿਸ ਵਕਤ ਐਨੇ ਮਾੜੇ ਹਾਲਾਤ ਸਨ ਤਾਂ ਰੀਅਲਾਈਜ਼ੇਸ਼ਨ ਚਾਰ ਪੰਜ ਕਰੋੜ ਰਹੀ ਪਰ ਹੁਣ ਜਦੋਂ ਅਧੇ ਤੋਂ ਵਧ ਡਰੇਨਾਂ ਮੁਕੱਮਲ ਹੋ ਗਈਆਂ ਹਨ ਅਤੇ ਫਲਡ ਵੀ ਨਹੀਂ ਆਏ ਤਾਂ ਇਹ ਲੈਂਡ ਰੈਵੇਨਿਊ ਨੂੰ ਅੰਡਰ ਐਸਟੀਮੇਟ ਕਰਕੇ 207 ਲਖ ਕਰ ਰਹੇ ਹਨ । ਇਸੇ ਤਰ੍ਹਾਂ ਓਵਰ ਐਸਟੀਮੇਟ ਦੀ ਗਲ ਵੀ ਵੇਖ ਲਓ । ਇਸ ਸਾਲ ਦੇ ਬਜਟ ਮੁਤਾਬਕ ਇਨ੍ਹਾਂ ਨੇ ਐਜੂਕੇਸ਼ਨ ਤੇ 24 ਕਰੋੜ 62 ਲਖ ਰੁਪਿਆ ਖਰਚ ਕਰਨਾ ਹੈ ਅਤੇ ਪਿਛਲੇ ਸਾਲ ਇਸ ਮਦ ਤੇ ਖਰਚ ਕਰਨ ਲਈ 21 ਕਰੋੜ ਰੁਪਿਆ ਰਖਿਆ ਸੀ ਜੇਕਰ ਤੁਸੀਂ ਸਾਰੇ ਸੋਸ਼ਲ ਤੇ ਬੈਨੀਫਿਸ਼ਰੀ ਡਿਪਾਰਟਮੈਂਟ ਦਾ ਖਰਚ ਵੇਖੋ ਜੋ ਇਨ੍ਹਾਂ ਨੇ ਪਿਛਲੇ ਸਾਲ ਕੀਤਾ ਹੈ ਤਾਂ ਹਰ ਇਕ ਮਦ ਵਿਚ ਇਨ੍ਹਾਂ ਨੇ ਪੈਸਾ ਬਚਾਇਆ ਹੈ ਅਤੇ ਐਸਟੀਮੇਟ ਨਾਲੋਂ ਘਟ ਖਰਚ ਕੀਤਾ ਹੈ । ਟੈਕਸ ਲਗਾਣ ਲਈ ਐਸਟੀਮੇਟ ਤਾਂ ਵਧ ਦਸੇ ਖਰਚ ਦੇ ਪਰ ਐਕਚੁਅਲੀ ਖਰਚ ਘਟ ਕਰਕੇ ਪੈਸੇ ਬਚਾ ਲਏ । ਮਿਸਾਲ ਦੇ ਤੌਰ ਤੇ ਐਜੂਕੇਸ਼ਨ ਡਿਪਾਰਟਮੈਂਟ ਵਿਚ ਇਨ੍ਹਾਂ ਨੇ 24 ਲਖ ਰੁਪਿਆ ਬਚਾਇਆ ਅਤੇ ਇਸੇ ਤਰ੍ਹਾਂ ਹੈਲਥ ਡਿਪਾਰਟਮੈਂਟ ਵਿਚ 8 ਲਖ ਐਨੀਮਲ ਹਸਬੈਂਡਰੀ ਵਿਚ 12 ਲਖ ਰੁਪਿਆ ਬਚਾਇਆ । ਇਸ ਦੇ ਨਾਲ ਹੀ ਮੈਨੂੰ ਇਕ ਗਲ ਬੜੇ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਹੋਰ ਤਾਂ ਹੋਰ ਫੈਮਨ ਰੀਲੀਫ ਵਿਚੋਂ ਵੀ ਇਨ੍ਹਾਂ ਨੇ ਇਕ ਕਰੋੜ 9 ਲਖ ਰੁਪਿਆ ਬਚਾਲਿਆ ਹੈ । ਲੋਕਾਂ ਨੂੰ ਰੀਲੀਫ ਦੇਣ ਲਈ ਟੈਕਸ ਲਗਾਏ, ਕਰਜ਼ੇ ਲਏ ਪਰ ਪੂਰਾ ਰੀਲੀਫ ਨਹੀਂ ਦਿਤਾ । ਕਰਜ਼ਿਆਂ ਦੀ ਇਹ ਹਾਲਤ ਹੈ ਕਿ ਪਹਿਲੀ ਅਪਰੈਲ, 1966 ਤਕ ਸਾਡੀ ਸਟੇਟ ਦੇ ਸਿਰ 3 ਅਰਬ 90 ਕਰੋੜ ਦਾ ਕਰਜ਼ਾ ਹੈ ਜਿਸਦਾ ਅਸੀਂ 25 ਕਰੋੜ ਬਤੌਰ ਬਿਆਜ ਦੇ ਦੇ ਰਹੇ ਹਾਂ ਅਤੇ ਰਿਟਰਨ 10 ਕਰੋੜ ਸਾਲਾਨਾ ਹੀ ਦੇ ਰਹੇ ਹਾਂ । ਇਸ ਦਾ ਮਤਲਬ ਹੈ ਕਿ ਇਹ ਕਰਜ਼ਾ ਕਦੇ ਵੀ ਖਤਮ ਨਹੀਂ ਹੋਵੇਗਾ । ਪੀ. ਏ. ਸੀ. ਦੀ ਜੋ ਰਿਪੋਰਟ ਸ਼ਾਇਆ ਹੋਈ ਹੈ ਉਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਜੇਕਰ ਇਹੋ ਹਾਲਾਤ ਰਹੇ ਤਾਂ ਸਾਡਾ ਦੀਵਾਲਾ ਨਿਕਲ ਜਾਵੇਗਾ । ਅਗਲੇ ਪਲਾਨ ਵਿਚ ਇਸ 25 ਕਰੋੜ ਰੁਪਏ ਦੀ ਬਿਆਜ ਦੀ ਰਕਮ 28 ਕਰੋੜ ਤਕ ਚਲੇ ਜਾਣੀ ਹੈ । ਇਸੇ ਲਈ ਮੈਂ ਕਿਹਾ ਕਿ ਇਹ ਦੀਵਾਲੀਏਪਨ ਦਾ ਬਜਟ ਹੈ ਤੇ ਅਨਬੈਲੈਂਸਡ ਹੈ । ਕੈਪੀਟਲਿਸਟ ਬਜਟ ਇਸ ਨੂੰ ਮੈਂ ਇਸ ਲਈ ਕਹਿੰਦਾ ਹਾਂ ਕਿਉਂਕਿ ਜੋ ਅਸੀਂ ਸੋਸ਼ਲਿਜ਼ਮ ਦਾ ਨਾਹਰਾ ਲਗਾਂਦੇ ਹਾਂ ਉਸਦੀ ਕੋਈ ਸ਼ਕਲ ਇਸ ਵਿਚ ਨਜ਼ਰ ਨਹੀਂ ਆਉਂਦੀ ਹੈ । ਤੁਸੀਂ ਬਜਟ ਐਟ ਏ ਗਲਾਂਸ ਦੀ ਕਿਤਾਬ ਨੂੰ ਪੜ੍ਹ ਕੇ ਵੇਖ ਲਓ ।

ਪਹਿਲਾਂ ਡਾਇਰੈਕਟ ਟੈਕਸ ਦੀ ਦਰ 4.49 ਸੀ ਲੇਕਿਨ ਬਾਅਦ ਵਿਚ 4.86 ਕਰ ਦਿਤੀ

12.00 Noon

ਗਈ । ਅਮੀਰਾਂ ਉਤੇ ਸਰਕਾਰ ਘਟ ਟੈਕਸ ਲਾਉਂਦੀ ਹੈ । ਇਸ ਦੇ ਇਲਾਵਾ ਸਰਕਾਰ ਨੇ ਗ਼ਰੀਬ ਲੋਕਾਂ ਉਤੇ ਇਨ ਡਾਈਰੈਕਟ ਟੈਕਸ ਲਗਾਏ ਜਿਸ ਦੀ ਫਿਗਰਜ਼ ਇਹ ਹਨ । 1960-61 ਵਿਚ 12.03 ਸੀ ਅਤੇ ਹੁਣ 27.41 ਹੋ ਗਏ ਹਨ।

ਇਸ ਦੇ ਇਲਾਵਾ ਐਗਰੀਕਲਚਰ ਦੀ ਆਮਦਨੀ 438 ਕਰੋੜ, ਫਾਰੈਸਟ ਦੀ 6.7 ਕਰੋੜ ਹੈ । ਪੰਜਾਬ ਦਾ ਜੰਗਲਾਤ ਹਿਮਾਚਲ ਦੇ ਅੰਦਰ ਲਾਇਆ ਜਾ ਰਿਹਾ ਹੈ, ਇਸ ਲਈ ਸਰਕਾਰ ਨੂੰ ਜੰਗਲਾਤ ਦੀ ਡਿਵੈਲਪਮੈਂਟ ਵਲ ਧਿਆਨ ਦੇਣਾ ਚਾਹੀਦਾ ਹੈ । ਫੈਕਟਰੀ ਦੀ ਆਮਦਨੀ 50.5 ਕਰੋੜ ਰੁਪਏ ਹੈ । ਇਸ ਲਈ ਸਾਡੀ ਸਰਕਾਰ ਨੂੰ ਹੈਵੀ ਇੰਡਸਟਰੀ ਲਾਉਣੀ ਚਾਹੀਦੀ ਹੈ।

ਤਾਕਿ ਪੰਜਾਬ ਦੇ ਅੰਦਰ ਇੰਡਸਟਰੀ ਵਧ ਸਕੇ । ਸਾਡੇ ਸੂਬੇ ਦੇ ਟਰਾਂਸਪੋਰਟ ਦੀ ਜ਼ਿਆਦਾ ਆਮਦਨੀ ਹੈ । ਪੰਜਾਬ ਦੇ ਅੰਦਰ 50 : 50 ਬੇਸਿਜ਼ ਉਤੇ ਟਰਾਂਸਪੋਰਟ ਨੈਸ਼ਨੇਲਾਈਜ਼ ਕੀਤੀ ਗਈ ਲੇਕਿਨ ਪੈਪਸੂ ਦੇ ਅੰਦਰ ਇਸ ਅਸੂਲ ਨੂੰ ਲਾਗੂ ਨਹੀਂ ਕੀਤਾ ਗਿਆ, ਪੈਪਸੂ ਦੇ ਅਦਰ ਸਮਾਲ ਬਸ ਆਪ੍ਰੇਟਰਜ਼ ਜਿਨ੍ਹਾਂ ਦੀਆਂ ਬਸਾਂ 7 ਹਜ਼ਾਰ ਮੀਲ ਚਲਦੀਆਂ ਹਨ ਉਨ੍ਹਾਂ ਦੇ ਸਾਰੇ ਰੂਟ ਨੈਸ਼ਨੇਲਾਈਜ਼ ਕਰ ਦਿੱਤੇ ਗਏ ਲੇਕਿਨ ਜਿਹੜੇ ਬੜੇ ਬਸਾਂ ਦੇ ਮਾਲਿਕ ਹਨ ਜਿਵੇਂ ਪਟਿਆਲਾ ਬਸ ਕੰਪਨੀ ਹੈ, ਉਸ ਦੀਆਂ ਬਸਾਂ ਦਿਨ ਵਿਚ 10 ਹਜ਼ਾਰ ਮੀਲ ਕਵਰ ਕਰਦੀਆਂ ਹਨ ਉਨ੍ਹਾਂ ਦਾ ਕੁਲ 900 ਮੀਲ ਦਾ ਰੂਟ ਹੀ ਨੈਸ਼ਨੇਲਾਈਜ਼ ਕੀਤਾ ਗਿਆ । ਅਗਰ ਸਰਕਾਰ ਨੇ ਨੈਸ਼ਨੇਲਾਈਜ਼ ਦੀ ਪਾਲੀਸੀ ਲਾਗੂ ਕਰਨੀ ਹੈ ਤਾਂ ਹਰ ਜਗ੍ਹਾ ਇਕੋ ਜਿਹੀ ਪਾਲੀਸੀ ਇਸਤੇਮਾਲ ਕੀਤੀ ਜਾਵੇ । ਪੈਪਸੂ ਦੇ ਇਲਾਕੇ ਦੇ ਨਾਲ ਸੌਤੀਲੀ ਮਾਂ ਦਾ ਸਲੂਕ ਨਾ ਕੀਤਾ ਜਾਵੇ।

(At this stage the Deputy Speaker occupied the Chair.)

ਡਿਪਟੀ ਸਪੀਕਰ ਸਾਹਿਬਾ, ਪੈਪਸੂ ਦੇ ਲੈਂਡ ਐਕਟ ਪੰਜਾਬ ਦੇ ਲੈਂਡ ਐਕਟ ਤੋਂ ਜ਼ਿਆਦਾ ਪ੍ਰੋਗ੍ਰੈਸਿਵ ਹਨ ਲੇਕਿਨ ਸਰਕਾਰ ਨੇ ਪੰਜਾਬ ਦੇ ਜ਼ਮੀਂਦਾਰਾਂ ਨੂੰ ਫਾਇਦਾ ਪਹੁੰਚਾਉਣਾ ਹੈ ਇਸੇ ਲਈ ਸਰਕਾਰ ਨੇ ਜ਼ਮੀਂਦਾਰਾਂ ਉਤੇ ਇਕੋ ਜਿਹਾ ਕਾਨੂੰਨ ਲਾਗੂ ਨਹੀਂ ਕੀਤਾ । ਇਸ ਕਾਨੂੰਨ ਦੇ ਰਾਹੀਂ ਪੈਪਸੂ ਦੇ ਕਿਸਾਨਾਂ ਨੂੰ ਨੁਕਸਾਨ ਹੋਇਆ । ਇਸ ਦੇ ਇਲਾਵਾ ਪੈਪਸੂ ਦੇ ਅਫਸਰਾਂ ਅਤੇ ਕਰਮਚਾਰੀਆਂ ਨੂੰ ਸਰਵਿਸ ਦੇ ਅੰਦਰ ਜਸਟਿਸ ਹਾਸਲ ਕਰਨ ਲਈ ਦਿੱਲੀ ਅਤੇ ਇਥੋਂ ਦੀ ਸਰਕਾਰ ਦੇ ਦਰਵਾਜ਼ੇ ਖਟਖਟਾਣੇ ਪਏ । ਲੇਕਿਨ ਅਜੇ ਤਕ ਭੀ ਇਨ੍ਹਾਂ ਨੂੰ ਪੂਰਾ ਜਸਟਿਸ ਨਹੀਂ ਮਿਲ ਸਕਿਆ । ਜਦੋਂ ਅਸੀਂ ਪੈਪਸੂ ਦੇ ਕਰਮਚਾਰੀਆਂ ਨੂੰ ਮਿਲਦੇ ਹਾਂ ਤਾਂ ਉਹ ਸਾਨੂੰ ਸਵਾਲ ਕਰਦੇ ਹਨ ਕਿ ਪੈਪਸੂ ਦੇ ਰੀਪ੍ਰੈਜ਼ੈਂਟੇਟਿਵਜ਼ ਲਈ ਕੀ ਕੀਤਾ, ਇਸੇ ਤਰ੍ਹਾਂ ਜ਼ਮੀਂਦਾਰਾਂ ਅਤੇ ਬਸ ਆਪਰੇਟਰਾਂ ਦੇ ਪਾਸ ਜਾਂਦੇ ਹਾਂ ਤਾਂ ਉਹ ਭੀ ਸਾਨੂੰ ਇਸੇ ਤਰ੍ਹਾਂ ਲਲਕਾਰਦੇ ਹਨ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੈਪਸੂ ਦੇ ਲੋਕਾਂ ਦੇ ਨਾਲ ਹਰ ਤਰ੍ਹਾਂ ਸੌਤੀਲੀ ਮਾਂ ਜਿਹਾ ਸਲੂਕ ਹੋ ਰਿਹਾ ਹੈ । ਅਸੀਂ ਇਸ ਚੀਜ਼ ਨੂੰ ਬਰਦਾਸ਼ਤ ਨਹੀਂ ਕਰ ਸਕਦੇ । ਅਸੀਂ ਇਸ ਵਿਤਕਰੇ ਨੂੰ ਦੂਰ ਕਰਨ ਲਈ ਐਜੀ-ਟੇਸ਼ਨ ਕਰਾਂਗੇ ।

(Interruption by Comrade Gurbaksh Singh. Dhaliwal) ਮੈਂ ਫਿਨਾਂਸ ਮਨਿਸਟਰ ਦੇ ਅੰਡਰ 6 ਸਾਲ ਰਿਹਾ । ਇਹ ਉਸ ਵੇਲੇ ਲੈਜਿਸਲੇਟਿਵ ਕੌਂਸਲ ਦੇ ਚੇਅਰਮੈਨ ਸਨ, ਉਸ ਵੇਲੇ ਇਨ੍ਹਾਂ ਦੀ ਰਾਏ ਬਜਟ ਨੂੰ ਜ਼ਿਆਦਾ ਤੋਂ ਜ਼ਿਆਦਾ ਕ੍ਰਿਟੀਸਾਈਜ਼ ਕਰਨ ਦੀ ਸੀ ਲੇਕਿਨ ਹੁਣ ਇਨ੍ਹਾਂ ਦੇ ਖਿਆਲ ਬਿਲਕੁਲ ਬਦਲ ਗਏ ਹਨ । ਕੀ ਇਹ ਕੁਰਸੀ ਦੀ ਕਰਾਮਾਤ ਹੈ ? ਮੈਂ ਸਰਕਾਰ ਦੇ ਸੋਸ਼ਲਿਜ਼ਮ ਦੀ ਮਿਸਾਲ ਹਾਊਸ ਦੇ ਅੰਦਰ ਰਖਣਾ ਚਾਹੁੰਦਾ ਹਾਂ। ਇਨ੍ਹਾਂ ਦਾ ਸੋਸ਼ਲਿਜ਼ਮ ਬਿਰਲੇ ਨੂੰ ਹਜ਼ਾਰਾਂ ਏਕੜ ਜ਼ਮੀਨ ਦੇਣੀ, ਥਾਪਰ ਬਰਾਦਰਜ਼ ਨੂੰ ਨਿਊਜ਼ ਪ੍ਰਿੰਟ ਦੀ ਫੈਕਟਰੀ ਦੇਣੀ, ਮੋਦੀ ਬਰਾਦਰਜ਼ ਨੂੰ ਫਾਇਦਾ ਪਹੁੰਚਾਉਣਾ ਅਤੇ ਸ਼ੂਗਰ ਮਿਲਾਂ ਦੇ ਮਾਲਿਕਾਂ ਨੂੰ ਮੁਆਫੀ ਦੇ ਕੇ ਫਾਇਦਾ ਪਹੁੰਚਾਉਣਾ ਚਾਹੁੰਦੇ ਹਨ । ਅਗਰ ਸਰਕਾਰ ਸੀਮੈਂਟ ਫੈਕਟਰੀ, ਸ਼ੂਗਰ ਮਿਲਜ਼, ਅਤੇ ਟੈਕਸਟਾਇਲ ਮਿਲਜ਼ ਪਬਲਿਕ ਸੈਕਟਰ ਵਿਚ ਖੋਲ੍ਹਣ ਤਾਂ ਅਸੀਂ ਕਹਿ ਸਕਦੇ ਹਾਂ ਕਿ ਸਰਕਾਰ ਸੋਸ਼ਲਿਜ਼ਮ ਲਿਆਉਣਾ ਚਾਹੁੰਦੀ ਹੈ ।

ਡਿਪਟੀ ਸਪੀਕਰ ਸਾਹਿਬਾ, ਸਾਡੀ ਸਰਕਾਰ ਟਾਪ ਹੈਵੀ ਐਡਮਿਨਿਸਟਰੇਸ਼ਨ ਵਿਚ ਵਿਸ਼ਵਾਸ਼ ਰਖਦੀ ਹੈ । ਸਰਕਾਰ ਨੇ ਬਹੁਤ ਸਾਰੀਆਂ ਐਡੀਸ਼ਨਲ ਡਿਪਟੀ ਕਮਿਸ਼ਨਰਜ਼ ਦੀਆਂ ਪੋਸਟਾਂ ਕਰੀਏਟ ਕੀਤੀਆਂ ਹਨ । ਹਰ ਮਹਿਕਮੇ ਦੇ ਅੰਦਰ ਅਫਸਰਾਂ ਦੀ ਬੜ੍ਹੋਤਰੀ ਕੀਤੀ ਜਾ ਰਹੀ ਹੈ ਲੇਕਿਨ

[ਸਰਦਾਰ ਰਣਜੀਤ ਸਿੰਘ ਨੈਣੇਵਾਲੀਆ]

ਦੂਜੇ ਪਾਸੇ ਕਨਸਾਲੀਡੇਸ਼ਨ ਡੀਪਾਰਟਮੈਂਟ, ਇਰੀਗੇਸ਼ਨ ਡੀਪਾਰਟਮੈਂਟ, ਰੀਹੈਬੀਲੀਟੇਸ਼ਨ ਡੀਪਾਰਟਮੈਂਟ ਦੇ ਅੰਦਰ ਰੀਟਰੈਂਚਮੈਂਟ ਕਰਨੀ ਸ਼ੁਰੂ ਕਰ ਦਿਤੀ ਹੈ । ਜਿਨ੍ਹਾਂ ਕਰਮਚਾਰੀਆਂ ਨੇ ਆਪਣੀ ਜ਼ਿੰਦਗੀ ਦਾ ਬਿਹਤਰੀਨ ਹਿਸਾ ਸਰਕਾਰ ਦੀ ਸੇਵਾ ਵਿਚ ਵਿਤੀਤ ਕੀਤਾ ਅਤੇ 10-15 ਸਾਲ ਤਕ ਟੈਂਪਰੇਰੀ ਸਰਵਿਸ ਕੀਤੀ ਉਹ ਹੁਣ ਰੀਟਰੈਂਚ ਹੋ ਕੇ ਸੜਕਾਂ ਨਾਪ ਰਹੇ ਹਨ । ਸਰਕਾਰ ਨੂੰ ਇਸ ਵਲ ਧਿਆਨ ਦੇਣਾ ਚਾਹੀਦਾ ਹੈ ਤਾਕਿ ਕਰਮਚਾਰੀਆਂ ਦੇ ਨਾਲ ਧੱਕਾ ਨਾ ਹੋਵੇ ।

ਡਿਪਟੀ ਸਪੀਕਰ ਸਾਹਿਬਾ, ਛੋਟੇ ਕਰਮਚਾਰੀ ਆਪਣੀ ਤਨਖਾਹ ਵਧਾਉਣ ਲਈ ਆਵਾਜ਼ ਉਠਾਉਂਦੇ ਹਨ ਲੇਕਿਨ ਸਰਕਾਰ ਉਨ੍ਹਾਂ ਦੀ ਆਵਾਜ਼ ਵਲ ਕੋਈ ਧਿਆਨ ਨਹੀਂ ਦਿੰਦੀ ਹੈ । ਅਗਰ ਸਰਕਾਰ ਨੇ ਇਸ ਮਸਲੇ ਨੂੰ ਛੇਤੀ ਹਲ ਕਰਨ ਦੀ ਕੋਸ਼ਿਸ਼ ਨਾ ਕੀਤੀ ਤਾਂ ਛੋਟੇ ਕਰਮਚਾਰੀ ਆਪਣੀ ਮੰਗ ਨੂੰ ਪੂਰਾ ਕਰਨ ਲਈ ਬਗਾਵਤ ਸ਼ੁਰੂ ਕਰ ਦੇਣਗੇ ਜਿਹੜੀ ਸਰਕਾਰ ਕੋਲੋਂ ਰੋਕੀ ਨਹੀਂ ਜਾ ਸਕੇਗੀ । ਅਗਰ ਸਰਕਾਰ ਛੋਟੇ ਕਰਮਚਾਰੀਆਂ ਨੂੰ ਹੋਰ ਅਲਾਊਂਸ ਦੇਣ ਲਈ ਤਿਆਰ ਨਹੀਂ ਹੈ ਤਾਂ ਮੈਂ ਵਿਤ ਮੰਤਰੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਅਫਸਰ 2 ਜਾਂ 3 ਹਜ਼ਾਰ ਰੁਪਏ ਤਨਖਾਹ ਲੈਂਦੇ ਹਨ ਉਨ੍ਹਾਂ ਦੀ ਤਨਖਾਹ ਕਿਉਂ ਨਹੀਂ ਘਟਾਈ ਜਾਂਦੀ ਅਤੇ ਛੋਟੇ ਛੋਟੇ ਕਰਮਚਾਰੀਆਂ ਦੀ ਤਨਖਾਹ ਕਿਉਂ ਨਹੀਂ ਵਧਾਈ ਜਾਂਦੀ । ਇਸ ਦੇ ਇਲਾਵਾ ਵਡੇ ਵੱਡੇ ਅਫਸਰਾਂ, ਜਿਨ੍ਹਾਂ ਦੀ 200 ਜਾਂ 300 ਸਪੈਸ਼ਲ ਪੇ ਅੰਗ੍ਰੇਜ਼ ਦੇ ਵਕਤ ਤੋਂ ਚਲੀ ਆ ਰਹੀ ਹੈ ਉਹ ਸਰਕਾਰ ਕਿਉਂ ਨਹੀਂ ਬੰਦ ਕਰ ਰਹੀ । ਮੈਂ ਚਾਹੁੰਦਾ ਹਾਂ ਕਿ ਵੱਡੇ ਅਫਸਰਾਂ ਦੀਆਂ ਸਪੈਸ਼ਲ ਪੇਜ਼ ਖਤਮ ਕਰਕੇ ਉਹ ਰੁਪਿਆ ਛੋਟੇ ਕਰਮਚਾਰੀਆਂ ਦੀ ਤਨਖਾਹਾਂ ਵਧਾਉਣ ਲਈ ਇਸਤੇਮਾਲ ਕੀਤਾ ਜਾਵੇ । ਇਹ ਸਪੈਸ਼ਲ ਪੇਜ਼ ਅੰਗ੍ਰੇਜ਼ਾਂ ਨੇ ਉਨ੍ਹਾਂ ਨੂੰ ਖੁਸ਼ ਰਖਣ ਦੀ ਖਾਤਰ ਮੁਕੱਰਰ ਕੀਤੀਆਂ ਹੋਈਆਂ ਸਨ ਕਿਉਂ ਕਿ ਲੋਕ ਉਨ੍ਹਾਂ ਦੀ ਖਾਹਿਸ਼ ਦੇ ਮੁਤਾਬਿਕ ਹਕੂਮਤ ਚਲਾਉਂਦੇ ਸਨ........ (ਘੰਟੀ ਦੀ ਆਵਾਜ਼) ਮੈਨੂੰ ਇਕ ਦੋ ਮਿੰਟਾਂ ਵਿਚ ਆਪਣੇ ਹਲਕੇ ਦੇ ਬਾਰੇ ਵੀ ਕਹਿ ਲੈਣ ਦਿਉ। ਸਾਡੇ ਨਾਲ ਵੀ ਵਿਤਕਰਾ ਕੀਤਾ ਜਾ ਰਿਹਾ ਹੈ, ਪੈਪਸੂ ਵਾਲਿਆਂ ਨਾਲ ਤਾਂ ਹੋ ਹੀ ਰਿਹਾ ਹੈ। ਮਹਿਲ ਕਲਾਂ ਮੇਰੀ ਕਾਂਸਟੀਚੁਐਂਸੀ ਨਾਲ ਪਿਛਲੇ ਦਸਾਂ ਸਾਲਾਂ ਤੋਂ ਵੈਸੇ ਹੀ ਵਿਤਕਰਾ ਕੀਤਾ ਜਾ ਰਿਹਾ ਹੈ । ਮੇਰਾ ਇਲਾਕਾ ਐਜੂਕੇਸ਼ਨ ਵਿਚ ਬੈਕਵਰਡ ਹੈ । ਉਥੇ ਦੋ ਹਾਈ ਸਕੂਲ ਹਨ ਪਰ ਮਿਡਲ ਸਕੂਲ ਕੋਈ ਨਹੀਂ ਹੈ । ਤੁਸੀਂ ਐਜੂਕੇਸ਼ਨ ਮਹਿਕਮੇ ਦੀ ਐਫੀਸੈਂਸੀ ਵੇਖੋ ਕਿ ਕਿਧਰੇ ਤਾਂ ਇਕ ਇਕ ਮੀਲ ਦੇ ਅੰਦਰ ਦੋ ਦੋ ਮਿਡਲ ਸਕੂਲ ਹਨ ਅਤੇ ਕਈਆਂ ਹਲਕਿਆਂ ਵਿਚ ਦੋ ਦੋ ਹਾਈ ਸਕੂਲ ਹਨ ਲੇਕਿਨ ਕਿਧਰੇ ਕੋਈ ਵੀ ਨਹੀਂ ਹੈ । ਮੇਰਾ ਇਲਾਕਾ ਐਜੂਕੇਸ਼ਨਲੀ ਬੈਕਵਰਡ ਹੈ, ਜ਼ਮੀਨ ਵਾਟਰ ਲਾਗਡ ਹੈ, ਕੱਲਰ ਵਧ ਰਿਹਾ ਹੈ, ਸੇਮ ਵਧ ਰਹੀ ਹੈ ਅਤੇ ਜ਼ਮੀਨ ਦੀ ਫਰਟਿਲੇਟੀ ਮਾਰੀ ਜਾ ਰਹੀ ਹੈ । ਐਨੀਮਲ ਹਸਬੈਂਡਰੀ ਦੇ ਵਜ਼ੀਰ ਸਾਹਿਬ ਕਹਿੰਦੇ ਹਨ ਕਿ 20,000 ਟਿਊਬਵੈਲ ਲਗਾਵਾਂਗੇ । ਮੇਰੇ ਇਲਾਕੇ ਵਿਚ ਸੇਮ ਪੈ ਰਹੀ ਹੈ, ਸ਼ੋਰਾ ਵਧ ਰਿਹਾ ਹੈ, ਵਾਟਰ ਲਾਗਡ ਇਲਾਕਾ ਹੈ ਉਥੇ ਟਿਊਬ ਵੈਲ ਲਗਾਉਣੇ ਤਾਂ ਇਕ ਪਾਸੇ ਰਹੇ ਬਿਜਲੀ ਦਾ ਇਕ ਖੰਭਾ ਵੀ ਵੇਖਣ ਨੂੰ ਨਹੀਂ ਮਿਲਦਾ । ਉਥੇ ਕੋਈ ਮੀਨਜ਼ ਆਫ ਕਮਿਊਨੀਕੇਸ਼ਨ ਹੀ ਕੋਈ ਨਹੀਂ ਹੈ । ਜਿਨ੍ਹਾਂ ਦਿਨਾਂ ਵਿਚ ਹੜ੍ਹ ਆਉਂਦੇ ਹਨ ਉਨ੍ਹਾਂ ਦਿਨਾਂ ਵਿਚ ਸੜਕਾਂ ਨਾ ਹੋਣ ਕਰ ਕੇ ਗੱਡੇ ਦਾਣੇ ਲੈ ਕੇ ਸ਼ਹਿਰ ਹੀ ਨਹੀਂ ਜਾ ਸਕਦੇ । ਗੱਡੇ ਖੜ੍ਹੇ ਰਹਿੰਦੇ ਹਨ । ਕੋਈ ਅਫਸਰ ਉਨ੍ਹਾਂ ਦੀ ਤਕਲੀਫ ਨੂੰ ਵੇਖਣ ਵਾਸਤੇ ਨਹੀਂ ਜਾਂਦਾ । ਡ੍ਰੇਨਾਂ ਸਾਰੀਆਂ ਨਾ-ਮੁਕੰਮਲ ਪਈਆਂ ਹੋਈਆਂ ਹਨ । ਦਿਆਲਪੁਰ ਡ੍ਰੇਨ ਵਾਸਤੇ ਬਜਟ ਵਿਚ ਵਿਖਾਉਣ ਦੀ ਖਾਤਰ ਟੋਕਨ ਗ੍ਰਾਂਟ ਪਿਛਲੇ ਕਈਆਂ ਸਾਲਾਂ ਤੋਂ ਲੈ ਰਹੇ ਹਨ ਪਰ ਡ੍ਰੇਨ ਦਾ ਉਥੇ ਅਜੇ ਤਕ ਨਾ ਨਿਸ਼ਾਨ ਨਹੀਂ ਹੈ । ਮਾਲੇਰ ਕੋਟਲਾ ਤਹਿਸੀਲ ਵਿਚ ਇਕ ਵਿਘੇ ਜ਼ਮੀਨ ਤੇ 4 ਰੁਪਏ ਮਾਮਲਾ ਲਿਆ ਜਾ ਰਿਹਾ ਹੈ । 17 ਸਾਲ ਹੋ ਗਏ ਹਨ ਇਹ ਇਲਾਕਾ

ਪੈਪਸੂ ਵਿਚ ਆਇਆ ਸੀ । ਉਸ ਦੇ ਪਿਛੋਂ ਪੈਪਸੂ ਤੋਂ ਪੰਜਾਬ ਵਿਚ ਆਇਆ । ਇਕ ਵਿਘੇ ਤੇ ਚਾਰ ਰੁਪਏ ਮਾਮਲਾ ਲਿਆ ਜਾ ਰਿਹਾ ਹੈ । ਉਨ੍ਹਾਂ ਨਾਲ ਵਾਅਦੇ ਕਰ ਕੇ ਸਾਰੇ ਆ ਜਾਂਦੇ ਹਨ ਪਰ ਮਾਮਲਾ ਅਜੇ ਤਕ ਨਹੀਂ ਘਟਾਇਆ ਗਿਆ । ਨਾਲਦੇ ਇਲਾਕਿਆਂ ਵਿਚ ਇਕ ਇਕ ਅਤੇ ਦੋ ਦੋ ਰੁਪਏ ਵਿਘੇ ਮਾਮਲਾ ਲਿਆ ਜਾਂਦਾ ਹੈ ਪਰ ਉਥੋਂ ਚਾਰ ਰੁਪਏ ਲਿਆ ਜਾਂਦਾ ਹੈ। ਮੈਂ ਪੁਛਦਾ ਹਾਂ ਕਿ ਉਨ੍ਹਾਂ ਕੋਲੋਂ ਕਿਉਂ ਚਾਰ ਰੁਪਏ ਮਾਮਲਾ ਲਿਆ ਜਾਂਦਾ ਹੈ ? (ਘੰਟੀ)

ਇਕ ਅਰਜ਼ ਮੈਂ ਹੋਰ ਕਰਨੀ ਚਾਹੁੰਦਾ ਹਾਂ । ਪਤੌੜ ਤੱਪੇ ਦੀ ਸੜਕ ਪਿਛਲੇ 14 ਸਾਲਾਂ ਤੋਂ ਪੈਂਡਿੰਗ ਪਈ ਹੋਈ ਹੈ । ਉਸ ਅਜ ਤਕ ਕਿਸੇ ਨੇ ਬਨਾਉਣ ਦਾ ਨਾਂ ਨਹੀਂ ਲਿਆ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਕਾਂਸਟੀਚੂਐਂਸੀ ਨੂੰ ਬਿਲਕੁਲ ਇਗਨੋਰ ਕੀਤਾ ਜਾ ਰਿਹਾ ਹੈ । ਉਸ ਦੀ ਡਿਵੈਲਪਮੈਂਟ ਕਰ ਕੇ ਉਸ ਨੂੰ ਵੀ ਪੰਜਾਬ ਦੇ ਨਕਸ਼ੇ ਤੇ ਲਿਆਉਣ । ਜੇਕਰ ਉਸ ਤਰ੍ਹਾਂ ਨਹੀਂ ਕਰ ਸਕਦੇ ਤਾਂ ਸਾਨੂੰ ਬੈਕਵਰਡ ਏਰੀਆ ਹੀ ਮੰਨ ਲੈਂ ਤਾਂ ਜੋ ਸਾਡੀ ਬਿਹਤਰੀ ਹੋ ਸਕੇ ।

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ (ਨਿਹਾਲ ਸਿੰਘ ਵਾਲਾ) : ਡਿਪਟੀ ਸਪੀਕਰ ਸਾਹਿਬਾ, ਫਾਈਨੈਂਸ ਮਨਿਸਟਰ ਸਾਹਿਬ ਨੇ ਇਹ ਬਜਟ ਜਿਹੜਾ ਪਹਿਲੀ ਮਾਰਚ ਨੂੰ ਹਾਊਸ ਵਿਚ ਪੇਸ਼ ਕੀਤਾ ਸੀ ਇਸ ਦੇ ਨਾਲ ਆਪਣਾ ਭਾਸ਼ਣ ਵੀ ਦਿਤਾ ਜਿਹੜਾ ਕਿ ਅਗੇਜ਼ੀ ਵਿਚ ਤਾਂ 62 ਸਫੇ ਬਣਦਾ ਸੀ ਪੰਜਾਬੀ ਵਿਚ 80—82 ਸਫੇ ਬਣ ਗਏ—ਇਸ ਨੂੰ ਪੜ੍ਹਣ ਦੇ ਬਾਅਦ ਅਤੇ ਸੁਨਣ ਦੇ ਬਾਅਦ ਜਿਹੜੀਆਂ ਆਸਾਂ ਪੰਜਾਬ ਦਿਆਂ ਲੋਕਾਂ ਨੇ ਸਮੇਂ ਦੀ ਸਰਕਾਰ ਤੇ ਲਾਈਆਂ ਹੋਈਆਂ ਸਨ ਉਨ੍ਹਾਂ ਤੇ ਪਾਣੀ ਫਿਰ ਗਿਆ...........

ਇਕ ਆਵਾਜ਼ : ਮੀਂਹ ਤਾਂ ਪਿਆ ਨਹੀਂ, ਪਾਣੀ ਕਿਥੋਂ ਫਿਰ ਗਿਆ ?

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ . ਮੀਂਹ ਪਵੇ ਜਾਂ ਨਾ ਪਵੇ, ਇਸ ਸਰਕਾਰ ਨੂੰ ਪਾਣੀ ਫੇਰਨਾ ਤਾਂ ਆਉਂਦਾ ਹੈ । ਇਹਦੇ ਹੜ ਤਾਂ ਲੋਕਾਂ ਦੇ ਖਿਲਾਫ ਆਉਂਦੇ ਹੀ ਰਹਿਣਗੇ । ਪਿਛਲੇ ਸਾਲ 1965 ਵਿਚ ਸਤੰਬਰ ਅਕਤੂਬਰ ਵਿਚ ਸਾਡੇ ਦੇਸ਼ ਉਪਰ ਪਾਕਿਸਤਾਨ ਵਲੋਂ ਹਮਲਾ ਹੋਇਆ ਸੀ । ਜਿਸ ਤਰ੍ਹਾਂ ਨਾਲ ਪੰਜਾਬ ਦੀ ਆਮ ਜੰਨਤਾ, ਕਿਸਾਨਾਂ ਨੇ ਪਿੰਡਾਂ ਵਿਚ ਵਸਣ ਵਾਲੇ ਗ਼ਰੀਬਾਂ ਨੇ ਸਮੇਂ ਦੀ ਸਰਕਾਰ ਨਾਲ ਸਾਥ ਦਿਤਾ ਸੀ, ਅਤੇ ਜਿਹੜੇ ਹਾਲਾਤ ਅਜ ਦੇਸ਼ ਵਿਚ ਵਾਪਰ ਰਹੇ ਹਨ, ਉਨ੍ਹਾਂ ਨੂੰ ਮੁੱਖ ਰਖਕੇ ਅਤੇ ਜਿਹੜਾ ਨਾਹਰਾ—"ਜੈ ਜਵਾਨ, ਜੈ ਕਿਸਾਨ"—ਇਨ੍ਹਾਂ ਨੇ ਲਗਾਇਆ ਸੀ ਉਸ ਨੂੰ ਮੁਖ ਰਖਦਿਆਂ ਹੋਇਆਂ ਪੰਜਾਬ ਦਿਆਂ ਬੰਦਿਆਂ ਨੇ ਇਨ੍ਹਾਂ ਤੋਂ ਆਸ ਰਖੀ ਹੋਈ ਸੀ ਕਿ ਪਿਛਲੇ 18 ਸਾਲਾਂ ਤੋਂ ਜਿਨ੍ਹਾਂ ਰਿਵਾਇਤਾਂ ਨਾਲ ਇਹ ਬਜਟ ਪੇਸ਼ ਕਰਦੇ ਆ ਰਹੇ ਹਨ, ਜੰਨਤਾ ਦੀਆਂ ਤਕਲੀਫਾਂ ਨੂੰ ਦੂਰ ਕਰਨ ਲਈ ਅਤੇ ਸੋਸ਼ਲਿਜ਼ਮ ਦੀ ਤਰਫ ਅਗੇ ਵਧਣ ਲਈ ਉਸ ਰਿਵਾਇਤੀ ਢੰਗ ਵਿਚ ਚੇਂਜ ਲਿਆਉਣਗੇ । ਪਿੰਡਾਂ ਵਿਚ ਵਸਣ ਵਾਲਿਆਂ ਅਤੇ ਪੰਜ, ਸੱਤ ਲਖ ਜਿਹੜੇ ਮੁਲਾਜ਼ਮ ਹਨ ਉਨ੍ਹਾਂ ਸਾਰਿਆਂ ਦੀਆਂ ਆਸਾਂ ਤੇ ਇਸ ਬਜਟ ਨੇ ਕੁਲਹਾੜਾ ਚਲਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬਾ, ਮੈਂ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ । ਮੈਂ ਕੇਵਲ ਮੋਟੀਆਂ ਮੋਟੀਆਂ ਗਲਾਂ ਇਸ ਬਜਟ ਦੇ ਸਬੰਧ ਵਿਚ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਹਾਂ । ਅਜ ਕੋਈ ਭੁਲਿਆ ਹੋਇਆ ਨਹੀਂ ਹੈ ਕਿ ਹਿੰਦੁਸਤਾਨ ਦੇ ਬਹੁਤ ਸਾਰਿਆਂ ਸੂਬਿਆਂ ਵਿਚ ਖੁਰਾਕ ਦੇ ਮੁਤਾਲਿਕ ਕਿਹੋ ਜਿਹੇ ਹਾਲਾਤ ਪੈਦਾ ਹੋ ਗਏ ਹਨ । ਕੇਰਲ ਵਿਚ ਭੁਖ ਮਰੀ ਦੇ ਖਿਲਾਫ ਲੋਕ ਅੰਦੋਲਨ ਲੜ ਰਹੇ ਹਨ, ਕਲ ਬੰਗਾਲ ਬੰਦ ਰਿਹਾ ਹੈ । ਸਰਕਾਰ ਨੇ ਉਥੋਂ ਦਿਆਂ ਲੋਕਾਂ ਦੀ ਭੁਖ ਖਤਮ ਕਰਨ ਦੀ ਬਜਾਏ ਉਨ੍ਹਾਂ ਦਾ ਸਵਾਗਤ ਗੋਲੀਆਂ ਨਾਲ ਕੀਤਾ । ਬਹੁਤ ਲੋਕੀਂ ਜ਼ਖ਼ਮੀ ਹੋਏ ਸ਼ਹੀਦ ਵੀ ਹੋਏ ਹਨ. ਤੁਸਾਂ ਇਹ ਗਲ ਰੇਡੀਓ ਤੇ ਸੁਣੀ ਹੋਵੇਗੀ ਅਤੇ ਅਖ਼ਬਾਰਾਂ ਵਿਚ ਵੀ ਪੜ੍ਹੀ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਹੋਵੇਗੀ ਅਜ ਸ਼ਾਇਦ ਬੰਬਈ ਵਿਚ ਵੀ ਭੁਖ ਮਰੀ ਦੇ ਖਿਲਾਫ ਲੋਕਾਂ ਨੇ ਲੜਾਈ ਸ਼ੁਰੂ ਕੀਤੀ ਹੈ। ਹਿੰਦੁਸਤਾਨ ਵਿਚ ਪਿਛਲੇ ਸਾਲਾਂ ਤੋਂ ਜ਼ਰਾਇਤੀ ਪੈਦਾਵਾਰ ਵਿਚ ਬਹੁਤ ਘਾਟਾ ਹੋਇਆ ਹੈ ਉਸ ਦੇ ਫਲਸਰੂਪ ਲੋਕ ਅਜ ਆਪਣੇ ਪੇਟ ਦੀ ਅਗਨੀ ਨੂੰ ਬੁਝਾਉਣ ਲਈ ਅੰਦੋਲਨਾਂ ਦੀ ਤਰਫ ਜਾ ਰਹੇ ਹਨ ਪੰਜਾਬ ਨੂੰ ਅੰਨ ਦਾ ਘਰ ਕਿਹਾ ਜਾਂਦਾ ਸੀ । ਜੇਕਰ ਸਰਕਾਰ ਦੇ ਆਪਣੇ ਹੀ ਆਂਕੜੇ ਵੇਖੇ ਜਾਣ ਤਾਂ ਪਤਾ ਲਗਦਾ ਹੈ ਕਿ ਪੰਜਾਬ ਜ਼ਰਈ ਸੂਬਾ ਹੁੰਦਿਆਂ ਹੋਇਆਂ ਵੀ ਪੰਜਾਬ ਸਰਕਾਰ ਅੰਨ ਪੈਦਾ ਕਰਨ ਵਿਚ ਆਪਣਿਆਂ ਟੀਚਿਆਂ ਤੋਂ ਕਿਧਰੇ ਪਿਛੇ ਰਹੀ ਹੈ । ਪਿਛਲੇ ਪੰਜ ਸਾਲਾ ਪਲਾਨ ਵਿਚ ਪੰਜਾਬ ਸਰਕਾਰ ਨੇ 231 ਕਰੋੜ ਰੁਪਿਆ ਜ਼ਰਾਇਤ ਉਪਰ ਖਰਚ ਕਰਨ ਲਈ ਰਖਿਆ ਸੀ । ਇਹ ਮੰਨਣ ਦੀ ਗਲ ਹੈ ਕਿ 231 ਕਰੋੜ ਦੀ ਥਾਂ ਤੇ ਇਨ੍ਹਾਂ ਨੇ 240 ਕਰੋੜ ਰੁਪਿਆ ਖਰਚ ਕਰ ਦਿਤਾ । ਪਰ ਸਿੱਟੇ ਕੀ ਨਿਕਲੇ ਹਨ ? ਇਨ੍ਹਾਂ ਨੇ ਨਿਸ਼ਾਨਾ ਰਖਿਆ ਸੀ ਕਿ ਪਿਛਲੀ ਤੀਸਰੀ ਪੰਜ ਸਾਲਾ ਪਲਾਨ ਵਿਚ ਪਜਾਬ ਵਿਚ $78\frac{1}{2}$ ਲਖ ਟਨ ਅਨਾਜ ਸਾਲਾਨਾ ਪੈਦਾ ਕਰਾਂਗੇ ਪਰ ਹੁਣ ਇਹ ਅਜੇ 54.70 ਲਖ ਟਨ ਤਕ ਹੀ ਪਹੁੰਚ ਸਕੇ ਹਨ ਇਸ ਸਬੰਧ ਵਿਚ ਇਕ ਖਾਸ ਗਲ ਜਿਸ ਵੱਲ ਮੈਂ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਪੈਸਾ ਤਾਂ ਅੰਦਾਜ਼ੇ ਨਾਲੋਂ 9 ਕਰੋੜ ਵਧ ਖਰਚਿਆ ਲੇਕਿਨ ਜਿਹੜਾ ਟਾਰਗੇਟ ਸੀ, ਟੀਚਾ ਪੈਦਾਵਾਰ ਦਾ ਸੀ ਉਹ ਅਪਣੇ ਅੰਦਾਜ਼ੇ ਨਾਲੋਂ $24\frac{1}{2}$ ਲਖ ਟਨ ਪਿੱਛੇ ਰਹਿ ਗਿਆ । ਇਕ ਕਾਰਨ ਇਹ ਹੋ ਸਕਦਾ ਹੈ ਕਿ ਪੰਜਾਬ ਵਿਚ ਪਿਛਲੇ ਸਮੇਂ ਵਿਚ ਹੜ੍ਹ ਆਏ ਔਰ ਇਸ ਦਫਾ ਖੁਸ਼ਕਸਾਲੀ ਰਹੀ। ਇਹ ਵੀ ਕੁਝ ਹਦ ਤਕ ਕਾਰਨ ਹੋ ਸਕਦਾ ਹੈ । ਪਰ ਜੋ ਅਸੀਂ ਮਹਿਸੂਸ ਕਰਦੇ ਹਾਂ, ਉਹ ਮੁਖ ਕਾਰਨ ਇਹ ਹੈ ਕਿ ਪੰਜਾਬ ਸਰਕਾਰ ਦੀ ਜਿਹੜੀ ਜ਼ਰੱਈ ਪਾਲੀਸੀ ਹੈ ਉਹੀ ਇਸ ਘਾਟੇ ਦੀ ਮੁੱਖ ਕਾਰਨ ਹੈ । ਪੰਜਾਬ ਦੀ ਸਰਕਾਰ ਨੇ ਔਰ ਹਿੰਦੁਸਤਾਨ ਦੀ ਸਰਕਾਰ ਨੇ ਜ਼ਰਾਇਤ ਵਿਚ ਰੀਫਾਰਮਜ਼ ਕਰਨ ਦਾ, ਸੁਧਾਰ ਕਰਨ ਦਾ ਬੀੜਾ ਚੁਕਿਆ—ਇਸ ਦਾ ਐਲਾਨ ਭੁਵਨੇਸ਼ਵਰ ਅਤੇ ਉਸ ਤੋਂ ਪਿਛਲੇ ਕਾਂਗਰਸ ਦੇ ਸਮਾਗਮਾਂ ਵਿਚ ਕੀਤਾ ਪਰ ਸਮੇਂ ਦੀ ਸਰਕਾਰ ਨੇ ਉਹ ਐਗਰੇਰੀਅਨ ਰੀਫਾਰਮਜ਼ ਕਰੜਾਈ ਦੇ ਨਾਲ ਅਮਲ ਵਿਚ ਨਾ ਲਿਆਂਦੀਆਂ । ਬੇਸ਼ਕ ਦੋ ਐਕਟ—ਪੰਜਾਬ ਵਿਚ ਅਲਗ ਔਰ ਪੈਪਸੂ ਵਿਚ ਅਲਗ ਬਣੇ ਪਰ ਉਨ੍ਹਾਂ ਨੂੰ ਭੀ ਬੜੇ ਕਰੜੇ ਹੱਥਾਂ ਨਾਲ ਅਮਲ ਵਿਚ ਨਹੀਂ ਲਿਆਂਦਾ । ਬਾਵਜੂਦ ਇਸ ਗਲ ਦੇ ਕਿ ਪੰਜਾਬ ਦੇ ਟੈਨੈਂਸੀ ਐਕਟ ਵਿਚ ਬੜੀਆਂ ਚੋਰ ਮੋਰੀਆਂ ਸਨ—ਵਡੇ ਵਡੇ ਜਾਗੀਰਦਾਰ, ਵਡੇ ਵਡੇ ਰਾਜੇ ਮਹਾਰਾਜਿਆਂ ਨੂੰ ਇਸ ਗਲ ਦੀਆਂ ਖੁਲ੍ਹਾਂ ਸਨ ਕਿ ਉਹ ਇਕ ਜਾਂ ਦੂਜੇ ਬਹਾਨੇ ਬਾਗਾਂ ਹੇਠ, ਫਾਰੈਸਟ ਹੇਠ ਰਖ ਸਕਦੇ ਸਨ; ਫੇਰ ਵੀ ਕੁਝ ਜ਼ਮੀਨ ਸਰਪਲਸ ਨਿਕਲ ਸਕਦੀ ਸੀ ਜਿਹੜੀ ਕਿ ਬੇਜ਼ਮੀਨੇ ਕਿਰਸਾਨ, ਦੇਹਾਤੀ ਮਜ਼ਦੂਰਾਂ ਅਤੇ ਹਰੀਜਨਾਂ ਦੇ ਵਿਚ ਵੰਡਣਯੋਗ ਨਿਕਲ ਸਕਦੀ ਸੀ । ਪਰ ਬੜੇ ਦੁਖ ਔਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਮੇਂ ਦੀ ਸਰਕਾਰ ਨੇ ਉਸ ਕਾਨੂੰਨ ਨੂੰ, ਜਿਸ ਮਜ਼ਬੂਤੀ ਦੇ ਨਾਲ ਚਾਹੀਦਾ ਸੀ ਉਸ ਮਜ਼ਬੂਤੀ ਦੇ ਨਾਲ ਲਾਗੂ ਨਹੀਂ ਕੀਤਾ ਔਰ ਉਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਰੀਕਾਰਡ ਵਿਚ, ਕਾਗਜ਼ਾਂ ਵਿਚ ਵਡੇ ਵਡੇ ਕਾਰੀਗਰਾਂ ਨੇ ਗਿਰਦੌਰੀਆਂ ਤੁੜਾ ਕੇ ਮੁਜ਼ਾਰਿਆਂ ਦਾ ਨਾਮੋਨਿਸ਼ਾਨ ਹੀ ਖਤਮ ਕਰ ਦਿਤਾ । ਮੈਨੂੰ ਫਿਰੋਜ਼ਪੁਰ ਜ਼ਿਲ੍ਹੇ ਦਾ ਤਜਰਬਾ ਹੈ । ਮੁਕਤਸਰ ਫ਼ਾਜ਼ਿਲਕਾ ਦੇ ਜਿਹੜੇ ਪੁਰਾਣੇ ਵਡੇ ਵਡੇ ਜ਼ਿਮੀਂਦਾਰ ਸਨ—ਜਿਨ੍ਹਾਂ ਦੇ ਕੋਲ ਹਜ਼ਾਰ ਹਜ਼ਾਰ ਦੋ ਦੋ ਹਜ਼ਾਰ ਏਕੜ ਜ਼ਮੀਨ ਸੀ, ਜਦੋਂ ਪੰਜਾਬ ਦਾ ਮੁਜ਼ਾਰਾ ਐਕਟ ਬਣਿਆ ਸੀ, ਉਸ ਵਕਤ ਜਿਹੜੇ ਮੁਜ਼ਾਰੇ ਉਨ੍ਹਾਂ ਜ਼ਮੀਨਾਂ ਉਤੇ ਕਾਬਜ਼ ਸਨ, ਉਹ ਮੁਜ਼ਾਰੇ ਕਿਧਰੇ ਨਜ਼ਰ ਹੀ ਨਹੀਂ ਆਉਂਦੇ—ਉਨ੍ਹਾਂ ਵਡੇ ਵਡੇ ਜਾਗੀਰ-ਦਾਰਾਂ ਨੇ ਜਿਨ੍ਹਾਂ ਵਿਚੋਂ ਇਕ ਦੋ ਤਾਂ ਇਸ ਹਾਊਸ ਦੇ ਵੀ ਮੈਂਬਰ ਹਨ—ਉਨ੍ਹਾਂ ਦੇ ਨਾਂ ਨਹੀਂ ਲੈਣਾ ਚਾਹੁੰਦਾ—ਉਨ੍ਹਾਂ ਨੇ ਕਿਸ ਤਰ੍ਹਾਂ ਗਿਰਦੌਰੀਆਂ ਭੰਨ ਕੇ, ਰੀਕਾਰਡ ਭੰਨ ਕੇ ਉਹ ਜ਼ਮੀਨਾਂ ਅਪਣੇ ਉਨ੍ਹਾਂ ਯਾਰਾਂ ਦੋਸਤਾਂ ਦੇ ਨਾਂ ਕਰਾ ਲਈਆਂ ਜਿਹੜੇ ਦਿੱਲੀ ਕਨਾਟ ਪਲੇਸ ਵਿਚ ਵਪਾਰ

ਕਰਦੇ ਹਨ ਔਰ ਜਿਨ੍ਹਾਂ ਨੂੰ ਵਾਹੀ ਦਾ ਪਤਾ ਹੀ ਨਹੀਂ ਕਿ ਇਹ ਹੁੰਦੀ ਕੀ ਹੈ ! ਉਨ੍ਹਾਂ ਦੇ ਨਾਵਾਂ ਉਤੇ ਗਿਰਦੌਰੀਆਂ ਔਰ ਇੰਤਕਾਲ ਕਰਵਾ ਲਏ । ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਉਹ ਜ਼ਮੀਨ ਆਪਣੇ ਕਬਜ਼ੇ ਵਿਚ ਰਖ ਲਈ । ਇਸੇ ਤਰ੍ਹਾਂ ਪੈਪਸੂ ਵਿਚ ਮੁਜ਼ਾਰਿਆਂ ਦੀ ਸਿਕਿਉਰਿਟੀ ਬਾਰੇ ਐਕਟ ਬਣਿਆ । ਉਹ ਪੰਜਾਬ ਦੇ ਐਕਟ ਨਾਲੋਂ ਕਿਧਰੇ ਬੇਹਤਰ ਸੀ । ਪੰਜਾਬ ਨਾਲੋਂ ਪੈਪਸੂ ਦੇ ਮੁਜ਼ਾਰਾ ਕਾਨੂੰਨ ਵਿਚ ਮੁਜ਼ਾਰਿਆਂ ਵਾਸਤੇ ਕਾਫ਼ੀ ਤਹੱਫ਼ਜ਼ ਦੇ ਪ੍ਰੋਵੀਜ਼ਨ ਰਖੇ ਗਏ । ਉਸ ਵਿਚ ਪੰਜਾਬ ਦੇ ਮੁਕਾਬਲੇ ਵਿਚ ਸਭ ਤੋਂ ਚੰਗੀ ਗਲ ਇਹ ਸੀ ਕਿ ਜਿੱਥੇ ਪੰਜਾਬ ਵਿਚ 30 ਸਟੈਂਡਰਡ ਏਕੜ ਦੀ ਹਦ ਮਿੱਥਨ ਤੋਂ ਬਾਅਦ ਉਪਰਲੀ ਜ਼ਮੀਨ ਨੂੰ ਮੁਜ਼ਾਰਿਆਂ ਨੂੰ ਦੇਣ ਦਾ ਹੱਕ ਦਿੱਤਾ ਸੀ ਪੈਪਸੂ ਦੇ ਵਿਚ 30 ਸਟੈਂਡਰਡ ਏਕੜ ਮਾਲਿਕ ਕੋਲ ਰਹਿ ਕੇ ਉਸ ਤੋਂ ਵਧਦੀ ਜ਼ਮੀਨ ਮੁਜ਼ਾਰੇ ਨੂੰ ਦੇਣ ਦਾ ਪ੍ਰੋਵੀਜ਼ਨ ਕੀਤਾ ਗਿਆ ਸੀ ਗੋ ਉਸ ਵਾਸਤੇ ਮੁਆਵਜ਼ਾ ਮੁਕੱਰਰ ਕੀਤਾ ਗਿਆ ਜਿਹੜਾ ਮਾਮਲੇ ਦੀ ਸਕਲ ਵਿਚ ਜਾਂ ਦੋ ਸੌ ਰੁਪਏ ਦੇ ਕਰੀਬ ਪਰ ਏਕੜ ਦੇ ਹਿਸਾਬ ਨਾਲ ਅਦਾ ਕਰਨਾ ਸੀ ਅਤੇ ਉਹ ਉਸੇ ਹੀ ਜ਼ਮੀਨ ਦਾ ਮਾਲਿਕ ਬਣ ਸਕਦਾ ਸੀ । ਲੇਕਿਨ ਉਥੇ ਵੀ, ਜੋ ਸਾਡੀ ਰਿਆਸਤ ਵਿਚ ਹੈ, ਕੁਝ ਹੀ ਮੁਜ਼ਾਰੇ ਜ਼ਮੀਨ ਦੇ ਮਾਲਕ ਬਣ ਸਕੇ ਬਹੁਤੇ ਮੁਜ਼ਾਰੇ ਉਥੋਂ ਵੀ ਬੇਦਖ਼ਲ ਹੋਏ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜ਼ਰਾਈ ਪੈਦਾਵਾਰ ਵਧਾਉਣ ਦੇ ਜਿਹੜੇ ਸਾਡੇ ਟੀਚੇ ਸਨ ਉਨ੍ਹਾਂ ਤਕ ਨਾ ਪੁਜ ਸੱਕਣ ਦਾ ਮੁਖ ਕਾਰਨ ਇਹ ਹੈ ਕਿ ਜਿਹੜੀ ਲੈਂਡ ਰੀਫਾਰਮ ਕਰਨ ਦੀ ਸਰਕਾਰ ਦੀ ਨੀਤੀ ਸੀ ਉਸ ਨੂੰ ਨੇਪਰੇ ਚੜ੍ਹਾਉਣ ਦੇ ਠੀਕ ਤਰ੍ਹਾਂ ਨਾਲ ਉਪਰਾਲੇ ਨਹੀਂ ਕੀਤੇ ਗਏ । ਜਿਹੜੇ ਇਸ ਸਬੰਧ ਵਿਚ ਲੰਗੜੇ ਐਕਟ ਬਣੇ ਵੀ ਉਨ੍ਹਾਂ ਨੂੰ ਵੀ ਦਰਿੜ੍ਹਤਾ ਨਾਲ ਲਾਗੂ ਨਹੀਂ ਕੀਤਾ ਗਿਆ । ਇਸ ਤੋਂ ਇਲਾਵਾ ਜਿਹੜੀ ਜ਼ਮੀਨ ਪੰਜਾਬ ਦੀ ਸਰਕਾਰ ਕੋਲ ਹੈ—ਲੱਖਾਂ ਏਕੜ ਜ਼ਮੀਨ ਬੰਜਰ, ਈਵੈਕੂਈ ਪ੍ਰਾਪਰਟੀ ਦੇ ਰੂਪ ਵਿਚ ਜਾਂ ਜਿਹੜੀ ਜ਼ਮੀਨ ਸਤਲੁਜ ਬੇਟ ਵਿਚੋਂ ਰੀਕਲੇਮ ਕਰਨ ਤੋਂ ਬਾਅਦ ਸਰਕਾਰ ਕੋਲ ਬਚੀ; ਉਸ ਬਾਰੇ ਹਿੰਦੁਸਤਾਨ ਔਰ ਪੰਜਾਬ ਸਰਕਾਰ ਦੀ ਪਰਵਾਨਤ ਨੀਤੀ ਹੈ ਕਿ ਅਜਿਹੀ ਜ਼ਮੀਨ ਉਤੇ ਜਾਂ ਤੇ ਸਰਕਾਰ ਵਡੇ ਵਡੇ ਫਾਰਮ ਬਣਾ ਕੇ, ਮੈਕੇਨਾਈਜ਼ਡ ਫਾਰਮ ਬਣਾ ਕੇ, ਉਸ ਵਿਚ ਚੰਗੇ ਬੀਜ ਪੈਦਾ ਕਰਕੇ, ਅਨਾਜ ਪੈਦਾ ਕਰਕੇ ਦੇਸ਼ ਦੇ ਅਕਾਲ ਨੂੰ ਦੂਰ ਕਰੇ ਜਾਂ ਪਿੰਡਾਂ ਵਿਚ ਜਿਹੜੇ ਦੇਹਾਤੀ ਮਜ਼ਦੂਰ ਹਨ, ਹਰੀਜਨ ਹਨ ਜਿਨ੍ਹਾਂ ਦਾ ਸਬੰਧ ਖੇਤੀ ਨਾਲ ਹੈ, ਜਾਂ ਚਾਰ ਚਾਰ ਪੰਜ ਪੰਜ ਏਕੜ ਵਾਲੇ ਛੋਟੇ ਛੋਟੇ ਮਾਲਿਕ ਹਨ ਉਨ੍ਹਾਂ ਨੂੰ ਇਸ ਬੇਟ ਦੇ ਇਲਾਕੇ ਵਿਚ, ਈਵੈਕੂਈ ਸਰਪਲਸ ਜ਼ਮੀਨ ਉਤੇ ਵਸਾਇਆ ਜਾਏ ਤਾਕਿ ਦੇਸ਼ ਵਿਚ ਅਨਾਜ ਦੀ ਪੈਦਾਵਾਰ ਵਧੇ ਪਰ ਇਸ ਪੰਜਾਬ ਦੀ ਸਰਕਾਰ ਨੇ ਨਾ ਪਿਛਲੇ ਸਮੇਂ ਵਿਚ ਇਸ ਪਖ ਵਲ ਕੋਈ ਯਤਨ ਕੀਤਾ ਹੈ ਔਰ ਨਾ ਹੀ ਹੁਣ । ਹੁਣ ਤਾਂ, ਡਿਪਟੀ ਸਪੀਕਰ ਸਾਹਿਬਾ ਹਾਲਤ ਇਹ ਹੈ ਕਿ ਪਿਛਲੇ ਦਿਨੀਂ ਜਦ ਇਥੇ ਇਕ ਸਵਾਲ ਪੁਛਿਆ ਗਿਆ ਕਿ ਸਤਲੁਜ ਬੇਟ ਦੇ ਇਲਾਕੇ ਦੀ ਜਿਹੜੀ ਜ਼ਮੀਨ ਇਕ ਲਖ ਔਰ ਦਸ ਹਜ਼ਾਰ ਏਕੜ ਜਾਂ ਕਿਤਨੀ ਹੈ-- ਉਸ ਨੂੰ ਕਿਵੇਂ ਯੂਟੀਲਾਈਜ਼ ਕੀਤਾ ਜਾਣਾ ਹੈ ਤਾਂ ਪਤਾ ਲਗਾ ਕਿ ਸਰਕਾਰ ਅਜੇ ਉਸ ਸਕੀਮ ਨੂੰ ਹੀ ਫਾਈਨੇਲਾਈਜ਼ ਨਹੀਂ ਕਰ ਸਕੀ । ਡਿਪਟੀ ਸਪੀਕਰ ਸਾਹਿਬਾ, ਚਾਹੀਦਾ ਤਾਂ ਇਹ ਹੈ ਕਿ ਜਾਂ ਤੇ ਉਸ ਜ਼ਮੀਨ ਨੂੰ ਮੈਕੇਨਾਈਜ਼ਡ ਸੀਡ ਫਾਰਮਾਂ ਦੀ ਸ਼ਕਲ ਦਿੱਤੀ ਜਾਵੇ ਔਰ ਜਿਸ ਤਰ੍ਹਾਂ ਰਾਜਸਥਾਨ ਵਿਚ ਹੈ, ਇਥੇ ਵਡੇ ਵਡੇ ਸੀਡ ਫਾਰਮ ਬਣਾਏ ਜਾਣ ਔਰ ਉਥੇ ਪੇਂਡੂ ਮਜ਼ਦੂਰਾਂ ਨੂੰ ਐਂਪਲਾਇਮੈਂਟ ਦੇਕੇ ਉਨ੍ਹਾਂ ਦੀ ਬੇਰੋਜ਼ਗਾਰੀ ਦਾ ਵੀ ਮਸਲਾ ਹੱਲ ਕੀਤਾ ਜਾਵੇ ਜਾਂ ਇਸੇ ਵਿਚੋਂ ਮੈਕੇਨਾਈਜ਼ਡ ਫਾਰਮਾਂ ਤੋਂ ਇਲਾਵਾ ਕੁਝ ਜ਼ਮੀਨ ਛੋਟੇ ਜ਼ਿਮੀਂਦਾਰਾਂ ਵਿਚ, ਪਿੰਡਾਂ ਦੇ ਹਰੀਜਨਾਂ, ਕਿਰਸਾਨਾਂ ਵਿਚ ਤਕਸੀਮ ਕਰਕੇ ਉਨ੍ਹਾਂ ਨੂੰ ਇਕਨਾਮਿਕ ਹੋਲਡਿੰਗ ਦੀ ਸ਼ਕਲ ਵਿਚ ਦਿੱਤੀ ਜਾਵੇ । ਜਦ ਤਕ ਐਸਾ ਨਹੀਂ ਕੀਤਾ ਜਾਂਦਾ ਤਦ ਤਕ ਦੇਸ਼ ਵਿਚ ਅਕਾਲ ਔਰ ਅਨਾਜ ਦੀ ਪੈਦਾਵਾਰ ਦਾ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਮਸਲਾ ਹਲ ਨਹੀਂ ਹੋ ਸਕਦਾ । ਤਦ ਤਕ ਹਿੰਦੁਸਤਾਨ ਵਿਚ ਅਨਾਜ ਦਾ ਘਾਟਾ ਉਸੇ ਤਰ੍ਹਾਂ ਕਾਇਮ ਰਹੇਗਾ ।

ਇਕ ਗਲ ਹੋਰ ਹੈ ਜਿਸ ਦਾ ਮੈਂ ਇਥੇ ਜ਼ਿਕਰ ਕਰਨਾ ਚਾਹੁੰਦਾ ਹਾਂ । ਕੈਪਟਨ ਸਾਹਿਬ ਇਸ ਵੇਲੇ ਚਲੇ ਗਏ ਹਨ, ਉਨ੍ਹਾਂ ਨੇ ਭਾਸ਼ਣ ਦਿੰਦੇ ਹੋਇਆਂ ਕਿਹਾ ਹੈ ਕਿ ਪੰਜਾਬ ਗੌਰਮੈਂਟ ਇਸ ਬਜਟ ਵਿਚ ਔਰ ਆਉਣ ਵਾਲੇ ਸਾਲ ਪੰਜਾਬ ਦੇ ਕਿਸਾਨ ਨੂੰ, ਵਾਹੀ ਕਰਨ ਵਾਲਿਆਂ ਨੂੰ ਉਤਸ਼ਾਹ ਦੇਣ ਵਾਸਤੇ ਬਹੁਤ ਕੁਝ ਰਖਿਆ ਹੈ । ਡਿਪਟੀ ਸਪੀਕਰ ਸਾਹਿਬਾ, ਮੈਨੂੰ ਪਿਛਲੇ ਸਾਲ ਦਾ ਕੁਝ ਤਜਰਬਾ ਹੈ । ਜੇ ਬਜਟ ਵਿਚ ਝਾਤੀ ਮਾਰੀ ਜਾਵੇ ਤਾਂ ਕਿਰਸਾਨ ਨੂੰ ਉਤਸ਼ਾਹ ਦੇਣ ਵਾਲੀ ਕੋਈ ਵੀ ਝਲਕੀ ਮਹਿਸੂਸ ਨਹੀਂ ਹੁੰਦੀ । ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ ਆਟਮ ਸੈਸ਼ਨ ਵਿਚ, ਜਿਹੜਾ ਪਿਛਲੇ ਚਾਰ ਮਹੀਨੇ ਗੁਜ਼ਰੇ ਹੋਇਆ ਉਸ ਵਿਚ ਸਰਕਾਰ ਨੇ ਐਲਾਨ ਕੀਤਾ ਸੀ ਕਿ ਕਿਰਸਾਨ ਨੂੰ ਉਤਸ਼ਾਹ ਦੇਣ ਲਈ ਉਨ੍ਹਾਂ ਉਨ੍ਹਾਂ ਇਲਾਕਿਆਂ ਵਿਚ ਜਿੱਥੇ ਬਿਜਲੀ ਨਹੀਂ ਗਈ, ਟਿਊਬਵੈਲਜ਼ ਜਾਂ ਪੰਪਿਗ ਸੈਟਸ ਲਗਾਉਣ ਦੇ ਲਈ 25 ਫ਼ੀਸਦੀ ਸਬਸਿਡੀ ਦਿੱਤੀ ਜਾਵੇਗੀ । ਸਨ 1965 ਦੀ ਬਜਟ ਸਪੀਚ ਵਿਚ ਤਾਂ ਸਰਦਾਰ ਕਪੂਰ ਸਿੰਘ ਫਾਈਨੈਂਸ ਮਿਨਿਸਟਰ ਨੇ ਕਿਹਾ ਸੀ ਕਿ ਉਨ੍ਹਾਂ ਕਿਰਸਾਨਾਂ ਨੂੰ ਜਿਨ੍ਹਾਂ ਤਕਾਵੀਆਂ ਲਈਆਂ, ਟਿਊਬਵੈਲਜ਼ ਅਤੇ ਪੰਪਿੰਗ ਸੈਟਸ ਲਈ 25 ਫੀ ਸਦੀ ਜਾਂ 750 ਰੁਪਿਆ ਦਿੱਤਾ ਜਾਵੇਗਾ ਅਤੇ ਜਦੋਂ ਆਖਰੀ ਕਿਸ਼ਤ ਹੋਵੇਗੀ ਤਾਂ ਉਸ ਦਾ ਲੇਖਾ ਜੋਖਾ ਕਰ ਲਿਆ ਜਾਵੇਗਾ । ਜਦੋਂ ਪਿਛਲਾ ਆਟਮ ਸੈਸ਼ਨ ਆਇਆ, ਹਾਲਾਤ ਦਾ ਤਕਾਜ਼ਾ ਹੋਇਆ, "ਜੈ ਜਵਾਨ ਜੈ ਕਿਸਾਨ" ਦਾ ਨਾਅਰਾ ਵੀ ਲਗਿਆ ਔਰ ਰੈਪਰੀਜ਼ੈਨਟੇਸ਼ਨ ਵੀ ਆਂਦੀਆ ਕਿ ਜਿਹੜਾ ਕਿਰਸਾਨ ਅਪਣੇ ਪਾਲਿਉਂ ਪੈਸਾ ਲਗਾਕੇ ਟਿਊਬਵੈਲਜ਼ ਲਗਾਉਂਦਾ ਹੈ ਪੰਪਿੰਗ ਸੈਟ ਲਗਾਉਂਦਾ ਹੈ—ਸਰਕਾਰ ਉਤੇ ਬੋਝ ਵੀ ਨਹੀਂ ਬਣਦਾ, ਕਰਜ਼ਾ ਵੀ ਨਹੀਂ ਲੈਂਦਾ ਤਾਂ ਉਸ ਨੂੰ ਕਿਉਂ ਨਾ ਰਿਆਇਤ ਦਿੱਤੀ ਜਾਵੇ । ਉਸ ਵੇਲੇ ਸਰਕਾਰ ਨੇ ਐਲਾਨ ਕੀਤਾ ਕਿ ਉਨ੍ਹਾਂ ਕਿਰਸਾਨਾਂ ਨੂੰ ਵੀ 25 ਫੀ ਸਦੀ ਜਾਂ 750 ਰੁਪਿਆ—ਜਿਹੜਾ ਵੀ ਘਟ ਹੋਵੇ—ਸਬਸਿਡੀ ਦਿਤੀ ਜਾਵੇਗੀ। ਇਸੇ ਆਸਰੇ ਉਤੇ ਡਿਪਟੀ ਸਪੀਕਰ ਸਾਹਿਬਾ, ਅਸਾਂ ਇਕ ਸਵਾਲ ਭੇਜਿਆ—ਨੰਬਰ 9489 ਜਿਹੜਾ 2 ਮਾਰਚ ਦੀ ਲਿਸਟ ਵਿਚ ਸੀ; ਉਸ ਦਿਨ ਤਾਂ ਉਸ ਨੂੰ ਪੋਸਟਪੋਨ ਕਰ ਦਿੱਤਾ ਗਿਆ, ਉਸ ਦਾ ਜਵਾਬ ਨਹੀਂ ਆਇਆ; ਕਲ ਹੀ ਮੈਨੂੰ ਉਸ ਦਾ ਜਵਾਬ ਮਿਲਿਆ ਹੈ । ਉਸ ਨੂੰ ਪੜ੍ਹਕੇ ਮੈਨੂੰ ਬੜੀ ਹੈਰਾਨੀ ਹੋਈ ਹੈ ਕਿ ਜਿਹੜੀ ਯਕੀਨ ਦਿਹਾਨੀ ਇਸ ਹਾਊਸ ਵਿਚ ਦਿੱਤੀ ਗਈ ਸੀ; ਸਰਕਾਰ ਉਸ ਤੋਂ ਬਿਲਕੁਲ ਮੁੱਕਰ ਗਈ ਹੈ। ਇਸ ਸਵਾਲ ਨੂੰ ਔਰ ਇਸ ਦੇ ਜਵਾਬ ਨੂੰ ਜੇਕਰ ਤੁਸੀਂ ਪੜ੍ਹੋ ਤਾਂ ਖੁਦ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਸਰਕਾਰ ਕਿਸ ਤਰ੍ਹਾਂ ਉਸ ਤੋਂ ਫਿਰ ਗਈ ਹੈ । ਉਹ ਸਵਾਲ ਅਤੇ ਉਸ ਦਾ ਜਵਾਬ ਇਸ ਪਰਕਾਰ ਹਨ :—

Will the Minister for Home and Development be pleased to state—

(a) whether it is a fact that the Government have made an announcement that 25 per cent subsidy will be given to those land-owners who instal tube-wells and pumping sets either by spending the amount from their own pockets or by raising taccavi loans ; if so, the total number of the land-owners who have since been paid such subisdy according to the said announcement ;

(b) the number of landowners out of those referred to in part (a) above given such subsidy who have spent the amount from their own pockets or by raising taccavi loans, separately ;

(c) whether any procedure has been laid down for distributing the said subsidy; if so, the details thereof and a copy thereof be laid on the Table of the Houle ?"

ਸਰਦਾਰ ਦਰਬਾਰਾ ਸਿੰਘ ਨੇ ਇਸ ਦਾ ਕੀ ਜਵਾਬ ਦਿੱਤਾ ਹੈ ਮੈਂ ਹੁਣ ਉਹ ਦਸਦਾ ਹਾਂ————

Deputy Speaker: Please wind up.

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ: ਮੈਂ ਤਾਂ ਆਪ ਬੜਾ ਸੰਖੇਪ ਵਿਚ ਬੋਲ ਰਿਹਾ ਹਾਂ———

उपाध्यक्षा: आप को बोलते हुए 15 मिंट हो गए हैं। Within five minutes अब खत्म करो आप को घड़ी की तरफ भी देखना चाहिए बाकियों ने भी बोलना है (The hon. Member has already spokan for 15 minutes, he should finish within five minutes. The hon. Member should look to the watch as well. Other members have also to speak.)

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ: ਬਸ ਜੀ ਮੈਂ ਆਪ ਹੀ ਵਾਈਂਡਅਪ ਕਰ ਰਿਹਾ ਹਾਂ। ਸਰਕਾਰ ਨੇ ਜੋ ਇਸ ਸਵਾਲ ਦਾ ਜਵਾਬ ਦਿਤਾ ਹੈ ਉਹ ਇਹ ਹੈ: —

The reply given by Sardar Darbara Singh, Home and Development Minister is :—

"(a) 25 per cent subsidy has been sanctioned with effect from 1964-65 only for the loanees who installed tube-wells and pumping sets run by diesel engines. Since subsidy is to be given in the form of waiving off of the recovery of last instalments of the loan, no subsidy has been paid so far.

(b) Does not arise.

(c) Subsidy to the receipients of loans is given in case they instal new diesel engines within one year of the receipt of loans and use them at least for one year. Subsidy is allowed in the form of waiving off recovery of an appropriate amount out of the last instalment of the loan repaid by the loanee."

ਡਿਪਟੀ ਸਪੀਕਰ ਸਾਹਿਬਾ, ਇਥੇ ਇਸ ਸਵਾਲ ਨੂੰ ਔਰ ਜਵਾਬ ਨੂੰ ਪੜ੍ਹਨ ਦਾ ਭਾਵ ਇਹ ਹੈ ਕਿ ਸਰਕਾਰ ਨੇ ਪਿਛਲੇ ਸਾਲ ਇਥੇ ਅਗਸਤ ਅਤੇ ਸਿਤੰਬਰ ਵਿਚ ਜੋ ਵਾਦਾ ਕੀਤਾ ਸੀ ਕਿ ਜਿਹੜੇ ਆਦਮੀ ਇੰਜਨ ਲਗਾ ਕੇ ਪੰਪਿੰਗ ਸੈਟ ਜਾਂ ਟਿਊਬਵੈਲ ਲਗਾਉਣਗੇ ਉਨ੍ਹਾਂ ਨੂੰ 25 ਪਰਸੈਂਟ ਸਬਸਿਡੀ ਦਿਤੀ ਜਾਵੇਗੀ, ਉਸ ਵਾਦੇ ਤੋਂ ਇਹ ਸਰਕਾਰ ਹੁਣ ਮੁਨਕਰ ਹੋ ਗਈ ਹੈ। ਮੈਂ ਪੁਛਦਾ ਹਾਂ ਕਿ ਕੀ ਇਹ ਸਰਕਾਰ ਕਿਸਾਨਾਂ ਨੂੰ ਵਧ ਪੈਦਾਵਾਰ ਕਰਨ ਲਈ ਇਨਸੈਂਟਿਵ ਦੇ ਰਹੀ ਹੈ.......

ਵਿਤ ਮੰਤਰੀ: ਇਹ ਗ਼ਲਤੀ ਨਾਲ ਲਿਖਿਆ ਗਿਆ ਹੈ ਵੈਸੇ ਸਰਕਾਰ ਆਪਣਾ ਵਾਅਦਾ ਪੂਰਾ ਕਰ ਰਹੀ ਹੈ।

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ: ਤੁਸੀਂ ਭਾਵੇਂ ਨਾ ਮੰਨੋ ਪਰ ਮੇਰੇ ਪਾਸ ਤਾਂ ਇਹ ਡਾਕੂਮੈਂਟਰੀ ਪਰੂਫ ਹੈ।

ਜਿਸ ਤਰ੍ਹਾਂ ਇਹ ਟਿਊਬਵੈਲਾਂ ਦੀ ਸਬਸਿਡੀ ਦੇਣ ਤੋਂ ਮੁਨਕਰ ਹੋ ਕੇ ਕਿਸਾਨ ਨੂੰ ਇਨਸੈਂਟਿਵ ਦੇ ਰਹੇ ਹਨ ਇਸ ਤਰ੍ਹਾਂ ਇਹ ਕਿਸਾਨ ਨੂੰ ਰੇਹ (ਖਾਦ) ਦੇਣ ਵਿਚ ਇਨਸੈਂਟਿਵ ਦੇ ਰਹੇ ਹਨ। ਰੇਹ ਦੀ ਬੋਰੀ ਦੀ ਕੀਮਤ ਪਿਛਲੇ ਦੋ ਸਾਲਾਂ ਵਿਚ ਇਹ ਲਗਾਤਾਰ ਵਧਾਂਦੇ ਆ ਰਹੇ ਹਨ। ਫਿਰ ਇਸ ਦੀ ਕੀਮਤ ਨੂੰ ਤਾਂ ਛਡੋ। ਤੁਸੀਂ ਦੇਖੋ ਇਹ ਕਿਸਾਨ ਨੂੰ ਰੇਹ ਦੀ ਵਧ ਵਰਤੋਂ ਕਰਨ ਵਾਲੀ ਇਹ ਇਨਸੈਨਟਿਵ ਦਿੰਦੇ ਹੁੰਦੇ ਸੀ ਕਿ ਉਨ੍ਹਾਂ ਨੂੰ ਖਾਦ ਖ਼ਰੀਦ ਕਰਨ ਵਾਸਤੇ ਤਕਾਵੀ ਕਰਜ਼ੇ ਦਿੰਦੇ ਸੀ ਤਾਂ ਕਿ ਉਹ ਰੇਹ ਦੀ ਖੁਲ੍ਹੀ ਵਰਤੋਂ ਕਰ ਕੇ ਪੈਦਾਵਾਰ ਵਧਾਣ ਲੇਕਿਨ ਹੁਣ ਇਨ੍ਹਾਂ ਨੇ 10 ਫਰਵਰੀ ਤੋਂ ਇਸ ਬਾਰੇ ਇਹ ਚਿਠੀ ਜਾਰੀ ਕਰ ਕੇ ਇਕ ਹੋਰ ਇਨਸੈਂਟਿਵ ਦਿਤਾ ਹੈ ਕਿ ਕਿਸ ਵਾਸਤੇ ਤਕਾਵੀ ਲੋਨ ਨਹੀਂ ਦਿਤੇ ਜਾਣਗੇ। ਬਾਬੂ ਬਚਨ ਸਿੰਘ ਜੀ ਨੇ ਦਸਿਆ ਹੈ ਕਿ ਉਹ ਚਿਠੀ 8 ਫਰਵਰੀ ਨੂੰ ਗਈ ਹੈ ਪਰ ਅਸਲੀਅਤ ਇਹ ਹੈ ਕਿ ਉਹ ਚਿਠੀ 8 ਫਰਵਰੀ ਨੂੰ ਇਥੋਂ ਇਸ਼ੂ ਹੋਈ ਸੀ ਔਰ 10 ਫਰਵਰੀ ਨੂੰ ਉਥੇ ਪਹੁੰਚੀ ਸੀ। ਮੈਂ ਇਸ ਬਾਰੇ ਡੀਟੇਲ ਵਿਚ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਨਾ ਜਾਂਦਾ ਹੋਇਆਂ ਸਿਰਫ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਪੈਦਾਵਾਰ ਵਧਾਉਣੀ ਚਾਹੁੰਦੇ ਹੋ ਤਾਂ ਤੁਸੀਂ ਤੇਜ਼ੀ ਨਾਲ ਅਗਰੇਰੀਅਨ ਰੀਫਾਰਮਜ਼ ਲੈ ਆਉ ਔਰ ਪੰਜਾਬ ਦੇ ਖੇਤੀ ਕਰਨ ਵਾਲੇ ਕਿਸਾਨ ਨੂੰ ਇਨਸੈਂਟਿਵ ਦਿਉ ਔਰ ਇਸ ਮਤਲਬ ਲਈ ਹੋਰ ਪਰੋਗਰਾਮ ਬਣਾਉ। ਇਸ ਬਜਟ ਵਿਚ ਤਾਂ ਉਨ੍ਹਾਂ ਨੂੰ ਇਨਸੈਂਟਿਵ ਦੇਣ ਲਈ ਕੁਝ ਨਹੀਂ ਰਖਿਆ। ਮੈਨੂੰ ਪਤਾ ਹੈ ਕਿ ਪਿਛਲੇ ਸਾਲ ਇਨ੍ਹਾਂ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਮੀਂਦਾਰਾਂ ਲਈ ਟਰੈਕਟਰ ਖਰੀਦਣ ਲਈ ਸਿਰਫ ਇਕ ਲਖ ਰੁਪਏ ਦੀ ਰਕਮ ਰਖੀ ਸੀ ਜਿਸ ਵਿਚੋਂ ਇਨ੍ਹਾਂ ਨੇ ਦਸ ਆਦਮੀਆਂ ਨੂੰ ਦਸ ਦਸ ਹਜ਼ਾਰ ਰੁਪਏ ਕਰ ਕੇ ਦਸ ਟਰੈਕਟਰਾਂ ਵਾਸਤੇ ਦੇਣੇ ਸੀ। ਤੁਸੀਂ ਦੇਖੋ ਕਿ ਕੀ ਦਸ ਟਰੈਕਟਰ ਕਾਫੀ ਹਨ? ਉਸ ਜ਼ਿਲੇ ਦੇ ਕੁਲ 17 ਬਲਾਕ ਹਨ, ਇਨ੍ਹਾਂ ਇਤਨੀ ਰਕਮ ਵੀ ਨਹੀਂ ਦਿੱਤੀ ਕਿ ਜਿਸ ਨਾਲ ਹਰ ਇਕ ਬਲਾਕ ਵਾਸਤੇ ਇਕ ਇਕ ਟਰੈਕਟਰ ਵੀ ਲਿਆ ਜਾ ਸਕੇ। ਪਰ ਕਹਿੰਦੇ ਇਹ ਹਨ ਕਿ ਇਹ ਕਿਸਾਨ ਨੂੰ ਉਤਸ਼ਾਹ ਦੇਣ ਦੀ ਰਾਹ ਤੇ ਜਾ ਰਹੇ ਹਨ।

ਡਿਪਟੀ ਸਪੀਕਰ ਸਾਹਿਬਾ, ਕਿਉਂਕਿ ਹਾਲੇ ਕਈ ਡੀਮਾਂਡਜ਼ ਤੇ ਬਹਿਸ ਹੋਣੀ ਹੈ, ਇਸ ਲਈ ਹੁਣ ਮੈਂ ਜ਼ਿਆਦਾ ਨਹੀਂ ਕਹਿੰਦਾ ਔਰ ਉਨ੍ਹਾਂ ਡੀਮਾਂਡਜ਼ ਤੇ ਬੋਲਾਂਗਾ। ਹੁਣ ਬਸ ਇਤਨਾ ਹੀ ਕਹਿੰਦਾ ਹਾਂ ਕਿ ਪੰਜਾਬ ਦੀ ਸਰਕਾਰ ਨੇ ਜਿਹੜਾ ਸੋਸ਼ਲਿਜ਼ਮ ਦਾ ਢੋਂਗ ਰਚਾਇਆ ਹੋਇਆ ਹੈ ਹੁਣ ਇਨ੍ਹਾਂ ਦਾ ਇਹ ਢੋਂਗ ਬਿਲਕੁਲ ਨੰਗਾ ਹੋ ਗਿਆ ਹੈ। ਇਹ ਜੋ ਐਕਸ਼ਨ ਕਰਦੇ ਆ ਰਹੇ ਨੇ, ਉਨ੍ਹਾਂ ਨਾਲ ਇਹ ਪੰਜਾਬ ਦੀ ਔਰ ਹਿੰਦੁਸਤਾਨ ਦੀ ਸਰਕਾਰ -ਕਾਂਗਰਸ ਦੀਆਂ ਨਜਿਠੀਆਂ ਹੋਈਆਂ ਨੀਤੀਆਂ ਤੋਂ ਦੂਰ ਹਟਦੇ ਜਾ ਰਹੇ ਨੇ।

श्री बाबू दयाल शर्मा (पटौदी) : अध्यक्ष महोदय, यह जो आज बजट पर बहस हो रही है इस को मैं ने सुना है और इस से पहले भी जो बहस हो चुकी है वह भी मैं ने सुनी है और इस से मैं यही अन्दाजा लगा सका हूं कि यह जो बजट का इतना लम्बा चौड़ा पोथा है इस पर जो भी आदमी तकरीर करनी चाहे और अपनी राए कायम करना चाहे कर सकता है और मेरे अपने ख्याल में जो कुछ बातें आपोजीशन की तरफ से कही गई हैं उन में से कुछ तो ठीक भी हैं लेकिन वह ज्यादा तर गलत हैं। अभी एक सज्जन ने फरमाया है कि यह बजट बिरोक्रेटिक है। मुझे यह बात अफसोस के साथ करनी पड़ती है जिस सज्जन ने यह बात कही है उन्हें शायद बिरोक्रेटिक शब्द की डैफीनीशन का पता ही नहीं है। बियोरोक्रैटिक बजट वह होता है जिस में ज्यादा खर्च पुलिस और फौज और इस तरह की दूसरी चीज़ों पर किया गया हो लेकिन अगर इस बजट पर आनरेबल मैंम्बर साहिबान नज़र डालें तो इस नतीजे पर पहुंचते हैं कि इस बजट का 17 फीसदी एजूकेशन और साइंटेफिक पर्पिजिज़ से लोगों को फायदा पहुंचाने के लिए रखा गया हुआ है जिन से वसूली कम होती है और खर्च ही खर्च होता है। जिस बजट की यह हालत हो उस को बियोरोक्रेटिक कैसे कहा जा सकता है। इसी तरह से अगर हम रैवेन्यू टैकसिज़ के खाते को देखें तो पता चलता है कि इस खाते में हम ने एक अरब और 48 करोड़ रुपए वसूल करने हैं और खर्च करना है एक अरब और 43 करोड़ रुपये और पांच लाख रुपए। जिस का मतलब यह हुआ कि तकरीबन पांच करोड़ रुपए रवेन्यू टेकसिज़ में बचत होगी इसी तरह से आप रिसीट साईड को देखें तो पता चलता है कि 3 अरब पांच करोड़ और 58 लाख कुल आमदनी है और इस पर खर्च होगा 3 अरब 10 करोड़ और 83 लाख जिसका मतलब यह है कि माइनस 5 करोड़ और 25 लाख रुपए खर्च होगा। अगर आप पिछले साल का ओपनिंग बैलेंस

देखें और इस साल का ओपनिंग बेलेंस देखें तो 56 लाख की बचत है। इन चीज़ों को देख कर कौन नहीं कह सकता है कि यह एक वेलफेयर स्टेट का बजट है और इस के अन्दर ज़्यादा से ज्यादा हालात को ठीक करने की कोशिश की गई है हालांकि यह बजट जिस वक्त में बनाया गया उस वक्त हमारे सूबा पर बहुत मुसीबतें छाई हुई थीं और यहां पर कुदरत की तरफ से सूखा पड़ा हुआ है और भी कई मुसीबतें नाज़ल हुई थीं और इन मुसीबातों का मुकाबला करते हुए इस सरकार ने यह बजट निर्माण किया है मैं इस के लिये अपने फाईनेंस मिनिस्टर साहब को बधाई देता हूं। लेकिन जब मैं इस बजट को अपने ज़िला के नुक्ता निगाह से देखता हूं तो मैं इस में कई खामियां पाता हूं जिन की तरफ मैं गवनर्मेंट का ध्यान दिलाना चाहता हूं। हमारे ज़िला गुड़गांवां में एक सड़क है होडल-नूह-ताड़-पटौदी-पटौदा जो नूह से ताऊड़ तक है। यह बड़ी इम्पार्टेंट जगह है और यह पांच मील का टुकड़ा है। मगर सन 1952 से ले कर हर बजट स्पीच में इस बारे में सरकार से, प्रार्थना करने के बावजूद यह नहीं बनाई जाती। यह टुकड़ा सड़क का बनाना निहायत ज़रूरी है। इस के न होने की वजह से नूह के लिये 84 गांवों को 22 मील का चक्कर काटना पड़ता है क्योंकि बाज़ दफा उन लोगों का टिकट नहीं मिलता, ताऊड़ू से डायरेक्ट टिकट मिलते हैं। इस तरह से उन को बड़ी मुसीबत का सामना करना पड़ता है। इस पांच मील के सड़क के टोटे का जिक्र मैं बराबर 15 साल से कर रहा हूं मगर सरकार ने इस तरफ कोई ध्यान नहीं दिया। मैं समझता हूं कि यह सरकार की पब्लिक की तरफ बड़ी भारी केअरलैसनैस है।

दूसरी बात मैं अलैक्ट्रिक पावर के बारे में अर्ज़ करना चाहता हूं। मैं ने पहले भी अर्ज़ किया है कि भाखड़ा डैम का निर्माण इस लिये किया गया था कि हरियाणा के ज़िलों खास तौर पर गुड़गांव, रोहतक, हिसार और करनाल को सैराब किया जा सके। मगर हुआ यह कि इस की नहरों से ज़िला गुड़गांव का एक कतरा पानी का नसीब नहीं हुआ। सन् 1953 में इस बात की बड़ी चर्चा की गई और हम से वादा किया गया, फिनांस मिनिस्टर साहिब इस प्वायंट को नोट कर लें, क्योंकि वहां पर मीठा पानी ज़मीन के नीचे है इस लिये मेरे ज़िले को इलैक्ट्रिक पावर देने के सिलसिले में टाप मोस्ट प्रायर्टी दी जायगी ताकि वहां पर परकोलेशन वैल्ज़ लगकर लोगों को पानी मुहैया कर सकें। मगर उन को टाप प्रायर्टी देना तो दरकिनार वहां पर जो बिजली ले जाने के लिये खम्बे डाले थे वह वैसे ही पड़े हैं गुड़गांव ज़िले में एक इलाका थली है जहां पर ज़मीन के नीचे पानी बहुत बढ़िया है मगर गहरा है। अगर वहां पर हम पावर दे सकें तो वहां पर बहुत ज्यादा अन्न की पैदावार हो सकती है। (विघ्न)

अब मैं कुछ सप्लाई आफ फ्रैश पीने का वाटर टू विल्लेजिज़ के बारे में कुछ अर्ज करूंगा। उपाध्यक्ष महोदया, जिला गुड़गांव में कोई साढ़े चार सौ देहात ऐसे हैं जहां का पानी कतई खारा है। आप जानती हैं कि देहात के अन्दर जब बयाह शादियां होती हैं तो बेसाख जेठ का महीना होता है जब कि किसान फसल काट कर फारिग़ हो जाता है उन दिनों में वह ब्याह शादियां करते हैं और उन की ज्याफतों में पक्का अन्न का भोजन करते

[श्री बाबूदयाल]

हैं तथा खारा पानी पीते हैं जिस से वहां के हजारों आदमी हैज़े के शिकार हो जाते हैं। वह पक्का पकवान खाते हैं और पानी पीते हैं खारा तो हैज़े का शिकार होते हैं।

इसके आगे मैं गुड़गांव ज़िले की साल्ट इन्डस्ट्री का ज़िक्र करना चाहता हूं। गुड़गांव की साल्ट इन्डस्ट्री 1913 से पहले बहुत मशहूर थी वहां के लाखों मन साल्ट आगरे में जमा किया जाता था वहां से सारे देश को जाया करता था। मगर बाद में जब एक अंग्रेज़ी फर्म ने साम्भर झील का ठेका लिया तो इस इन्डस्ट्री को सरकार ने खत्म कर दिया। हमारी अपनी सरकार ने भी उस को रिवाईज करने की तरफ ध्यान नहीं दिया है यह बड़े अफसोस की बात है।

इस के बाद मैं स्माल इंडस्ट्रीज़ की एस्टैबलिशमैंट के बारे में कुछ अर्ज़ करना चाहता हूं। मैं ने अर्ज़ किया है यहां पर कई दफा कि मेरा ज़िला इन इन्डस्ट्रीज़ के लिये रा मैटीरियल की सहूलियात के लिहाज़ से पंजाब में सब से बढ़िया है मगर इस तरफ पूरा ध्यान नहीं दिया जाता। मिसाल के तौर पर मैं आप को बताता हूं कि ज़िला गुड़गांव में जो सरसों पैदा होती है वह दूसरे स्थानों में पैदा होने वाली सरसों से दो तीन सेर तेल प्रतिमन ज्यादा देती है......

उपाध्यक्षा : कोरम नहीं है (There is no quorum in the House)

[Quorum Bells sounded]

उपाध्यक्षा : अगर मुझे इस तरह से बार 2 कोरम के लिये बैल बजानी पड़ी तो मैं हाउस को ऐडजर्न कर दूंगी। (If quorum bells have to be rung-up again and again then I will adjourn the House.),

पंडित बाबू दयाल शर्मा : मैं सरसों की स्माल इन्डस्ट्री के बारे में अर्ज़ कर रहा था जो सरसों ज़िले गुड़गांव के स्थान बावल और नूह में होती है वह कलकत्ता की मार्किट में दूसरे बीजों के मुकाबले में तीन चार रुपये ज्यादा दाम पर बिकती है। हमारे यहां इस के लिये अभी एक आध मिल ही लग रही है वह भी अभी चालू नहीं हुई। तो मैं सरकार से कहना चाहता हूं कि वह इस इन्डस्ट्री की तरफ जल्दी से जल्दी ध्यान दे। जिस सरसों से कलकत्ते के व्यापारी लाखों रुपया कमाते हैं उस से गुड़गांव क्यों न लाभ उठाये और किसान को अधिक दाम क्यों न मिले। एक और इंन्डस्टी जो हमारे हां लग सकती है बारले की। यदि सरकार इस इंडस्ट्री की ओर ध्यान दे तो बड़ा लाभ हो सकता है (विघ्न) मैं बताता हूं यह क्या इन्डस्ट्री है। हमारे ज़िले गुड़गांव में जो सब से ज्यादा पैदा होते हैं और यह होता भी बहुत आला किसम का है जिससे दो ढाई पौंड के भाव पर बिकने वाला बारले तैयार किया जाता है। इस बारे में अब थोड़ा सा काम शुरू हुआ है। मैं आप की मारफत फिनांस मिनिस्टर साहिब के नोटिस में यह बात लाना चाहता हूं कि इस समय जौ का भाव 100 रु० क्विन्टल तक पहुंच गया है। और जौ गेहूं और चने से महंगा है क्योंकि बंगाल में इस की बहुत जरूरत है। इस पर कोई पाबन्दी नहीं थी। लोग इस का छिलका उतार कर बंगाल भेजते थे और वह लोग इस को खाने में इस्तेमाल करते थे। तो मैं यह अर्ज़ करना चाहता हूं कि यह बारले की इन्डस्ट्री ज़िला गुड़गांव में ही कायम की जाए। प्राइवेट तौर पर एक दो लोगों ने जारी की है परन्तु सरकार ने (घंटी) उपाध्यक्ष महोदय, मैंने तो अभी...

उपाध्यक्षा : मैं यह रिवाज बन्द करना चाहती हूं कि हर एक मैम्बर ज्यादा टाइम के लिये इनसिस्ट करे। (I want to put an end to this practice that every hon. Member should insist on taking more time

पंडित बाबू दयाल शर्मा : मैं दो मिनट में ही अपनी बात कह लेता हूं। इस के अलावा गुड़गांव में जो बड़ी इन्डस्ट्री है वह स्टोन (stone) क्रशिंग की है। हमारे हां ऐसे पहाड़ हैं जिन से सड़क के लिये जीरा रोड़ी तैयार होती है वहां पर इस काम के लिये दो तीन प्राइवेट क्रशर लगे हुए हैं मगर इस के लिये गवर्नमैण्ट की तरफ से न कोई सबसिडी है और न ही कोई ग्रांट दी गई है। अगर सरकार इस तरफ ध्यान दे तो मैं समझता हूं कि स्टोन क्रशिंग की इन्डस्ट्री जितनी वहां पर डिवैल्प हो सकती है और कहीं नहीं हो सकती।

हमारे जिले की एक और इम्पोर्टेंट इन्डस्ट्री है स्लेट इन्डस्ट्री, क्योंकि हमारे हां स्लेट का पथर निकलता है कुन्ड के इलाके में। लोग ठेकों के लिये मारे 2 फिरते हैं। मैं दरखास्त करता हूं कि इस इंडस्ट्री की तरफ भी ज्यादा से ज्यादा ध्यान दिया जाए।

फिर एक इन्डस्ट्री है मुंज की। मूंज से बान बनता है और मूड़े तैयार किये जाते हैं। इस तरह का काम फरूखनगर में होता है और हजारों मजदूर इस इन्डस्टरी से अपना पेट पालते हैं। एक बार सरदार प्रताप सिंह वहां पर गए थे तो उन्होंने इस इन्डस्टरी को बढ़ावा देने के लिये वहां के मजदूरों को प्राईवेट तौर पर कर्जे दिए थे और यह भी कहा था कि इन कुरसियों की बजाए आप यह मूड़े इस्तेमाल करें यह ज्यादा कमफर्टेबल हैं इस लिये मैं सरकार से यह गुजारिश करूंगा कि मूंज की इन्डस्ट्री को फरोग देने के लिए हर तरह इमदाद करे। सरदार प्रताप सिंह ने बचन दिया था कि मैं पंजाब के सरकारी दफतरों में फरूख नगर मूड़े इस्तेमाल कराउंगा परन्तु सरकार ने इस वायदे को पूरा नहीं किया।

इस के बाद और भी बहुत सी इन्ड़स्टरीज़ हैं। इस में एक एग्रीकलचर की इन्डस्टरी है। इस के बारे में मैं अर्ज़ करना चाहता हूं कि वह इन्डस्टरी कैटल ब्रीडिंग की है। जैसा कि आप जानती हैं, उपाध्यक्षा महोदया, कि हरियाना की कैटल की ब्रीड सारे हिन्दुस्तान में अच्छी मानी गई है। इस में दो वैरायटीज़ हैं, एक मुराह और दूसरी नीली। यह इन्डस्टरी हरियाना में बहुत डिवैल्प हो सकती है लेकिन दुख के साथ कहना पड़ता है कि इस प्लान के अन्दर जो स्कीमें रखी गई हैं इन में इस हरियाना की इन्डस्टरी की ओर ध्यान नहीं दिया गया। आप अगर इन स्कीमों को गौर से देखें तो पता चलेगा कि इन्होंने इस स्कीम के लिये 1 लाख 60 हज़ार रुपए की रकम रखी है और इस में से हरियाना रिजन के लिये सिरफ 55 हजार 670 और इस के मुकाबिला में पंजाबी रिजन के लिए 1,04,330 रखा है। एक तरफ तो यह कहा जाता है कि हरियाना के लिए 60 फीसदी रकम रखी जाए और दूसरी तरफ इस स्कीम का सब से बड़ा हिस्सा पंजाबी रिजन को दे दिया गया है। गवर्नमेंट ने हरियाना डिवैल्पमेंट कमेटी बनाई है और उस की रिपोर्ट के सफा 37 से 44 तक इस बात का जिक्र किया गया है कि हरियाना में डैरिइंग की इन्डस्टरी इतनी डिवैलप की जा सकती है कि यह डेनमार्क आफ इंडिया बन सकता है। लेकिन

[पंडित बाबू दयाल शर्मा]

उस की तरफ कोई तवज्जोह नहीं दी गई। कहां तो बात की जाती है कि हरियाना को 60 परसैंट आफ दी बजट एलोकेशन की जाए, और कहां पर सिरफ 30 परसैंट दिया जा रहा है। इस की तरफ फौरी तौर पर ध्यान देने की ज़रूरत है।

इस के साथ ही सफा 79 पर प्लान स्कीम है आर्टिफिशल इनसैमीनेटेशन की, जिस के लिए सैंटर खोलने हैं इस से ब्रीड में डिवैल्पमैंट की जा सकती है इस के लिये भी हरियाना में पैसा नहीं रखा गया और यह कहा है कि इस स्कीम को महज़ पंजाबी रिजन में ही अमल में लाया जाएगा। इस तरह से डैरिएंग की जो स्कीम है वह सारी की सारी पंजाबी रिजन में खेंच कर ले गए हैं। इतनी बड़ी इन्डस्टरी हरियाना की यह थी जो आज बिलकुल खत्म की जा रही है। और यही एग्रीकल्चर की सब से बड़ी इन्डस्टरी है। इस लिये मैं फिनांस मिनिस्टर साहिब की तवज्जोह इस बात की ओर दिलाना चाहता हूं कि अगर अभी नहीं तो इस साल के बजट में इस बात का परोवीजन किया जाए ताकि हरियाना में कैटल ब्रीडिंग और डैरिंग की इन्डस्टरी को तरक्की मिले। घंटी) आप अगर उपाध्यक्षा महोदया चाहती हैं कि मैं अपनी स्पीच खत्म कर दूं तो मैं बैठ जाता हूं नहीं तो अभी बहुत ही बातें रहती थीं जो सरकार के नोटिस में लाना चाहता था।

ਗਿਆਨੀ ਚੇਲ ਸਿੰਘ (ਫਰੀਦਕੋਟ) : ਡਿਪਟੀ ਸਪੀਕਰ ਸਾਹਿਬਾ, ਫਿਨਾਂਸ ਮਨਿਸਟਰ ਸਾਹਿਬ ਨੇ ਅਤੇ ਉਨ੍ਹਾਂ ਦੇ ਮਹਿਕਮੇ ਨੇ ਬੜੀ ਮਿਹਨਤ ਨਾਲ ਸਾਡੇ ਸਾਹਮਣੇ ਆਉਣ ਵਾਲੇ ਸਾਲ ਦਾ ਲੇਖਾ ਜੋਖਾ ਰਖਿਆ ਹੈ। ਜਿਥੋਂ ਤਕ ਬਜਟ ਦੀ ਬਣਤਰ ਦਾ ਸਬੰਧ ਹੈ ਇਹ ਇਕ ਸੁੰਦਰ ਅਤੇ ਸੁਲਝਿਆ ਹੋਇਆ ਬਜਟ ਹੈ। ਮਗਰ ਇਹ ਕਹਿਣਾ ਪਵੇਗਾ ਕਿ ਜਿਹੜਾ ਅਸਾਡਾ ਨਿਸ਼ਾਨਾ ਹੈ ਆਪਣੇ ਮੁਲਕ ਨੂੰ ਸਮਾਜਵਾਦ ਵਲ ਲਿਜਾਣ ਦਾ ਉਹ ਇਸ ਬਜਟ ਨਾਲ ਪੂਰਾ ਨਹੀਂ ਹੁੰਦਾ। ਇਹ ਧੀਮੀ ਚਾਲ ਨਾਲ ਪ੍ਰੋਗ੍ਰੈਸਿਵ ਸਟੈਪ ਲਿਆ ਜਾ ਰਿਹਾ ਹੈ ਜਿਥੋਂ ਕਿ ਤੇਜ਼ੀ ਨਾਲ ਕਦਮ ਚੁਕਣੇ ਚਾਹੀਦੇ ਸਨ।

ਡਿਪਟੀ ਸਪੀਕਰ ਸਾਹਿਬਾ, ਇਸ ਗਲ ਤੋਂ ਜਾਣੂ ਰਹਿਣਾ ਚਾਹੀਦਾ ਹੈ ਕਿ ਕਿਨਾਂ ਹਾਲਾਤ ਵਿਚੋਂ ਸੂਬਾ ਲੰਘਿਆ ਹੈ ਅਤੇ ਕਿਨਾਂ ਹਾਲਾਤ ਵਿਚ ਇਸ ਬਜਟ ਨੂੰ ਤਿਆਰ ਕੀਤਾ ਗਿਆ ਹੈ। ਜੰਗ ਜਿਹੜੀ ਕਿ ਪਾਕਿਸਤਾਨ ਨਾਲ ਹੋਈ ਉਸ ਤੋਂ ਬਾਅਦ ਸਾਰੇ ਪੰਜਾਬ ਵਿਚ ਇਕ ਪੋਲੀਟੀਕਲ ਕਨਟ੍ਰੋਵਰਸੀ ਚਲੀ, ਇਹ ਸੀ ਪੰਜਾਬੀ ਸੂਬੇ ਦੇ ਇਸ਼ੂ ਤੇ। ਇਸ ਇਸ਼ੂ ਤੇ ਸਰਕਾਰ ਨੂੰ ਕਾਫੀ ਸੋਚਣਾ ਪਿਆ ਅਤੇ ਗੌਰ ਕਰਨਾ ਪਿਆ। ਇਸ ਦੇ ਨਾਲ ਹੀ ਐਜੀਟੇਸ਼ਨਾਂ ਦਾ ਖਤਰਾ ਵੀ ਸੀ ਪਰ ਸਾਡੇ ਵਰਕਿੰਗ ਕਮੇਟੀ ਨੇ ਜਿਸ ਸਿਆਣਪ ਨਾਲ ਇਸ ਦਾ ਫੈਸਲਾ ਕੀਤਾ ਹੈ ਮੈਂ ਉਨਾਂ ਨੂੰ ਇਸ ਫੈਸਲੇ ਤੇ ਮੁਬਾਰਿਕਬਾਦ ਦਿਤੇ ਬਿਨਾ ਨਹੀਂ ਰਹਿ ਸਕਦਾ। (ਵਿਘਨ)

ਡਿਪਟੀ ਸਪੀਕਰ : ਇਸ ਫੈਸਲੇ ਦਾ ਜਨਰਲ ਐਡਮਨਿਸਟ੍ਰੇਸ਼ਨ ਨਾਲ ਕੀ ਤਅਲੁਕ ਹੈ। ਤੁਸੀਂ ਕਾਂਗਰਸ ਵਰਕਿੰਗ ਕਮੇਟੀ ਨੂੰ ਵਿਚ ਨਾ ਲਿਆਉ। (What has this decision to do with the General Administration¿ The hon? Member should not bring in the Congress Working. Committee.)

ਗਿਆਨੀ ਚੇਲ ਸਿੰਘ : ਇਸ ਦਾ ਸਾਰੀ ਸਟੇਟ ਤੇ ਅਸਰ ਪਿਆ ਹੈ ਅਤੇ ਇਸ ਵੇਲੇ ਅਸੀਂ ਬਜਟ ਤੇ ਜਨਰਲ ਡਿਸਕਸ਼ਨ ਕਰ ਰਹੇ ਹਾਂ ਅਤੇ ਜਨਰਲ ਐਡਮਨਿਸਟ੍ਰੇਸ਼ਨ ਤੇ ਬਹਿਸ ਕਰ ਸਕਦੇ ਹਾਂ। ਇਸ ਲਈ ਹਰ ਗਲ ਇਥੇ ਕਹੀ ਜਾ ਸਕਦੀ ਹੈ। ਮੈਂ ਇਹ ਸਮਝਦਾ ਹਾਂ ਕਿ ਕਾਂਗਰਸ ਵਰਕਿੰਗ ਕਮੇਟੀ ਨੇ ਜਿਹੜਾ ਫੈਸਲਾ ਕੀਤਾ ਹੈ ਇਸ ਨੂੰ ਸਾਰੇ ਪੰਜਾਬ ਦੇ ਲੋਕਾਂ ਨੇ ਵੈਲਕਮ ਕੀਤਾ ਹੈ। ਕਿਉਂਕਿ ਇਹ ਮਸਲਾ ਬਹੁਤ ਦੇਰ ਤੋਂ ਚਲਿਆ ਆ ਰਿਹਾ ਸੀ। ਵਰਕਿੰਗ ਕਮੇਟੀ ਅਤੇ ਦੇਸ਼ ਦੀ ਲੀਡਰਸ਼ਿਪ ਨੇ ਇਸ ਨੂੰ ਬਖੂਬੀ ਹਲ ਕੀਤਾ ਹੈ। ਇਸ ਨਾਲ ਪੰਜਾਬ ਦੇ ਸਾਰੇ ਲੋਕਾਂ ਦਾ ਆਪਸ ਵਿਚ ਪਿਆਰ ਵਧੇਗਾ। ਪੰਜਾਬ

ਦੀ ਸਮੁਚੀ ਤਰੱਕੀ ਹੋਵੇਗੀ, ਡੀਫੈਂਸ ਮਜ਼ਬੂਤ ਹੋਵੇਗਾ ਅਤੇ ਦੇਸ਼ ਦੀ ਉਨਤੀ ਹੋਵੇਗੀ। ਇਸ ਦੇ ਨਾਲ ਹੀ ਨੈਸ਼ਨਲ ਇਨਟੈਗਰੇਸ਼ਨ ਨੂੰ ਵੀ ਤਾਕਤ ਮਿਲੇਗੀ। ਪਰ ਇਕ ਗਲ ਦਾ ਅਫਸੋਸ ਹੈ ਕਿ ਮਾਸਟਰ ਤਾਰਾ ਸਿੰਘ ਨੇ ਜਿਨਾਂ ਗੰਦ ਪੰਜਾਬ ਦੀ ਸਿਆਸਤ ਵਿਚ ਘੋਲਿਆ ਹੈ ਉਸ ਤੋਂ ਉਹ ਹੁਣ ਵੀ ਬਾਜ਼ ਨਹੀਂ ਆ ਰਿਹਾ। ਮੈਂ ਮਹਸੂਸ ਕਰਦਾ ਹਾਂ ਕਿ ਜਿਹੜੀ ਸਟੇਟਮੈਂਟ ਮਾਸਟਰ ਤਾਰਾ ਸਿੰਘ ਨੇ ਦਿਤੀ ਹੈ ਇਹ ਇਕ ਬੌਂਦਲੇ ਹੋਏ ਆਦਮੀ ਦੀ ਹੈ ਜਿਸ ਦਾ ਦਿਮਾਗ ਖਰਾਬ ਹੋ ਗਿਆ ਹੋਵੇ ਅਤੇ ਇਸ ਤਰਾਂ ਦੀਆਂ ਗਲਾਂ ਕਰਨ ਲਗ ਪਏ ਕਿ ਅਸਾਨੂੰ ਵਖਰਾ ਰਹਿਣ ਦੀ ਹਿੰਦੁਸਤਾਨ ਤੋਂ ਆਗਿਆ ਹੋਣੀ ਚਾਹੀਦੀ ਹੈ। ਇਹ ਉਸ ਦੀ ਸਟੇਟਮੈਂਟ ਸ਼ਰਾਰਤ ਆਮੇਜ਼ ਹੈ ਅਤੇ ਉਸ ਆਦਮੀ ਦੀ ਅਕਲ ਦਾ ਤੁਸੀਂ ਅੰਦਾਜ਼ਾ ਲਗਾਉ ਕਿ ਉਹ ਹਿੰਦੁਸਤਾਨ ਤੋਂ ਵਖਰਾ ਹੋਣ ਦਾ ਹਕ ਮੰਗਦਾ ਹੈ ਇਹ ਕੀ ਹੈ ਦੇਸ਼ ਨਾਲ ਧ੍ਰੋਹ ਤੋਂ ਬਿਨਾ ਕੁਝ ਨਹੀਂ ਅਤੇ ਉਸ ਦੇ ਵਿਚਾਰਾਂ ਵਿਚ ਈਮਾਨਦਾਰੀ ਨਹੀਂ। ਉਸ ਨੂੰ ਕੀ ਹਕ ਹੈ ਕਿ ਪੰਜਾਬ ਦੀ ਪਾਲੇਟਿਕਸ ਵਿਚ ਇਸ ਤਰ੍ਹਾਂ ਦੀਆਂ ਉਲਝਣਾਂ ਪੈਦਾ ਕਰੇ। ਉਸ ਨੂੰ ਇਸ ਤਰਾਂ ਦੀਆਂ ਹਰਕਤਾਂ ਤੋਂ ਬਾਜ਼ ਆ ਜਾਣਾ ਚਾਹੀਦਾ ਹੈ। ਉਸ ਨੂੰ ਮਨ ਵਿਚੋਂ ਇਹ ਭਰਮ ਦੂਰ ਕਰ ਲੈਣਾ ਚਾਹੀਦਾ ਹੈ ਕਿ ਉਸ ਦੇ ਕਹੇ ਤੇ ਪੰਜਾਬ ਦੇ ਸਿਖ ਬਾਜ਼ੂ ਖੜੇ ਕਰ ਦੇਣਗੇ। ਅਸਾ ਨੂੰ ਤਾਂ ਉਸ ਦੀ ਨੀਅਤ ਤੇ ਸ਼ਕ ਹੈ। ਜਦ ਹਿੰਦੁਸਤਾਨ ਤੇ ਪਾਕਿਸਤਾਨ ਦੀ ਲੜਾਈ ਹੋਈ ਤਾਂ ਅਸੀਂ ਉਹ ਆਪਣੇ ਖੂਨ ਨਾਲ ਲੜੀ ਉਸ ਵਕਤ ਮਾਸਟਰ ਤਾਰਾ ਸਿੰਘ ਕਿਥੇ ਸੀ ਉਸ ਵਕਤ ਤਾਂ ਇਹ ਖਾਮੋਸ਼ ਬੈਠਾ ਸੀ। ਹੁਣ ਵੀ ਉਸ ਨੂੰ ਚਾਹੀਦਾ ਹੈ ਕਿ ਉਹ ਖਾਮੋਸ਼ ਰਹੇ। ਉਸ ਦੀ ਲੋੜ ਨਹੀਂ ਅਤੇ ਉਸ ਦੀ ਸਾਰੀ ਗਲਤ ਨੀਤੀ ਨੂੰ ਖਤਮ ਕਰ ਦਿਤਾ ਜਾਵੇ। ਉਸ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਦੇ ਸਿਖ ਉਸ ਦੇ ਨਾਲ ਨਹੀਂ ਅਤੇ ਇਸ ਤਰਾਂ ਦੀਆਂ ਗਲਾਂ ਉਸ ਨੂੰ ਨਹੀਂ ਕਰਨੀਆਂ ਚਾਹੀਦੀਆਂ। ਇਸ ਗਲ ਤੇ ਪੰਜਾਬ ਦੇ ਅਵਾਮ ਅਤੇ ਪੰਜਾਬ ਸਰਕਾਰ ਨੂੰ ਫੌਰੀ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਥੋੜੀ ਜਿਹੀ ਸਿਆਣਪ ਰਖਣ ਵਾਲੇ ਆਦਮੀ ਨੂੰ ਵੀ ਇਸ ਗਲ ਦਾ ਖਿਆਲ ਰਖਣਾ ਚਾਹੀਦਾ ਹੈ। ਅਸਾਨੂੰ ਇਸ ਫੈਸਲੇ ਨੂੰ ਜਿਹੜਾ ਕਿ ਵਰਕਿੰਗ ਕਮੇਟੀ ਨੇ ਕੀਤਾ ਹੈ ਵੈਲਕਮ ਕਰਨਾ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਪੰਜਾਬੀ ਸੂਬੇ ਦੀ ਡਿਵੈਲਪਮੈਂਟ ਹੋਵੇਗੀ। ਪਰ ਜਿਹੜਾ ਇਸ਼ਾਰਾ ਮਾਸਟਰ ਤਾਰਾ ਸਿੰਘ ਨੇ ਆਪਣੀ ਸਪੀਚ ਵਿਚ ਕੀਤਾ ਹੈ ਉਹ ਕੌਣ ਹੈ ਇਸ ਤਰਾਂ ਦੀ ਸਟੇਟਮੈਂਟ ਦੇਣ ਵਾਲਾ। ਉਸ ਦੇ ਇਸ ਐਕਸ਼ਨ ਦੀ ਸਾਰੇ ਸੂਬੇ ਵਿਚ ਨਿਖੇਧੀ ਹੋਣੀ ਚਾਹੀਦੀ ਹੈ। (ਸਰਦਾਰ ਜਗਜੀਤ ਸਿੰਘ ਗੋਗੋਆਣੀ ਵਲੋਂ ਪ੍ਰਸੰਸਾ) ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬਾ, ਮੈਂ ਸ੍ਰੀ ਯਗ ਦਤ ਜੀ ਦੀ ਸੇਵਾ ਵਿਚ ਇਕ ਬੇਨਤੀ ਕਰਾਂਗਾ ਕਿਉਂਕਿ ਉਨ੍ਹਾਂ ਨੇ ਭੁਖ ਹੜਤਾਲ ਕਰ ਰਖੀ ਹੈ। ਭਾਵੇਂ ਮੇਰੇ ਇਖਤਲਾਫ ਜਨ ਸੰਗ ਨਾਲ ਕਿੰਨੇ ਹੀ ਕਿਉਂ ਨਾ ਹੋਣ ਮੈਂ ਯਗ ਦਤ ਜੀ ਦਾ ਸਤਿਕਾਰ ਅਤੇ ਇਜ਼ਤ ਕਰਦਾ ਹਾਂ। ਇਸ ਲਈ ਮੈਂ ਆਪ ਦੇ ਰਾਹੀਂ ਉਨ੍ਹਾਂ ਨੂੰ ਕਹਾਂਗਾ ਕਿ ਨੈਸ਼ਨਲ ਲੀਡਰਸ਼ਿਪ ਨੇ ਜਿਸ ਪਾਸੇ ਵਲ ਇਸ਼ਾਰਾ ਆਪਣੇ ਰੈਜ਼ੂਲੇਸ਼ਨ ਵਿਚ ਕੀਤਾ ਹੈ ਉਸ ਨਾਲ ਫਿਰਕਾਦਾਰੀ ਨੂੰ ਬਿਲਕੁਲ ਖਤਮ ਕਰ ਦਿਤਾ ਜਾਵੇਗਾ ਅਤੇ ਫਿਰ ਫਿਰਕਾਦਾਰੀ ਤਾਕਤਾਂ ਕਦੇ ਵੀ ਸਿਰ ਨਹੀਂ ਉਠਾ ਸਕਣਗੀਆਂ। ਇਸ ਲਈ ਕਿਸੇ ਧਰਮ ਜਾਂ ਕਿਸੇ ਫਿਰਕੇ ਜਾਂ ਜਾਤੀ ਨੂੰ ਕੋਈ ਖਿਆਲ ਨਹੀਂ ਕਰਨਾ ਚਾਹੀਦਾ। ਇਸ ਲਈ ਮੈਂ ਉਨ੍ਹਾਂ ਪਾਸ ਅਪੀਲ ਕਰਾਂਗਾ ਕਿ ਉਹ ਆਪਣੀ ਭੁਖ ਹੜਤਾਲ ਨੂੰ ਛਡ ਦੇਣ ਅਤੇ ਪੰਜਾਬ ਦੀ ਜਿਹੜੀ ਨਵੀਂ ਰੂਪ ਰੇਖਾ ਬਣਾਈ ਜਾ ਰਹੀ ਹੈ ਇਸ ਵਿਚ ਆਪਣੀ ਸਿਆਣਪ ਭਰੀ ਰਾਏ ਦੇਣ ਕਿ ਕਿਸ ਤਰ੍ਹਾਂ ਨਾਲ ਪੰਜਾਬ ਨੂੰ ਸਟ੍ਰਾਂਗ ਬਣਾਇਆ ਜਾ ਸਕਦਾ ਹੈ, ਕਿਸ ਤਰ੍ਹਾਂ ਆਪਸੀ ਪਿਆਰ ਵਧ ਸਕਦਾ ਹੈ, ਕਿਸ ਤਰ੍ਹਾਂ ਹਰਿਆਨਾ ਪ੍ਰਾਂਤ ਅਤੇ ਹਿੱਲੀ ਏਰੀਆ ਦੀ ਡਿਵੈਲਪਮੈਂਟ ਹੋ ਸਕਦੀ ਹੈ ਅਤੇ ਕਿਸ ਤਰ੍ਹਾਂ ਨਾਲ ਇਨ੍ਹਾਂ ਇਲਾਕਿਆਂ ਦੇ ਲੋਕਾਂ ਨੂੰ ਸੰਤੁਸ਼ਟ ਰਖਿਆ ਜਾ ਸਕਦਾ ਹੈ। ਉਨ੍ਹਾਂ ਨੂੰ ਹਿੰਦੁਸਤਾਨ ਦੀ ਨੈਸ਼ਨਲ ਲੀਡਰ-ਸ਼ਿਹ ਦੀ ਸਹਾਇਤਾ ਕਰਨੀ ਚਾਹੀਦੀ ਹੈ। ਆਉ ਅਸੀਂ ਰਲ ਕੇ ਉਨ੍ਹਾਂ ਦੀ ਇਸ ਕੰਮ ਵਿਚ ਮਦਦ ਕਰੀਏ। ਮੇਰੀ ਇਹੋ ਬੇਨਤੀ ਹੈ ਕਿ ਸਾਰੇ ਲੀਡਰਜ਼ ਭਾਵੇਂ ਉਹ ਪੁਲੀਟੀਕਲ ਹਨ ਜਾਂ ਸੋਸ਼ਲ ਸਾਰਿਆਂ ਨੂੰ ਆਪਣੇ

[ਗਿਆਨੀ ਜ਼ੈਲ ਸਿੰਘ]

ਮੰਨ ਵਿਚੋਂ ਪੁਰਾਣੇ ਤਰੀਕਾਕਾਰ ਨੂੰ ਛੱਡ ਕੇ, ਉਨ੍ਹਾਂ ਝਗੜਿਆਂ ਨੂੰ ਭੁਲਾਕੇ ਅਪਣੇ ਦੇਸ਼ ਦੇ ਉਸ ਅੰਗ ਨੂੰ ਜਿਹੜਾ ਪਾਕਿਸਤਾਨ ਦੀ ਹੱਦਾਂ ਦੇ ਨਾਲ ਬੈਠਾ ਹੈ ਉਹ ਨੂੰ ਤਗੜਾ ਅਤੇ ਮਜ਼ਬੂਤ ਬਣਾਈਏ।

ਇਸ ਦੇ ਨਾਲ ਹੀ ਮੈਂ ਇਸ ਹਾਊਸ ਵਿੱਚ ਸ੍ਰੀ ਯਗ ਦਤ ਜੀ ਨੂੰ ਵੀ ਇਹ ਗੱਲ ਕਹਿ ਦੇਣੀ ਚਾਹੁੰਦਾ ਹਾਂ ਕਿ ਸ੍ਰੀ ਯੱਗ ਦੱਤ ਜੀ ਤੁਹਾਨੂੰ ਮਰਨ ਦੀ ਲੋੜ ਨਹੀਂ ਹੈ। ਜਦੋਂ ਵੀ ਪੰਜਾਬ ਨੂੰ ਕਿਸੇ ਕਿਸਮ ਦਾ ਨੁਕਸਾਨ ਹੋਇਆ ਹੈ ਤਾਂ ਇਸ ਦੇ ਖਿਆਲਾਤ ਉਲਟੇ ਪਾਸੇ ਲੱਗ ਕੇ ਹੋਇਆ ਹੈ। ਜੇ ਤੁਹਾਡੀ ਹਿੰਦੀ ਭਾਸ਼ਾ ਨੂੰ ਕਿਸੇ ਕਿਸਮ ਦਾ ਨੁਕਸਾਨ ਹੋਇਆ ਹੈ ਤਾਂ ਤੁਸੀਂ ਨਾ ਮਰਨਾ ਮੈਂ ਤੁਹਾਡੇ ਤੋਂ ਪਹਿਲਾਂ ਮਰਾਂਗਾ। (ਤਾਲੀਆਂ) ਏਸੇ ਤਰ੍ਹਾਂ ਹੀ ਮਾਸਟਰ ਤਾਰਾ ਸਿੰਘ ਨੂੰ ਵੀ ਆਪਣੇ ਦਿਮਾਗ ਵਿਚੋਂ ਪਿਛਲੀਆਂ ਯਾਦਾਂ ਕੱਢ ਦੇਣੀਆਂ ਚਾਹੀਦੀਆਂ ਹਨ। ਉਨ੍ਹਾਂ ਦਾ ਇਹ ਕਹਿਣਾ ਕਿ ਪੁਰਾਣੇ ਬੋਰਡਾਂ ਨੂੰ ਮਿਟਾ ਦਿਉ, ਇਹ ਹੋਰ ਵੀ ਸ਼ਰਮ ਦੀ ਗੱਲ ਹੈ। ਜਿਹੜਾ ਆਦਮੀ ਆਪਣੀ ਨੈਸ਼ਨਲ ਭਾਸ਼ਾ ਨੂੰ ਮਿਟਾਉਣ ਲਈ ਕਹਿ ਸਕਦਾ ਹੈ ਮੈਂ ਸਮਝਦਾ ਹਾਂ ਕਿ ਇਸ ਤੋਂ ਵਧ ਹੋਰ ਕੋਈ ਸ਼ਰਮ ਦੀ ਗੱਲ ਹੋਰ ਕੋਈ ਹੋ ਨਹੀਂ ਸਕਦੀ। ਜਿਹੜਾ ਆਦਮੀ ਆਪਣੀ ਨੈਸ਼ਨਲ ਭਾਸ਼ਾ ਨੂੰ ਮਿਟਾ ਸਕਦਾ ਹੈ ਉਸ ਤੋਂ ਕਿਸੇ ਕੌਮ ਦੀ ਬਿਹਤਰੀ ਲਈ ਆਸ਼ਾ ਰੱਖਣਾ ਜਾਂ ਕਿਸੇ ਧੜੇ ਦੀ ਬਿਹਤਰੀ ਲਈ ਆਸ਼ਾ ਰੱਖਣਾ ਅਨਹੋਣੀ ਗੱਲ ਹੈ। ਪੰਜਾਬ ਦੇ ਲੋਕ ਜਿਥੇ ਪੰਜਾਬੀ ਮਾਤ ਬੋਲੀ ਨਾਲ ਇਤਨਾ ਪਿਆਰ ਕਰਦੇ ਹਨ ਉਥੇ ਉਸ ਦਾ ਰਾਸ਼ਟਰ ਭਾਸ਼ਾ ਨਾਲ ਵੀ ਕੋਈ ਘਟ ਪਿਆਰ ਨਹੀਂ ਹੈ। ਜਿਹੜਾ ਸ਼ਖਸ਼ ਆਪਣੀਆਂ ਪੁਰਾਣੀ ਰਵਾਇਤਾਂ, ਭਾਸ਼ਾ ਪਿਆਰ ਅਤੇ ਦੇਸ਼ ਪਿਆਰ ਆਪਣੇ ਵਿਚੋਂ ਮਿਟਾ ਲੈਂਦਾ ਹੈ, ਉਹ ਨਾ ਕੋਈ ਸਿੱਖ ਹੈ ਨਾ ਹਿੰਦੂ ਹੈ ਨਾ ਮੁਸਲਮਾਨ ਹੈ ਅਤੇ ਨਾ ਹੀ ਪਾਰਸੀ ਹੈ। ਨਾ ਉਸ ਦਾ ਕੋਈ ਧਰਮ ਹੈ ਨਾ ਈਮਾਨ ਹੈ। ਜਿਹੜਾ ਆਪਣੀ ਦੇਸ਼ ਦੀ ਸੱਭਿਅਤਾ, ਆਪਣੇ ਦੇਸ਼ ਦੀ ਕਲਚਰ ਅਤੇ ਆਪਣੇ ਦੇਸ਼ ਦੀਆਂ ਰਵਾਇਤਾਂ ਨੂੰ ਕਾਇਮ ਰੱਖਣ ਵਾਸਤੇ ਤਿਆਰ ਨਹੀਂ, ਉਸ ਤੋਂ ਮੁਲਕ ਦੇ ਭਲੇ ਲਈ ਕੀ ਆਸ ਕੀਤੀ ਜਾ ਸਕਦੀ ਹੈ। ਮੈਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਜੇ ਕਿਤੇ ਇਹੋ ਜੇਹੇ ਹਾਲਾਤ ਕਿਸੇ ਥਾਂ ਪੈਦਾ ਹੋਏ ਤਾਂ ਸਰਕਾਰ ਆਪਣੇ ਅਸਰ ਦੇ ਨਾਲ ਉਨਾਂ ਪੈਦਾ ਹੋਏ ਹਾਲਾਤ ਨੂੰ ਦਬਾਉਣ ਦੇ ਵਿੱਚ ਕੋਈ ਢਿਲ ਨਹੀਂ ਗੁਜ਼ਾਰੇਗੀ। ਮੈਂ ਆਪ ਜੀ ਦੇ ਰਾਹੀਂ ਸੰਤ ਫਤਿਹ ਸਿੰਘ ਜੀ ਦੀ ਸੇਵਾ ਵਿੱਚ ਵੀ ਇਹੋ ਅਰਜ਼ ਕਰਾਂਗਾ ਕਿ ਭਾਸ਼ਾ ਦੇ ਆਧਾਰ ਤੇ ਪੰਜਾਬੀ ਸੂਬਾ ਬਨਾਉਣ ਦੀ ਸਿਫਾਰਸ਼ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਨੇ ਹਿੰਦ ਸਰਕਾਰ ਪਾਸ ਕੀਤੀ ਸੀ ਜਿਸ ਨੂੰ ਉਨ੍ਹਾਂ ਨੇ ਪਰਵਾਨ ਕਰ ਲਿਆ ਹੈ। ਉਨ੍ਹਾਂ ਦੀ ਇਹ ਮੰਗ ਪੂਰੀ ਹੋ ਜਾਣ ਤੋਂ ਬਾਅਦ ਉਨ੍ਹਾਂ ਦਾ ਇਹ ਫਰਜ਼ ਹੈ ਕਿ ਉਹ ਦੋਵੇਂ ਕੌਮਾਂ ਵਿੱਚ ਪਰਸਪਰ ਪਿਆਰ ਦੀ ਭਾਵਨਾ ਪੈਦਾ ਕਰਨ ਦੀ ਕੋਸ਼ਿਸ਼ ਕਰਨ। ਏਥੇ ਕਿਸੇ ਤਰ੍ਹਾਂ ਵੀ ਮਾਈਨਾਰੇਟੀ ਅਤੇ ਮੇਜਾਰਿਟੀ ਦਾ ਸਵਾਲ ਪੈਦਾ ਨਹੀਂ ਹੋਣਾ ਚਾਹੀਦਾ। ਸਾਰੀਆਂ ਗੱਲਾਂ ਪਿਆਰ ਨਾਲ ਉਨ੍ਹਾਂ ਨੂੰ ਨਜਿਠਣੀਆਂ ਚਾਹੀਦੀਆਂ ਹਨ। ਜਿਹੜੇ ਤਫਰਕੇ ਅਕਾਲੀ ਦਲ ਨੇ ਪਾਏ ਹਨ ਮੈਂ ਆਸ ਰਖਦਾ ਹਾਂ ਕਿ ਉਹ ਜ਼ਰੂਰ ਮਿਟਾਉਣ ਦੀ ਕੋਸ਼ਿਸ਼ ਕਰਨਗੇ ਅਤੇ ਇਸ ਰਵਿਸ਼ ਨੂੰ ਜ਼ਰੂਰ ਮੋੜਨਗੇ। ਮੈਂ ਸਮਝਦਾ ਹਾਂ ਕਿ ਸਾਰਾ ਹਿੰਦੁਸਤਾਨ ਹੀ ਸਾਡੀ ਮਾਤਰੀ ਭੂਮੀ ਹੈ ਅਤੇ ਸਾਰੇ ਹਿੰਦੁਸਤਾਨ ਦੀਆਂ ਬੋਲੀਆਂ ਸਾਡੇ ਵਾਸਤੇ ਸਤਕਾਰ ਯੋਗ ਹਨ ਔਰ ਇਨ੍ਹਾਂ ਦੇ ਲਈ ਪਿਆਰ ਸਾਨੂੰ ਇਕੋ ਜਿਹਾ ਰਖਣਾ ਹੋਵੇਗਾ। ਮੇਰੀ ਇਹ ਗੱਲ ਕਹਿਣ ਦਾ ਜੋ ਮਤਲਬ ਹੈ ਉਹ ਇਹੋ ਹੈ ਕਿ ਸਾਡਾ ਟਰੈਂਡ, ਰਵਿਸ਼ ਅਜ ਏਸੇ ਪਾਸੇ ਨੂੰ ਬਹੁਤਾ ਚਲਣਾ ਚਾਹੀਦਾ ਹੈ।

ਇਹੋ ਜੇਹੇ ਹਾਲਾਤ ਸਨ ਜਿਨ੍ਹਾਂ ਵਿੱਚ ਸਰਦਾਰ ਕਪੂਰ ਸਿੰਘ ਨੇ ਆਪਣਾ ਬਜਟ ਪੇਸ਼ ਕੀਤਾ ਸੀ ਅਤੇ ਉਹ ਹਾਲਾਤ ਅੱਜ ਸਾਫ ਤੌਰ ਤੇ ਕਲੀਅਰ ਹੋ ਗਏ ਹਨ। ਮੌਜੂਦਾ ਹਾਲਾਤ ਦੇ ਮੁਤਾਬਿਕ ਮੈਂ ਨਹੀਂ ਕਹਿ ਸਕਦਾ ਕਿ ਪੰਜਾਬ ਦਾ ਖਜ਼ਾਨਾ ਇਕ ਹੋਵੇ ਜਾਂ ਇਸ ਦੀ ਬਜਾਏ ਹੋਰ ਕੀ ਹੋਵੇ ਮੇਰੇ ਲਈ ਕਹਿਣਾ ਇਹ ਮੁਨਾਸਿਬ ਨਹੀਂ ਹੈ। ਮੈਂ ਜੋ ਆਪਣੀ ਰਾਏ ਰਖਦਾ ਸੀ ਉਹ ਮੈਂ ਦੇ ਦਿੱਤੀ ਹੈ। ਇਸ ਬਜਟ ਵਿਚ ਅਜੇ ਤਰਮੀਮਾ ਹੋਣੀਆਂ ਹਨ, ਅਦਲੀਆ ਬਦਲੀਆਂ ਹੋਣੀਆਂ ਹਨ, ਹਲਕੇ ਬਨਣੇ ਹਨ। ਇਸ ਸਾਰੀ

ਤਬਦੀਲੀ ਨੂੰ ਧਿਆਨ ਵਿੱਚ ਰਖਦੇ ਹੋਏ, ਇਹ ਵੇਖਣਾ ਹੈ ਕਿ ਅੱਗੇ ਲਈ ਅਸੀਂ ਕਿਸ ਤਰ੍ਹਾਂ ਇਸ ਨੂੰ ਇਮਪਲੀਮੈਂਟ ਕਰਨਾ ਹੈ। ਮੈਨੂੰ ਪੂਰਾ ਯਕੀਨ ਹੈ ਕਿ ਮੌਜੂਦਾ ਪੰਜਾਬ ਦੇ ਢਾਂਚੇ ਨੂੰ ਜੋ ਠੀਕ ਠਾਕ ਕਰਨ ਲਈ ਪੰਜਾਬ ਸਰਕਾਰ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ, ਜੋ ਸਰਕਾਰੀ ਮਸ਼ੀਨਰੀ ਇਹ ਤਾਣੀ ਸੁਲਝਾਉਣ ਵਿੱਚ ਲਗੀ ਹੋਈ ਹੈ, ਇਹ ਸਾਰੇ ਉਪਰਾਲੇ ਸ਼ਲਾਘਾ ਯੋਗ ਹਨ। ਪਰ ਕਈ ਚੀਜ਼ਾਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਵੱਲ ਸਰਕਾਰ ਦਾ ਜਲਦੀ ਧਿਆਨ ਦਿਵਾਉਣਾ ਬੜਾ ਜ਼ਰੂਰੀ ਹੁੰਦਾ ਹੈ। ਬਜਟ ਤੇ ਜਨਰਲ ਡਿਸਕਸ਼ਨ ਦਾ ਮਤਲਬ ਇਹ ਹੁੰਦਾ ਹੈ ਕਿ ਮੈਂਬਰਜ਼ ਆਪਣੇ ਇਲਾਕੇ ਦੀਆਂ ਅਤੇ ਆਪਣੇ ਸੂਬੇ ਦੀਆਂ ਜਿਤਨੀਆਂ ਖਾਮੀਆਂ ਹਨ, ਤਰੁਟੀਆਂ ਜਾਂ ਕਮਜ਼ੋਰੀਆਂ ਹਨ ਉਨ੍ਹਾਂ ਨੂੰ ਆਪਣੀ ਸਰਕਾਰ ਦੇ ਧਿਆਨ ਵਿਚ ਲਿਆਉਣ। ਸਰਕਾਰ ਦਾ ਫਰਜ਼ ਹੈ ਕਿ ਉਹ ਇਨ੍ਹਾਂ ਕਮੀਆਂ ਨੂੰ ਛੇਤੀ ਤੋਂ ਛੇਤੀ ਦੂਰ ਕਰਨ ਦਾ ਯਤਨ ਕਰੇ। ਰਿਜਨਲਿਜ਼ਮ ਜਾਂ ਕਮਿਊਨਿਜ਼ਮ ਉਸ ਵੇਲੇ ਪੈਦਾ ਹੁੰਦਾ ਹੈ ਜਦੋਂ ਕਿਸੇ ਨਾਲ ਕੋਈ ਬੇਇਨਸਾਫੀ ਹੁੰਦੀ ਹੈ। ਰਿਜਨਲਿਜ਼ਮ ਦੀ ਮਿਸਾਲ ਮੈਂ ਆਪਣੇ ਇਲਾਕੇ ਦੇ ਲੋਕਾਂ ਦੀ ਤਕਲੀਫ ਦੇ ਆਧਾਰ ਤੇ ਇਹ ਦਿੰਦਾ ਹਾਂ ਕਿ ਸਰਵਿਸਿਜ਼ ਵਿੱਚ ਮੇਰੇ ਇਲਾਕੇ ਦੇ ਲੋਕਾਂ ਨਾਲ ਸਖਤ ਧੱਕਾ ਹੋ ਰਿਹਾ ਹੈ। ਪੈਪਸੂ ਦੀ ਮਰਜਰ ਨੂੰ ਅੱਜ ਦਸਵਾਂ ਸਾਲ ਹੋ ਗਿਆ ਹੈ ਪਰ ਅਜੇ ਤੱਕ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਇੰਟੇਗਰੇਟ ਵੀ ਨਹੀਂ ਕਤਿਾ ਗਿਆ। ਪਰ ਉਨ੍ਹਾਂ ਲੋਕਾਂ ਦੇ ਸਬਰ ਦੀ ਹੱਦ ਵੇਖੋ ਕਿ ਉਨ੍ਹਾਂ ਨੇ ਕਿਸੇ ਕਮਿਸ਼ਨ ਦੀ ਕੋਈ ਚਰਚਾ ਨਹੀਂ ਕੀਤੀ ਨਾ ਕੋਈ ਹੋਰ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ। ਮੈਂ ਸਮਝਦਾ ਹਾਂ ਕਿ ਵੱਡੇ ਪੰਜਾਬ ਵਿਚ ਆ ਜਾਣ ਤੋਂ ਬਾਅਦ ਪੈਪਸੂ ਦੀ ਗੱਲ ਕਰਨੀ ਛੋਟੀ ਜਹੀ ਲਗਦੀ ਹੈ ਪਰ ਫੇਰ ਵੀ ਸਰਕਾਰ ਦਾ ਧਿਆਨ ਏਧਰ ਦਿਵਾਉਣ ਵਾਸਤੇ ਮੈਨੂੰ ਇਹ ਚਰਚਾ ਛੇੜਨੀ ਪਈ ਹੈ।

ਇਕ ਹੋਰ ਚੀਜ਼ ਵੇਖੋ ਕਿ ਹੁਣ ਤੱਕ ਪੈਪਸੂ ਟਰਾਂਸਪੋਰਟ ਵਖਰੀ ਹੈ ਅਤੇ ਪੰਜਾਬ ਰੋਡਵੇਜ਼ ਵੱਖਰੀ ਹੈ। ਜੇ ਵੇਖਿਆ ਜਾਵੇ ਤਾਂ ਸਰਕਾਰ ਲਈ ਇਹ ਇਕ ਮਾਮੂਲੀ ਜੇਹੀ ਗੱਲ ਹੈ ਕਿ ਪੰਜਾਬ ਅਤੇ ਪੈਪਸੂ ਟਰਾਂਸਪੋਟਰਸ ਨੂੰ ਇਕਠਾ ਕਰਕੇ ਮੁਕੰਮਲ ਨੈਸ਼ਨੇਲਾਈਜ਼ੇਸ਼ਨ ਕਰ ਦਿੱਤੀ ਜਾਵੇ। ਪਰ ਇਹ ਇਕ ਨਾਮੁਨਾਸਿਬ ਜੇਹੀ ਗੱਲ ਹੋਵੇਗੀ। ਇਕ ਪਾਰਟ ਵਿੱਚ ਤਾਂ 50—50 ਦੇ ਬੇਸਿਜ਼ ਦੇ ਆਧਾਰ ਤੇ ਨੈਸ਼ਨੇਲਾਈਜ਼ੇਸ਼ਨ ਕੀਤੀ ਜਾਵੇ ਅਤੇ ਪੈਪਸੂ ਟਰਾਂਸਪੋਰਟਰਜ਼ ਜਿਹੜੇ ਪਹਿਲਾਂ ਤੋਂ ਟਰਾਂਸਪੋਰਟ ਦਾ ਕੰਮ ਕਰਦੇ ਹੋਣ ਉਨ੍ਹਾਂ ਨੂੰ ਸ਼ਾਮਲ ਵੀ ਨਾ ਕੀਤਾ ਜਾਵੇ। ਇਸ ਗੱਲ ਦਾ ਬਹਾਨਾ ਤਾਂ ਲਗਾਇਆ ਜਾ ਸਕਦਾ ਹੈ ਕਿ ਪੈਪਸੂ ਦੇ ਟਰਾਂਸਪੋਰਟਰਜ਼ ਉਨ੍ਹਾਂ ਦੇ ਵਿੱਚ ਸ਼ਾਮਲ ਨਹੀਂ ਹੋਏ, ਪਰ ਇਹ ਬਹਾਨਾ ਸਰਕਾਰ ਨੂੰ ਇਸ ਵਾਸਤੇ ਨਹੀਂ ਲਾਉਣਾ ਚਾਹੀਦਾ ਕਿ ਸਰਕਾਰ ਉਨ੍ਹਾਂ ਨੂੰ ਆਪਣੇ ਨਾਲ ਨਹੀਂ ਰਲਾਉਣਾ ਚਾਹੁੰਦੀ। ਮੈਂ ਸਮਝਦਾ ਹਾਂ ਜੇ ਕਿ ਕਿਸੇ ਚੀਜ਼ ਨੂੰ ਠੀਕ ਕਰਨਾ ਵੀ ਹੋਵੇ ਤਾਂ ਪਹਿਲਾਂ ਇਹ ਵੇਖ ਲੈਣਾ ਚਾਹੀਦਾ ਹੈ ਕਿ ਕਿਸੇ ਨਾਲ ਵਾਕਈ ਧਕਾ ਤਾਂ ਨਹੀਂ ਹੋਇਆ ਤੇ ਕੀ ਅਸੀਂ ਕੋਈ ਗਲਤੀ ਤਾਂ ਨਹੀਂ ਕਰ ਰਹੇ ? ਪਰ ਜੈਸੇ ਮੌਜੂਦਾ ਹਾਲਾਤ ਹਨ ਉਨ੍ਹਾਂ ਤੋਂ ਸਾਫ ਜ਼ਾਹਿਰ ਹੈ ਕਿ ਪੈਪਸੂ ਟਰਾਂਸਪੋਰਟਰਜ਼ ਨਾਲ ਸਖਤ ਧੱਕਾ ਹੋਇਆ ਹੈ ਜਿਹੜਾ ਕਿ ਸਰਕਾਰ ਨੂੰ ਨਹੀਂ ਸੀ ਕਰਨਾ ਚਾਹੀਦਾ। ਜੇ 50—50 ਦੇ ਬੇਸਿਜ਼ ਰੱਖਣਾ ਸੀ ਤਾਂ ਸਾਰੇ ਪੰਜਾਬ ਵਿੱਚ ਰੱਖਦੇ ਇਸ ਤਰ੍ਹਾਂ ਕਰਕੇ ਪੈਪਸੂ ਟਰਾਂਸਪੋਰਟਰਜ਼ ਦੇ ਕਾਰੋਬਾਰ ਨੂੰ ਤਬਾਹ ਨਹੀਂ ਸੀ ਕਰਨਾ ਚਾਹੀਦਾ। ਇਸ ਬਾਰੇ ਪੈਪਸੂ ਟਰਾਂਸਪੋਰਟਰਜ਼ ਦਾ ਇਕ ਡੈਪੂਟੇਸ਼ਨ ਵੀ ਮਿਲਿਆ ਸੀ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਮੈਨੂੰ ਉਮੀਦ ਹੈ ਕਿ ਸਰਕਾਰ ਵਾਸਤੇ ਇਹ ਕੋਈ ਵੱਡੀ ਗੱਲ ਨਹੀਂ, ਉਮੀਦ ਹੈ ਸਰਕਾਰ ਗੱਲਾਂ ਬਾਤਾਂ ਨਾਲ ਹੀ ਮੰਨ ਜਾਵੇਗੀ ਕੋਈ ਹੋਰ ਬਹੁਤਾ ਝਗੜਾ ਕਰਨਾ ਨਹੀਂ ਪਵੇਗਾ।

ਇਸੇ ਤਰ੍ਹਾਂ ਡੀਵੈਲਪਮੈਂਟ ਦਾ ਜਿਥੋਂ ਤੱਕ ਸਵਾਲ ਹੈ ਪੈਪਸੂ ਦਾ ਏਰੀਆ ਬਹੁਤ ਪਿਛੇ ਹੈ ਪਰ ਫਿਰੋਜ਼ਪੁਰ ਦਾ ਏਰੀਆ ਵੀ ਇਸੇ ਕੈਟੇਗਰੀ ਦੇ ਵਿਚ ਆ ਜਾਂਦਾ ਹੈ। ਮੈਨੂੰ ਹੈਰਾਨੀ ਹੁੰਦੀ ਹੈ ਕਿ ਜਦੋਂ ਵੀ ਕੋਈ ਡੀਵੈਲਪਮੈਂਟ ਦੀ ਗੱਲ ਹੋਵੇ ਜਾਂ ਕਿਸੇ ਹੋਰ ਸੀਲੈਕਸ਼ਨ ਦੀ ਗਲ ਹੋਵੇ ਤਾਂ ਲੁਧਿਆਣਾ, ਜਾਲੰਧਰ ਅਤੇ ਅੰਮਿਤਸਰ ਨੂੰ ਹੀ ਨੁਮਾਇੰਦਗੀ ਪ੍ਰਾਪਤ ਹੁੰਦੀ ਹੈ, ਅਫਸਰ ਬਣਾਉਣੇ ਹੋਣ ਤਾਂ ਇਨ੍ਹਾਂ ਇਲਾਕਿਆਂ

[ਗਿਆਨੀ ਜ਼ੈਲ ਸਿੰਘ]

ਵਿਚੋਂ, ਏਥੋਂ ਤਕ ਅੰਗਰੇਜ਼ ਸਰਕਾਰ ਨੇ ਵੀ ਜੇ ਰੇਲਵੇ ਲਾਈਨ ਦੀ ਡਬਲ ਲਾਈਨ ਕਢੀ ਤਾਂ ਇਸ ਇਲਾਕੇ ਨੂੰ ਹੀ ਚੁਣਿਆ। ਮੈਂ ਕਹਿੰਦਾ ਹਾਂ ਉਹ ਬਾਕੀ ਇਲਾਕੇ ਦਾ ਵੀ ਧਿਆਨ ਰਖਿਆ ਕਰੇ। ਮੈਂ ਇਕ ਮਿਸਾਲ ਆਪਣੇ ਇਲਾਕੇ ਦੇ ਹਸਪਤਾਲ ਦੀ ਦਿੰਦਾ ਹਾਂ। ਉਥੇ ਪੈਪਸੂ ਤੋਂ ਪਹਿਲੇ ਦੇ ਵੇਲੇ ਦੇ 10—12 ਹਸਪਤਾਲ ਬਣੇ ਹੋਏ ਹਨ, ਇਨ੍ਹਾਂ ਵਿਚ ਡਾਕਟਰ ਨਹੀਂ ਪਹੁੰਚਦੇ। ਕੋਟ ਕਪੂਰੇ ਵਿੱਚ ਜੇ ਡਾਕਟਰ ਹਨ ਤਾਂ ਤਿੰਨ ਪਰਾਈਵੇਟ ਡਾਕਟਰ ਹਨ, ਨਾ ਕੋਈ ਉਥੇ ਲੇਡੀ ਡਾਕਟਰ ਹੈ ਅਤੇ ਨਾ ਕੋਈ ਸਰਕਾਰੀ ਡਾਕਟਰ ਹੈ। ਮਾਨਸਾ ਵਿਚ 2—2½ ਲਖ ਰੁਪਿਆ ਖਰਚ ਕੇ ਇਕ ਪਰਾਈਵੇਟ ਹਸਪਤਾਲ ਤਿਆਰ ਕਰਵਾਇਆ ਗਿਆ ਪਰ ਅਜੇ ਤਕ ਉਥੇ ਲਈ ਕੋਈ ਡਾਕਟਰ ਨਹੀਂ ਮਿਲਿਆ। ਮੈਂ ਮੈਡੀਕਲ ਡਿਪਾਰਟਮੈਂਟ ਵਾਲਿਆਂ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੰਨਾ ਖਰਚ ਬਿਲਡਿੰਗਾਂ ਤੇ ਕਰਦੇ ਹੋ ਉਸ ਦੀ ਬਜਾਏ ਡਾਕਟਰਾਂ ਤੇ ਖਰਚ ਕਰਨਾ ਚਾਹੀਦਾ ਹੈ। ਜੇ ਡਾਕਟਰ ਨਹੀਂ ਮਿਲਦੇ ਤਾਂ ਬਿਲਡਿੰਗ ਕਿਸੇ ਬੀਮਾਰ ਨੂੰ ਰਾਜ਼ੀ ਨਹੀਂ ਕਰ ਸਕਦੀ ਜੇ ਡਾਕਟਰ ਮਿਲ ਜਾਂਦੇ ਹਨ ਤਾਂ ਮਰੀਜ਼ ਨੂੰ ਸਿਰਫ ਪਰਚੀ ਹੀ ਮਿਲਦੀ ਹੈ, ਦਵਾਈ ਨਹੀਂ ਮਿਲਦੀ, ਔਸ਼ਧੀ ਨਹੀਂ ਮਿਲਦੀ। ਪਰਚੀ ਨਾਲ ਮਰੀਜ਼ ਰਾਜ਼ੀ ਨਹੀਂ ਹੋ ਸਕਦਾ। ਜ਼ਰੂਰਤ ਇਸ ਗਲ ਦੀ ਹੈ ਕਿ ਸਰਕਾਰ ਆਊਟਲੁਕ ਚੇਂਜ ਕਰੇ। ਡਾਕਟਰ ਲੋਕਾਂ ਨੂੰ ਬੀਮਾਰੀ ਆਉਣ ਤੋਂ ਰੋਕਣ ਦੇ ਢੰਗ ਦਸੇ ਨਾ ਕਿ ਪਰਚੀ ਦੇ ਕੇ ਤੋਰ ਦੇਵੇ। ਹਸਪਤਾਲਾਂ ਦੇ ਬਾਹਰ ਦੁਕਾਨਾਂ ਖੋਲ੍ਹੀਆਂ ਹੋਈਆਂ ਨੇ। ਸਰਕਾਰੀ ਡਾਕਟਰ ਉਨ੍ਹਾਂ ਨਾਲ ਮਿਲੇ ਹੋਏ ਨੇ।

ਸਰਦਾਰ ਜਗਜੀਤ ਸਿੰਘ ਗੋਗੋਆਣੀ : ਆਨ ਏ ਪੁਆਇਟ ਆਫ ਆਰਡਰ। ਕੋਰਮ ਨਹੀਂ ਹੈ।

(Quorum Bells sounded)

ਡਿਪਟੀ ਸਪੀਕਰ : ਗਿਆਨੀ ਜੀ, ਕਿੰਨਾ ਚਿਰ ਬੋਲੋਗੇ ? ਤੁਹਾਨੂੰ ਬੋਲਦਿਆਂ 18 ਮਿਟ ਹੋ ਗਏ ਨੇ। ਦੋ ਤਿੰਨ ਮਿੰਟ ਵਿਚ ਖਤਮ ਕਰੋ। (How much more time will the hon. Member Giani Zail Singh take, ? He has already spoken for 18 minutes. He should finish within two or three minutes.)

ਗਿਆਨੀ ਜ਼ੈਲ ਸਿੰਘ : ਮੈਂ ਦੋ ਤਿੰਨ ਮਿੰਟ ਵਿਚ ਖਤਮ ਕਰ ਦਿਆਂਗਾ। ਮੈਂ ਅਰਜ਼ ਕਰਦਾ ਹਾਂ ਕਿ ਪਟਿਆਲੇ ਦਾ ਹਸਪਤਾਲ ਅਛਾ ਸੀ, ਜਿਹੜਾ ਏਥੋਂ ਦੇ ਇਨਸਟੀਚਿਊਟ ਬਣਨ ਤੋਂ ਪਹਿਲਾਂ ਨਾਰਦਰਨ ਇੰਡੀਆ ਵਿਚ ਸਭ ਤੋਂ ਵਡਾ ਹਸਪਤਾਲ ਸੀ। ਲੇਕਿਨ ਅਜ ਉਥੇ ਜਾ ਕੇ ਦੇਖੋ, ਉਥੇ ਜਾਲੇ ਲਗੇ ਹੋਏ ਨੇ। ਕਮਰਿਆਂ ਵਿਚ ਕੋਈ ਬਲਬ ਨਹੀਂ, ਬੱਤੀ ਨਹੀਂ। ਓਥੇ ਡਾਕਟਰਾਂ ਦੀ ਕਮੀ ਨਹੀਂ। ਜੇ ਦਵਾਈ ਲੈਣ ਵਾਸਤੇ ਜਾਓ ਤਾਂ ਲੰਮੀ ਕਤਾਰ ਵਿਚ ਖੜ੍ਹੇ ਹੋ ਕੇ ਪਰਚੀ ਮਿਲਦੀ ਹੈ। ਪਰਚੀ ਨਾਲ ਇਸ਼ਾਰਾ ਆਉਂਦਾ ਹੈ ਕਿ ਫਲਾਣੀ ਦੁਕਾਨ ਤੋਂ ਦਵਾਈ ਮਿਲਣੀ ਹੈ। ਓਥੇ ਕੋਈ ਦਵਾਈ ਨਹੀਂ ਮਿਲਦੀ।

"ਮੁਫਲਿਸ ਖੁਦਾ ਕੇ ਰਹਿਮ ਪੇ ਜੀਤੇ ਹੈਂ !" ਉਹ ਗਰੀਬ ਖੁਦਾ ਦੇ ਰਹਿਮ ਤੇ ਜਿਉਂਦੇ ਨੇ। ਤਾਂ ਫੇਰ ਹਸਪਤਾਲਾਂ ਦੀ ਜ਼ਰੂਰਤ ਨਹੀਂ ਰਹਿ ਜਾਂਦੀ। ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਖਜ਼ਾਨਾ ਮੰਤਰੀ ਜੀ ਇਸ ਗਲ ਵਲ ਧਿਆਨ ਦੇਣ ਅਤੇ ਖਾਸ ਤੌਰ ਤੇ ਧਿਆਨ ਦੇਣ ਦੀ ਜ਼ਰੂਰਤ ਇਸ ਵਾਸਤੇ ਹੈ ਕਿ ਪੰਜਾਬ ਵਿਚ ਪੁਲੀਟੀਕਲ ਸਥਿਰਤਾ ਨਾ ਹੋਣ ਕਾਰਨ ਕੁਝ ਵਡੇ ਇੰਡਸਟਰੀਅਲਿਸਟਸ ਸੋਚਦੇ ਸਨ ਕਿ ਏਥੇ ਲਾਭ ਨਹੀਂ। ਏਥੇ ਹੈਵੀ ਇੰਡਸਟਰੀ ਦਾ ਨਾ ਆਉਣਾ ਪੰਜਾਬ ਲਈ ਬੜੇ ਘਾਟੇ ਵਾਲੀ ਗਲ ਹੈ। ਇਸ ਲਈ ਜ਼ਰੂਰਤ ਇਸ ਗਲ ਦੀ ਹੈ ਕਿ ਤੁਸੀਂ ਹੈਵੀ ਇੰਡਸਟਰੀ ਜਿੰਨੀ ਵੀ ਵਧ ਤੋਂ ਵਧ ਪੰਜਾਬ ਵਿਚ ਲਾ ਸਕਦੇ ਹੋ ਲਿਆਉਣ ਦੇ ਯਤਨ ਕਰੋ। ਪੰਜਾਬ ਕਾਫੀ ਥਕ ਚੁਕਿਆ ਹੈ। ਪੰਜਾਬ ਦੀ ਜ਼ਮੀਨ ਵਿਚ ਤਾਕਤ ਨਹੀਂ ਰਹੀ। ਇਸ ਨੂੰ ਖੋਦ ਖੋਦ ਕੇ ਐਨੀਆਂ ਫਸਲਾਂ ਕਢ ਲਈਆਂ ਨੇ। ਇਸ ਦੀ ਤਾਕਤ ਘਟਣੀ ਸ਼ੁਰੂ ਹੋ ਗਈ ਹੈ। ਇਸ ਵਾਸਤੇ ਇਸ ਗਲ ਦੀ ਜ਼ਰੂਰਤ

ਹੈ। ਕਿ ਸਾਰੇ ਹਿੰਦੁਸਤਾਨ ਵਿਚ ਪਰ ਕੈਪੀਟਾ ਇਨਕਮ ਏਥੇ ਉਚੀ ਹੈ। ਇਹ ਅਮੀਰ ਸੂਬਾ ਕਿਤੇ ਗਰੀਬ ਨਾ ਹੋ ਜਾਵੇ। ਏਥੇ ਇੰਡਸਟਰੀ ਲਿਆਓ। ਜਦ ਤਕ ਇੰਡਸਟਰੀ ਨਹੀਂ ਲਿਆਓਗੇ ਬਾਕੀ ਚੀਜ਼ਾਂ ਵਿਚ ਆਪਣਾ ਕਦਮ ਅਗੇ ਨਹੀਂ ਵਧਾ ਸਕੋਗੇ। ਮੈਂ ਜ਼ਿਆਦਾ ਕੁਛ ਨਾ ਕਹਿੰਦਾ ਹੋਇਆ ਏਥੇ ਹੀ ਸਮਾਪਤ ਕਰਦਾ ਹਾਂ। ਇਕ ਦੋ ਛੋਟੀਆਂ ਛੋਟੀਆਂ ਗਲਾਂ ਕਹਿਣੀਆਂ ਚਾਹੁੰਦਾ ਹਾਂ। ਪਾਣੀ ਦੀ ਕਮੀ ਦੇ ਕਾਰਨ ਫਸਲਾਂ ਨੂੰ ਕਾਫੀ ਨੁਕਸਾਨ ਹੋਇਆ ਹੈ। ਇਸ ਵਿਚ ਮੈਂ ਸਰਕਾਰ ਦਾ ਕਸੂਰ ਤਾਂ ਨਹੀਂ ਸਮਝਦਾ ਕਿਉਂਕਿ ਇਸ ਵਾਰ ਭਾਖੜਾ ਡੈਮ ਵਿਚ ਪਾਣੀ ਥੋੜਾ ਆਇਆ ਸੀ। ਪਰ ਜੇ ਸਰਕਾਰ ਇੰਤਜ਼ਾਮ ਨਾ ਕਰੇ ਤਾਂ ਕਾਫੀ ਨੁਕਸਾਨ ਹੁੰਦਾ ਹੈ। ਪਾਣੀ ਦੀ ਤਕਸੀਮ ਠੀਕ ਨਹੀਂ। ਕਈ ਥਾਵਾਂ ਤੇ ਪਾਣੀ ਦੀ ਵਾਰੀ 7 ਦਿਨ ਦੀ ਹੈ। ਪਾਣੀ 10 ਦਿਨ ਚਲਦਾ ਹੈ ਤੇ, 10 ਦਿਨ ਬੰਦ ਰਹਿੰਦਾ ਹੈ। ਕੁਝ ਲੋਕਾਂ ਨੂੰ ਤਾਂ ਨੁਕਸਾਨ ਹੋ ਜਾਂਦਾ ਹੈ ਤੇ ਕੁਝ ਲੋਕਾਂ ਨੂੰ ਫਾਇਦਾ ਹੁੰਦਾ ਹੈ। ਜੇ ਵਾਰੀ 7 ਦਿਨ ਦੀ ਕਰਨੀ ਹੈ ਤਾਂ ਪਾਣੀ 2 ਹਫਤੇ ਚਲਾਇਆ ਜਾਏ ਤੇ 2 ਹਫਤੇ ਬੰਦ ਰਖਿਆ ਜਾਏ ਜਾਂ ਪਾਣੀ ਦੀਆਂ ਵਾਰੀਆਂ ਨੂੰ ਇਸ ਢੰਗ ਦੀਆਂ ਕਰ ਦਿਓ ਕਿ ਜਿਵੇਂ ਅਗੇ ਸੀ 10 ਦਿਨ ਦੀ ਵਾਰੀ ਰਹੇ। ਇਸ ਤਰ੍ਹਾਂ ਉਹ ਲੋਕ ਪਾਣੀ ਲਾ ਸਕਦੇ ਹਨ। ਦੂਸਰੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਫਿਨਾਂਸ ਮਨਿਸਟਰ ਨੂੰ ਕਿ ਇਹ ਕੋਸ਼ਿਸ਼ ਕਰਨ ਕਿ ਜਿਥੇ ਤੁਸੀਂ ਨਹਿਰੀ ਪਾਣੀ ਵਧਾ ਨਹੀਂ ਸਕਦੇ ਤਾਂ ਜੋ ਪਾਣੀ ਦੇ ਮੋਘੇ ਲਾਏ ਨੇ ਉਨ੍ਹਾਂ ਮੋਘਿਆਂ ਦੇ ਨਾਲ ਸਰਕਾਰੀ ਟਿਊਬਵੈਲ ਲਗਾਉ ਅਤੇ ਉਹ ਸਰਕਾਰੀ ਟਿਊਬਵੈਲ ਦਾ ਪਾਣੀ ਕੱਸੀ ਦੇ, ਨਹਿਰ ਦੇ ਪਾਣੀ ਨਾਲ ਮਿਲੇ। ਲੋਕਾਂ ਨੂੰ ਉਥੇ ਉਸ ਪਾਣੀ ਨਾਲ ਇਹ ਪਾਣੀ ਵੀ ਦਿਓ। ਤੁਸੀਂ ਨਹਿਰੀ ਪਾਣੀ ਦਾ ਆਬਿਆਨਾ ਲੈਂਦੇ ਹੋ, ਆਬਿਆਨਾ ਉਨਾ ਲਓ ਜਿੰਨਾ ਹਾਲਾ ਲਾਇਆ ਹੋਇਆ ਹੈ। ਉਸ ਟਿਊਬਵੈਲ ਤੋਂ ਸਰਕਾਰੀ ਕਰਮਚਾਰੀ ਪਾਣੀ ਪਰੋਵਾਈਡ ਕਰੇ ਤਾਕਿ ਉਨ੍ਹਾਂ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਪਾਣੀ ਮਿਲ ਸਕੇ ਪੰਜਾਬ ਦਾ ਛੋਟਾ ਕਿਸਾਨ ਆਪਣੀ ਜ਼ਮੀਨ ਦੀ ਪੂਰੀ ਕਾਸ਼ਤ ਨਹੀਂ ਕਰ ਸਕਦਾ। ਉਹ ਟਰੈਕਟਰ ਨਹੀਂ ਲੈ ਸਕਦਾ। ਸਰਕਾਰ ਆਪਣੇ ਖਰਚ ਤੇ ਟਰੈਕਟਰ ਲੈ ਕੇ ਤਹਿਸੀਲ ਹੈਡਕੁਆਰਟਰ ਤੇ ਰਖੇ। ਅਤੇ ਨਾ ਉਸ ਦੇ ਵਿਚ ਨਫਾ ਅਤੇ ਨਾ ਘਾਟਾ ਇਸ ਅਸੂਲ ਤੇ ਲੋਕਾਂ ਦੀ ਜ਼ਮੀਨ ਦੀ ਕਾਸ਼ਤ ਕਰਵਾਈ ਜਾਏ ਤਾਕਿ ਜਿੰਨੇ ਕਾਸ਼ਤਕਾਰ ਹਨ ਉਹ ਇਸ ਦਾ ਫਾਇਦਾ ਉਠਾ ਸਕਣ। ਮੈਂ ਇਕ ਗਲ ਕਹਿ ਕੇ ਸਮਾਪਤ ਕਰਨ ਲਗਾ ਹਾਂ। ਡਿਪਟੀ ਸਪੀਕਰ ਸਾਹਿਬਾ, ਕਮਿਊਨਿਟੀ ਡਿਵੈਲਪਮੈਂਟ ਦੇ ਮਹਿਕਮੇ ਦੀ ਬੜੀ ਚਰਚਾ ਹੁੰਦੀ ਹੈ। ਮੈਨੂੰ ਖੁਸ਼ੀ ਹੈ ਕਿ ਕਮ ਅਜ਼ ਕਮ ਇਕ ਰਿਆਸਤ ਨੇ ਪੰਜਾਬ ਦੀ ਅਗਵਾਈ ਕੀਤੀ ਹੈ। ਮਧਿਆ ਪਰਦੇਸ਼ ਨੇ ਇਸ ਮਹਿਕਮੇ ਨੂੰ ਸਮਾਪਤ ਕਰ ਦਿਤਾ ਹੈ। ਮੈਂ ਇਹ ਕਹਾਂਗਾ ਕਿ ਪੰਜਾਬ ਦੀ ਸਰਕਾਰ ਵੀ ਇਸ ਮਹਿਕਮੇ ਨੂੰ ਸਮਾਪਤ ਕਰ ਦੇਵੇ। ਮੈਨੂੰ ਡਰ ਵੀ ਲਗਦਾ ਹੈ। ਚੋਣਾਂ ਆ ਰਹੀਆਂ ਨੇ। ਚੋਣਾਂ ਵਿਚ ਉਹ ਮਹਿਕਮਾ ਕਾਫੀ ਪਾਰਟ ਪਲੇ ਕਰੇਗਾ। ਲੇਕਿਨ ਮੈਂ ਇਸ ਕਰਕੇ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਕਿਤੇ ਹੋਰ ਨੌਕਰੀਆਂ ਦਿਓ, ਹੋਰ ਜਗ੍ਹਾ ਲਾਓ। ਇਹ ਬਿਲਕੁਲ ਬੇਲੋੜਾ ਮਹਿਕਮਾ ਹੈ। ਇਸ ਨੇ ਨਾ ਖੇਤੀ ਬਾੜੀ ਵਿਚ ਉਨਤੀ ਕਰਵਾਈ ਹੈ ਨਾ ਇਸ ਮਹਿਕਮੇ ਦੇ ਜ਼ਰੀਏ ਇੰਡਸਟਰੀ ਵਿਚ ਉਨਤੀ ਹੋਈ ਹੈ। ਨਾ ਇਸ ਮਹਿਕਮੇ ਦੇ ਜ਼ਰੀਏ ਸੋਸ਼ਲ ਸਰਵਿਸ ਹੋਦੀ ਹੈ। ਸੋਸ਼ਲ ਸਰਵਿਸ ਤਾਂ ਕਿਤੇ ਰਹੀ ਲੋਕ ਸ਼ਰਮ ਮਹਿਸੂਸ ਕਰਦੇ ਨੇ। ਡੀ. ਸੀ. ਕੋਲ ਤਾਂ ਭਾਵੇਂ ਜੀਪ ਹੈ ਜਾਂ ਨਹੀਂ ਪਰ ਬੀ. ਡੀ. ਓ. ਕੋਲ ਜੀਪ ਵੀ ਹੈ, ਗਰਾਮ ਸੇਵਕ ਵੀ ਅਤੇ ਗਰਾਮ ਸੇਵਕਾ ਵੀ ਹਨ। ਉਹ ਆਪਣਾ ਜਲੂਸ ਕਢ ਕੇ ਜਾਂਦੇ ਨੇ ਤੇ ਸ਼ਹਿਰ ਵਿਚ ਆ ਕੇ ਨਿਵਾਸ ਕਰ ਲੈਂਦੇ ਨੇ। ਇਸ ਮਹਿਕਮੇ ਦੀ ਸਮਾਪਤੀ ਕਰੋ। ਲੋਕਾਂ ਦੀ ਡਿਵੈਲਪਮੈਂਟ ਵਾਸਤੇ ਉਨ੍ਹਾਂ ਲੋਕਾਂ ਨੂੰ ਦਿਓ ਜਿਨ੍ਹਾਂ ਨੇ ਕਣਕ ਪੈਦਾ ਕੀਤੀ, ਪਸ਼ੂ ਪਾਲੇ ਜਾਂ ਕਪਾਹ ਪੈਦਾ ਕੀਤੀ। ਉਹ ਇਸ ਵਾਸਤੇ ਖਰਚ ਕਰਨ ਤਾਕਿ ਲੋਕ ਇਸ ਦਾ ਵਧ ਤੋਂ ਵਧ ਲਾਭ ਉਠਾ ਸਕਣ। ਐਨੀ ਗਲ ਕਹਿ ਕੇ ਮੈਂ ਆਗਿਆ ਮੰਗਦਾ ਹਾਂ।

ਸਰਦਾਰ ਜਗਜੀਤ ਸਿਘ ਗੋਗੋਆਣੀ (ਜ਼ੀਰਾ) : ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡੀ ਮਾਰਫਤ ਪੰਜਾਬ ਨੂੰ ਵਧਾਈ ਦਿੰਦਾ ਹਾਂ ਕਿ ਜਿਹੜਾ ਮਸਲਾ ਬਹੁਤ ਚਿਰ ਤੋਂ ਚਲਿਆ ਆਉਂਦਾ ਸੀ, ਬੋਲੀ ਦੇ ਆਧਰ

[ਸਰਦਾਰ ਜਗਜੀਤ ਸਿੰਘ ਗੋਗਆਣੀ]

ਤੇ ਪੰਜਾਬ ਵਿਚ ਰੋਜ਼ ਝਗੜੇ ਹੁੰਦੇ ਸਨ, ਕਾਂਗਰਸ ਵਰਕਿੰਗ ਕਮੇਟੀ ਨੇ ਮਤਾ ਪਾਸ ਕਰਕੇ ਉਸ ਦਾ ਸੁਚੱਜਾ ਹਲ ਕਢ ਲਿਆ ਹੈ। ਪੰਜਾਬ ਵਿਚ ਬੋਲੀ ਦੀ ਬੜੀ ਦੇਰ ਤੋਂ ਖਿਚੋ ਤਾਣ ਚਲੀ ਆਉਂਦੀ ਸੀ, ਉਹ ਸਾਰੇ ਝਗੜੇ ਖਤਮ ਹੋ ਜਾਣਗੇ। ਐਡਮਿਨਿਸਟਰੇਸ਼ਨ ਅਤੇ ਪੁਲਿਸ ਤੇ ਜਿਹੜਾ ਵਾਧੂ ਰੁਪਿਆ ਖਰਚ ਹੁੰਦਾ ਸੀ ਉਹ ਖਰਚ ਘਟ ਜਾਏਗਾ। ਲੋਕ ਤਰੱਕੀ ਵਲ ਜਾਣਗੇ। ਜਿਹੜੇ ਵਾਧੂ ਖਰਚ ਹਨ ਉਹ ਘਟ ਜਾਣਗੇ। ਲੋਕਾਂ ਦਾ ਧਿਆਨ ਕਮਾਈ ਵਲ ਹੋ ਜਾਏਗਾ। ਇਸ ਦਾ ਦੇਸ਼ ਨੂੰ, ਪੰਜਾਬ ਨੂੰ ਬੜਾ ਫਾਇਦਾ ਪਹੁੰਚੇਗਾ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਹ ਜੋ ਝਗੜਾ ਹੈ ਇਸ ਵਿਚ ਸਰੋਮਣੀ ਅਕਾਲੀ ਦਲ ਦੀ ਪੁਜ਼ੀਸ਼ਨ ਕੀ ਹੈ। (ਵਿਘਨ) ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ (ਵਿਘਨ) ਐਨੀ ਹੀ ਬਾਤ ਕਹਿ ਕੇ ਬੈਠਦਾ ਹਾਂ ਕਿਉਂਕਿ ਮੇਰੀ ਤਬੀਅਤ ਠੀਕ ਨਹੀਂ।

ਲੈਫਟੀਨੈਂਟ ਭਾਗ ਸਿੰਘ (ਪਾਇਲ, ਐਸ. ਸੀ.) : ਮੈਡਮ ਡਿਪਟੀ ਸਪੀਕਰ, ਸਰਦਾਰ ਰਣਜੀਤ ਸਿੰਘ ਨੈਣੇਵਾਲੀਆ ਨੇ ਬਜਟ ਦੀ ਬਹਿਸ ਤੇ ਬੋਲਦਿਆਂ ਦੋ ਤਿੰਨ ਸ਼ਬਦ ਕਹੇ ਕਿ ਇਹ ਬਜਟ ਕੈਪਟਲਿਸਟਿਕ ਹੈ, ਬਿਓਰੋਕਰੈਟਿਕ ਹੈ ਤੇ ਐਂਟੀ ਸੋਸ਼ਲ ਹੈ। ਪਰ ਉਹ ਇਹ ਗਲ ਭੁਲ ਗਏ ਕਿ ਇਹ ਐਂਟੀ ਹਰੀਜਨ ਵੀ ਹੈ। ਮੈਂ ਇਹ ਗਲ ਇਸ ਕਰਕੇ ਕਹਿੰਦਾ ਹਾਂ ਕਿ ਸੋਸਾਇਟੀ ਦਾ ਜਿਹੜਾ ਅੰਗ ਕਮਜ਼ੋਰ ਹੋਵੇ ਉਸ ਨੂੰ ਤਕੜਾ ਕਰਨ ਵਾਸਤੇ ਉਨ੍ਹਾਂ ਨੂੰ ਜ਼ਿਆਦਾ ਸਾਧਨ ਦੇਣੇ ਚਾਹੀਦੇ ਨੇ ਅਤੇ ਉਨ੍ਹਾਂ ਵਾਸਤੇ ਜ਼ਿਆਦਾ ਪੈਸਾ ਰਖਣਾ ਚਾਹੀਦਾ ਹੈ। ਜ਼ਿਆਦਾ ਪੈਸਾ ਲਾਉਣ ਵਾਸਤੇ ਉਨ੍ਹਾਂ ਲਈ ਜ਼ਿਆਦਾ ਬੰਦੋਬਸਤ ਕਰਨਾ ਚਾਹੀਦਾ ਹੈ। ਇਸ ਵਾਸਤੇ ਮੈਂ ਸਰਦਾਰ ਕਪੂਰ ਸਿੰਘ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਇਹ ਬਜਟ ਐਂਟੀ ਹਰੀਜਨ ਵੀ ਹੈ।

ਇਸ ਤੋਂ ਅਗੇ ਤੁਸੀਂ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੀ ਹਾਲਤ ਵੇਖੋ।

ਕਿੰਨੇ ਦੁਖ ਦੀ ਗਲ ਇਹ ਹੈ ਕਿ ਸਾਡੇ ਪਿੰਡ ਦੇ ਡਾਕ ਅਤੇ ਤਾਰ ਦੇ ਮਹਿਕਮੇ ਦੇ ਬਾਬੂ ਦੇ ਪੰਜ ਜਾਂ ਦਸ ਰੁਪਏ ਮਹਿੰਗਾਈ ਅਲਾਊਂਸ ਦੇ ਵਧੇ ਹਨ ਕਿਉਂਕਿ ਉਹ ਸੈਂਟਰ ਦਾ ਮੁਲਾਜ਼ਮ ਹੈ ਪਰ ਉਸੇ ਹੀ ਥਾਂ ਤੇ ਜਿਹੜਾ ਪਜਾਬ ਸਰਕਾਰ ਦਾ ਮੁਲਾਜ਼ਮ ਕੰਮ ਕਰ ਰਿਹਾ ਹੈ ਉਸ ਨੂੰ ਪੰਜਾਬ ਸਰਕਾਰ ਨੇ ਕੁਝ ਨਹੀਂ ਦਿੱਤਾ ਹਾਲਾਂਕਿ ਉਸ ਨੂੰ ਵੀ ਉਸੇ ਭਾ ਤੇ ਹੀ ਚੀਜ਼ਾਂ ਮਿਲਦੀਆਂ ਹਨ ਅਤੇ ਸੈਂਟਰ ਦੇ ਮੁਲਾਜ਼ਮ ਨੂੰ ਵੀ ਉਸੇ ਭਾ ਤੇ ਹੀ ਚੀਜ਼ਾਂ ਮਿਲਦੀਆਂ ਹਨ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਮੁਲਾਜ਼ਮਾਂ ਦੇ ਨਾਲ ਬੜੀ ਭਾਰੀ ਬੇਇਨਸਾਫੀ ਹੈ। ਸਾਡੀ ਸਰਕਾਰ ਨੇ ਇਸ ਦੇ ਬਾਰੇ ਕੁਝ ਨਹੀਂ ਕੀਤਾ। ਡਿਪਟੀ ਸਪੀਕਰ ਸਾਹਿਬਾ, ਜੇ ਮੈਂ ਇਹ ਕਹਾਂ ਕਿ ਛੋਟੇ ਮੁਲਾਜ਼ਮ ਵੀ ਹਰੀਜਨਾਂ ਵਰਗੇ ਹੀ ਹਨ ਤਾਂ ਇਹ ਕੋਈ ਗਲਤ ਗਲ ਨਹੀਂ ਹੋਵੇਗੀ। ਇਹ ਤਾਂ ਮੈਂ ਜਾਣਦਾ ਹਾਂ ਕਿ ਸਰਕਾਰ ਨੇ ਅਖੀਰ ਨੂੰ ਕੁਝ ਨਾ ਕੁਝ ਤਾਂ ਉਨ੍ਹਾਂ ਨੂੰ ਦੇਣਾ ਹੀ ਹੈ, ਇਨ੍ਹਾਂ ਨੂੰ ਦੇਣਾ ਪਏਗਾ।

(Quorum Bells Sounded)

ਉਨ੍ਹਾਂ ਨੂੰ ਪਤਾ ਹੈ ਕਿ ਉਥੇ ਕੀ ਨੁਕਸਾਨ ਹੋਇਆ ਹੈ, ਕਿਤਨਾ ਭਾਰੀ ਨੁਕਸਾਨ ਹੋਇਆ ਹੈ। ਅਸਾਂ, ਚੇਅਰਮੈਨ ਸਾਹਿਬ, ਸੈਂਟਰ ਦੀ ਸਰਕਾਰ ਅਤੇ ਸਟੇਟ ਦੀ ਸਰਕਾਰ ਦੇ ਮਨਿਸਟਰਾਂ ਨੂੰ ਉਥੋਂ ਦੇ ਸਹੀ ਹਾਲਾਤ ਵਖਾਉਣ ਵਾਸਤੇ ਕਈ ਦਫਾ ਬੇਨਤੀ ਕੀਤੀ। ਮਗਰ ਉਨ੍ਹਾਂ ਨੇ ਉਥੇ ਜਾਣ ਦੀ ਖੇਚਲ ਨਹੀਂ ਕੀਤੀ, ਕਿਉਂ ਨਹੀਂ ਕੀਤੀ? ਪਰੋਗਰਾਮ ਬੇਸ਼ਕ ਬਣਾਏ ਗਏ ਪਰ ਡਿਸਟਰਿਕਟ ਅਥਾਰਿਟੀਜ਼ ਨੇ ਇਨ੍ਹਾਂ ਨੂੰ ਕਹਿ ਭੇਜਿਆ ਕਿ ਅਜੇ ਤੁਹਾਡੇ ਜਾਣ ਵਾਸਤੇ ਉਹ ਇਲਾਕਾ ਸੇਫ ਨਹੀਂ ਹੈ। ਇਸ ਕਰਕੇ ਜਾਂ ਤਾਂ ਉਹ ਪਰੋਗਰਾਮ ਇਥੋਂ ਚੰਡੀਗੜ੍ਹ ਵਿਚੋਂ ਹੀ ਕੈਨਸਲ ਹੋ ਗਏ ਜਾਂ ਅੰਮ੍ਰਿਤਸਰ ਜਾ ਕੇ ਕੈਂਸਲ ਕਰ ਦਿਤੇ। ਮੈਂ ਪੁਛਦਾ ਹਾਂ, ਚੇਅਰਮੈਨ ਸਾਹਿਬ, ਕਿ ਕਦੇ ਇਨ੍ਹਾਂ ਲੋਕਾਂ ਨੇ ਗੌਰਮੈਂਟ ਨੇ, ਉਨ੍ਹਾਂ ਬਦਕਿਸਮਤ ਲੋਕਾਂ ਦਾ ਵੀ ਫਿਕਰ ਕੀਤਾ? ਪਹਿਲੇ ਉਹ ਲੋਕ ਪਾਕਿਸਤਾਨ ਦੇ ਗੋਲਿਆਂ ਦੇ ਸ਼ਿਕਾਰ ਹੋਏ ਔਰ ਹੁਣ ਅਪਣੀ ਫੌਜ ਦੀਆਂ ਵਿਛਾਈਆਂ ਹੋਈਆਂ ਮਾਈਨਜ਼ ਦਾ ਸ਼ਿਕਾਰ ਹੋ ਰਹੇ ਹਨ। ਮਾਈਨਜ਼ ਸਿਰਫ ਦੁਸ਼ਮਨ ਦੀਆਂ ਫੌਜਾਂ ਨੇ ਹੀ ਨਹੀਂ ਵਿਛਾਈਆਂ ਬਲਕਿ ਬਾਰਡਰ ਤੋਂ ਦਸ ਦਸ ਮੀਲ ਇਧਰ ਸਾਡੀਆਂ ਫੌਜਾਂ ਨੇ ਵੀ ਵਿਛਾਈਆਂ। ਇਨ੍ਹਾਂ ਕਰਕੇ ਲੋਕ ਲੰਗੜੇ ਹੋਏ ਹਨ, ਲੂਲੇ ਹੋਏ ਹਨ, ਕਈ ਜਾਨ ਤਕ ਗਵਾ ਚੁਕੇ ਹਨ ਔਰ ਹੁਣ ਵੀ ਗਵਾ ਰਹੇ ਹਨ। ਕਿਸੇ ਦਾ ਉਸ ਬੰਨੇ ਧਿਆਨ ਨਹੀਂ ਜਾ ਰਿਹਾ (ਵਿਘਨ) ਲੋਕਾਂ ਦੀ ਬਹੁਤ ਬੁਰੀ ਹਾਲਤ ਹੋ ਰਹੀ ਹੈ। ਜਿਸ ਵੇਲੇ ਕੋਈ ਮਨਿਸਟਰ ਸਾਹਿਬ ਉਥੇ ਗਏ ਤਾਂ ਉਨ੍ਹਾਂ ਲੋਕਾਂ ਦਾ ਜਿਹੜੇ ਇਨ੍ਹਾਂ ਮਾਈਨਜ਼ ਕਰਕੇ ਲੰਗੜੇ ਹੋਏ ਹਨ, ਲੂਲੇ ਹੋਏ ਹਨ, ਜਿਨ੍ਹਾਂ ਦੇ ਖਾਨਦਾਨ ਤਬਾਹ ਹੋ ਗਏ ਹਨ, ਪ੍ਰੋਸ਼ੈਸਨ ਉਨ੍ਹਾਂ ਦੇ ਸਾਹਮਣੇ ਪੇਸ਼ ਹੋਵੇਗਾ। ਉਸ ਵਕਤ ਸ਼ਾਇਦ ਉਨ੍ਹਾਂ ਦੀ ਕੋਈ ਬਾਤ ਪੁਛੀ ਜਾਵੇਗੀ। ਚੇਅਰਮੈਨ ਸਾਹਿਬ, ਕਿਤਨੇ ਅਫਸੋਸ ਦੀ ਗਲ ਹੈ ਕਿ ਉਨ੍ਹਾਂ ਵਲ ਧਿਆਨ ਨਹੀਂ ਦਿਤਾ ਜਾ ਰਿਹਾ। ਠੀਕ ਹੈ ਕਿ ਇਕ ਮੀਟਿੰਗ ਹੋਈ ਸੀ। ਰੀਹੈਬਿਲੀਟੇਸ਼ਨ ਕਮਿਸ਼ਨਰ, ਰੀਹੈਬਿਲੀਟੇਸ਼ਨ ਮਨਿਸਟਰ ਔਰ ਸਾਰੇ ਡਿਪਟੀ ਕਮਿਸ਼ਨਰ ਉਸ ਵਿਚ ਮੌਜੂਦ ਸਨ। ਉਸ ਵਕਤ ਕਿਹਾ ਗਿਆ ਸੀ ਕਿ ਜਿਹੜੇ ਮਾਈਨਜ਼ ਕਰਕੇ ਮਰ ਜਾਣਗੇ, ਜਾਂ ਜਿਹੜੇ ਮਾਈਨਜ਼ ਕਰਕੇ ਇੰਜਰ ਹੋਣਗੇ ਉਨ੍ਹਾਂ ਨੂੰ ਵੀ ਬਤੌਰ ਐਨੀਮੀ ਐਕਸ਼ਨ ਟਰੀਟ ਕੀਤਾ ਜਾਵੇਗਾ। ਅਜ ਉਨ੍ਹਾਂ ਦੀਆਂ ਦਰਖਾਸਤਾਂ ਲਈਆਂ ਜਾ ਰਹੀਆਂ ਹਨ। ਪਰ ਇਥੋਂ ਆਰਡਰ ਚਲਿਆ ਗਿਆ ਹੈ ਕਿ "ਕੀਪ ਦੈਮ ਪੈਂਡਿਗ"। ਕੀ ਇਹੋ ਹਮਦਰਦੀ ਹੈ ਜਿਹੜੀ ਉਨ੍ਹਾਂ ਲੋਕਾਂ ਦੇ ਨਾਲ ਹੋ ਰਹੀ ਹੈ? (ਵਿਘਨ) ਲੋਕ ਆਪਣੇ ਆਪਣੇ ਇਲਾਕੇ ਦੇ ਨੁਮਾਇੰਦਿਆਂ ਪਾਸ ਜਾਂਦੇ ਸਨ ਕਿ ਤੁਹਾਡੇ ਮਨਿਸਟਰ ਤਾਂ ਇਹ ਕਹਿੰਦੇ ਸਨ ਪਰ ਜਦੋਂ ਡਿਸਟਰਿਕਟ ਅਥਾਰੀ-ਟੀਜ਼ ਪਾਸ ਪੁਜਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਸਾਡੇ ਕੋਲ ਤਾਂ ਹੁਕਮ ਨਹੀਂ, ਕਮਿਸ਼ਨਰ ਕੋਲ ਜਾਉ। ਕਮਿਸ਼ਨਰ ਕੋਲ ਜਾਂਦੇ ਹਾਂ ਤਾਂ ਉਹ ਵੀ ਇਹੋ ਕਹਿੰਦਾ ਹੈ ਕਿ ਮਨਿਸਟਰ ਕੋਲ ਜਾਉ। ਹੁਣ ਤਾਂ ਉਨ੍ਹਾਂ ਵਿਚਾਰਿਆਂ ਕੋਲ ਕਿਰਾਏ ਵਾਸਤੇ ਵੀ ਪਲੇ ਪੈਸੇ ਨਹੀਂ ਰਹੇ। ਇਸ ਕਰਕੇ ਮੈਂ ਹਾਊਸ ਦੇ ਜਰੀਏ, ਤੁਹਾਡੇ ਜ਼ਰੀਏ ਉਨ੍ਹਾਂ ਪਾਸ ਬੇਨਤੀ ਕਰਾਂਗਾ ਕਿ ਰੱਬ ਦੇ ਵਾਸਤੇ ਇਨ੍ਹਾਂ ਗਲਾਂ ਵਿਚ ਢਿਲ ਨਾ ਕਰੋ। ਅਗਰ ਮੁੜ ਕੇ ਜੰਗ ਹੋਈ— ਔਰ ਜਿਤਨੀ ਦੇਰ ਤਕ ਪਾਕਿਸਤਾਨ ਬੈਠਾ ਹੈ ਉਤਨੀ ਦੇਰ ਤਕ ਇਹ ਖਤਰਾ ਬਣਿਆ ਹੀ ਰਹਿਣਾ ਹੈ— ਇਹ ਤੁਹਾਡੀ ਬੜੀ ਗਲਤੀ ਹੋਵੇਗੀ ਜੇ ਬਾਰਡਰ ਦੇ ਉਤੇ ਬੈਠੇ ਹਏ ਲੋਕਾਂ ਦੀਆਂ ਤਕਲੀਫਾਂ ਵਲ ਧਿਆਨ ਨਾ ਦਿਤਾ। ਅਗਰ ਅਸੀਂ ਉਨ੍ਹਾਂ ਵਲ ਪੂਰੀ ਤਵੱਜੋਹ ਨਾ ਦੇਵਾਂਗੇ ਤਾਂ ਉਨ੍ਹਾਂ ਦਾ ਸਾਡੇ ਉਤੇ ਇਤਬਾਰ ਖਤਮ ਹੋ ਜਾਵੇਗਾ। (ਵਿਘਨ) ਇਥੇ ਚੀਫ ਮਨਿਸਟਰ ਸਾਹਿਬ ਨੇ ਇਕ ਬਾਰਡਰ ਦੇ ਜ਼ਿਲਿਆਂ ਦੇ ਐਮ. ਐਲ. ਏਜ਼ ਦੀ ਮੀਟਿੰਗ ਸਦੀ। ਪਰ ਬੜੇ ਦੁਖ ਦੀ ਗਲ ਹੈ ਕਿ ਉਨ੍ਹਾਂ ਦੀ ਇਕ ਵੀ ਰਿਕਮੈਂਡੇਸ਼ਨ ਸਰਕਾਰੀ ਕਰਮਚਾਰੀਆਂ ਨੇ ਅਜੇ ਤਕ ਇੰਪਲੀਮੈਂਟ ਨਹੀਂ

ਕੀਤੀ । ਇਕ ਪੁਆਇੰਟ ਇਹ ਸੀ ਕਿ ਜਿਹੜਾ ਕੋਈ ਵੀ ਮਾਈਨਜ਼ ਨਾਲ ਮਰੇਗਾ ਉਸ ਦੇ ਡੀਪੈਂਡੈਂਟਸ ਨੂੰ 1,500 ਰੁਪਿਆ ਗਰਾਂਟ ਦਿਤੀ ਜਾਵੇਗੀ । ਪਰ ਹੇਠਾਂ ਕਲਰਕ ਸਾਹਿਬ ਕਹਿੰਦੇ ਹਨ ਕਿ ਉਸੇ ਨੂੰ ਮਿਲੇਗਾ ਜਿਹੜਾ ਮੇਲ ਮਰੇਗਾ। ਜੇ ਫੀਮੇਲ ਮਰੇਗੀ ਤਾਂ ਉਸ ਬਾਰੇ ਕੋਈ ਰਿਲੀਫ਼ ਨਹੀਂ ਦਿਤੀ ਜਾਵੇਗੀ ।

ਇਕ ਅਵਾਜ਼ : ਉਹ ਤਾਂ ਫੈਸਲਾ ਹੋ ਗਿਆ ਹੈ ।

ਸਰਦਾਰ ਉਮਰਾਓ ਸਿੰਘ : ਮੀਟਿੰਗ ਵਿਚ ਵੀ ਫੈਸਲਾ ਹੋਇਆ ਕਿ ਸੈਕਸ ਦਾ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ । ਸਾਡੀ ਕਾਨਸਟੀਚਿਊਸ਼ਨ ਵੀ ਇਹੋ ਕਹਿੰਦੀ ਹੈ ਕਿ ਕਿਸੇ ਚੀਜ਼ ਵਿਚ ਸੈਕਸ ਕਰਕੇ ਡਿਫਰੈਂਸ਼ੀਏਟ ਨਹੀਂ ਕੀਤਾ ਜਾਵੇਗਾ । ਜੇ ਕਰ ਹਿੰਦੁਸਤਾਨ ਦੀ ਪ੍ਰਾਈਮ ਮਨਿਸਟਰ ਫੇਅਰ ਸੈਕਸ ਹੋ ਸਕਦੀ ਹੈ ਤਾਂ ਜਿਹੜੀ ਔਰਤ ਦੁਸ਼ਮਨ ਦੀਆਂ ਗੋਲੀਆਂ ਕਰਕੇ ਮਰ ਜਾਂਦੀ ਹੈ ਉਸ ਨੂੰ ਇਹ ਕਹਿਕੇ ਟਰਨ ਡਾਊਨ ਕਰ ਦੇਣਾ ਕਿ ਉਹ ਫ਼ੀਮੇਲ ਹੈ ਜਾਂ ਉਹ ਬਰੈਡ-ਵਿਨਰ ਨਹੀਂ, ਜ਼ਿਆਦਤੀ ਹੈ, ਨਾਇਨਸਾਫ਼ੀ ਹੈ । ਮੇਰੇ ਦੋਸਤ ਨੇ ਕਿਹਾ ਹੈ ਕਿ ਫੈਸਲਾ ਹੋ ਗਿਆ ਹੈ । ਲੇਕਿਨ ਮੈਂ ਚੈਲਿੰਜ ਕਰਦਾ ਹਾਂ ਕਿ ਅਜੇ ਤਕ ਜੇਕਰ ਕਿਸੇ ਫੀਮੇਲ ਨੂੰ ਇਸ ਤਰ੍ਹਾਂ ਪੈਸਾ ਮਿਲਿਆ ਹੋਵੇ ਤਾਂ ਮੈਂ ਗੁਨਾਹਗਾਰ ਹਾਂ ।

ਚੇਅਰਮੈਨ ਸਾਹਿਬ, ਮੈਨੂੰ ਇਹ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਪਾਕਿਸਤਾਨ ਨਾਲ ਜਦੋਂ ਜੰਗ ਹੋ ਰਹੀ ਸੀ, ਤਾਂ ਉਨ੍ਹਾਂ ਦਿਨਾਂ ਵਿਚ ਜ਼ੀਰੇ ਵਿਚ ਦੁਸ਼ਮਨ ਵਲੋਂ ਬੜੀ ਸ਼ੈਲਿੰਗ ਹੋਈ । ਪਾਕਿਸਤਾਨ ਦੇ ਹਵਾਈ ਜਹਾਜ਼ ਆਏ ਔਰ ਉਨ੍ਹਾਂ ਨੇ ਸ਼ੈਲਿੰਗ ਕੀਤੀ ਜਿਸ ਨਾਲ ਉਥੋਂ ਦੇ ਕਈ ਆਦਮੀ ਮਰੇ । ਉਸ ਵਕਤ ਉਥੇ ਚੀਫ ਮਨਿਸਟਰ ਸਾਹਿਬ ਆਏ ਸੀ ਤਾਂ ਇਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਘਰ ਵਾਲਿਆਂ ਨੂੰ ਜੋ ਉਸ ਸ਼ੈਲਿੰਗ ਨਾਲ ਮਾਰੇ ਗਏ ਸਨ, 15, 15 ਸੌ ਰੁਪਏ ਦੀਆਂ ਗਰਾਂਟਾਂ ਦਿੱਤਿਆਂ । ਉਸ ਵੇਲੇ ਜ਼ੀਰੇ ਵਿਚ ਵਰਸਲੇ ਪਿੰਡ, ਤਹਿਸੀਲ ਪਟੀ, ਦੀਆਂ 3 ਔਰਤਾਂ ਦੀ ਮੌਤ ਹੋ ਗਈ ਔਰ ਉਨ੍ਹਾਂ ਤਿੰਨਾਂ ਔਰਤਾ ਵਿਚੋਂ ਇਕ ਦੀ ਕੁਛੜ ਵਿਚ 8 ਜਾਂ 9 ਮਹੀਨਿਆਂ ਦਾ ਬਚਾ ਸੀ ਜਿਹੜਾ ਬਚ ਗਿਆ ਸੀ । ਉਨ੍ਹਾਂ ਦੀਆਂ ਲਾਸ਼ਾ ਨੂੰ ਮਿਲਟਰੀ ਟਰਕ ਵਿਚ ਪਾ ਕੇ ਲੁਧਿਆਣੇ ਲੈ ਜਾਇਆ ਗਿਆ ਜਿਥੇ ਉਨ੍ਹਾਂ ਦਾ ਪੋਸਟ ਮਾਰਟਮ ਹੋਇਆ । ਉਨ੍ਹਾਂ ਔਰਤਾਂ ਦੇ ਵਾਰਸਾਂ ਨੇ ਚੀਫ਼ ਮਨਿਸਟਰ ਸਾਹਿਬ ਨੂੰ, ਜਦੋਂ ਉਹ ਸ੍ਰੀ ਕਾਮਰਾਜ ਜੀ ਪਰਧਾਨ ਆਲ-ਇੰਡੀਅਨ ਕਾਂਗਰਸ ਨਾਲ ਪੱਟੀ ਆਏ ਸਨ, ਕੰਪੈਨਸੇਸ਼ਨ ਵਾਸਤੇ ਦਰਖਾਸਤਾਂ ਦਿਤੀਆਂ । ਇਹ ਉਸ ਵੇਲੇ ਦੀ ਗਲ ਹੈ ਜਿਸ ਵੇਲੇ ਸ੍ਰੀ ਕਾਮਰਾਜ ਇਨ੍ਹਾਂ ਦੇ ਨਾਲ ਉਥੇ ਆਏ ਹੋਏ ਸੀ, ਤਾਂ ਇਨ੍ਹਾ ਨੇ ਡਿਸਟਰਿਕਟ ਅਥਾਰੇ-ਟੀਜ਼ ਨੂੰ ਹੁਕਮ ਦਿਤਾ ਕਿ ਉਨ੍ਹਾਂ ਲੋਕਾਂ ਨੂੰ ਵੀ ਉਸੇ ਤਰ੍ਹਾਂ ਗਰਾਂਟਾਂ ਦਿਉ ਜਿਸ ਤਰ੍ਹਾਂ ਦੂਸਰੇ ਵਾਰ ਵਿਕਟਿਮਜ਼ ਨੂੰ ਦਿਤੀਆਂ ਨੇ ਲੇਕਿਨ ਮੈਨੂੰ ਇਹ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਥੇ ਬਾਕੀ ਦੇ ਲੋਕਾਂ ਨੂੰ 15, 15 ਸੌ ਰੁਪਏ ਦੀ ਗਰਾਂਟ ਦਿਤੀ ਗਈ ਸੀ, ਉਥੇ ਇਨ੍ਹਾਂ ਤਿੰਨਾਂ ਔਰਤਾਂ ਵਿਚੋਂ ਦੋ ਦੇ ਵਾਰਸਾਂ ਨੂੰ ਤਾਂ ਪੰਜ ਪੰਜ ਸੌ ਰੁਪਏ ਗਰਾਂਟ ਵਜੋਂ ਦਿਤੇ ਗਏ ਔਰ ਇਕ ਨੂੰ ਉਹ ਵੀ ਨਹੀਂ ਮਿਲੇ । ਫਿਰ ਜਦ ਅਸੀਂ ਡਿਸਟ੍ਰਿਕਟ ਅਥਾਰੇਟੀਜ਼ ਕੋਲੋਂ ਪੁਛਿਆ ਕਿ ਤੁਸੀਂ ਦੋ ਦੇ ਵਾਰਸਾਂ ਨੂੰ ਤਾਂ ਪੰਜ ਪੰਜ ਸੌ ਰੁਪਏ ਦਿਤੇ ਹਨ ਔਰ ਇਕ ਦੇ ਵਾਰਸਾਂ ਨੂੰ ਦਿਤੇ ਹੀ ਨਹੀਂ ਹਾਲਾਂਕਿ ਚੀਫ਼ ਮਨਿਸਟਰ ਸਾਹਿਬ ਤਾਂ ਬਾਕੀਆਂ ਦੀ ਤਰ੍ਹਾਂ 15, 15 ਸੌ ਰੁਪਏ ਦੇਣ ਨੂੰ ਕਹਿ ਗਏ ਸਨ ਤਾਂ ਉਨ੍ਹਾਂ ਨੇ ਜਵਾਬ ਦਿਤਾ ਕਿ ਜੋ ਕੁਝ ਮਨਿਸਟਰ ਕਹਿੰਦੇ ਹਨ ਕੀ ਡਿਸਟਰਿਕਟ ਅਥਾਰੇਟੀਜ਼ ਨੇ ਉਹ ਸਾਰਾ ਹੀ ਕਰਨਾ ਹੁੰਦਾ ਹੈ? ਇਸ ਤਰ੍ਹਾਂ ਦੇ ਮਖੌਲ ਉਹ ਕਰਦੇ

[ਸਰਦਾਰ ਉਮਰਾਉ ਸਿੰਘ]

ਹਨ । ਮੈਨੂੰ ਤਾਂ ਇਹ ਦਸਦੇ ਹੋਏ ਵੀ ਸ਼ਰਮ ਆਉਂਦੀ ਹੈ । ਚੇਅਰਮੈਨ ਸਾਹਿਬ, ਮੈਂ ਆਪਣੀ ਮਨਿਸਟਰੀ ਨੂੰ ਦਸਦਾ ਹਾਂ ਕਿ ਜਿਸ ਤਰੀਕੇ ਨਾਲ ਡਿਸਟਰਿਕਟ ਅਥਾਰੇਟੀਜ਼ ਮਨਿਸਟਰਾਂ ਦੇ ਹੁਕਮਾਂ ਦੀ ਪਰਵਾਹ ਨਹੀਂ ਕਰ ਰਹਿਆਂ, ਇਸ ਦਾ ਅਸਰ ਲੋਕਾਂ ਤੇ ਪੈਂਦਾ ਹੈ ਜਿਨ੍ਹਾਂ ਆਦਮੀਆਂ ਦਾ ਨਾ ਕੋਈ ਪਰੈਸ ਹੈ ਔਰ ਨਾ ਹੀ ਉਨ੍ਹਾਂ ਦੀ ਕੋਈ ਆਵਾਜ਼ ਹੀ ਹੈ । ਉਹ ਉਜੜ ਗਏ ਹਨ, ਨਾ ਉਨ੍ਹਾਂ ਪਾਸ ਰਹਿਣ ਨੂੰ ਕੋਈ ਸ਼ੈਲਟਰ ਹੀ ਹੈ ਔਰ ਨਾ ਰੋਟੀ ਬਨਾਣ ਦੇ ਕੋਈ ਸਾਧਨ ਹੀ ਰਹੇ ਹਨ (ਘੰਟੀ ਦੀ ਆਵਾਜ਼) ਮੈਂ, ਚੇਅਰਮੈਨ ਸਾਹਿਬ, ਆਪ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ 5 ਦਿਨਾਂ ਦੀ ਉਠਕ ਬੈਠਕ ਕਰਨ ਤੋਂ ਬਾਅਦ ਅਜ ਬੋਲਣ ਲਈ ਕੁਝ ਟਾਈਮ ਦਿਤਾ ਹੈ। ਮੈਂ ਇਕ ਗਲ ਹੋਰ ਕਹਿੰਦਾ ਹਾਂ। ਮੈਂ ਦਸ ਰਿਹਾ ਸੀ ਕਿ ਸਰਕਾਰ ਉਹ ਹੀ ਕਾਮਯਾਬ ਹੁੰਦੀ ਹੈ ਜੋ ਜਿਹੜੀ ਗਲ ਕਹੇ ਉਸ ਗਲ ਤੇ ਅਮਲ ਵੀ ਕਰੇ । ਸਾਡੇ ਮਨਿਸਟਰ ਜੋ ਹੁਕਮ ਦੇ ਆਉਂਦੇ ਹਨ ਉਨ੍ਹਾਂ ਤੇ ਲੋਕਲ ਅਫਸਰ ਅਮਲ ਨਹੀਂ ਕਰਦੇ ਸਗੋਂ ਉਨ੍ਹਾਂ ਤੇ ਮਖੌਲ ਬਣਾਏ ਜਾਂਦੇ ਹਨ । ਇਸ ਕਰਕੇ ਮੈਂ ਆਪਣੀ ਮਨਿਸਟਰੀ ਨੂੰ ਕਹਿਦਾ ਹਾਂ ਕਿ ਇੰਨ੍ਹਾਂ ਸਰਕਾਰੀ ਕਰਮਚਾਰੀਆਂ ਦੀਆਂ ਜੋ ਕੀਤੀਆਂ ਹਨ ਉਹ ਸਾਨੂੰ ਭਰਨੀਆਂ ਪੈਣੀਆਂ ਹਨ ਕਿਉਂਕਿ ਲੋਕ ਇਸ ਬਾਰੇ ਸਾਨੂੰ ਗਿਲਾ ਦਿੰਦੇ ਹਨ । ਚੇਅਰਮੈਨ ਸਾਹਿਬ, ਜਿਸ ਵੇਲੇ ਲੜਾਈ ਹੋ ਰਹੀ ਸੀ ਤਾਂ ਬਾਰਡਰ ਦੇ ਦਸ ਮੀਲਾਂ ਦੇ ਅੰਦਰ 2 ਮਾਈਨਜ਼ ਵਿਛਾਈਆਂ ਗਈਆਂ ਸਨ ਔਰ ਲੋਕਾਂ ਦੀਆਂ ਫਸਲਾਂ ਤਬਾਹ ਕੀਤੀਆਂ ਗਈਆਂ ਸਨ ਔਰ ਲੋਕਾਂ ਨੂੰ ਕਿਹਾ ਗਿਆ ਸੀ ਕਿ ਸਰਕਾਰ ਉਨ੍ਹਾਂ ਨੂੰ ਕੰਪੈਨਸੇਸ਼ਨ ਦੇਵੇਗੀ । ਤੁਸੀਂ ਹੈਰਾਨ ਹੋਵੋਗੇ ਕਿ ਉਨ੍ਹਾਂ ਨੂੰ ਕੰਪੈਨਸੇਸ਼ਨ ਅਜ ਤਕ ਨਹੀਂ ਮਿਲੀ । ਬਾਗਾਂ ਦੀ ਕੀਮਤ ਹਾਲਾਂ ਕਿ 10 ਹਜ਼ਾਰ ਰੁਪਏ ਫੀ ਕਨਾਲ ਹੁੰਦੀ ਹੈ ਪਰ ਇਨ੍ਹਾਂ ਨੇ 10 ਰੁਪਏ ਕਨਾਲ ਦੇ ਹਿਸਾਬ ਨਾਲ ਉਨ੍ਹਾਂ ਦੀ ਕੰਪੈਨਸੇਸ਼ਨ ਲਗਾਈ ਹੈ ਔਰ ਜਿਹੜੇ ਜ਼ਿਮੀਂਦਾਰ ਹਨ ਉਹ ਹਸਦੇ ਹਨ ਕਿ 10 ਰੁਪਏ ਦੀ ਕਨਾਲ ਵੀ ਕੀ ਕੋਈ ਬਾਗਾਂ ਦੀ ਕਪੈਨਸੇਸ਼ਨ ਹੈ, ਇਹ ਵੀ ਕੀ ਦੇ ਕੇ ਕਰਨੀ ਹੈ । ਮੈਂ ਦਸਦਾ ਹਾਂ ਕਿ ਇਸ ਲੜਾਈ ਵਿਚ ਖੇਮ ਕਰਨ ਦੇ ਹਲਕੇ ਦੀ 25 ਤੋਂ 30 ਹਜ਼ਾਰ ਏਕੜ ਜ਼ਮੀਨ ਦੁਸ਼ਮਨ ਦੇ ਕਬਜ਼ੇ ਵਿਚ ਚਲੀ ਗਈ ਸੀ ਜਿਹੜੀ ਕਿ ਹੁਣ ਵਾਪਸ ਮਿਲੀ ਹੈ । ਉਸ ਜ਼ਮੀਨ ਦੀ ਬੜੀ ਮਾੜੀ ਹਾਲਤ ਹੋ ਗਈ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਇਹ ਉਸ ਜ਼ਮੀਨ ਨੂੰ ਟਰੈਕਟਰਾਂ ਨਾਲ ਵਾਹ ਕੇ ਬਰਾਬਰ ਕਰਕੇ ਫਿਰ ਵਾਹੀਯੋਗ ਬਣਾ ਦੇਵੇ ਜਾਂ ਉਨ੍ਹਾਂ ਲੋਕਾਂ ਨੂੰ ਟਰੈਕਟਰ ਦੇਵੇ ਔਰ ਤੇਲ ਦੇਵੇ ਤਾਕਿ ਉਹ ਆਪ ਇਸ ਨੂੰ ਠੀਕ ਕਰ ਸਕਣ । ਜੇ ਕਰ ਇਹ ਇਸ ਤਰ੍ਹਾਂ ਉਨ੍ਹਾਂ ਨੂੰ ਕਰ ਕੇ ਦੇਵੇ ਤਾਂ ਉਨ੍ਹਾਂ ਲੋਕਾਂ ਨੂੰ ਵੀ ਪਤਾ ਲਗੇਗਾ ਕਿ ਸਾਡਾ ਦਰਦ ਵੀ ਕਿਸੇ ਨੂੰ ਹੈ । ਉਥੇ ਅਜ ਹਾਲਤ ਇਹ ਹੈ ਕਿ ਜਦ ਲੋਕੀ ਇਥੇ ਹਲ ਲੈ ਕੇ ਜਾਂਦੇ ਹਨ ਤਾਂ ਉਥੇ ਮਾਈਨਾਂ ਐਕਸਪਲੋਡ ਹੋ ਜਾਂਦੀਆਂ ਹਨ । ਇਸ ਤਰ੍ਹਾਂ ਉਨ੍ਹਾਂ ਦੀਆਂ ਮੌਤਾਂ ਹੋ ਰਹੀਆਂ ਹਨ। ਇਹ ਜ਼ਰੂਰ ਉਨ੍ਹਾਂ ਦੀ ਜ਼ਮੀਨ ਠੀਕ ਕਰ ਕੇ ਦੇਣ ਤਾਕਿ ਉਨ੍ਹਾਂ ਨੂੰ ਮਹਿਸੂਸ ਹੋਵੇ ਕਿ ਉਨ੍ਹਾਂ ਦਾ ਕੋਈ ਹਾਮੀ ਉਪਰ ਬੈਠਾ ਹੈ ।

Mr. Chairman: Please wind up now.

ਸਰਦਾਰ ਉਮਰਾਉ ਸਿੰਘ : ਚੇਅਰਮੈਨ ਸਾਹਿਬ, ਹੁਣ ਮੈਂ ਜਨਰਲ ਐਡਮਿਨਿਸਟਰੇਸ਼ਨ ਬਾਰੇ ਇਕ ਦੋ ਗਲਾਂ ਕਹਿਣੀਆਂ ਚਾਹੁੰਦਾ ਹਾਂ । ਮੈਂ ਅਰਜ਼ ਕਰਦਾ ਹਾਂ ਕਿ ਅੰਗਰੇਜ਼ਾਂ ਦੇ ਵਕਤ ਡਿਪਟੀ ਕਮਿਸ਼ਨਰ ਹੀ ਸਭ ਕੁਝ ਸਮਝਿਆ ਜਾਂਦਾ ਸੀ ਕਿਉਂਕਿ ਜ਼ਿਲ੍ਹਾ ਲੈਵਲ ਤੇ ਜਿਤਨੇ ਅਫਸਰ ਹੁੰਦੇ ਸਨ ਉਹ ਸਾਰੇ ਉਸ ਦੇ ਮਾਤਹਿਤ ਸਮਝੇ ਜਾਂਦੇ ਸਨ । ਪਰ ਹੁਣ ਹਾਲਤ ਇਹ ਹੈ ਕਿ ਡਿਸਟਰਿਕਟ ਲੈਵਲ ਤੇ ਕੋਈ ਮਹਿਕਮਾ ਡਿਪਟੀ ਕਮਿਸ਼ਨਰ ਦੀ ਸੁਣਨ ਨੂੰ ਤਿਆਰ

ਨਹੀਂ ਕਿਉਂਕਿ ਉਹ ਸਮਝਦੇ ਹਨ ਕਿ ਉਹ ਖ਼ੁਦ ਮੁਖ਼ਤਿਆਰ ਹਨ । ਇਸ ਤਰ੍ਹਾਂ ਐਡਮਿਨਿਸ-ਟਰੇਸ਼ਨ ਠੀਕ ਤਰ੍ਹਾਂ ਨਹੀਂ ਚਲ ਸਕਦੀ । ਇਸ ਕਰਕੇ ਮੈਂ ਸਰਕਾਰ ਨੂੰ ਕਹਾਂਗਾ ਕਿ ਜ਼ਿਲ੍ਹਾ ਲੈਵਲ ਤੇ ਜਿਤਨੇ ਵੀ ਆਫ਼ੀਸ਼ੀਅਲਜ਼ ਕੰਮ ਕਰਦੇ ਹਨ, ਉਨ੍ਹਾਂ ਸਾਰਿਆਂ ਦੀਆਂ ਕਾਨਫੀਡੈਂਸ਼ਲ ਰਿਪੋਰਟਸ ਡਿਪਟੀ ਕਮਿਸ਼ਨਰ ਦੀ ਮਾਰਫਤ ਆਉਣੀਆਂ ਚਾਹੀਦੀਆਂ ਹਨ । ਇਸ ਵੇਲੇ ਹਾਲਤ ਇਹ ਹੈ ਕਿ ਜ਼ਿਲ੍ਹਾ ਲੈਵਲ ਤੇ ਜੋ ਕਮੇਟੀਆਂ ਬਣੀਆਂ ਹੋਈਆਂ ਹਨ, ਉਨ੍ਹਾਂ ਦੀਆਂ ਜਦ ਮੀਟਿੰਗਜ਼ ਹੁੰਦੀਆਂ ਹਨ ਤਾਂ ਜੋ ਪਬਲਿਕ ਦੇ ਰੀਪਰੀਜ਼ੈਂਟੇਟਿਵਜ਼ ਉਨ੍ਹਾਂ ਕਮੇਟੀਆਂ ਦੇ ਮੈਂਬਰ ਹੁੰਦੇ ਹਨ, ਉਹ ਤਾਂ ਕਿਰਾਇਆ ਖਰਚ ਕੇ ਅਟੈਂਡ ਕਰਨ ਆ ਜਾਂਦੇ ਹਨ ਪਰ ਜਿਨ੍ਹਾਂ ਜ਼ਿਲ੍ਹਾ ਲੈਵਲ ਦੇ ਹੈਡਜ਼ ਆਫ ਦੀ ਡਿਪਾਰਟਮੈਂਟਸ ਨੇ ਉਥੇ ਆਉਣਾ ਹੁੰਦਾ ਹੈ ਉਹ ਨਹੀਂ ਆਉਂਦੇ ਔਰ ਅਪਣਾ ਕੋਈ ਕਲਰਕ ਭੇਜ ਦਿੰਦੇ ਹਨ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਮੀਟਿੰਗ ਵੀ ਬੇਮਾਅਨੇ ਹੋ ਜਾਂਦੀ ਹੈ । ਇਸ ਤਰ੍ਹਾਂ ਬੜਾ ਵੇਸਟ ਹੋ ਰਿਹਾ ਹੈ ।

ਇਕ ਗਲ ਇਸ ਸਬੰਧ ਵਿਚ ਮੈਂ ਹੋਰ ਕਹਿਣੀ ਹੈ । ਇਕ ਸਾਲ ਤੋਂ ਮੈਂ ਦੇਖ ਰਿਹਾ ਹਾਂ ਔਰ ਸੋਚ ਰਿਹਾ ਹਾਂ ਕਿ ਡਿਸਟਰਿਕਟ ਲੈਵਲ ਤੇ, ਸਬ-ਡਿਵੀਜਨ ਲੈਵਲ ਤੇ, ਤਹਿਸੀਲ ਤੇ ਬਲਾਕ ਲੈਵਲ ਤੇ ਮੀਟਿੰਗਾਂ ਹੀ ਹੁੰਦੀਆਂ ਰਹਿੰਦੀਆਂ ਹਨ ਅਤੇ ਬਹੁਤ ਸਮਾਂ ਜੋ ਦੇਸ਼ ਦੀ ਉਪਜ ਵਧਾਉਣ ਵਿਚ ਲਗਣਾ ਚਾਹੀਦਾ ਹੈ ਉਹ ਮੀਟਿੰਗਾਂ ਵਿਚ ਲਗਦਾ ਹੈ । ਮੀਟਿੰਗਜ਼ ਕਰਨ ਵਾਲੇ ਤਾਂ ਸਾਰੇ ਹੁੰਦੇ ਹਨ ਪਰ ਉਨ੍ਹਾਂ ਵਿਚ ਹੋਏ ਫੈਸਲਿਆਂ ਨੂੰ ਇੰਮਪਲੀਮੈਂਟ ਕਰਨ ਵਾਲਾ ਕੋਈ ਨਹੀਂ ਹੁੰਦਾ । ਇਸ ਪਾਸੇ ਸਰਕਾਰ ਨੂੰ ਵਧੇਰੇ ਧਿਆਨ ਦੇਣਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਮੈਂ ਤੁਹਾਡੀ ਵਿਸਾਤਤ ਨਾਲ ਇਨ੍ਹਾਂ ਨੂੰ ਇਹ ਆਖਾਂਗਾ ਕਿ ਮੇਰਾ ਖੇਮ ਕਰਨ ਦਾ ਇਲਾਕਾ ਜਿਹੜਾ ਬਦ ਕਿਸਮਤੀ ਨਾਲ ਦੁਸ਼ਮਣ ਦੇ ਬੰਬਾਂ ਦਾ ਸ਼ਿਕਾਰ ਹੋਇਆ ਹੈ ਉਥੇ ਹਾਲਤ ਇਹ ਹੈ ਕਿ ਨਾ ਤਾਂ ਉਥੇ ਕੋਈ ਪਿੰਡ ਹੀ ਰਿਹਾ ਹੈ ਔਰ ਨਾ ਹੀ ਕੋਈ ਸ਼ਹਿਰ ਰਹਿ ਗਿਆ ਹੈ । ਤੁਸੀਂ ਉਨ੍ਹਾਂ ਨੂੰ ਮਕਾਨ ਬਣਾਉਣ ਵਾਸਤੇ ਸਿਰਫ ਇਕ ਇਕ ਹਜ਼ਾਰ ਰੁਪਏ ਦੇਣ ਲਗੇ ਹੋ । ਇਸ ਨਾਲ ਉਹ ਕੀ ਕਰ ਸਕਣਗੇ । ਤੁਸੀਂ ਉਨ੍ਹਾਂ ਨੂੰ ਮਕਾਨ ਬਣਾ ਕੇ ਦਿਉ । ਜਿਹੜੇ ਲੋਕ ਹੁਣ ਉਥੇ ਤਬਾਹ ਹੋਏ ਹਨ, ਉਨ੍ਹਾਂ ਵਿਚੋਂ ਬਹੁਤੇ ਐਸੇ ਹਨ ਜਿਹੜੇ 1947 ਵਿਚ ਉਧਰੋਂ ਰਿਫੀਊਜੀ ਬਣ ਕੇ ਇਥੇ ਆ ਕੇ ਸੈਟਲ ਹੋਏ ਨੇ ।

Mr. Chairman: Sardar Lachhman Singh Gill.

ਸਰਦਾਰ ਬਲਵੰਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਅਰਜ਼ ਕਰਦਾ ਹਾਂ ਕਿ ਸਾਰਿਆਂ ਨੂੰ ਇਸ ਡਿਸਕਸ਼ਨ ਵਿਚ ਭਾਗ ਲੈਣ ਲਈ ਸਮਾਂ ਮਿਲਣਾ ਚਾਹੀਦਾ ਹੈ । ਅਸੀਂ ਗਵਰਨਰ ਦੇ ਐਡਰਸ ਤੇ ਇਸ ਕਰਕੇ ਨਹੀਂ ਬੋਲੇ ਸੀ ਕਿਉਂਕਿ ਅਸੀਂ ਇਹ ਸੋਚਿਆ ਸੀ ਕਿ ਸਾਨੂੰ ਜਨਰਲ ਡਿਸਕਸ਼ਨ ਆਫ ਦੀ ਬਜਟ ਵੇਲੇ ਵਕਤ ਮਿਲੇਗਾ ।

Mr. Chairman : The hon. Member should know that he was about to be called but he was not present in the House.

ਕਾਮਰੇਡ ਬਾਬੂ ਸਿੰਘ ਮਾਸਟਰ : ਆਨ ਏ ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਸਾਡੇ ਗਰੁਪ ਨੂੰ ਕਲ੍ਹ ਵੀ ਕੋਈ ਵਕਤ ਨਹੀਂ ਦਿਤਾ ਗਿਆ ਔਰ ਅਜ ਵੀ ਨਹੀਂ ਦਿਤਾ ਜਾ ਰਿਹਾ ਹਾਲਾਂਕਿ ਅਜ ਲਿਸਟ ਆਪ ਪਾਸ ਭੇਜੀ ਗਈ ਸੀ । ਉਸ ਦੇ ਮੁਤਾਬਕ ਹੁਣ ਮੇਰੀ ਬੋਲਣ ਦੀ ਵਾਰੀ ਆਉਂਦੀ ਸੀ ।

Mr. Chairman: The hon. Member must know that only one Member can speak at a time. I have already called upon the hon. Member Sardar Lachhman Singh Gill.

ਸਰਦਾਰ ਲਛਮਣ ਸਿੰਘ ਗਿਲ (ਜਗਰਾਉਂ) : ਚੇਅਰਮੈਨ ਸਾਹਿਬ, ਤੁਸੀਂ ਦੇਖਿਆ ਹੋਵੇਗਾ ਕਿ ਅਜ ਤੋਂ 7 ਦਿਨ ਪਹਿਲੇ ਚੀਫ ਮਨਿਸਟਰ ਸਾਹਿਬ ਨੇ ਪੰਜਾਬ ਵਿਚ ਲਾ ਐਂਡ ਆਰਡਰ ਦੇ ਮੁਤੱਲਿਕ ਇਕ ਸਟੇਟਮੈਂਟ ਇਥੇ ਦਿਤੀ ਸੀ ਔਰ ਇਹ ਸਟੇਟਮੈਂਟ ਇਨ੍ਹਾਂ ਨੇ ਉਸ ਵੇਲੇ ਦਿਤੀ ਸੀ ਜਿਸ ਵਕਤ ਪੰਜਾਬ ਦੀ ਕਿਸਮਤ ਦਾ ਫੈਸਲਾ ਨਹੀਂ ਸੀ ਹੋਇਆ । ਇਨ੍ਹਾਂ ਨੇ ਉਸ ਸਟੇਟਮੈਂਟ ਵਿਚ ਇਹ ਕਿਹਾ ਸੀ ਕਿ ਮੇਰੀ ਸਰਕਾਰ ਨੂੰ ਨਿਰਾ ਪੁਰਾ ਸ਼ਰੀਫ ਨਾ ਸਮਝੋ । ਚੇਅਰਮੈਨ ਸਾਹਿਬ, ਸ਼ਰੀਫ ਤਾਂ ਇਹ ਹਨ ਹੀ ਪਰ ਕਮਜ਼ੋਰ ਵੀ ਹਨ । ਔਰ ਕਿਹਾ ਸੀ ਕਿ ਇਹ ਲਾ ਐਂਡ ਆਰਡਰ ਵੀ ਵਧੀਆ ਤਰੀਕੇ ਨਾਲ ਮੇਂਨਟੇਨ ਕਰ ਸਕਦੀ ਹੈ । ਉਸ ਸਟੇਟਮੈਂਟ ਵਿਚ ਕੁਝ ਐਸੇ ਫਿਕਰੇ ਵੀ ਸਨ ਜਿਨ੍ਹਾਂ ਬਾਰੇ ਉਸ ਦਿਨ ਇਥੇ ਇਤਰਾਜ਼ ਉਠਾਇਆ ਗਿਆ ਸੀ ਪਰ ਹੁਣ ਮੈਂ ਉਨ੍ਹਾਂ ਦਾ ਜ਼ਿਕਰ ਮੁੜ ਕੇ ਨਹੀਂ ਕਰਨਾ ਚਾਹੁੰਦਾ । ਲੇਕਿਨ ਇਸ ਤਿੰਨ ਮੂਰਤੀ ਮਨਿਸਟਰੀ ਵਿਚੋਂ ਇਕ ਜਿਹੜੇ ਐਜੂਕੇਸ਼ਨ ਮਨਿਸਟਰ ਹਨ, ਇਨ੍ਹਾਂ ਨੇ ਵੀ ਕੁਝ ਗਲਾਂ ਕਹੀਆਂ ਸਨ ਔਰ ਮੇਰਾ ਖਿਆਲ ਹੈ ਕਿ ਉਹ ਤੁਹਾਨੂੰ ਵੀ ਯਾਦ ਹੋਣਗੀਆਂ । ਇਨ੍ਹਾਂ ਨੇ ਕਿਹਾ ਸੀ ਕਿ ਇਨ੍ਹਾਂ ਦੀ ਸਰਕਾਰ ਐਸੀ ਤਕੜੀ ਹੈ ਕਿ ਹਰ ਸਿਚੂਏਸ਼ਨ ਨਾਲ ਨਿਬੜ ਸਕਦੀ ਹੈ । ਇਨ੍ਹਾਂ ਨੇ ਨਾਲ ਹੀ ਇਹ ਵੀ ਕਿਹਾ ਸੀ ਕਿ ਇਨ੍ਹਾਂ ਮੁਠੀ ਭਰ ਲੋਕਾਂ ਦੀ ਕਿਸਮਤ ਦਾ ਫੈਸਲਾ ਹੋ ਲੈਣ ਦਿਉ, ਇਸ ਤੋਂ ਇਨ੍ਹਾਂ ਦਾ ਇਸ਼ਾਰਾ ਸਾਡੀ ਪਾਰਟੀ ਵਲ ਸੀ, ਤਾਂ ਫਿਰ ਦੇਖਣਾ ਕਿ ਕਿਸ ਤਰੀਕੇ ਨਾਲ ਇਹ ਇਨ੍ਹਾਂ ਨੂੰ ਡੀਲ ਕਰਦੀ ਹੈ । ਖੈਰ ਮੈਂ, ਚੇਅਰਮੈਨ ਸਾਹਿਬ, ਇਸ ਬਾਰੇ ਹੁਣ ਕੁਝ ਨਹੀਂ ਕਹਿਣਾ । ਆਖਰ ਇਨ੍ਹਾਂ ਨੇ ਇਹ ਗਲ ਕਹਿ ਕੇ ਆਪਣੀ ਕਾਬਲੀਅਤ ਦਾ ਹੀ ਸਬੂਤ ਦਿਤਾ ਹੈ । ਲਾ ਐਂਡ ਆਰਡਰ ਦੀ ਗਲ ਇਹ ਹੈ ਕਿ ਕਾਂਗਰਸ ਹਾਈ ਕਮਾਂਡ ਨੇ ਜਿਹੜਾ ਪੰਜਾਬ ਦੇ ਲੋਕਾਂ ਦਾ ਹਕ 18 ਜਾਂ 19 ਸਾਲਾਂ ਤੋਂ ਦਬਾ ਕੇ ਰਖਿਆ ਹੋਇਆ ਸੀ, ਉਹ ਕੁਲੂ, ਸਪਿਤੀ, ਕਾਂਗੜਾਂ ਅਤੇ ਸ਼ਿਮਲਾ ਦੇ ਲੋਕਾਂ ਦਾ ਹਕ ਸੀ ਹਰਿਆਣੇ ਦੇ ਸਾਰੇ ਲੋਕਾਂ ਦਾ ਹਕ ਸੀ, ਹਿੰਦੀ ਅਤੇ ਪੰਜਾਬੀ ਰਿਜਨ ਦੇ ਲੋਕਾਂ ਦਾ ਹਕ ਸੀ ਜੋ ਇਹ ਚੰਦ ਲੋਕ ਇਕਨੇ ਹੀ ਖਾ ਰਹੇ ਸਨ । ਯੂਨੀਵਰਸਟੀਆਂ, ਹਾਈ ਕੋਰਟ ਅਤੇ ਹਰ ਚੀਜ਼ ਜੋ ਆਜ਼ਾਦੀ ਤੋਂ ਮਗਰੋਂ ਮੁਲਕ ਦੇ ਸਾਰੇ ਲੋਕਾਂ ਨੂੰ ਵੰਡ ਕੇ ਮਿਲਣੀ ਸੀ ਉਹ ਇਹ ਥੋੜੀਆਂ ਜਿਹੀਆਂ ਫੈਮਿਲੀਜ਼ ਲੁਟ ਖਸੁਟ ਕੇ ਖਾ ਰਹੀਆਂ ਸਨ । 18-19 ਸਾਲ ਤੋਂ ਸਾਡੀ ਐਜੀਟੇਸ਼ਨ ਚਲਦੀ ਸੀ ਪਰ ਸਿਰੇ ਨਹੀਂ ਸੀ ਚੜ੍ਹੀ । ਇਸ ਨੂੰ ਸਿਰੇ ਚੜ੍ਹਾਉਣ ਵਿਚ ਮਦਦ ਦੇਣ ਲਈ ਹਰਿਆਣੇ ਦੇ ਉਨ੍ਹਾਂ ਸਚੇ ਹਿੰਦੂ ਅਤੇ ਸਿਆਣੇ ਲੀਡਰਾਂ ਦੇ, ਜਿਨ੍ਹਾਂ ਆਪਣੇ ਲੋਕਾਂ ਦੇ ਹਕ ਮੰਗੇ ਅਸੀਂ ਸ਼ੁਕਰਗੁਜ਼ਾਰ ਹਾਂ । ਅਸੀਂ ਸ਼ੁਕਰਗੁਜ਼ਾਰ ਹਾਂ ਉਨ੍ਹਾਂ ਕਾਂਗੜੇ ਦੇ ਲੀਡਰਾਂ ਦੇ ਜੋ ਮਹਿਸੂਸ ਕਰਦੇ ਆ ਰਹੇ ਸਨ ਕਿ ਦੇਸ਼ ਤਾਂ ਆਜ਼ਾਦ ਹੋ ਗਿਆ ਪਰ ਸਾਨੂੰ ਕੁਝ ਨਹੀਂ ਮਿਲਿਆ । ਸਾਡਾ ਸਭ ਕੁਝ ਚੰਦ ਬਲੈਕਮਾਰਕਿਟੀਅਰ ਫੈਮਿਲੀਜ਼ ਖਾ ਰਹੀਆਂ ਹਨ ਅਤੇ ਸਾਡੇ ਬਚਿਆਂ ਨੂੰ ਬਜਾਏ ਅਗਾਂਹ ਵਧਣ ਦਾ ਮੌਕਾ ਦੇਣ ਦੇ ਕਿ ਉਹ ਵੀ ਕਿਸੇ ਦਿਨ ਪਰੈਜ਼ੀਡੈਂਟ ਜਾਂ ਪ੍ਰਾਈਮ ਮਨਿਸਟਰ ਬਣਨ ਦੀ ਉਮੀਦ ਰਖ ਸਕਣ, ਉਨ੍ਹਾਂ ਨੂੰ ਇਨ੍ਹਾਂ ਨੇ ਆਪਣੇ ਘਰਾਂ ਵਿਚ ਭਾਂਡੇ ਸਾਫ ਕਰਨ ਲਈ ਨੌਕਰ ਰਖਿਆ ਅਤੇ ਨਾਂ ਦਿਤਾ ਮੁੰਡੂ ਦਾ । ਉਨ੍ਹਾਂ ਦੇ ਜ਼ਿੰਮੇ ਇਹੀ ਕੰਮ ਰਿਹਾ ਕਿ ਉਹ ਇਨ੍ਹਾਂ ਦੇ ਬੂਟ ਸਾਫ ਕਰਿਆ ਕਰਨ । ਇਨ੍ਹਾਂ ਦੇ ਲੀਡਰਾਂ ਨੇ ਬੜੇ ਖੁਸ਼ਨੁਮਾਂ ਤਰੀਕੇ ਨਾਲ ਆਪਣੀ ਆਵਾਜ਼ ਉਠਾਈ ਅਤੇ ਹਿਮਾਚਲ ਦੀ ਮੰਗ ਕੀਤੀ । ਇਸੇ ਤਰ੍ਹਾਂ ਪੰਜਾਬੀ ਰਿਜਨ ਵਿਚੋਂ ਵੀ

1.00 p.m.

ਇਹ ਹਕੀ ਆਵਾਜ਼ ਉਠੀ ਕਿ ਸਾਰੇ ਦੇਸ਼ ਵਿਚ 14 ਬੋਲੀਆਂ ਹਨ ਜਿਨ੍ਹਾਂ ਵਿਚੋਂ 13 ਦੇ ਆਪਣੇ ਆਪਣੇ ਸੂਬੇ ਹਨ ਤਾਂ ਚੌਧਵੀਂ ਦਾ ਵੀ ਸੂਬਾ ਬਣਨਾ ਚਾਹੀਦਾ ਹੈ । ਇਹ ਸੂਬਾ ਕਿਸੇ ਮਜ਼ਹਬ ਦੇ ਆਧਾਰ ਤੇ ਜਾਂ ਕਿਸੇ ਅਜਾਰੇਦਾਰੀ ਦੇ ਆਧਾਰ ਤੇ ਨਹੀਂ ਬਣਨਾ ਬਲਕਿ ਇਸ ਦੀ ਮੰਗ ਜ਼ਬਾਨ ਦੇ ਆਧਾਰ ਤੇ ਕੀਤੀ ਜਾ ਰਹੀ ਹੈ । ਫਰਕ ਇਹ ਹੈ ਕਿ ਹੁਣ 90 ਮੈਂਬਰਾਂ ਵਿਚੋਂ 62 ਮੈਂਬਰ ਉਹ ਹੋਣਗੇ ਜੋ ਦਿਹਾਤੀ ਹਨ ਅਤੇ ਉਹ ਆਪਣੇ ਹਕਾਂ ਲਈ, ਧਰਮ ਲਈ, ਜ਼ਬਾਨ ਅਤੇ ਸੰਸਕਰਿਤੀ ਲਈ ਜ਼ੋਰਦਾਰ ਆਵਾਜ਼ ਉਠਾ ਸਕਣਗੇ । (ਤਾੜੀਆਂ) ਇਸ ਵਿਚ ਕਿਹੜੀ ਨਾਜਾਇਜ਼ ਗਲ ਹੈ ? ਅਗਰ ਕਹੋ ਕਿ ਇਹ ਫ਼ੈਸਲਾ ਹਿੰਦੂਆਂ ਦੇ ਖਿਲਾਫ਼ ਹੈ ਤਾਂ ਕਾਂਗਰਸ ਵਰਕਿੰਗ ਕਮੇਟੀ ਦੇ ਸਾਰੇ ਹੀ ਮੈਂਬਰ ਨੈਸ਼ਨਲਿਸਟ ਤਾਂ ਹਨ ਪਰ ਕੀ ਉਹ ਹਿੰਦੂ ਨਹੀਂ ਹਨ ? ਉਨ੍ਹਾਂ ਨੇ ਠੀਕ ਫੈਸਲਾ ਕੀਤਾ ਹੈ । ਅਸੀਂ ਉਨ੍ਹਾਂ ਦੇ ਮਸ਼ਕੂਰ ਹਾਂ । ਅਸੀਂ ਹਰਿਆਣਾ ਅਤੇ ਹਿਮਾਚਲ ਦੇ ਲੋਕਾਂ ਦੇ ਵੀ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਆਪਣੇ ਲੋਕਾਂ ਦੀ ਸਹੀ ਨੁਮਾਇੰਦਗੀ ਕੀਤੀ । ਅਸੀਂ ਉਨ੍ਹਾਂ ਲੋਕਾਂ ਨੂੰ ਵੀ ਪਰਨਾਮ ਕਰਦੇ ਹਾਂ ਜਿਨ੍ਹਾਂ ਨੇ ਪੰਜਾਬ ਦੇ ਇਲਾਕੇ ਵਿਚ ਦੇਸ਼ ਲਈ ਅਪਣਾ ਖੂਨ ਡੋਲ੍ਹਿਆ ਅਤੇ ਮੁਲਕ ਦੇ ਇਤਿਹਾਸ ਨੂੰ ਉਜਾਗਰ ਕੀਤਾ । ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ । ਮੈਂ ਵਧਾਈ ਦਿੰਦਾ ਹਾਂ ਸ਼ਾਂਤੀ ਦੇ ਪੁੰਜ, ਦੇਸ਼ ਦੇ ਸਭ ਤੋਂ ਵਡੇ ਹਿਤੂ ਅਤੇ ਮਹਾਨ ਨੇਤਾ ਸੰਤ ਫਤਿਹ ਸਿੰਘ ਨੂੰ ਜਿਨ੍ਹਾਂ ਦੀ ਸਿਆਣੀ ਵਕਾਲਤ ਨੇ ਪੰਜਾਬ ਦੀ ਗੁਲਾਮੀ ਤੋੜੀ । ਅਸੀਂ ਵਧਾਈ ਦਿੰਦੇ ਹਾਂ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰਾਂ ਅਤੇ ਪ੍ਰਾਈਮ ਮਨਿਸਟਰ ਨੂੰ ਜਿਨ੍ਹਾਂ ਨੇ ਮਾਇਨਾਰਿਟੀਜ਼ ਦੇ ਮਨ ਜਿਤਣ ਦੀ ਕੋਸ਼ਿਸ਼ ਕੀਤੀ । ਉਹ ਦੇਸ਼ ਕੀ ਜਿਥੇ ਮਾਇਨਾਰਿਟੀਜ਼ ਨਾਲ ਇਨਸਾਫ ਨਾ ਹੋਵੇ । ਇਕ ਪਿੰਡ ਵਿਚ ਅਗਰ ਸਿਖ ਵਸੋਂ 90 ਫ਼ੀ ਸਦੀ ਹੈ, ਹਿੰਦੂ 9 ਫੀ ਸਦੀ ਤੇ ਹਰੀਜਨ 1 ਫ਼ੀਸਦੀ ਹੋਵੇ ਤੇ ਜੇਕਰ ਉਥੇ ਕਿਸੇ ਘਟ ਜਾਤੀਆਂ ਵਾਲੇ ਬੰਦੇ ਨਾਲ ਪਿੰਡ ਵਾਲੇ ਧਕਾ ਕਰਨ ਤਾਂ ਉਹ ਪਿੰਡ ਕੀ ਹੈ ? ਮੈਜਾਰਿਟੀ ਨੂੰ ਮਾਇਨਾਰਿਟੀ ਦੇ ਹਕਾਂ ਦੀ ਰਾਖੀ ਆਪਣੀ ਹਿਕ ਡਾਹ ਕੇ ਕਰਨੀ ਚਾਹੀਦੀ ਹੈ । 9 ਤਰੀਕ ਨੂੰ 7 ਵਜੇ ਇਹ ਸੂਬਾ ਵਜੂਦ ਵਿਚ ਆ ਚੁਕਾ ਹੈ । ਅਸੀਂ ਤਾਂ ਸਮਝਦੇ ਹਾਂ ਕਿ ਉਸ ਵੇਲੇ ਹੀ ਪੰਜਾਬ ਆਜ਼ਾਦ ਹੋਇਆ ਹੈ । ਠੀਕ ਹੈ ਮੁਲਕ ਉਸਤੋਂ ਪਹਿਲਾਂ ਆਜ਼ਾਦ ਹੋਇਆ ਸੀ ਪਰ ਸਾਡੀ ਛਾਤੀ ਤੇ ਤਾਂ ਗਾਸਬਾਨਾ ਲੋਕ ਬੈਠੇ ਸਨ । ਹੁਣ ਇਹ ਇਤਿਹਾਸਕ ਫੈਸਲਾ ਹੋਇਆ ਹੈ । ਇਸ ਫੈਸਲੇ ਤੋਂ ਪਹਿਲਾਂ ਇਨ੍ਹਾਂ ਮਨਿਸਟਰਾਂ ਦੀਆਂ ਕਾਰਾਂ ਦੌੜੀਆਂ ਰਹੀਆਂ ਅਤੇ ਹੁਣ ਫੈਸਲਾ ਹੋਣ ਤੇ ਬਜਾਏ ਖੁਸ਼ ਹੋਣ ਦੇ ਇਨ੍ਹਾਂ ਦੇ ਘਰਾਂ ਵਿਚ ਤਾਂ ਸਫੇ ਮਾਤਮ ਵਿਛ ਗਈ ਹੈ ਕਿਉਂਕਿ ਇਹ ਤਾਂ ਕਿਹਾ ਕਰਦੇ ਸਨ ਕਿ ਅਗਰ ਪੰਜਾਬੀ ਸੂਬਾ, ਹਰਿਆਣਾ ਅਤੇ ਹਿਮਾਚਲ ਬਣ ਗਏ ਤਾਂ ਇਥੇ ਫ਼ਸਾਦ ਹੋਣਗੇ । ਚੇਅਰਮੈਨ ਸਾਹਿਬ, ਮੈਂ ਪੂਰੀ ਜ਼ਿੰਮੇਦਾਰੀ ਨਾਲ ਕਹਿ ਸਕਦਾ ਹਾਂ-ਮੈਂ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਧਕੇ ਖਾਂਦਾ ਆਇਆ ਹਾਂ-ਪੰਜਾਬ ਵਿਚ ਹਿੰਦੂਆਂ ਅਤੇ ਸਿਖਾਂ ਦੀ ਲੜਾਈ ਨਹੀਂ ਹੈ । ਪੰਜਾਬੀ ਲੋਕਾਂ ਨੇ, ਜੋ ਜਿਥੇ ਹੈ, ਉਥੇ ਹੀ ਰਹਿਣਾ ਹੈ । ਆਪਣਾ ਪਹਿਲਾ ਹੀ ਕਾਰੋਬਾਰ ਕਰਨਾ ਹੈ । ਕਿਸੇ ਨੇ ਕਿਸੇ ਨੂੰ ਆਬਸਟ੍ਰਕਟ ਨਹੀਂ ਕਰਨਾ ਅਤੇ ਅਗਰ ਇਥੇ ਕਿਸੇ ਹਿੰਦੂ ਦਾ ਇਕ ਕਤਰਾ ਖੂਨ ਵੀ ਗਿਰੇਗਾ ਤਾਂ ਸਾਡੀ ਪਾਰਟੀ ਉਸ ਦੀ ਹਿਫ਼ਾਜ਼ਤ ਲਈ ਸੇਰ ਖੂਨ ਡੋਲ੍ਹਣ ਨੂੰ ਤਿਆਰ ਹੋਵੇਗੀ । ਗਲ ਜੋ ਹੁਣ ਹੋਈ ਹੈ ਉਹ ਇਹ ਹੈ ਕਿ ਅਸੈਂਬਲੀ ਦੇ 90 ਮੈਂਬਰਾਂ ਵਿਚੋਂ 62 ਉਹ ਹੋਣਗੇ ਜੋ ਦਿਹਾਤੀ ਹੋਣਗੇ, ਉਨ੍ਹਾਂ ਦੇ ਬਚਿਆਂ ਨੂੰ ਪੜ੍ਹਨ ਦਾ ਮੌਕਾ ਹੋਵੇਗਾ, ਚੰਗੇ ਸ਼ਹਿਰੀ ਬਣਨ ਦਾ ਮੌਕਾ ਹੋਵੇਗਾ । ਮੈਂ ਪਹਿਲਾਂ ਹੀ ਕਿਹਾ ਹੈ ਕਿ ਪੰਜਾਬ ਵਿਚ ਸਰਕਾਰ ਨਹੀਂ ਹੈ । ਅਗਰ ਹੈ ਤਾਂ ਉਹ ਦਿਲੀ ਅਤੇ ਚੰਡੀਗੜ੍ਹ ਦੀਆਂ ਸੜਕਾਂ ਤੇ ਭੱਜੀ ਫਿਰਦੀ ਹੈ । ਹੁਣ ਉਥੇ ਵੀ ਨਹੀਂ ਹੈ । ਇਨ੍ਹਾਂ ਨੇ ਖੁਦ ਸਾਜ਼ਿਸ਼ ਕਰਕੇ

[ਸਰਦਾਰ ਲਛਮਣ ਸਿੰਘ ਗਿਲ]

ਜਲੰਧਰ ਅਤੇ ਅੰਮ੍ਰਿਤਸਰ ਵਿਚ ਅੱਗ ਲਵਾਈ ਹੈ। ਅਗਰ ਇਸ ਬਾਰੇ ਕੋਈ ਹਾਈ ਟ੍ਰਿਬਿਊਨਲ ਬਠੇ ਤਾਂ ਮੈਂ ਸਾਬਤ ਕਰ ਸਕਦਾ ਹਾਂ ਕਿ ਪੰਜਾਬ ਵਿਚ ਇਥੇ ਦੀ ਕੈਬੀਨਟ ਫਸਾਦ ਕਰਾ ਰਹੀ ਹੈ। (ਅਪੋਜ਼ੀਸ਼ਨ ਵਲੋਂ ਤਾੜੀਆਂ) ਅਗਰ ਇਹ ਗਲ ਗਲਤ ਸਾਬਤ ਹੋ ਜਾਵੇ ਤਾਂ ਮੈਂ ਆਪਣੀ ਸੀਟ ਤੋਂ ਅਸਤੀਫਾ ਦੇਣ ਲਈ ਤਿਆਰ ਹਾਂ। ਜਦ ਇਨ੍ਹਾਂ ਦੇ ਮੁਤਾਲਬੇ ਦੇ ਖਿਲਾਫ਼ ਕਾਂਗਰਸ ਹਾਈ ਕਮਾਂਡ ਨੇ ਤਿੰਨ ਸੂਬੇ ਬਣਾਉਣ ਦਾ ਫੈਸਲਾ ਕੀਤਾ ਤਾਂ ਇਨ੍ਹਾਂ ਨੂੰ ਸੂਬੇ ਵਿਚ ਕੋਈ ਦਿਲਚਸਪੀ ਨਾ ਰਹੀ। ਇਸ ਲਈ ਇਹ ਇਥੇ ਅਗ ਲਵਾ ਰਹੇ ਹਨ, ਡਾਕਖਾਨੇ, ਰੇਲਾਂ ਅਤੇ ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ। ਇਸ ਵਿਚ ਪੁਲਿਸ ਨਾਲ ਬੇਇਨਸਾਫੀ ਹੋ ਰਹੀ ਹੈ। ਮੈਂ ਪੁਲਿਸ ਅਫਸਰਾਂ ਨੂੰ ਮਿਲਿਆ ਹਾਂ। ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਕਿ ਲਾਠੀਆਂ ਭੁੰਜੇ ਮਾਰੋ। ਠੀਕ ਹੈ ਨਰਮੀ ਹੋਣੀ ਚਾਹੀਦੀ ਹੈ ਮਗਰ ਦੂਜੇ ਪਾਸੇ ਕਹਿ ਰਹੇ ਹਨ ਕਿ ਅੱਗਾਂ ਲਗਵਾਉ। ਮੈਂ ਦੇਖਿਆ ਹੈ ਕਿ 16, 16 ਸਾਲਾਂ ਦੇ ਮੁੰਡਿਆਂ ਤੋਂ ਘਰਾਂ ਨੂੰ ਅਗ ਲਗਵਾਈ ਜਾ ਰਹੀ ਹੈ। ਉਹ ਵਿਦਿਆਰਥੀ ਆਪਣੇ ਮਾਸਟਰਾਂ ਅਤੇ ਇਨ੍ਹਾਂ ਦੇ ਮੁਲਾਜ਼ਮਾਂ ਦੀ ਅਗਵਾਈ ਹੇਠ ਚਲ ਰਹੇ ਹਨ। ਮੈਂ ਪ੍ਰਬੋਧ ਐਂਡ ਕੰਪਨੀ ਨੂੰ ਵਾਜ਼ੇਹ ਕਰ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਲੋਕਾਂ ਦਾ ਹੈ। ਅਗਰ ਇਸ ਸੂਬੇ ਦਾ 9 ਤਰੀਕ ਦੇ ਸਤ ਵਜੇ ਤੋਂ ਮਗਰੋਂ ਕੋਈ ਪੱਤਾ ਵੀ ਤੋੜਦਾ ਹੈ, ਲਾਈਨ ਦਾ ਕਿਲ ਵੀ ਕਢਿਆ ਜਾਂਦਾ ਹੈ, ਕਿਸੇ ਬਿਲਡਿੰਗ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ ਤਾਂ ਉਹ ਨੈਸ਼ਨਲ ਲਾਸ ਹੈ ਅਤੇ ਇਥੇ ਦੇ ਲੋਕ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ। ਤੁਸੀਂ ਭਿਵਾਨੀ ਵਿਚ ਦੇਖੋ ਕੀ ਹੋਇਆ ਹੈ। ਉਥੇ ਅਗ ਐਸ. ਡੀ. ਐਮ. ਨੇ ਲਗਵਾਈ ਹੈ। ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਅਸੀਂ ਪ੍ਰਾਈਮ ਮਨਿਸਟਰ ਨੂੰ ਟੈਲੀਫੂਨ ਕੀਤਾ ਹੈ ਅਤੇ ਸਾਰੀ ਗਲ ਵਾਜ਼ੇਹ ਕੀਤੀ ਹੈ। ਚੀਫ ਮਨਿਸਟਰ ਨੂੰ ਵੀ ਟੈਲੀਫੂਨ ਕੀਤਾ ਸੀ ਪਰ ਇਹ ਸਾਰੇ ਵਜ਼ੀਰ ਤਾਂ ਇਕ ਦੂਜੇ ਦੇ ਮਗਰ ਇਧਰ ਉਧਰ ਭਜਦੇ ਫਿਰਦੇ ਹਨ। ਇਕ ਪਾਸੇ ਜਨ ਸੰਘ ਦੇ ਬਲਰਾਜ ਮਧੋਕ ਨੇ ਬਿਆਨ ਦਿਤਾ ਕਿ ਅਗਾਂ ਨਾ ਲਾਉ ਅਤੇ ਦੂਜੇ ਪਾਸੇ ਅਗਾਂ ਲਗਵਾ ਰਹੇ ਹਨ। ਮੈਂ ਇਕ ਮੀਟਿੰਗ ਵਿਚ ਦੇਖਿਆ ਕਿ ਇਹ ਜੋ ਬਹੁਤਾ ਰੌਲਾ ਪਾ ਰਹੇ ਹਨ ਇਹ ਉਹ ਹਨ ਜਿਨ੍ਹਾਂ ਦੀਆਂ ਕੁਰਸੀਆਂ ਖੋਹੀਆਂ ਗਈਆਂ ਹੋਈਆ ਹਨ। ਇਕ ਹਿੰਦੀ ਦੇ ਫੱਟੇ ਲਿਖਦਾ ਫਿਰਦਾ ਹੈ ਤੇ ਦੂਜਾ ਗੁਰਮੁਖੀ ਦੇ ਫੱਟੇ ਲਿਖਦਾ ਫਿਰਦਾ ਹੈ। ਮੈਂ ਦੋਵਾਂ ਦੀ ਪੁਰਜ਼ੋਰ ਮੁਜ਼ੰਮਤ ਕਰਦਾ ਹਾਂ। ਇਸ ਤਰ੍ਹਾਂ ਦੀ ਫਿਰਕਾਪ੍ਰਸਤੀ ਲਈ ਦੇਸ਼ ਵਿਚ ਕੋਈ ਜਗ੍ਹਾ ਨਹੀਂ ਹੈ। ਇਹ ਤਮਾਸ਼ਾ ਕਦ ਤਕ ਦੇਖਿਆ ਜਾ ਸਕਦਾ ਹੈ? ਇਹ ਸਟੇਟ ਸਭ ਦੀ ਸਾਂਝੀ ਹੈ। ਇਥੇ ਫਿਰਕਿਆਂ ਦੇ ਫਸਾਦ ਨਹੀਂ ਹੋਣੇ ਚਾਹੀਦੇ। ਠੀਕ ਹੈ ਅਪੀਲਾਂ ਇਨ੍ਹਾਂ ਵਲੋਂ ਵੀ ਹੋ ਰਹੀਆਂ ਹਨ ਪਰ ਇਨ੍ਹਾਂ ਦੇ ਮੋਟਿਵ ਕੀ ਹਨ। ਇਨ੍ਹਾਂ ਦਾ ਮੁਦਾ

ਇਹ ਨਹੀਂ। ਇਸ ਵਜ੍ਹਾ ਕਰਕੇ ਅਸੀਂ ਕਾਂਗਰਸ ਹਾਈ ਕਮਾਂਡ ਨੂੰ ਆਪਣੇ ਨੁਮਾਇੰਦੇ ਭੇਜੇ ਹਨ ਕਿ ਅਜ ਪੰਜਾਬ ਵਿਚ ਆਕੇ ਦੇਖੋ ਕਿ ਕੀ ਹਾਲਤ ਹੈ। ਅਜ ਚਾਰ ਪੰਜ ਦਿਨ ਹੋ ਗਏ ਹਨ ਇਸ ਤਰ੍ਹਾਂ ਦੇ ਹਾਲਾਤ ਨੂੰ ਅਤੇ ਇਹ ਹਾਲਾਤ ਪਿੰਡਾਂ ਵਿਚ ਨਹੀਂ ਪਹੁੰਚੇ। ਜੇਕਰ ਇਹ ਹਾਲਾਤ ਪਿੰਡਾਂ ਵਿਚ ਪਹੁੰਚ ਗਏ ਤਾਂ ਤੁਸੀਂ ਆਪ ਹੀ, ਚੇਅਰਮੈਨ ਸਾਹਿਬ ਅੰਦਾਜ਼ਾ, ਲਗਾਉ ਕਿ ਕੀ ਹਾਲਤ ਹੋਵੇਗੀ। ਇਸ ਤਰ੍ਹਾਂ ਦੇ ਹਾਲਾਤ ਹੋ ਜਾਣ ਕਿ ਗੁਰਦਵਾਰਾ ਸੀਸ਼ ਗੰਜ ਜਿਥੇ ਕਿ ਹਰ ਧਰਮ ਦੇ ਲੋਕੀਂ ਸੀਸ ਨਿਵਾਉਂਦੇ ਹਨ ਅਤੇ ਜਿਥੇ ਸਿਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਉਸ ਸਮੇਂ ਦੀ ਹਕੂਮਤ ਅਗੇ ਸੀਸ ਨਾ ਨਿਵਾਇਆ ਸਗੋਂ ਸੀਸ਼ ਕਟਾਇਆ ਅਤੇ ਹਿੰਦੂ ਧਰਮ ਨੂੰ ਬਚਾਇਆ ਅਤੇ ਸਾਰੇ ਦੇਸ਼ ਦੇ ਹਿੰਦੂ ਧਰਮ ਦੀ ਰਖਿਆ ਕੀਤੀ, ਉਸ ਅਸਥਾਨ

ਨੂੰ ਇਕ ਸ਼ਰਮਨਾਕ ਢੰਗ ਨਾਲ ਸਾੜਨ ਦਾ ਯਤਨ ਕੀਤਾ ਜਾਵੇ? ਉਨ੍ਹਾਂ ਨੇ ਆਪਣੇ ਆਪ ਨੂੰ ਨਹੀਂ ਆਪਣੇ ਸਾਰੇ ਪਰਵਾਰ ਨੂੰ ਇਨ੍ਹਾਂ ਦੀ ਖਾਤਰ ਕੁਰਬਾਨ ਕਰ ਦਿਤਾ ਅਤੇ ਫਿਰ ਉਸ ਅਸਥਾਨ ਤੇ ਇਹ ਸਾਜ਼ਸ਼ ਅਤੇ ਇਹ ਅੰਗ ਤਿੰਨੀ ਗਹਿਰੀ ਪਹੁੰਚਾ ਦਿਤੀ ਜਾਵੇ ਕਿ ਉਸ ਸਥਾਨ ਵਲ ਮੈਲੀ ਅੱਖ ਨਾਲ ਵੇਖਿਆ ਜਾਵੇ । ਇਹ ਕਦੇ ਅਹਿਸਾਸ ਨਹੀਂ ਕਰ ਸਕਦੇ । ਇਸ ਹਕੂਮਤ ਨੂੰ ਕੀ ਪਤਾ ਹੈ ਕਿ ਹਾਲਾਤ ਕੀ ਪੈਦਾ ਹੋ ਗਏ ਹਨ ਅਤੇ ਕਿਸ ਨੇ ਪੈਦਾ ਕੀਤੇ ਹਨ। ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣੇ ਦੇ ਵਿਚ ਹਾਲਾਤ ਕਿਉਂ ਖਰਾਬ ਹੋਏ ਅਤੇ ਚੰਦ ਲੋਕਾਂ ਨੂੰ ਭੜਕਾ ਕੇ ਕਈ ਤਰ੍ਹਾਂ ਦੀਆਂ ਗਲਾਂ ਕਿਉਂ ਕੀਤੀਆਂ ? ਇਸ ਲਈ ਕਿ ਇਹ ਸਿਧ ਹੋ ਸਕੇ ਕਿ ਚੀਫ ਮਨਿਸਟਰ ਇਸ ਸਟੇਟ ਦਾ ਅਤੇ ਹੋਮ ਮਨਿਸਟਰ ਨਹੀਂ ਸਨ ਚਾਹੁੰਦੇ ਕਿ ਪੰਜਾਬੀ ਸੂਬਾ ਬਣੇ ਤੇ ਇਨ੍ਹਾਂ ਵਿਚ ਇਕ ਤੀਜਾ ਮਨਿਸਟਰ ਵੀ ਹੈ ਦੋਹਾਂ ਦੇ ਵਿਚਾਲ ਜਿਸ ਦਾ ਮੈਂ ਨਾਮ ਤਕ ਨਹੀਂ ਲੈਣਾ ਚਾਹੁੰਦਾ ਕਿ ਕਿਸ ਤਰ੍ਹਾਂ ਫ਼ਿਰਕਾਪ੍ਰਸਤੀ ਦੀਆਂ ਗਲਾਂ ਕਰਦਾ ਹੈ । ਇਸ ਤਰ੍ਹਾਂ ਦੀ ਕੈਬੀਨਟ ਨੇ ਅਜ ਪੰਜਾਬ ਨੂੰ ਜਾਲਣ ਦਾ ਯਤਨ ਕੀਤਾ ਹੈ । ਇਹ ਚਾਹੁੰਦੇ ਹਨ ਕਿ ਪੰਜਾਬੀ ਸੂਬਾ ਨਾ ਬਣੇ । ਪਰ ਇਨ੍ਹਾਂ ਨੂੰ ਸਾਫ ਤੌਰ ਤੇ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬੀ ਸੂਬਾ ਬਣ ਚੁਕਿਆ ਹੈ, ਪੰਜਾਬੀ ਬੋਲਦੇ ਇਲਾਕੇ ਦੀ ਸਟੇਟ ਬਣ ਚੁਕੀ ਹੈ । ਇਸ ਤੋਂ ਕੋਈ ਵੀ ਦਾਏਂ ਬਾਏਂ ਜਾਣ ਦੀ ਹਿੰਮਤ ਹੁਣ ਨਹੀਂ ਕਰ ਸਕਦਾ । ਅਤੇ ਨਾ ਹੀ ਇਸ ਤਰ੍ਹਾਂ ਦੇ ਫਿਰਕਾਪ੍ਰਸਤ ਇਸ ਤਰ੍ਹਾਂ ਦੀ ਸਟੇਟ ਨੂੰ ਤੋੜ ਸਕਦੇ ਹਨ ਤੇ ਨਾ ਹੀ ਇਸ ਸਟੇਟ ਨੂੰ ਦਰਹਮ ਬਰਹਮ ਕਰ ਸਕਦੇ ਹਨ । ਕਿਸੇ ਤਰ੍ਹਾਂ ਵੀ ਇਸ ਸਟੇਟ ਦੇ ਹਾਲਾਤ ਨੂੰ ਡਿਸਟਰਬ ਨਹੀਂ ਹੋਣ ਦਿਤਾ ਜਾਵੇਗਾ । ਮੈਂ ਇਸ ਹਾਊਸ ਵਿਚ ਆਪਣੀ ਆਤਮਾ ਦੀ ਆਵਾਜ਼ ਪੇਸ਼ ਕਰਦਾ ਹਾਂ ਕਿ ਮੈਂ ਮੇਰੀ ਪਾਰਟੀ ਅਤੇ ਪਾਰਟੀ ਦੇ ਸਾਰੇ ਲੋਕੀਂ ਕਦੇ ਵੀ ਇਹ ਗਲ ਬਰਦਾਸ਼ਤ ਨਹੀਂ ਕਰਨਗੇ ਕਿ ਕਿਸੇ ਮੈਨਾਰਿਟੀ ਤੇ ਜਾਂ ਉਸ ਦੀ ਜਾਇਦਾਦ, ਮਾਲ ਤੇ ਜਾਨ ਤੇ ਕਿਸੇ ਕਿਸਮ ਦੀ ਕੋਈ ਜ਼ਿਆਦਤੀ ਕਿਸੇ ਵਲੋਂ ਕੀਤੀ ਜਾਵੇ ਅਤੇ ਅਸੀਂ ਸਾਰੇ ਆਪਣੀ ਕੁਰਬਾਨੀ ਪਹਿਲਾਂ ਦਿਆਂਗੇ ਅਤੇ ਉਸ ਦੀ ਜਾਨ ਅਤੇ ਮਾਲ ਨੂੰ ਬਚਾਵਾਂਗੇ ਅਤੇ ਕਦੇ ਉਨ੍ਹਾਂ ਦੀ ਆਨ ਤੇ ਸ਼ਾਨ ਨੂੰ ਆਂਚ ਨਹੀਂ ਆਣ ਦਿਆਂਗੇ । (ਪ੍ਰਸ਼ੰਸਾ) ਪਰ, ਚੇਅਰਮੈਨ ਸਾਹਿਬ, ਡਰ ਹੈ ਕਿ ਇਹ ਆਪਣੀ ਹਰਕਤ ਤੋਂ ਬਾਜ਼ ਨਹੀਂ ਆ ਰਹੇ । ਜਦ ਇਹ ਸਾਰੀ ਗਲ ਪਿੰਡਾਂ ਵਿਚ ਅਣਪੜ੍ਹ ਤਬਕੇ ਪਾਸ ਪਹੁੰਚ ਗਈ ਤਾਂ ਕੀ ਹਾਲਤ ਹੋਵੇਗੀ? ਜਦ ਉਨ੍ਹਾਂ ਨੂੰ ਇਹ ਪਤਾ ਲਗਾ ਕਿ ਉਨ੍ਹਾਂ ਦੇ ਮੁੰਡੇ ਨੂੰ ਜਿਹੜਾ ਕਿ ਪੁਲਿਸ ਵਿਚ ਸੀ, ਸੱਟਾਂ ਵਜੀਆਂ ਹਨ ਜਾਂ ਸਾਡਾ ਰਿਸ਼ਤੇਦਾਰ ਮੁੰਡਾ ਮਾਰਿਆ ਗਿਆ ਹੈ ਜਾਂ ਸਾਡੇ ਫਲਾਣੇ ਰਿਸ਼ਤੇਦਾਰ ਨਾਲ ਜਿਹੜਾ ਸਰਕਾਰੀ ਅਫਸਰ ਸੀ, ਕਿਸੇ ਇਕ ਤਬਕੇ ਵਲੋਂ ਜ਼ਿਆਦਤੀ ਕੀਤੀ ਗਈ ਹੈ ਤਾਂ ਫਿਰ ਉਹ ਤੜਪ ਉਠਣਗੇ ਅਤੇ ਫਿਰ ਇਹ ਹਾਲਾਤ ਇਨ੍ਹਾਂ ਪਾਸੋਂ ਕਾਬੂ ਆਣ ਤੋਂ ਰਹਿ ਜਾਣਗੇ । ਕੋਈ ਮਰਦ ਦਾ ਬੱਚਾ ਉਨ੍ਹਾਂ ਹਾਲਾਤ ਤੋਂ ਇਨ੍ਹਾਂ ਨੂੰ ਬਚਾ ਨਹੀਂ ਸਕੇਗਾ । ਇਹ ਬਾਵੇ ਕੀ, ਇਹ ਸਰਕਾਰ ਕੀ, ਸੈਂਟਰ ਦੀ ਸਰਕਾਰ ਵੀ ਕੁਝ ਨਹੀਂ ਕਰ ਸਕੇਗੀ । ਇਸ ਲਈ ਮੈਂ ਇਨ੍ਹਾਂ ਨੂੰ ਟਾਈਮਲੀ ਵਾਰਨਿੰਗ ਦਿੰਦਾ ਹਾਂ । ਇਹ ਆਪ ਹਾਲਾਤ ਨੂੰ ਅਤੇ ਇਸ ਸਟੇਟ ਨੂੰ ਤਬਾਹੀ ਵਲ ਲਿਜਾ ਰਹੇ ਹਨ । ਇਨ੍ਹਾਂ ਦੀ ਤਾਂ ਫੱਟੀ ਪਹਿਲਾਂ ਹੀ ਪੋਚੀ ਹੋਈ ਹੈ, ਹੋਰ ਕੀ ਪੋਚੀ ਜਾਣੀ ਹੈ ਅਤੇ ਇਸ ਦਾ ਪਤਾ ਇਤਿਹਾਸ ਤੋਂ, ਅਖਬਾਰਾਂ ਤੋਂ ਅਤੇ ਪੰਜਾਬ ਦੀਆਂ ਖਬਰਾਂ ਤੋਂ ਲਗਦਾ ਹੈ ਕਿ ਹਾਲਾਤ ਇਨ੍ਹਾਂ ਦੇ ਕਾਬੂ ਵਿਚ ਨਹੀਂ । ਇਹ ਗਲ ਇਨ੍ਹਾਂ ਦੇ ਵਸ ਦੀ ਨਹੀਂ, ਫਿਰ ਕਿਉਂ ਇਹ ਇਥੇ ਬੈਠੇ ਹਨ ? ਇਹ ਕੋਈ ਇਨ੍ਹਾਂ ਦੀ ਜਗੀਰ ਤਾਂ ਨਹੀਂ ਜਾਂ ਇਨ੍ਹਾਂ ਦੇ ਬਾਵੇ ਦੀ ਜਗੀਰ ਹੈ ਕਿ ਇਸ ਨਾਲ ਚੰਮੜੇ ਰਹਿਣ ਤੇ ਸਟੇਟ ਭਾਵੇਂ ਮਰਦੀ ਪਈ ਹੋਵੇ ਅਤੇ ਹਾਲਤ ਭਾਵੇਂ ਕਿੰਨੇ ਹੀ ਖਰਾਬ ਹੁੰਦੇ ਪਏ ਹੋਣ । ਕਿਉਂ ਨਾ ਇਹ ਛਡ ਦੇਣ ਅਤੇ ਉਨ੍ਹਾਂ ਆਦਮੀਆਂ

[ਸਰਦਾਰ ਲਛਮਣ ਸਿੰਘ ਗਿਲ]

ਨੂੰ ਸਰਕਾਰ ਬਣਾਉਣ ਦੇਣ ਜਿਹੜੇ ਕਿ ਪੰਜਾਬੀ ਸੂਬੇ ਦੇ ਹੱਕ ਵਿਚ ਹਨ ? ਕਿਉਂ ਨਾ ਇਹ ਰਾਜ ਬਣਤਰ ਬਦਲ ਦਿਤੀ ਜਾਵੇ ਅਤੇ ਅਜਿਹੇ ਲੋਕਾਂ ਨੂੰ ਦਿਤੀ ਜਾਵੇ ਜਿਹੜੇ ਪੰਜਾਬੀ ਸੂਬਾ ਚਾਹੁੰਦੇ ਹਨ ਭਾਵੇਂ ਉਹ ਕਾਂਗਰਸੀ ਹੀ ਹੋਣ ਅਤੇ ਉਨ੍ਹਾਂ ਲੋਕਾਂ ਨੂੰ ਅਗੇ ਆਉਣ ਦੇਣ। ਚੇਅਰਮੈਨ ਸਾਹਿਬ, ਪੰਜਾਬ ਦੀ 80% ਆਬਾਦੀ ਨੇ ਇਸ ਰੈਜ਼ੋਲਿਊਸ਼ਨ ਨੂੰ ਅਤੇ ਕਾਂਗਰਸ ਵਰਕਿੰਗ ਕਮੇਟੀ ਦੇ ਮਤੇ ਨੂੰ ਐਂਡੋਰਸ ਕੀਤਾ ਹੈ ਕਿ ਪੰਜਾਬੀ ਸੂਬਾ ਤੇ ਹਰਿਆਣਾ ਪ੍ਰਾਂਤ ਬਣਾ ਦਿਤਾ ਜਾਵੇ, ਅਤੇ ਹਿਲੀ ਏਰੀਆ ਨੂੰ ਹਿਮਾਚਲ ਵਿਚ ਮਿਲਾ ਦਿਤਾ ਜਾਵੇ, ਤਾਂ ਫਿਰ ਕਿਉਂ ਇਹ ਆਪ ਇਸ ਤਰ੍ਹਾਂ ਦੇ ਹਾਲਾਤ ਪੰਜਾਬ ਵਿਚ ਪੈਦਾ ਕਰਨ ? ਮੈਂ ਗਵਰਨਰ ਰੂਲ ਦੇ ਹੱਕ ਵਿਚ ਨਹੀਂ। ਇਹ ਅਸੈਂਬਲੀ ਬੈਠੀ ਹੈ ਅਤੇ ਇਸ ਦੇ ਪਾਸ ਅਖਤਿਆਰ ਹਨ ਕਿ ਉਹ ਇਸ ਵਿਚ ਦਖਲ ਦੇ ਸਕੇ । ਇਸ ਲਈ ਮੈਂ ਬੜੇ ਅਦਬ ਨਾਲ ਕਹਾਂਗਾ ਕਿ ਇਸ ਤਰ੍ਹਾਂ ਦੇ ਹਾਲਾਤ ਨੂੰ ਠੀਕ ਕਰਨ ਦਿਤਾ ਜਾਵੇ । ਮੈਂ ਹਿੰਦੂ ਤੇ ਸਿਖ ਨੂੰ ਕਿਸ ਤਰ੍ਹਾਂ ਲੜਾ ਸਕਦਾ ਹਾਂ ? ਅਸੀਂ ਇਸ ਗੱਲ ਦੀ ਗਰੰਟੀ ਦਿੰਦੇ ਹਾਂ ਕਿ ਕੋਈ ਇਸ ਤਰ੍ਹਾਂ ਦਾ ਵਾਕਿਆ ਪੰਜਾਬ ਵਿਚ ਨਹੀਂ ਹੋਣ ਦਿਆਂਗੇ । ਕੀ ਮਾਂ ਆਪਣੇ ਪੁਤਰ ਨੂੰ ਮਾਰ ਦੇਵੇ ਜਾਂ ਮੈਂ ਆਪਣੀ ਭੈਣ ਨੂੰ ਮਾਰ ਦਿਆਂ ਜਾਂ ਆਪਣੀ ਲੜਕੀ ਤੇ ਹਮਲਾ ਕਰ ਦਿਆਂ ? ਸਾਡੀਆਂ ਆਪਸ ਵਿਚ ਰਿਸ਼ਤੇਦਾਰੀਆਂ ਹਨ ਅਤੇ ਅਜਿਹੇ ਸਬੰਧ ਹਨ ਕਿ ਅਸੀਂ ਇਕ ਦੂਜੇ ਤੋਂ ਕਦੇ ਵੀ ਨਿਖੜ ਨਹੀਂ ਸਕਦੇ । ਫਿਰ ਕਿਉਂ ਇਨ੍ਹਾਂ ਵਲੋਂ ਪੰਜਾਬ ਵਿਚ ਚਵਾਤੀ ਲਾਈ ਜਾ ਰਹੀ ਹੈ ? ਜੇਕਰ ਅਜ ਪੰਜ ਦਿਨਾਂ ਬਾਅਦ ਇਹ ਅਗ ਜ਼ਰਾ ਮਧੱਮ ਪੈ ਰਹੀ ਸੀ ਤਾਂ ਹੁਣ ਇਹ ਜ਼ਿਲ੍ਹਿਆਂ ਵਿਚ ਗਏ ਹਨ ਤਾਂ ਜੋ ਫਿਰ ਉਸ ਅਗ ਨੂੰ ਹੋਰ ਭੜਕਾ ਦਿਤਾ ਜਾਵੇ ।

ਚੇਅਰਮੈਨ ਸਾਹਿਬ, ਮੈਂ ਥੋੜ੍ਹੇ ਲਫਜ਼ਾਂ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਅਜ ਲਾ ਐਂਡ ਆਰਡਰ ਦੀ ਹਾਲਤ ਚੰਗੀ ਨਹੀਂ । ਇਸ ਦੀ ਜ਼ਿੰਮੇਂਵਾਰ ਇਹ ਸਰਕਾਰ ਹੈ ਜਿਹੜੀ ਕਿ ਅਸਲੋਂ ਮੁਕ ਚੁਕੀ ਹੈ । ਇਸ ਕੈਬੀਨਟ ਨੇ ਬਹੁਤ ਯਤਨ ਕੀਤੇ ਪੰਜਾਬੀ ਸੂਬੇ ਦੇ ਵਿਰੁਧ ਪਰ ਇਨ੍ਹਾਂ ਦੀ ਗੱਲ ਕਾਂਗਰਸ ਹਾਈ ਕਮਾਂਡ ਨੇ ਨਹੀਂ ਮੰਨੀ। ਫਿਰ ਇਨ੍ਹਾਂ ਦੀ ਆਪਣੀ ਐਗਜ਼ੈਕਟਿਵ ਕਮੇਟੀ ਕਹਿੰਦੀ ਹੈ ਕਿ ਤੁਸੀਂ ਸਾਡੇ ਕੇਸ ਦੀ ਸਹੀ ਵਕਾਲਤ ਨਹੀਂ ਕਰ ਸਕੇ, ਤੁਸੀਂ ਸਹੀ ਤਰੀਕੇ ਨਾਲ ਮੁਕੱਦਮਾਂ ਪੇਸ਼ ਨਹੀਂ ਕਰ ਸਕੇ । ਫਿਰ ਜੇਕਰ ਇਹ ਗਲ ਹੈ ਤਾਂ ਕੀ ਹੱਕ ਹੈ ਇਸ ਸਰਕਾਰ ਨੂੰ ਇਥੇ ਰਹਿਣ ਦਾ ? ਕੋਈ ਵਜ੍ਹਾ ਨਹੀਂ ਕਿ ਸਾਡੀ ਸਟੇਟ ਵਿਚ ਇਹ ਲੋਕੀ ਇਨ੍ਹਾਂ ਗਦੀਆਂ ਤੇ ਰਹਿਣ ਅਤੇ ਸਾਡਾ ਨੈਸ਼ਨਲ ਲਾਸ ਹੁੰਦਾ ਜਾਵੇ, ਸਰਕਾਰੀ ਇਮਾਰਤਾਂ ਨੂੰ ਸਾੜਿਆ ਜਾਵੇ ਅਤੇ ਸਾਡੇ ਮੁੰਡੇ ਕੁੜੀਆਂ ਮਰ ਰਹੇ ਹੋਣ । ਇਹ ਸਾਫ਼ ਹੈ ਕਿ ਇਹ ਇੰਤਜ਼ਾਮ ਨਹੀਂ ਕਰ ਸਕਦੇ । ਇਸ ਲਈ ਇਨ੍ਹਾਂ ਨੂੰ ਫੌਰਨ ਰੀਜ਼ਾਇਨ ਕਰਨਾ ਚਾਹੀਦਾ ਹੈ ਤੇ ਜਿਹੜੇ ਕਾਂਗਰਸੀ ਪੰਜਾਬੀ ਸੂਬਾ ਚਲਾਣ ਦੀ ਜ਼ਿਮੇਂਵਾਰੀ ਲੈਣ ਉਨ੍ਹਾਂ ਨੂੰ ਅਗੇ ਆਣ ਦੇਣ ਤਾ ਕਿ ਉਹ ਹਕੂਮਤ ਨੂੰ ਚਲਾ ਸਕਣ ।

ਸਰਦਾਰ ਬਲਵੰਤ ਸਿੰਘ (ਸੁਲਤਾਨਪੁਰ) : ਚੇਅਰਮੈਨ ਸਾਹਿਬ, ਪੰਜਾਬ ਦਾ ਇਹ ਬਜਟ ਜਿਨ੍ਹਾਂ ਹਾਲਾਤ ਵਿਚ ਪੇਸ਼ ਕੀਤਾ ਗਿਆ ਹੈ ਉਹ ਸਾਰੇ ਜਾਣਦੇ ਹਨ ਕਿ ਕਿਸ ਤਰ੍ਹਾਂ ਜਮਹੂਰੀਅਤ ਦੇ ਫੈਸਲੇ ਦੇ ਖਿਲਾਫ਼ ਫਾਸਿਸਟ ਫੋਰਸਾਂ ਨੇ ਸਿਰ ਚੁਕਿਆ ਹੈ । ਇਹ ਜਮਹੂਰੀਅਤ ਦਾ ਫੈਸਲਾ ਦਿੱਲੀ ਵਿਚ ਹੋਇਆ ਅਤੇ ਫਾਸਿਸਟ ਫੋਰਸਾਂ ਤਕੜੀਆਂ ਹੋ ਗਈਆਂ ਅਤੇ ਇਸ ਫੈਸਲੇ ਦੇ ਵਿਰੁਧ ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰ ਦਿਤੇ । (ਪ੍ਰਸੰਸਾ) ਦਿੱਲੀ ਵਿਚ ਕਾਂਗਰਸ ਦੇ ਦਫਤਰ ਦੇ ਅਗੇ ਹੁਲੜਬਾਜ਼ੀ ਅਤੇ ਉਸ ਨੂੰ ਅੱਗ ਲਾਣ ਦੀ ਕੋਸ਼ਿਸ਼ ਕੀਤੀ ਗਈ। ਮੈਂ ਤਾਂ ਇਹ ਸਮਝਦਾ ਹਾਂ ਕਿ ਇਨ੍ਹਾਂ ਫੋਰਸਾ ਨੇ ਨਾ ਸਿਰਫ ਉਸ

ਬਿਲਡਿੰਗ ਨੂੰ ਅੱਗ ਲਾਣ ਦੀ ਕੋਸ਼ਿਸ਼ ਕੀਤੀ ਬਲਕਿ ਜਮਹੂਰੀਅਤ ਦੇ ਕਿਲੇ ਨੂੰ ਹਿਲਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਹੜਾ ਦਫਤਰ ਕਿ ਸਾਰੇ ਦੇਸ਼ ਦੇ ਅਹਿਮ ਫੈਸਲੇ ਕਰਦਾ ਹੈ। ਉਨ੍ਹਾਂ ਦੀ ਕਾਂਗਰਸ ਹਾਈ ਕਮਾਂਡ ਨੇ ਇਕ ਫੈਸਲਾ ਕੀਤਾ। ਇਸ ਦੇ ਬਾਰੇ ਮੇਰੀ ਅਰਜ ਇਹ ਹੈ, ਚੇਅਰਮੈਨ ਸਾਹਿਬ, ਕਿ ਕਾਂਗਰਸ ਪਾਰਟੀ ਵੀ ਅੰਦੋਲਨ ਕਰਦੀ ਰਹੀ ਹੈ ਅਤੇ ਇਕ ਨਹੀਂ ਦਰਜਨਾਂ ਅੰਦੋਲਨ ਕੀਤੇ ਹਨ ਪਰ ਕਦੇ ਕਿਸੇ ਇਹ ਨਹੀਂ ਸੀ ਵੇਖਿਆ ਕਿ ਕਿਸੇ ਸਕੂਟਰ ਨੂੰ ਜਾਂ ਕਿਸੇ ਸਰਕਾਰੀ ਬਸ ਨੂੰ ਲੂਹ ਦਿਤਾ ਹੋਵੇ ਜਾਂ ਦੁਕਾਨਾਂ ਨੂੰ ਅੱਗਾਂ ਲਾ ਦਿਤੀਆਂ ਹੋਣ। ਜਿੰਨੇ ਵੀ ਅੰਦੋਲਨ ਕਾਂਗਰਸ ਪਾਰਟੀ ਵਲੋਂ ਕੀਤੇ ਗਏ, ਡੈਮੋਕਰੈਟਿਕ ਢੰਗ ਨਾਲ ਅਤੇ ਪੀਸਫੁਲ ਤਰੀਕੇ ਨਾਲ ਕੀਤੇ ਗਏ। ਕਾਂਗਰਸ ਪਾਰਟੀ ਨੇ ਕਦੇ ਵੀ ਫਾਸਿਸਟ ਢੰਗ ਨਹੀਂ ਸੀ ਅਪਣਾਇਆ ਪਰ ਬੜੇ ਦੁਖ ਦੀ ਗੱਲ ਹੈ ਕਿ ਦਿੱਲੀ ਵਿਚ ਜਾਕੇ ਇਸ ਤਰ੍ਹਾਂ ਦੇ ਹਾਲਾਤ ਪੈਦਾ ਕੀਤੇ ਗਏ ਕਿ ਉਸ ਜਗਾਹ ਤੇ ਜਿਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਹਿੰਦੂ ਧਰਮ ਦੀ ਰਖਿਆ ਕੀਤੀ ਆਪਣਾ ਸੀਸ ਦੇ ਦਿਤਾ, ਨਾ ਕੇਵਲ ਸੀਸ ਦਿਤਾ ਬਲਕਿ ਆਪਣੇ ਸਾਰੇ ਪਰਵਾਰ ਦਾ ਬਲੀਦਾਨ ਦਿਤਾ, ਉਸ ਮਹਾਨ ਅਸਥਾਨ ਤੇ ਜਾਕੇ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ ਅਤੇ ਇਸ ਤਰ੍ਹਾਂ ਹਿੰਦੂ ਅਤੇ ਸਿਖਾਂ ਦੇ ਸਬੰਧ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਸਾਡੀ ਏਕਤਾ ਨੂੰ ਕੱਟਣ ਦਾ ਯਤਨ ਕੀਤਾ ਗਿਆ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਫਾਸਿਸਟ ਫੋਰਸਾਂ ਨੇ ਦਿੱਲੀ ਵਿਚ ਜਾ ਕੇ ਇਸ ਤਰ੍ਹਾਂ ਦੀ ਅਗ ਲਗਾਈ ਹੈ। ਇਹ ਦਿੱਲੀ ਦੇ ਲੋਕਲ ਆਦਮੀਆਂ ਦੀ ਸ਼ਰਾਰਤ ਨਹੀਂ। ਪੰਜਾਬ ਵਿਚ ਜਿੰਨੀਆਂ ਵੀ ਅਜਿਹੀਆਂ ਫੋਰਸਾਂ ਹਨ, ਰਾਈਟਿਸਟ ਵੀ ਹਨ ਉਹ ਇਸ ਤਰ੍ਹਾਂ ਦੀ ਕੋਸ਼ਿਸ਼ ਵਿਚ ਸਨ ਅਤੇ ਦਿੱਲੀ ਜਾਕੇ ਅਗ ਲਗਾਣ ਦੇ ਯਤਨ ਕੀਤੇ ਗਏ ਹਨ। ਇਥੇ ਹੀ ਬਸ ਨਹੀਂ, ਬਲਕਿ ਸਾਡੀ ਪਾਰਟੀ ਦੇ ਆਦਮੀਆਂ ਨੇ ਵੀ ਜਿਨ੍ਹਾਂ ਨੂੰ ਲਾਭ ਪਹੁੰਚਦਾ ਹੈ, ਆਪਣੀ ਵਧ ਤੋਂ ਵਧ ਕੋਸ਼ਿਸ਼ ਕੀਤੀ ਹੈ ਕਿ ਇਹ ਫੈਸਲਾ ਜਿਹੜਾ ਕਿ ਕਾਂਗਰਸ ਹਾਈ ਕਮਾਂਡ ਨੇ ਕੀਤਾ ਹੈ ਸਿਰੇ ਨਾ ਚੜ੍ਹੇ। (ਪ੍ਰਸ਼ੰਸਾ) ਇਸ ਵਿਚ ਆਨਰੇਬਲ ਮੈਂਬਰਾਂ ਦਾ ਵੀ ਹਥ ਹੈ। ਮੈਂ ਕਿਸੇ ਦਾ ਨਾਮ ਨਹੀਂ ਲੈਣਾ ਚਾਹੁੰਦਾ। ਇਕ ਅਖਬਾਰ ਸਾਡੇ ਆਨਰੇਬਲ ਮੈਂਬਰ ਦਾ ਹੈ 'ਮਿਲਾਪ' ਜਿਸ ਵਿਚ ਇਕ ਆਰਟੀਕਲ ਕਲ੍ਹ ਨਿਕਲਿਆ ਹੈ ਜਿਸ ਵਿਚ ਲਿਖਿਆ ਹੈ :—

"ਇਸ ਲੀਏ ਜਹਾਂ ਮੈਂ ਇਨ ਕੇ ਗੁੱਸਾ ਕੋ ਜਾਇਜ਼ ਸਮਝਤਾ
ਹੂੰ ਵਹਾਂ ਇਨਕਾ ਯਹ ਹੱਕ ਭੀ ਤਸਲੀਮ ਕਰਤਾ ਹੂੰ
ਕਿ ਵੋਹ ਅਪਨੇ ਗੁੱਸੇ ਕਾ ਇਜ਼ਹਾਰਜ ਕਰੇਂ"

ਇਹ ਇਕ ਤਰ੍ਹਾਂ ਦੀ ਇਨਸਟੀਗੇਸ਼ਨ ਦਿਤੀ ਜਾ ਰਹੀ ਹੈ। ਇਸ ਤਰ੍ਹਾਂ ਨਾਲ ਇਸ ਅੱਗ ਨੂੰ ਫਲੇਅਰ ਅਪ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਡਾਇਰੈਕਟਲੀ ਅਤੇ ਇਨਡਾਇਰੈਕਟਲੀ ਇਸ ਅੱਗ ਨੂੰ ਭੜਕਾ ਰਹੇ ਹਨ ਤਾਂ ਕਿ ਇਸ ਸੂਬੇ ਦੀ ਫਿਜ਼ਾ ਠੀਕ ਨਾ ਰਹੇ, ਤਾਂ ਜੋ ਅੱਗ ਹੋਰ ਤੇਜ਼ ਹੋਵੇ ਅਤੇ ਡਿਸਟਰਬੈਂਸ ਜ਼ਿਆਦਾ ਪੈਦਾ ਹੋਵੇ। ਮੈਂ ਇਸ ਤਰ੍ਹਾਂ ਕਰਨ ਦੇ ਸਖਤ ਖਿਲਾਫ਼ ਹਾਂ। ਇਸੇ ਤਰ੍ਹਾਂ 'ਪਰਤਾਪ' ਅਖਬਾਰ ਵਿਚ ਕਲ੍ਹ ਨਿਕਲਿਆ ਹੈ ਕਿ :—

"ਪਰਤਾਪ ਸਿੰਘ ਔਰ ਰਾਮ ਕਿਸ਼ਨ—
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੇ।"

[ਸਰਦਾਰ ਬਲਵੰਤ ਸਿੰਘ]

ਫਿਰ ਅਗੇ ਜਾਕੇ ਇਸ ਅਖਬਾਰ ਨੇ ਲਿਖਿਆ ਹੈ ਕਿ :-

"ਏਕ ਵਕਤ ਵੋਹ ਭੀ ਆਇਆ ਜਬ ਭਾਰਤ ਸਰਕਾਰ ਨੇ ਕਹਾ ਥਾ ਕਿ ਵੋਹ ਦਿੱਲੀ ਕੋ ਵਸੀਹ ਕਰਨੇ ਕੇ ਲੀਏ ਬਹਾਦਰਗੜ੍ਹ ਔਰ ਸੋਨੀਪਤ ਕਾ ਇਲਾਕਾ ਦਿੱਲੀ ਮੇਂ ਸ਼ਾਮਿਲ ਕਰਨਾ ਚਾਹਤੀ ਹੈ ਤੋ ਸਰਦਾਰ ਪਰਤਾਪ ਸਿੰਘ ਨੇ ਉਸ ਵਕਤ ਕਹਾ ਥਾ ਕਿ ਜੋ ਕੁਝ ਕਰਨਾ ਚਾਹਤੇ ਹੋ ਪੰਜਾਬ ਸਰਕਾਰ ਕੇ ਜ਼ਰੀਆ ਕਰਵਾ ਸਕਤੇ ਹੋ ਲੇਕਿਨ ਪੰਜਾਬ ਕੇ ਏਕ ਛੋਟੇ ਸੇ ਛੋਟੇ ਟੁਕੜੇ ਕੋ ਕ਼ਾਟਨੇ ਕੀ ਇਜਾਜ਼ਤ ਨਹੀਂ ਦੀ ਜਾ ਸਕਤੀ। ਕੌਨ ਨਹੀਂ ਜਾਨਤਾ ਕਿ ਹਿਮਾਚਲ ਸਰਕਾਰ ਏਕ ਅਰਸਾ ਸੇ ਇਸ ਕੋਸ਼ਿਸ਼ ਮੇਂ ਹੈ ਕਿ ਸ਼ਿਮਲਾ ਉਸ ਕੋ ਮਿਲ ਜਾਏ। ਪਰਤਾਪ ਸਿੰਘ ਕੀ ਜ਼ਿੰਦਗੀ ਮੇਂ ਭੀ ਉਸ ਨੇ ਕਈ ਬਾਰ ਕੋਸ਼ਿਸ ਕੀ ਲੇਕਿਨ ਵੋ ਕਾਮਯਾਬ ਨ ਹੋ ਸਕੀ। ਜਬ ਤਕ ਜਹਾਂ ਪਰਤਾਪ ਸਿੰਘ ਕੈਰੋਂ ਨੇ ਇਸ ਸੂਬਾ ਕੀ ਸਾਲਾਮੀਅਤ ਕੀ, ਹਰ ਕੀਮਤ ਪਰ ਹਿਫਾਜ਼ਤ ਕੀ ਔਰ ਇਸ ਸੂਬਾ ਕੀ ਯਕਜਹਿਤੀ ਕੋ ਹਰ ਹਾਲਤ ਪਰ ਕਾਇਮ ਰਖਾ ਵਹਾਂ 1964 ਮੇਂ ਪੰਜਾਬ ਕੀ ਬਦ-ਕਿਸਮਤੀ ਸੇ ਏਕ ਐਸੇ ਸਬਜ਼ ਕਦਮ ਮੁਖ ਮੰਤਰੀ ਭੀ ਯਹਾਂ ਤਸ਼ਰੀਫ ਲਾਏ ਜਿਨਹੋਂ ਨੇ ਇਸ ਸੂਬੇ ਕੇ ਟੁਕੜੇ ਕਰਾ ਦੀਏ। ਜਿਨ ਕੀ ਕੰਮ-ਜ਼ੋਰੀ ਔਰ ਨਾ-ਅਹਿਲੀਅਤ ਕੀ ਵਜਹ ਸੇ ਕਾਂਗੜਾ ਜੈਸਾ ਸ਼ਾਨਦਾਰ ਇਲਾਕਾ ਪੰਜਾਬ ਸੇ ਛਿਨ ਗਿਆ, ਹਰਿਆਨਾ ਇਸ ਸੇ ਕਟ ਗਿਆ।

ਜਿਸ ਕੀ ਖਾਤਰ ਪਰਤਾਪ ਸਿੰਘ ਕੈਰੋਂ ਨੇ ਬੜੇ ਬੜੇ ਤੁਫਾਨੋਂ ਕਾ ਮੁਕਾਬਲਾ ਕੀਆ ਇਸ ਪੰਜਾਬ ਕੋ ਰਾਮ ਕਿਸ਼ਨ ਨੇ ਚਸ਼ਮੇ ਜ਼ਦਨ ਮੇਂ ਮਿਟੀ ਮੇਂ ਮਿਲਾ ਕਰ ਰਖ ਦੀਆ।"

ਇਸ ਤਰ੍ਹਾਂ ਦੀਆਂ ਗੱਲਾਂ ਅਖਬਾਰਾਂ ਵਿਚ ਲਿਖ ਕੇ ਫਿਜ਼ਾ ਨੂੰ ਹੋਰ ਖਰਾਬ ਕੀਤਾ ਜਾ ਰਿਹਾ ਹੈ। ਲਿੰਗੁਇਸਟਿਕ ਮਾਮਲਾ ਤਾਂ ਇਕ ਪ੍ਰੋਗਰੈਸਿਵ ਫਾਰਮੂਲਾ ਸੀ ਜਿਸ ਨੂੰ ਪਰਤਾਪ ਸਿੰਘ ਨੇ ਅਰੈਸਟ ਕਰਨਾ ਚਾਹਿਆ ਪਰ ਉਹ ਕਾਮਯਾਬ ਨਾ ਹੋ ਸਕਿਆ। ਅਜੀਟੇਸ਼ਨਾਂ ਚਲੀਆਂ। ਇਹ ਇਕ ਪ੍ਰੋਗਰੈਸਿਵ ਕਦਮ ਸੀ ਕਿ ਬੋਲੀ ਦੇ ਆਧਾਰ ਤੇ ਸੂਬੇ ਬਣਾ ਦਿਤੇ ਜਾਣ।

(ਇਸ ਸਮੇਂ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ।)

ਅਤੇ ਇਹ ਅਜ ਦੀ ਮੰਗ ਨਹੀਂ ਸੀ, 1952 ਵਿਚ ਇਹ ਮੰਗ ਸਾਹਮਣੇ ਆਈ ਕਿ ਬੋਲੀ ਦੇ ਅਧਾਰ ਤੇ ਸੂਬਾ ਬਣਾ ਦਿਤਾ ਜਾਵੇ। ਇਹ ਮੰਗ ਉਸ ਸਮੇਂ ਆਈ ਜਦ ਕਿ ਪੰਜਾਬੀ ਬੋਲਦੇ ਇਲਾਕੇ ਵਿਚ ਰਹਿਣ ਵਾਲਿਆਂ ਨੇ ਪੰਜਾਬੀ ਭਾਸ਼ਾ ਨੂੰ ਆਪਣੀ ਮਾਂ ਬੋਲੀ ਨਾ ਮੰਨਿਆ ਅਤੇ ਹਿੰਦੀ ਬੋਲੀ ਲਿਖਵਾ ਦਿਤੀ ਜਿਸ ਨਾਲ ਇਹ ਮਾਮਲਾ ਉਠਾਇਆ ਗਿਆ। ਇਹ ਗਲ ਸਾਰਿਆਂ ਦੇ ਸਾਹਮਣੇ ਹੈ ਕਿ ਅੰਮ੍ਰਿਤਸਰ, ਜਾਲੰਧਰ ਲੁਧਿਆਨਾ ਤੇ ਕਪੂਰਥਲੇ ਵਿਚ, ਜਿਥੇ ਕਿ ਸਾਰੇ ਲੋਕੀ ਪੰਜਾਬੀ ਬੋਲਦੇ ਨੇ ਉਸ ਪੰਜਾਬੀ ਬੋਲੀ ਨੂੰ ਆਪਣੀ ਮਾਤ ਭਾਸ਼ਾ ਨਹੀਂ ਸੀ ਮੰਨਿਆ। ਫਿਰ ਹੁਣ ਇਹ ਗੱਲ ਕੀਤੀ ਜਾਣ ਲਗ ਪਈ ਕਿ ਸਾਰੇ ਪੰਜਾਬ ਦੀ ਮਾਤ ਭਾਸ਼ਾ ਪੰਜਾਬੀ ਕਰ ਦਿਤੀ ਜਾਵੇ। ਹਰਿਆਣੇ ਵਿਚ ਵੀ ਪੰਜਾਬੀ ਕਰ ਦਿੱਤੀ ਜਾਵੇ ਅਤੇ ਭਾਵੇਂ ਬੰਗਲੌਰ ਤਕ ਪੰਜਾਬੀ ਨੂੰ ਮਾਤ ਭਾਸ਼ਾ ਬਣਾ ਦਿਤਾ ਜਾਵੇ। ਇਸ ਤਰ੍ਹਾਂ ਦੀਆਂ ਗੱਲਾਂ ਜਦ ਕੁਝ ਮੈਂਬਰਾਂ ਵਲੋਂ ਕੀਤੀਆਂ ਗਈਆਂ ਤਾਂ ਮੈਂ ਸਮਝਦਾ ਹਾਂ ਕਿ ਇਹ ਪੰਜਾਬੀ ਬੋਲੀ ਨਾਲ ਮਖੌਲ ਕੀਤਾ

ਜਾ ਰਿਹਾ ਹੈ । ਔਰ ਇਸ ਢੰਗ ਨਾਲ ਹਰਿਆਣੇ ਦੇ ਲੋਕਾਂ ਨੂੰ ਹੋਰ ਜ਼ਿਆਦਾ ਦੇਰ ਤਕ ਐਕਸਪਲਾਇਟ ਨਹੀਂ ਕੀਤਾ ਜਾ ਸਕਦਾ । ਇਕ ਚੀਜ਼ ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਇਸ ਤਰ੍ਹਾਂ ਦੀ ਸਿਚੂਏਸ਼ਨ ਹੋਵੇ ਸਾਡੇ ਲੀਡਰਜ਼ ਨੂੰ ਇਕ ਫਰਮ ਸਟੈਂਡ ਤੋਂ ਕੰਮ ਲੈਣਾ ਚਾਹੀਦਾ ਹੈ । ਇਨ੍ਹਾਂ ਮਨਿਸਟਰਜ਼ ਨੂੰ ਫਾਸਿਸਟ ਫੋਰਸਿਜ਼ ਤੋਂ ਡਰਨਾ ਨਹੀਂ ਚਾਹੀਦਾ । ਇਹ ਡਰ ਉਨ੍ਹਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ । ਇਸ ਵਿਚ ਕਿਸੇ ਕਿਸਮ ਦੀ ਵੀ ਲੀਨੀਐਨਸੀ ਨਹੀਂ ਹੋਣੀ ਚਾਹੀਦੀ । ਇਹ ਤਰੀਕਾ ਕਿ ਹਰ ਕਿਸਮ ਦੀ ਜੋ ਕੋਈ ਇਨਸਟ੍ਰੱਕਸ਼ਨ ਲੈਣੀ ਹੋਵੇ ਤਾਂ ਉਹ ਦਿੱਲੀ ਤੋਂ ਜਾ ਕੇ ਲਵੋ, ਮੈਂ ਪੁੱਛਦਾ ਹਾਂ ਕੀ ਇਹ ਆਪਣਾ ਸਟੈਂਡ ਨਹੀਂ ਲੈ ਸਕਦੇ ? ਇਹ ਇਕ ਕਮੀ ਨਜ਼ਰ ਆਉਂਦੀ ਹੈ ਇਨ੍ਹਾਂ ਵਜ਼ੀਰਾਂ ਦੀ ਲੀਡਰਸ਼ਿਪ ਵਿਚ । They should learn to stand on their own legs. ਦਿਲੀ ਜਾਣ ਦੀ ਬਜਾਏ ਇਨ੍ਹਾਂ ਨੂੰ ਪੰਜਾਬ ਦੇ ਜ਼ਿਲ੍ਹਿਆਂ ਵਿਚ ਜਾਕੇ ਸਿਚੂਏਸ਼ਨ ਨੂੰ ਸੰਭਾਲਣਾ ਚਾਹੀਦਾ ਹੈ । ਉਥੇ ਦੀ ਐਡ-ਮਨਿਸਟਰੇਸ਼ਨ ਨੂੰ ਗਾਈਡ ਕਰਨਾ ਚਾਹੀਦਾ ਹੈ । ਲੋਕਾਂ ਦੇ ਫੈਸਲੇ ਖੁਦ ਜਾਕੇ ਕਰਨੇ ਚਾਹੀਦੇ ਹਨ । ਵਰਕਿੰਗ ਕਮੇਟੀ ਦਾ ਜੋ ਫੈਸਲਾ ਹੈ ਇਕ ਫਾਈਨਲ ਫੈਸਲਾ ਹੈ, ਜੇ ਕੋਈ ਚਾਹੇ ਕਿ ਕਿਸੇ ਡਰ ਵਿਚ ਲਿਆਕੇ ਇਸ ਵਿਚ ਤਬਦੀਲੀ ਕਰਾ ਦੇਵ ਮੈਂ ਸਮਝਦਾ ਹਾਂ ਕਿ ਇਹ ਨਾਮੁਮਕਿਨ ਹੈ । ਇਸ ਨੂੰ ਕੋਈ ਤਬਦੀਲ ਨਹੀਂ ਕਰ ਸਕਦਾ । ਇਹ ਇਕ ਐਟਰਨਲ ਫੈਸਲਾ ਹੈ ਜਿਸ ਨੂੰ ਦੁਨੀਆਂ ਦੀ ਕੋਈ ਤਾਕਤ ਕਦੇ ਬਦਲ ਨਹੀਂ ਸਕਦੀ ।

ਹੁਣ ਥੋੜ੍ਹਾ ਜਿਹਾ ਮੈਂ ਬਜਟ ਦੇ ਮੁਤਾਲਿਕ ਵੀ ਅਰਜ਼ ਕਰ ਦੇਣੀ ਚਾਹੁੰਦਾ ਹਾਂ ! ਸਰਦਾਰ ਕਪੂਰ ਸਿੰਘ ਫਾਈਨੈਂਸ ਮਨਿਸਟਰ, ਜਿਨ੍ਹਾਂ ਨੇ ਕਿ ਇਹ ਬਜਟ ਪੇਸ਼ ਕੀਤਾ ਹੈ, ਇਹ ਖੁਦ ਐਗਰੀਕਲਚਰਿਸਟ ਹਨ ਅਤੇ ਐਗਰੀਕਲਚਰ ਕਰਨ ਵਾਲੀ ਫੈਮਲੀ ਨੂੰ ਬਿਲਾਂਗ ਕਰਦੇ ਹਨ । ਪਰ ਉਨ੍ਹਾਂ ਨੇ ਜ਼ਿਮੀਂਦਾਰੀ ਨੁਕਤਾ ਨਿਗਾਹ ਨਾਲ ਇਸ ਬਜਟ ਨੂੰ ਪੇਸ਼ ਕਰਨ ਦਾ ਯਤਨ ਨਹੀਂ ਕੀਤਾ । ਜ਼ਿਮੀਂਦਾਰਾਂ ਲਈ ਦੋ ਹੀ ਵੱਡੇ ਪ੍ਰਾਬਲਮ ਹਨ । ਇਕ ਫੂਡ ਪ੍ਰਾਈਸਿਜ਼ ਦਾ ਅਤੇ ਦੂਸਰਾ ਐਗਰੀਕਲਚਰਲ ਕਰਾਪ ਦਾ ! ਪਰ ਇਹ ਦੋਵੇਂ ਮਸਲਿਆਂ ਨੂੰ ਇਸ ਬਜਟ ਦੇ ਵਿਚ ਬੜੀ ਬੁਰੀ ਤਰ੍ਹਾਂ ਇਗਨੋਰ ਕੀਤਾ ਗਿਆ ਹੈ । ਐਗਰੀਕਲਚਰਲ ਪ੍ਰਾਡਕਟਸ ਦੇ ਮੁਤਾਲਿਕ ਬਣੀ ਉਜਲ ਸਿੰਘ ਕਮੇਟੀ ਨੇ ਇਹ ਸਾਫ ਲਿਖਿਆ ਹੈ ਕਿ ਜਦੋਂ ਤਕ ਤੁਸੀਂ ਜ਼ਿਮੀਂਦਾਰ ਦੀਆਂ ਕਰਾਪਸ ਦੀਆਂ ਕੀਮਤਾਂ ਮੁਕੱਰਰ ਨਹੀਂ ਕਰਦੇ ਉਤਨਾ ਚਿਰ ਜ਼ਿਮੀਂਦਾਰ ਦਾ ਮਸਲਾ ਅਸਲੀ ਮਾਅਨਿਆਂ ਦੇ ਵਿਚ ਹੱਲ ਨਹੀਂ ਹੋ ਸਕਦਾ । ਇਹ ਫੈਸਲਾ ਇਸੇ ਆਧਾਰ ਤੇ ਕੀਤਾ ਗਿਆ ਸੀ ਕਿ ਕਾਸਟ ਆਫ ਪ੍ਰੋਡਕਸ਼ਨ ਦੇ ਬੇਸਿਜ਼ ਤੇ ਪ੍ਰਾਈਸਿਜ਼ ਮੁਕੱਰਰ ਕੀਤੀਆਂ ਜਾਣ ਪਰ ਇਸ ਪਾਸੇ ਬਿਲਕੁਲ ਕੋਈ ਧਿਆਨ ਨਹੀਂ ਦਿਤਾ ਗਿਆ-ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਅਜ ਜ਼ਿਮੀਂਦਾਰ ਤੇ 99 ਕਰੋੜ ਰੁਪਏ ਦਾ ਕਰਜ਼ ਹੈ । ਇਸ ਦੇ ਮੁਤੱਲਿਕ ਰੂਰਲ ਸਰਵੇ ਵਾਲਿਆਂ ਦਾ ਕਹਿਣਾ ਹੈ ਕਿ ਉਹ 63 % ਕਰਜ਼ਾ ਜੋ ਗਵਰਨਮੈਂਟ ਤੋਂ ਲੈਂਦਾ ਹੈ ਤਾਂ ਨਾਲ ਹੀ 32 % ਕਰਜ਼ਾ ਉਹ ਪਿੰਡ ਦੇ ਮਨੀਲੈਂਡਰ ਤੋਂ, ਪਿੰਡ ਦੇ ਸ਼ਾਹ ਤੋਂ ਲੈ ਕੇ ਆਪਣਾ ਕੰਮ ਚਲਾਉਂਦਾ ਹੈ। ਕਿਤਨੇ ਅਫਸੋਸ ਦੀ ਗੱਲ ਹੈ ਕਿ ਪਿਛਲੇ 18 ਵਰ੍ਹਿਆਂ ਦੇ ਵਿਚ ਅਸੀਂ ਜ਼ਿਮੀਂਦਾਰਾਂ ਨੂੰ ਇਸ ਮਨੀਲੈਂਡਰ ਤੋਂ ਵੀ ਛੁੜਾ ਨਹੀਂ ਸਕੇ । ਮੈਂ ਉਮੀਦ ਕਰਦਾ ਹਾਂ ਕਿ ਜਦੋਂ ਫਾਈਨੈਂਸ ਮਨਿਸਟਰ ਸਾਹਿਬ ਜਵਾਬ ਦੇਣ ਲਈ ਬੋਲਣ ਤਾਂ ਉਹ ਆਪਣੇ ਜਵਾਬ ਵਿਚ ਇਸ ਸਬੰਧੀ ਤਜਵੀਜ਼ਾਂ ਦਸਣ । ਜਦੋਂ ਤਾਈਂ ਅਸੀ ਜ਼ਿਮੀਂਦਾਰ ਨੂੰ ਪਰਾਪਰਲੀ ਫ਼ਾਈਨੈਂਸ ਨਹੀਂ ਕਰਾਂਗੇ ਅਸੀ ਅੱਗੇ ਨਹੀਂ ਜਾ ਸਕਦੇ । ਇਕ ਚੀਜ਼ ਜਿਹੜੀ ਕੈਪੀਟਲਿਸਟ ਕਲਾਸ ਨੇ ਜ਼ਿਮੀਂਦਾਰੀ ਨੂੰ ਧੱਕਾ ਪਹੁੰਚਾਉਣ ਲਈ ਇਕ ਮੁਹਿਮ ਦੀ ਸ਼ਕਲ

[ਸਰਦਾਰ ਬਲਵੰਤ ਸਿੰਘ]

ਵਿਚ ਚਲਾਈ ਹੈ ਉਹ ਇਹ ਹੈ ਕਿ ਇਨ੍ਹਾਂ ਦਾ ਕਹਿਣਾ ਹੈ ਕਿ ਕਿਸੇ ਜ਼ਿਮੀਂਦਾਰ ਦੇ ਪਾਸ ਵੱਡੇ ਵੱਡੇ ਫਾਰਮ ਨਹੀਂ ਹੋਣਗੇ । ਮੈਂ ਸਮਝਦਾ ਹਾਂ ਇਸ ਤੋਂ ਵੱਡਾ ਫਰਾਡ ਸਰਮਾਏਦਾਰ ਗਰੁਪ ਦਾ ਹੋਰ ਕੋਈ ਹੋ ਨਹੀਂ ਸਕਦਾ । ਮੈਂ ਕਹਿੰਦਾ ਹਾਂ ਤੁਸੀਂ ਜਾਪਾਨ ਦੀ ਮਿਸਾਲ ਲਉ ਜਿਨ੍ਹਾਂ ਨੇ ਛੋਟੇ ਛੋਟੇ ਮੈਕੇਨਾਈਜ਼ਡ ਫਾਰਮਾਂ ਰਾਹੀਂ ਆਪਣੇ ਮੁਲਕ ਦੀ ਪੈਦਾਵਾਰ ਨੂੰ ਵਧਾਇਆ ਹੈ । ਮੈਂ ਸਮਝਦਾ ਹਾਂ ਇਸ ਮੁਲਕ ਵਿਚ ਜਿਨ੍ਹਾਂ ਕੋਲ ਛੋਟੇ ਛੋਟੇ ਟੁਕੜੇ ਜ਼ਮੀਨ ਦੇ ਹਨ ਇਹ ਫਾਰਮਾਂ ਦੀ ਸ਼ਕਲ ਵਿਚ ਕੋਆਪਰੇਟਿਵ ਸੋਸਾਇਟੀਆਂ ਰਾਹੀਂ ਜਾਂ ਸਰਵਿਸ ਕੋਆਪਰੇਟ ਕਰਕੇ ਕਾਮਯਾਬ ਨਹੀਂ ਹੋ ਸਕਦੇ । ਇਹ ਮਹਿਜ਼ ਸਰਮਾਏਦਾਰ ਧੜੇ ਦਾ ਪ੍ਰਾਪੇਗੰਡਾ ਹੈ ਜਿਹੜਾ ਬਹੁਤ ਹੀ ਬੁਰੀ ਤਰ੍ਹਾਂ ਨਾ ਫੇਲ੍ਹ ਹੋਇਆ ਹੈ । ਇਸ ਗ਼ਲਤ ਪ੍ਰਾਪੇਗੰਡਾ ਨੇ ਲੈਂਡ ਰੀਫਾਰਮਜ਼ ਨੂੰ ਬੜਾ ਨੁਕਸਾਨ ਪਹੁੰਚਾਇਆ ਹੈ । ਇਸ ਲਈ ਸਾਨੂੰ ਫਾਈਟ ਕਰਨਾ ਚਾਹੀਦਾ ਹੈ । ਇਨਾਂ ਲਫਜ਼ਾਂ ਨਾਲ ਮੈਂ ਆਪਦਾ ਸ਼ੁਕਰੀਆ ਅਦਾ ਕਰਦਾ ਹਾਂ ।

Chaudhri Darshan Singh: On a point of order, Madam.

Deputy Speaker I do not allow your point of order.

ਚੌਧਰੀ ਦਰਸ਼ਨ ਸਿੰਘ : ਕੀ ਮੈਨੂੰ ਬੋਲਣ ਲਈ ਵਕਤ ਦਿਤਾ ਜਾਵੇਗਾ ?

ਡਿਪਟੀ ਸਪੀਕਰ : ਜੇ ਪੁਆਇੰਟ ਆਫ ਆਰਡਰ ਕਹਿਕੇ ਬੋਲੋਗੇ ਤਾਂ ਨਹੀਂ ਦਿੱਤਾ ਜਾਵੇਗਾ। I am not afraid of any body. (The hon. Member will not be given time if he speaks by raising a point of order. I am not afraid of any body.)

ਕਾਮਰੇਡ ਬਾਬੂ ਸਿੰਘ ਮਾਸਟਰ (ਫੂਲ) : ਡਿਪਟੀ ਸਪੀਕਰ ਸਾਹਿਬਾ, ਅਜ ਅਸੀਂ ਇਕ ਸਾਲ ਦੇ ਖਰਚ ਦਾ ਪੰਜਾਬ ਲਈ ਕੱਚਾ ਚਿੱਠਾ ਪਾਸ ਕਰਨ ਲੱਗੇ ਹਾਂ । ਸਭ ਤੋਂ ਪਹਿਲਾਂ ਤਾਂ ਮੈਂ ਕਹਾਂਗਾ ਕਿ ਇਤਨਾ ਅਹਿਮ ਮਸਲਾ ਹੋਵੇ, ਇਸ ਮੌਕੇ ਤੇ ਇਨ੍ਹਾਂ ਵਜ਼ੀਰਾਂ ਦੀ ਹਾਜ਼ਰੀ ਵੇਖੋ ਕਿਤਨੀ ਹੈ ਜਿਨ੍ਹਾਂ ਨੇ ਸਾਲ ਭਰ ਇਸ ਸਬੰਧੀ ਹੋਏ ਵਿਚਾਰਾਂ ਅਨੁਸਾਰ ਕੰਮ ਚਲਾਉਣਾ ਹੈ । ਇਨ੍ਹਾਂ ਦੀਆਂ ਹੋਰ ਮਸਰੂਫੀਅਤਾਂ ਹੀ ਨਹੀਂ ਖਤਮ ਹੁੰਦੀਆਂ । ਇਨ੍ਹਾਂ ਨੂੰ ਤਾਂ ਦਿੱਲੀ ਜਾਣ ਆਣ ਤੋਂ ਹੀ ਵਹਲ ਨਹੀਂ ਮਿਲਦੀ। ਤੁਸੀਂ ਆਪ ਹੀ ਕਿਹਾ ਹੈ ਕਿ ਦਿੱਲੀ ਤਾਂ ਇਨ੍ਹਾਂ ਸਬ-ਕਾਲੋਨੀ ਬਣਾਇਆ ਹੋਇਆ ਹੈ । ਵਕਤ ਥੋੜਾ ਹੋਣ ਕਰਕੇ ਮੈਂ ਇਸ ਬਜਟ ਦੇ ਵਿਸਥਾਰ ਵਿਚ ਨਹੀਂ ਜਾਂਦਾ, ਥੋੜ੍ਹੇ ਸ਼ਬਦਾਂ ਵਿਚ ਹੀ ਇਸ ਬਾਰੇ ਅਰਜ਼ ਕਰਾਂਗਾ । ਇਸ ਬਜਟ ਤੇ ਜੇ ਨਜ਼ਰ ਮਾਰੀਏ ਤਾਂ ਮੈਂ ਇਤਨਾ ਹੀ ਕਹਿ ਸਕਦਾ ਹਾਂ ਕਿ ਇਹ ਬਜਟ ਐਂਟੀ-ਜਨਤਾ, ਐਂਟੀ-ਐਂਪਲਾਈਜ਼ ਅਤੇ ਐਂਟੀ-ਸੋਸ਼ਲਿਜ਼ਮ ਹੈ । ਐਂਟੀ-ਪਬਲਿਕ ਮੈਂ ਇਸ ਨੂੰ ਇਸ ਲਈ ਕਹਿੰਦਾ ਹਾਂ ਕਿ ਇਹ ਘਾਟੇ ਦਾ ਬਜਟ ਹੈ ਅਤੇ ਇਹ ਟੈਕਸਾਂ ਰਾਹੀਂ ਪੂਰਾ ਹੋਣਾ ਹੈ । ਇਸ ਰਾਹੀਂ ਗਰੀਬ ਮੁਲਾਜ਼ਮਾਂ ਦਾ ਗਲਾ ਘੁਟਿਆ ਗਿਆ ਹੈ। ਜਿਹੜਾ ਆਦਮੀ 100 ਰੁਪਏ ਮਹੀਨਾ ਤਨਖਾਹ ਲੈਂਦਾ ਹੈ ਇਹ ਟੈਕਸਿਜ਼ ਦਾ ਭਾਰ ਵੀ ਉਸ ਤੇ ਹੀ ਹੈ । ਰੈਵੇਨੀਉ ਮਨਿਸਟਰ ਸਾਹਿਬ ਆ ਗਏ ਹਨ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਰੀਟਰੈਂਚਮੈਂਟ ਦਾ ਕੁਹਾੜਾ ਚਲਾਇਆ ਆਪਣੇ ਮਹਿਕਮੇ ਵਿਚ । ਚਾਹੀਦਾ ਤਾਂ ਇਹ ਸੀ ਕਿ ਏ.ਸੀ.ਓ. ਰੀਟਰੈਂਚ ਕੀਤਾ ਜਾਂਦਾ ਪਰ ਇਹ ਕੁਹਾੜਾ ਚੌਥੇ ਦਰਜੇ ਦੇ ਇੰਪਲਾਈਜ਼ ਤੇ ਚਲਿਆ । ਦੂਸਰੇ ਪਾਸੇ ਨਵੇਂ ਡਾਇਰੈਕਟਰ ਅਤੇ ਨਵੇਂ ਕਮਿਸ਼ਨਰ ਅਤੇ ਹੋਰ ਵਡੀਆਂ ਪੋਸਟਾਂ ਕਰੀਏਟ ਕੀਤੀਆਂ ਜਾ ਰਹੀਆਂ ਹਨ । ਮੈਂ

ਸਮਝਦਾ ਹਾਂ ਹਨੂਮਨਥਈਆ ਦੀ ਐਡਮਨਿਸਟ੍ਰੇਸ਼ਨ ਰਿਪੋਰਟ ਦੇ ਮੁਤਾਬਿਕ ਇੰਪਲਾਈਜ਼ ਬਾਰੇ ਇਕ ਕਮਿਸ਼ਨ, ਜਿਹੜਾ ਉਨ੍ਹਾਂ ਨੇ ਕਿਹਾ ਹੈ, ਉਹ ਜਲਦੀ ਤੋਂ ਜਲਦੀ ਬਣਾਉਣਾ ਚਾਹੀਦਾ ਹੈ ਤਾਂ ਕਿ ਇੰਪਲਾਈਜ਼ ਦੇ ਗਰੀਵੈਂਸਿਜ਼ ਜਲਦੀ ਤੋਂ ਜਲਦੀ ਦੂਰ ਕੀਤੇ ਜਾ ਸਕਣ । ਇਸ ਤੋਂ ਪਹਿਲਾਂ ਕੋਈ ਛਾਂਟੀ ਜਾਂ ਰੀਟਰੈਂਚਮੈਂਟ ਨਹੀਂ ਹੋਣੀ ਚਾਹੀਦੀ। ਮਨਿਸਟਰ ਆਪਣੀ ਨਾਅਹਿਲੀ-ਅਤ ਨੂੰ ਛੁਪਾਉਣ ਵਾਸਤੇ ਸੈਕਟਰੀ ਨਾਲ ਪਰਸਨਲ ਡਿਸਕਸ਼ਨ ਕਰਕੇ ਫ਼ੈਸਲੇ ਦੇ ਦਿੰਦੇ ਹਨ । ਅਸੀਂ ਚਾਹੁੰਦੇ ਹਾਂ ਕਿ ਇਹ ਬਿਊਰੋਕਰੇਸੀ ਦਾ ਰਾਜ ਖਤਮ ਹੋਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਤੋਂ ਕੋਈ ਫਾਇਦਾ ਨਹੀਂ ਹੋ ਸਕਦਾ । ਇਨ੍ਹਾਂ ਆਫੀਸਰਾਂ ਨੇ ਤਾਂ ਉਹੀ ਰਾਏ ਦੇਣੀ ਹੈ ਜੋ ਕਿਸੇ ਦੇ ਮੁਤੱਲਿਕ ਪਹਿਲਾਂ ਦੀ ਬਣੀ ਹੋਈ ਹੈ ।

ਫਾਈਨੈਂਸ ਮਨਿਸਟਰ ਸਾਹਿਬ ਖੁਦ ਮੰਨਦੇ ਹਨ ਕਿ 8 ਕਰੋੜ ਰੁਪਿਆ ਸਟੇਟ ਟਰੇਡਿੰਗ ਤੇ ਲਾ ਦਿਤਾ ਜਾਵੇ ਤਾਂ ਸਟੇਟ ਟੈਕਸਿਜ਼ ਲਾਉਣ ਤੋਂ ਬਚ ਸਕਦੀ ਹੈ । ਇਸ ਦਾ ਮਤਲਬ ਹੈ ਕਿ there is no food shortage in Punjab. ਫੂਡ ਦਾ ਮਸਲਾ ਹੈ । ਇਹ ਮਸਲਾ ਕੀ ਹੈ ? 1964-65 ਵਿਚ ਰਾਸ਼ਟਰਪਤੀ ਨੇ ਭਾਸ਼ਨ ਵਿਚ ਇਹ ਲਫਜ਼ ਕਹੇ ਨੇ– Profiteers and black-marketeers are the greatest enemies of the country. ਲੇਕਿਨ ਉਨ੍ਹਾਂ ਤੇ ਕੋਈ ਚੈਕ ਨਹੀਂ ! ਉਨ੍ਹਾਂ ਦੇ ਕੋਈ ਨੱਥ ਨਹੀਂ ਪਾਈ ਜਾਂਦੀ । ਉਨ੍ਹਾਂ ਨੂੰ ਖੁਲ੍ਹੀ ਛੁਟੀ ਦਿਤੀ ਜਾਂਦੀ ਹੈ ਕਿ ਗਰੀਬਾਂ ਦੀ ਚਮੜੀ ਉਧੇੜੋ । ਉਨ੍ਹਾਂ ਤੇ ਕੋਈ ਐਕਸ਼ਨ ਨਹੀਂ ਲਿਆ ਜਾਂਦਾ। ਡੀਫੈਂਸ ਆਫ਼ ਇੰਡੀਆ ਰੂਲਜ਼ ਕੇਵਲ ਸਿਆਸੀ ਵਰਕਰਾਂ ਅਤੇ ਐਮ. ਐਲ. ਏਜ਼. ਤੇ ਲਾਗੂ ਕਰਨ ਵਾਸਤੇ ਹਨ । ਇਹ ਬਲੈਕ ਮਾਰਕਿਟੀਆਂ ਤੇ ਲਾਗੂ ਨਹੀਂ । ਡੀਜ਼ਲ ਇੰਜਨ, ਡੀਜ਼ਲ ਆਇਲ ਅਤੇ ਕੈਰੋਸੀਨ ਆਇਲ ਦੀਆਂ ਕੀਮਤਾਂ ਬਹੁਤ ਜ਼ਿਆਦਾ ਵਧ ਗਈਆਂ ਹਨ । 'ਜੈ ਕਿਸਾਨ' ਅਤੇ 'ਜੈ ਜਵਾਨ' ਦਾ ਨਾਅਰਾ ਲਾਇਆ ਜਾਂਦਾ ਹੈ । ਪਰ ਕਿਸਾਨ ਨੂੰ ਟਰੈਕਟਰ ਚਲਾਉਣ ਵਾਸਤੇ ਡੀਜ਼ਲ ਨਹੀਂ ਮਿਲਦਾ । ਡੀਜ਼ਲ ਦੀ ਜੋ ਕੀਮਤ ਹੈ ਉਹ ਸਭ ਨੂੰ ਪਤਾ ਹੈ ।

ਬੀਬੀ ਜੀ, ਮੈਂ ਕਹਿੰਦਾ ਹਾਂ ਕਿ ਕਰਮਚਾਰੀਆਂ ਦੀ ਰੀਟਰੈਂਚਮੈਂਟ ਕਿਉਂ ਹੋ ਰਹੀ ਹੈ ਮਹਿਕਮਾ ਕੈਨਾਲ ਦੇ ਕਰਮਚਾਰੀ ਪਿਟ ਰਹੇ ਨੇ । ਉਹ ਪੰਜ ਪੰਜ ਜਾਂ ਦਸ ਦਸ ਜੀਆਂ ਦੇ ਫੈਮਲੀਜ਼ ਨੂੰ ਸਪੋਰਟ ਕਰ ਰਹੇ ਨੇ, ਉਹ ਹੁਣ ਬੇਘਰ ਹੋ ਰਹੇ ਨੇ । ਸਰਕਾਰ ਦੀ ਇਹ ਨੀਅਤ ਹੈ ਕਿ ਉਨ੍ਹਾਂ ਨੂੰ ਕਨਫ਼ਰਮ ਨਹੀਂ ਕਰਦੀ । ਜੇ ਕਨਫਰਮ ਕਰ ਦਿਤਾ ਤਾਂ ਉਨ੍ਹਾਂ ਨੂੰ ਰਿਟਾਇਰ ਕਰਨਾ ਪਏਗਾ। ਹੁਣ ਉਨ੍ਹਾਂ ਨੂੰ ਕੰਪਲਸਰੀ ਲੀਵ ਤੇ ਭੇਜਿਆ ਜਾ ਰਿਹਾ ਹੈ । ਫੈਮਲੀ ਪਲੈਨਿੰਗ ਦੇ ਮਹਿਕਮੇ ਵਿਚ ਜਿਨ੍ਹਾਂ ਦੀ ਤਿੰਨ ਤਿੰਨ ਚਾਰ ਚਾਰ ਸਾਲ ਦੀ ਸਰਵਿਸ ਹੋ ਗਈ ਹੈ ਉਨ੍ਹਾਂ ਨੂੰ ਨੋਟਿਸ ਦਿਤਾ ਹੈ । ਇਹ ਛੋਟਿਆਂ 2 ਤੇ ਕੁਲਹਾੜਾ ਬੰਦ ਕਰਨਾ ਚਾਹੀਦਾ ਹੈ । ਉਨ੍ਹਾਂ ਲਈ ਸੋਚਣਾ ਚਾਹੀਦਾ ਹੈ ਅਤੇ ਜਨਤਕ ਭਲਾਈ ਵਾਸਤੇ ਸਰਵਿਸ ਵਿਚ ਲਿਆਉਣਾ ਚਾਹੀਦਾ ਹੈ । ਵਡਿਆਂ 2 ਨੂੰ ਕਢਣ ਤਾਂ ਜੋ ਗਰੀਬਾਂ ਦਾ ਭਲਾ ਹੋ ਸਕੇ । ਇਸ ਦੇ ਨਾਲ ਹੀ ਮੈਂ ਬੇਨਤੀ ਕਰਦਾ ਹਾਂ ਕਿ ਰਾਜਿਆਂ ਮਹਾਰਾਜਿਆਂ ਦੇ ਅਲਾਉਂਸਾਂ ਦਾ ਬੜਾ ਨਾਅਰਾ ਦਿਤਾ ਜਾਂਦਾ ਹੈ ਕਿ ਇਹ ਨਹੀਂ ਹੋਣੇ ਚਾਹੀਦੇ । ਸਾਡੇ ਸਟੇਟ ਐਕਸਚੈਕਰ ਵਿਚੋਂ ਲੱਖਾਂ ਰੁਪਿਆ ਉਨ੍ਹਾਂ ਨੂੰ ਦਿਤਾ ਜਾਂਦਾ ਹੈ । ਇਹ ਰੁਪਿਆ ਗਰੀਬ ਕਿਸਾਨਾਂ ਦੇ ਗਾੜ੍ਹੇ ਪਸੀਨੇ ਦੀ ਕਮਾਈ ਨਾਲ ਕਮਾਇਆ ਹੋਇਆ ਟੈਕਸਾਂ ਰਾਹੀਂ ਇਕੱਠਾ ਕੀਤਾ ਜਾਂਦਾ ਹੈ । ਮੈਂ ਨਿਜ਼ਾਮ ਹੈਦਰਾਬਾਦ ਦੀ ਮਿਸਾਲ ਦਿੰਦਾ ਹਾਂ। 1962 ਦੀ ਜੰਗ ਵੇਲੇ ਉਸ ਨੂੰ ਡੀਫੈਂਸ ਫੰਡ ਲਈ ਦੇਣ ਵਾਸਤੇ ਕਿਹਾ ਗਿਆ । ਉਹ ਕਹਿੰਦਾ ਕਿ ਮੈਂ ਗਰੀਬ ਹਾਂ, ਡੀਫੈਂਸ ਫੰਡ ਵਿਚ ਇਕ ਪਾਈ ਨਹੀਂ ਦੇ ਸਕਦਾ । ਉਹ ਸਾਡੇ ਖਜ਼ਾਨੇ ਵਿਚੋਂ 60 ਲੱਖ ਰੁਪਿਆ ਲੈ ਰਿਹਾ ਹੈ ਪਰ ਉਸ ਨੇ ਇਹ ਜਵਾਬ ਦਿਤਾ । ਮੈਂ ਬੜੇ ਅਦਬ ਨਾਲ ਬੇਨਤੀ

[ਕਾਮਰੇਡ ਬਾਬੂ ਸਿੰਘ ਮਾਸਟਰ]

ਕਰਦਾ ਹਾਂ ਕਿ ਅਪਰ ਹਾਊਸ ਦੀ ਕੋਈ ਜ਼ਰੂਰਤ ਨਹੀਂ । ਇਹ ਤੋੜ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਨੈਸ਼ਨਲਾਈਜੇਸ਼ਨ ਆਫ ਬੈਂਕਸ ਬਾਰੇ ਬੇਨਤੀ ਕਰਦਾ ਹਾਂ । ਸਾਡੀ ਸਰਕਾਰ ਨੂੰ ਇਸ ਬਾਰੇ ਫੌਰੀ ਕਦਮ ਚੁਕਣਾ ਚਾਹੀਦਾ ਹੈ । ਸੈਂਟਰ ਵਿਚ ਵੀ ਸੁਭਦਰਾ ਜੋਸ਼ੀ ਵਰਗੇ ਸੁਲਝੇ ਹੋਏ ਪਾਰਲੀਮੈਂਟ ਦੇ ਮੈਂਬਰਾਂ ਨੇ ਇਹ ਸਵਾਲ ਉਠਾਇਆ ਹੈ । ਸਾਡੀ ਸਟੇਟ ਵਿਚ ਐਸੀ ਸਿਚੂਏਸ਼ਨ ਹੈ । ਫਿਨਾਂਸ ਮਨਿਸਟਰ ਸਾਹਿਬ ਆਪਣੇ ਆਪ ਹੀ ਸ਼ੈਡਿਊਲਡ ਬੈਂਕਸ ਨੂੰ ਨੈਸ਼ਨੇਲਾ-ਈਜ਼ ਕਰ ਦੇਣ । ਜਨ ਸੰਘ ਵਿਚ ਉਹ ਬੰਦੇ ਵੀ ਹਨ ਜਿਨ੍ਹਾਂ ਕੋਲ ਵਡੇ 2 ਬੈਂਕ ਹੋਲਡਰਾਂ ਦੀ ਮਨਾਪਲੀ ਹੈ । ਐਮਰਜੈਂਸੀ ਦੇ ਦੌਰਾਨ ਜਨ ਸੰਘ ਨੇ ਸਟੇਜ ਤੋਂ ਰੈਜ਼ੋਲਿਊਸ਼ਨ ਪਾਸ ਕਰਕੇ ਕਿਹਾ ਕਿ ਸ਼ੈਡਿਊਲਡ ਬੈਂਕ ਨੈਸ਼ਨੇਲਾਈਜ਼ ਕਰ ਦੇਣੇ ਚਾਹੀਦੇ ਹਨ। ਇਹ ਸਟੇਟ ਦੀ ਇਕਾਨੌਮੀ ਅਤੇ ਐਗਰੀ-ਕਲਚਰਲ ਇਕਾਨੌਮੀ ਵਿਚ ਰੋੜਾ ਬਣਦੇ ਨੇ। ਇਨ੍ਹਾਂ ਦੁਆਰਾ ਮਨਾਪੋਲਿਸਟਸ ਆਪਣੀਆਂ ਝੋਲੀਆਂ ਭਰਦੇ ਨੇ । ਛੋਟੇ ਕਿਸਾਨ ਅਤੇ ਛੋਟੇ ਇੰਡਸਟਰੀਅਲਿਸਟ ਦਾ ਕੋਈ ਖਿਆਲ ਨਹੀਂ । ਇਹ ਬੈਂਕ ਛੇਤੀ ਤੋਂ ਛੇਤੀ ਨੈਸ਼ਨੇਲਾਈਜ਼ ਕਰਨੇ ਚਾਹੀਦੇ ਹਨ । ਸੈਂਟਰ ਨੂੰ ਰਿਕਮੈਂਡ ਕਰ ਦੇਣਾ ਚਾਹੀਦਾ ਹੈ ਦੂਜੇ ਬੈਂਕਾਂ ਨੂੰ ਵੀ ਨੈਸ਼ਨੇਲਾਈਜ਼ ਕਰੇ । ਸ਼ੈਡਲਊਡ ਬੈਂਕ ਤਾਂ ਛੇਤੀ ਤੋਂ ਛੇਤੀ ਨੈਸ਼ਨਲਾਈਜ਼ ਕਰ ਦੇਣੇ ਚਾਹੀਦੇ ਹਨ । ਇਸ ਦੇ ਨਾਲ ਹੀ ਸ਼ੂਗਰ ਇੰਡਸਟਰੀ ਦਾ ਮਸਲਾ ਹੈ । (ਘੰਟੀ) ਕਿਊਬਾ ਇਕ ਛੋਟਾ ਜਿਹਾ ਦੇਸ਼ ਹੈ ਜੋ ਅਮਰੀਕਾ ਦੀ ਜਾੜ੍ਹ ਵਿਚ ਹੈ । ਉਥੇ ਇਕੱਲੀ ਸ਼ੂਗਰ ਦੀ ਇੰਡਸਟਰੀ ਹੈ, ਜਿਸ ਨਾਲ ਉਹ ਐਗਜ਼ਿਸਟ ਕਰਦੇ ਨੇ । ਉਹ ਇਕੱਲੀ ਖੰਡ ਨਾਲ ਹੀ ਫਾਰਿਨ ਐਕਸਚੇਂਜ ਕਮਾਉਂਦੇ ਨੇ । ਏਥੇ ਕਚੇ ਮਾਲ ਦੀ ਕੋਈ ਘਾਟ ਨਹੀਂ । ਗੰਨਾ ਆਮ ਰੁਲਦਾ ਫਿਰਦਾ ਹੈ, ਮਿਲ ਮਾਲਕ ਗੰਨਾ ਲੈਂਦੇ ਨਹੀਂ । ਇਸ ਵੇਲੇ ਡੀ. ਡੀ. ਪੁਰੀ, ਜਗਤਜੀਤ ਮਿਲ ਫਗਵਾੜਾ ਅਤੇ ਥਾਪਰ ਵਰਗਿਆਂ ਨੂੰ 22 ਲਖ ਰੁਪਿਆ ਐਕਸ ਗਰੇਸ਼ੀਆ ਗਰਾਂਟ ਦਿੰਦੇ ਨੇ ਤੇ ਕਹਿੰਦੇ ਨੇ ਕਿ ਉਨ੍ਹਾਂ ਨੇ ਦੇਰ ਨਾਲ ਗੰਨਾ ਪੀੜਿਆ ਹੈ । ਗਰੋਅਰ ਦਾ ਗੰਨਾ ਸੁਕਦਾ ਹੈ ਅਤੇ ਉਸ ਵਿਚੋਂ ਰਹੁ ਘਟ ਨਿਕਲਦਾ ਹੈ । ਗੰਨੇ ਦਾ ਭਾਉ 2 ਰੁਪਏ ਮਣ ਹੈ । ਸਾਢੇ ਤਿੰਨ ਰੁਪਏ ਮਣ ਜਾਂ 4 ਰੁਪਏ ਮਣ ਗੰਨਾ ਯੂ. ਪੀ. ਤੋਂ ਲਿਆ ਕੇ ਪੀੜਿਆ ਜਾ ਰਿਹਾ ਹੈ । ਸਾਡੇ ਗਰੋਅਰਜ਼ ਨੂੰ ਮੁਸ਼ਕਲ ਹੈ । ਉਹ ਗੰਨਾ ਪੀੜਿਆ ਨਹੀਂ । ਸਾਡੇ ਕਰਸ਼ਰ ਲਗਿਆ ਹੋਇਆ ਹੈ । ਉਹ ਪੌਣੇ ਚਾਰ ਰੁਪਏ ਮਣ ਗੰਨਾ ਲੈ ਕੇ ਪੀੜਦੇ ਨੇ । ਕਿਸਾਨ ਮਜਬੂਰ ਹੋਕੇ ਉਥੇ ਗੰਨਾ ਦਿੰਦੇ ਨੇ ।

ਇਸ ਦੇ ਨਾਲ ਹੀ ਮੈਂ ਇਕ ਬਹੁਤ ਅਹਿਮ ਗੱਲ ਕਹਿਣੀ ਚਾਹੁੰਦਾ ਹਾਂ । ਯੂਨੀਵਰਸਟੀ ਸਾਡਾ ਵਿਦਿਆ ਦਾ ਵਡਾ ਮੰਦਰ ਹੈ ਜਿਥੋਂ ਸਿਖਿਆ ਪੈਦਾ ਹੋਈ ਹੈ । ਅਜ ਯੂਨੀਵਰਸਟੀ ਵਿਚ ਨੈਪੋਟਿਜ਼ਮ, ਫੇਵਰਿਟਿਜ਼ਮ ਚਲਦਾ ਹੈ । ਹੁਣੇ ਲਾਲਾ ਲਾਜਪਤ ਰਾਏ ਦੀ ਚੇਅਰ ਵਾਲੀ ਗੱਲ ਹੋਈ । (ਘੰਟੀ) ਚੌਧਰੀ ਹਰਦੁਆਰੀ ਲਾਲ ਨੇ ਦਸਿਆਂ ਸੀ ਕਿ ਸ਼੍ਰੀ ਬੂਲ ਚੰਦ ਦੀ ਐਪੁਆਇੰਟਮੈਂਟ ਸਮੇਂ ਕੀ ਕੁਝ ਹੋਇਆ । ਫਿਰ ਸ਼੍ਰੀ ਡੀ. ਸ਼ਰਮਾ ਬਾਰੇ ਵੀ ਇਸ ਤਰ੍ਹਾਂ ਦੀਆਂ ਐਲੀਗੇਸ਼ਨਜ਼ ਨੇ । ਇਹ ਸੋਚਦੇ ਨਹੀਂ । ਦੂਜੇ ਪਹਿਲੂ ਵਿਚ ਸਾਡੇ ਸਾਹਮਣੇ ਮਨਿਸਟਰਾਂ ਨੂੰ ਭਾਜੜ ਪਈ ਹੈ । ਬੀਬੀ ਜੀ, ਤੁਸੀਂ ਇਨ੍ਹਾਂ ਨੂੰ ਤਿਰੀਮੂਰਤੀ ਕਿਹਾ ਸੀ । ਮੈਂ ਕਹਿੰਦਾ ਹਾਂ ਇਹ ਚੰਡਾਲ ਚੌਕੜੀ ਹੈ । ਸਾਡੇ 4 ਸੀਨੀਅਰ ਮਨਿਸਟਰ ਪੰਜਾਬ ਦੀ ਫਿਜ਼ਾ ਨੂੰ, ਹਿੰਦੂ ਸਿਖ ਇਤਫਾਕ ਨੂੰ ਵਿਗਾੜਨ ਲਈ ਤੁਲੇ ਹੋਏ ਨੇ । ਸਾਰਾ ਝਗੜਾ ਡੀ. ਏ. ਵੀ. ਕਾਲਿਜ ਦੇ ਸਟੂਡੈਂਟਸ ਵਲੋਂ ਕਰਵਾਇਆ ਜਾ ਰਿਹਾ ਹੈ । ਇਹ ਕੋਈ ਹੱਸਣ ਵਾਲੀ ਗੱਲ ਨਹੀਂ । ਇਹ ਵੇਖਕੇ ਹਸਦੇ ਨੇ ਕਿ ਫਲਾਣਾ ਘਰ ਫੂਕਿਆ ਗਿਆ। ਸਾਨੂੰ ਦੁਖ ਹੈ । ਇਹ ਇਕ ਬਹੁਤ ਵਡੀ ਚੀਜ਼ ਹੈ ਜਿਸ ਦਾ ਅਗੇ ਜਾ ਕੇ ਨਤੀਜਾ ਭੁਗਤਣਾ ਪੈਣਾ ਹੈ । ਕਾਂਗਰਸ ਕਹਿੰਦੀ ਹੈ ਕਿ ਡੈਮੋਕਰੇਸੀ ਦੇ ਰਾਹ ਤੇ ਚਲਿਆ ਜਾਏ । ਅਸੀਂ ਕਮਿਊਨਿਸਟ ਵੀ ਚਾਹੁੰਦੇ ਹਾਂ ਕਿ ਡੈਮੋਕਰੇਸੀ

ਪ੍ਰਫੁਲਤ ਹੋਣੀ ਚਾਹੀਦੀ ਹੈ । ਇਹ ਫਿਰਕਾਪ੍ਰਸਤੀ ਖਤਮ ਕਰਨੀ ਚਾਹੀਦੀ ਹੈ । (ਘੰਟੀ) (ਵਿਘਨ) ਅਸੀਂ ਉਨ੍ਹਾਂ ਨੂੰ 80 ਲਖ ਜਾਂ 82 ਲਖ ਰੁਪਿਆ ਗਰਾਂਟ ਦੀ ਸ਼ਕਲ ਵਿਚ ਦਿੰਦੇ ਹਾਂ । ਇਸ ਸਿਚੂਏਸ਼ਨ ਵਿਚ, ਇਸ ਫਿਜ਼ਾ ਵਿਚ ਉਹ ਸਾਡੇ ਤੇ ਜ਼ਹਿਰੀਲਾ ਸੱਪ ਬਣ ਕੇ ਨਿਕਲੇ ਨੇ । ਸਾਡੀਆਂ ਪਹਿਲੀਆਂ ਐਜੀਟੇਸ਼ਨਾਂ ਹੋਈਆਂ । ਬੈਟਰਮੈਂਟ ਲੈਵੀ ਦੀ ਐਜੀਟੇਸ਼ਨ ਹੋਈ, ਅਕਾਲੀ ਮੋਰਚਾ ਲਗਿਆ, ਸ਼ਹਿਰੀ ਆਜ਼ਾਦੀ ਦਾ ਮੋਰਚਾ ਲਗਿਆ, ਉਹ ਪੀਸਫੁਲ ਹੋਈਆਂ । ਸਾਡੀ ਚੰਡਾਲ ਚੌਕੜੀ ਨੇ 'ਮਿਲਾਪ' ਦੇ ਦਫਤਰ ਦੇ ਕੋਲ ਬਸ ਨੂੰ ਅਗ ਲਾਈ । ਸਾਰੀਆਂ ਸਵਾਰੀਆਂ ਉਤਾਰੀਆਂ ਗਈਆਂ । ਡਰਾਈਵਰ ਅਤੇ ਕੰਡਕਟਰ ਨੂੰ ਉਤਾਰਿਆ ਗਿਆ । ਪਤਾ ਨਹੀਂ ਉਸ ਵੇਲੇ ਪੁਲੀਸ ਕੀ ਕਰਦੀ ਸੀ । ਸਾਡੇ ਚੀਫ ਮਨਿਸਟਰ ਅਤੇ ਹੋਮ ਮਨਿਸਟਰ ਨੇ ਪਤਾ ਨਹੀਂ ਕੀ ਹਿਦਾਇਤ ਦਿਤੀ । ਉਹ ਮੁਤਮੱਈਅਨ ਹੋ ਕੇ, ਬੇ-ਫਿਕਰ ਹੋ ਕੇ ਖੜ੍ਹੇ ਰਹੇ, ਜਿਵੇਂ ਘਰ ਦੀ ਬਸ ਨੂੰ ਸਾੜਨਾ ਹੈ ਓਸੇ ਤਰ੍ਹਾਂ ਇਸ ਨੂੰ ਸਾੜ ਦਿਤਾ ਗਿਆ । ਕੋਈ ਐਕਸ਼ਨ ਨਹੀਂ ਲਿਆ ਗਿਆ । ਇਨਸਾਫ ਇਹ ਮੰਗ ਕਰਦਾ ਹੈ ਕਿ ਜੋ ਦੋਸ਼ੀ ਹੈ ਉਸ ਦੇ ਖਿਲਾਫ ਕੇਸ ਦਰਜ ਹੋਣਾ ਚਾਹੀਦਾ ਹੈ । ਮੈਂ ਸੀਰੀਅਸਲੀ ਇਲਜ਼ਾਮ ਲਾਏ ਹਨ । ਉਹ ਸਾਡੀ ਸਰਕਾਰ ਦੇ ਭੜਕਾਏ ਹੋਏ ਹਨ । ਪਹਿਲਾਂ ਬਠਿੰਡੇ ਵਿਚ ਆਦਮੀ ਸ਼ਹੀਦ ਹੋਏ । ਐਤੀਆਣੇ ਵਿਚ ਮਾਵਾਂ ਭੈਣਾਂ ਅਤੇ ਬਜ਼ੁਰਗਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ । ਇਹੋ ਜਿਹੇ ਭੈੜੇ ਹਾਲਾਤ ਹੋਣ ਤਾਂ ਪੁਲਿਸ ਦੇ ਖਿਲਾਫ 302 ਦਾ ਕੇਸ ਰਜਿਸਟਰ ਕਰਨਾ ਚਾਹੀਦਾ ਹੈ । ਇਹ ਹੋ ਸਕਦਾ ਹੈ ਕਿ ਇਹ ਕਹਿਣ ਕਿ ਅਸੀਂ ਕਮਿਸ਼ਨ ਬਿਠਾਵਾਂਗੇ ਅਤੇ ਪੜਤਾਲ ਕਰਵਾਵਾਂਗੇ । ਲੇਕਿਨ ਕਿਹੜਾ ਪੁਲਿਸ ਅਫਸਰ ਜੁਰਅਤ ਕਰੇਗਾ ਅਮਨ ਕਾਇਮ ਕਰਨ ਦੀ ਯਾ ਇੰਤਸ਼ਾਰ ਕਰਨ ਵਾਲਿਆਂ ਨੂੰ ਅਰੈਸਟ ਕਰਨ ਦੀ ? ਸਾਡੀ ਸਰਕਾਰ ਦਾ ਇਸ ਦੇ ਪਿਛੇ ਹੋਣਾ ਸਾਡੀ ਸਰਕਾਰ ਦੀ ਨਾਅਹਿਲੀਅਤ ਦਾ ਸਾਫ ਜ਼ਾਹਰ ਹੋਣਾ ਹੈ । ਅਜ ਸਾਡਾ ਭਵਿਖ ਬਿਲਕੁਲ ਹਨੇਰੇ ਵਿਚ ਹੈ । ਉਹ ਨੌਜਵਾਨ ਵਿਦਿਆਰਥੀ ਜਿਨ੍ਹਾਂ ਨੇ ਸਾਡੀ ਕੌਮ ਦੇ ਨਾਂ ਨੂੰ, ਸਾਡੇ ਹਿੰਦੁਸਤਾਨ ਅਤੇ ਪੰਜਾਬ ਦੇ ਮਾਣ ਨੂੰ ਉਚਾ ਕਰਨਾ ਸੀ ਅਜ ਉਨ੍ਹਾਂ ਵਿਚ ਫ਼ਿਰਕਾ-ਪ੍ਰਸਤੀ ਦੀ ਜ਼ਹਿਰ ਘੋਲੀ ਹੈ, ਉਨ੍ਹਾਂ ਨੂੰ ਉਕਸਾਇਆ ਗਿਆ ਹੈ । ਕਾਲਿਜ ਦੇ ਪ੍ਰਿੰਸੀਪਲ ਅਤੇ ਪਰੋਫੈਸਰਾਂ ਨੇ ਉਨ੍ਹਾਂ ਨੂੰ ਉਲਟ ਰਸਤੇ ਲਾਇਆ ਹੈ । ਅਦਰਵਾਈਜ਼ ਉਨ੍ਹਾਂ ਬਚਿਆਂ ਦਾ ਕੋਈ ਕਸੂਰ ਨਹੀਂ । (ਘੰਟੀ) ਕਾਂਗਰਸ ਦੇ ਲੀਡਰ ਤੇ ਮੈਂਬਰ ਕਹਿੰਦੇ ਨੇ, ਫਿਰਕਾਪ੍ਰਸਤੀ ਨੂੰ ਵਧਾਉਣ ਵਾਸਤੇ ਬਿਆਨ ਦਿੰਦੇ ਨੇ ਕਿ ਪੰਜਾਬੀ ਸੂਬੇ ਦਾ ਕੀ ਹੈ । ਮੈਂ ਸਾਫ ਸ਼ਬਦਾਂ ਵਿਚ ਕਹਾਂਗਾ ਕਿ ਜਨ ਸੰਘ ਦੇ ਉਹ ਵੀਰ ਜਿਹੜੇ ਪਹਿਲਾਂ ਕਹਿੰਦੇ ਸਨ, ਅਜ ਤੋਂ 10 ਸਾਲ ਪਹਿਲਾਂ ਕਹਿੰਦੇ ਸਨ ਕਿ ਪੰਜਾਬੀ ਸਾਡੀ ਮਾਂ ਬੋਲੀ ਨਹੀਂ ਅਜ ਹਰਿਆਣੇ ਵਾਲਿਆਂ ਨੂੰ ਕਹਿੰਦੇ ਨੇ ਕਿ ਤੁਸੀਂ ਮੰਨ ਜਾਉ । ਅਜ ਇਹ ਜਨ ਸੰਘੀ ਹਰਿਆਣੇ ਵਾਲਿਆਂ ਨੂੰ ਕਹਿੰਦੇ ਹਨ ਕਿ ਤੁਸੀਂ ਪੰਜਾਬੀ ਜ਼ਬਾਨ ਲਈ ਮੰਨ ਜਾਉ । ਕਿਤਨੀ ਫਿਰਕਾਪ੍ਰਸਤੀ ਵਾਲੀ ਗੱਲ ਹੈ । ਇਹ ਮੈਂ ਸਪੱਸ਼ਟ ਤੌਰ ਤੇ ਦਸਣਾ ਚਾਹੁੰਦਾ ਹਾਂ ਕਿ ਜਨ ਸੰਘੀਆਂ ਨੇ ਜੋ ਹੁਲੜਬਾਜ਼ੀ ਚਲਾਈ ਹੈ ਇਸ ਦੇ ਪਿਛੇ ਗੌਰਮਿੰਟ ਦਾ ਹਥ ਹੈ । ਉਨ੍ਹਾਂ ਨੇ ਅਮਰੀਕਾ ਦੇ ਬਣੇ ਹੋਏ ਗੈਸ ਵਾਲੇ ਗੋਲੇ ਚਲਾਏ ਹਨ ਮਗਰ ਇਲਜ਼ਾਮ ਸਾਡੇ ਉਤੇ ਲਾਏ ਜਾਂਦੇ ਸਨ ਕਿ ਕਮਿਊਨਿਸਟ ਤਖਰੀਬੀ ਕਾਰਵਾਈਆਂ ਕਰਦੇ ਹਨ । ਹੁਣ ਸਾਫ ਪਤਾ ਲਗ ਗਿਆ ਹੈ ਕਿ ਤਖਰੀਬੀ ਕਰਵਾਈਆਂ ਕੌਣ ਕਰਦੇ ਹਨ । ਹਰਿਆਣੇ ਦੇ 90% ਹਿੰਦੂ ਅਜ ਮੰਗ ਕਰਦੇ ਹਨ ਕਿ ਹਰਿਆਣਾ ਪਰਾਂਤ ਅਤੇ ਪੰਜਾਬੀ ਸੂਬਾ ਬਣਾ ਦਿਤਾ ਜਾਵੇ ਲੇਕਿਨ ਸੈਂਟਰ ਦੇ ਕੁਝ ਆਦਮੀ ਮੰਨਦੇ ਨਹੀਂ । ਮੈਂ ਤਾਂ ਸਿਰਫ ਇਕੋ ਗੱਲ ਕਹਿੰਦਾ ਹਾਂ ਕਿ ਅਗਰ ਹਰਿਆਣਾ ਪਰਾਂਤ ਦੇ ਹਿੰਦੂ ਨੂੰ ਹਿੰਦੂ ਮੰਨ ਲਿਆ ਜਾਵੇ ਔਰ ਸਿਖ ਨੂੰ ਹਿੰਦੁਸਤਾਨੀ

[ਕਾਮਰੇਡ ਬਾਬੂ ਸਿੰਘ ਮਾਸਟਰ]
ਮੰਨ ਲੈਣ ਤਾਂ ਕੋਈ ਝਗੜਾ ਹੀ ਬਾਕੀ ਨਹੀਂ ਰਹਿ ਜਾਂਦਾ । ਬਸ ਮੈਂ ਏਨਾਂ ਕਹਿ ਕੇ ਬੈਠਦਾ ਹਾਂ ।

चौधरी इन्दर सिंह मलिक : डिप्टी स्पीकर साहिबा, आप कैसा इनसाफ करती हैं । उधर से आठ आदमी बोल चुके हैं मगर आप हमें टाईम नहीं दे रहीं ।

Deputy Speaker : Let me see the record please.

श्री चांदी राम वर्मा (अबोहर) : डिप्टी स्पीकर साहिबा, सरदार कपूर सिंह जी नें जो बजट पेंश किया है वह बहुत मेहनत करके और बहुत लम्बी स्पीच के ज़रिए हाउस के सामने पेश किया है । मेरे खयाल में इस से पहले इतनी लम्बी स्पीच का बजट कभी नहीं पेश हुआ । सरदार जी बड़े फिकर में थें कि कैसे बजट पेश किया जाना चाहिए क्योंकि पाकिस्तान के साथ लड़ाई करने से सूबे के हालात बहुत खराब हो चुके थें । खैर, उन को सारे हालात का जायज़ा लेकर बजट पेंश करने का मौका मिला है । मैं समझता हूं कि सूबे के हालात के पेशेनज़र सरदार साहिब अगर टैक्स न लगा कर घाटे का बजट पेश कर देते तो वह ज्यादा बधाई के पात्र होते । लेकिन फिर भी बहुत सी उलझनों के बावजूद जो उन्हों ने बजट तैयार करने के लिए मेहनत की है उस की मैं दाद देता हूं । मैं फिनांस मिनिस्टर साहिब के नोटिस में दो चार बातें लाना चाहता हूं, जो है तो बहुत मामूली लेकिन उन पर ध्यान कम दिया जाता है । दो चीज़े हमारे सामने बिल्कुल एसेन्शल सप्लाईज़ की हैं । एक कोयला और दूसरा तेल-डीज़ल, पैंटरोल वगैरा । यह एशिया इनसानी ज़रूरियात के लिए अज़हद ज़रूरी हैं । पंजाब भर में कोयले के डिपो और भट्ठे जो दिए जाते हैं वह गवर्नमैंट जिन को चाहे दे देती है लेकिन चण्डीगढ़ के लिए शुरू से ही कोयले के डिपो देनें का निराला तरीका है । कोयले के डिपू के लिए एक जगह मखसूस की जाती है और उस की नीलामी की जाती है । अभी अभी एक कनाल जगह का प्लाट कोयलें के डिपो के लिए एक लाख 6 हज़ार रुपए में नीलाम हुआ । इसी तरह 7/8 डिपो चन्ड़ीगढ़ के अन्दर चल रहे हैं । जिन की कीमत एक एक लाख के करीब है और आयंदा के लिए अगर कोई डिपो नीलाम हुआ तो उस की कीमत $1\frac{1}{2}$ लाख से कम नहीं होगी क्योंकि बोली में लोगों की आदत होती है कि वह बढ़ जाते हैं । मैं इस पर ऐंतराज़ न करता अगर कुछ तहफ्फज़ भी होता । चण्डीगढ़ में कोयले के डिपो के लिए $1\frac{1}{2}$ लाख तो प्लाट पर खर्च करना पड़ता है और फिर चार दीवारी पर खर्च करना है । दो लाख रुपया लगा कर "कोयले की दलाली और मुंह काला" दो लाख रुपए के तो सूद से ही आदमी आराम की रोटी खा सकता है । लेकिन इस बात का कोयले के डिपो वाले को तहफ्फज नहीं दिया गया । इन के सिवाए बाहिर से कोयला यहां पर आ कर नहीं बिक सकता हालांकि यह शर्त है कि बाहिर से यहां कोयला आ कर नहीं बिकेगा । मगर बावजूद इस के

जो आस पास की मनीमाजरे जैसी जगहें हैं जहां डिपो मुफत में मिल जाते हैं वहां अपना कोयला ले कर यहां पर बेच देते हैं हालांकि कोयला बेंचने के कार्ड भी बने हुए हैं। पता नहीं सिविल सपलाई के आफ़ीसर्ज ने मनीमाजरे के कोयले डिपो-होलडर पर कैसे मेहरबानी कर रखी है वह जितना कोयला चाहे इंजीनियरिंग कालेज में भेज सकता है । मैं मुख्य मंत्री साहिब के नोटिस में भी यह बात लाया हूं । मगर मिनिस्टर्ज को जितनी भी दरखास्तें की जाती हैं उन को लेने वाले पी० ऐज़० होते हैं इस लिए वह बात अंधेरे में ही चली जाती है । लोग कहते हैं कि कोयला बहुत खराब आता है । उस की बात यह है कि दो लाख की लागत लगाने के बाद चण्डीगढ़ में आदमी डिपो चलाता है लेकिन उसे कलकत्ता से सीधा कोयला मंगाने की इजाज़त नहीं है । उस की सप्लाई का इन्तज़ाम सिविल सप्लाईज डिपार्टमैंट वाले ही करते हैं । कलकत्ता से एक डिप्टी डायरैक्टर आए और उन्हों ने कहा कि डिपो होलडर्ज़ का चायस होना चाहिए कि जहां से चाहे मंगवा ले और अगर कोयला खराब हो तो वह कह सके कि हमें अच्छी क्वालिटी का कोयला भेजो । लेकिन उन को वही लेना पड़ता है जो सिविल सपलाईज़ वाले मंगवा कर देते हैं । चाहे उस में मिट्टी हो चाहे केरी हो । इस लिए मैं यह चाहूंगा कि सरकार इस सारी चीज़ को एग्ज़ामिन करके सारी शिकायतों को दूर करने का यत्न करे ।

अब मैं दूसरी बात करता हूं । आज एमर्जेंसी के ज़माने के अंदर हमें यह कहा गया है कि इन्डस्ट्री के लिए फिरोज़पुर, गुरदासपुर और अमृतसर के रहने वालों को कर्जे दिए जाएंगे । कर्जे देने के लम्बे चौड़े चिट्ठे बनाए गए हैं लेकिन मंजूर होने के बाद भी लोगों को कर्ज़ा नहीं दिया गया । एक बात का आखिर में मैं खास तौर पर जिकर करना चाहता हूं । अभी एक दिन सरदार गुरचरन सिंह ने हमारे ज़िला के डी. सी. के सम्बन्ध में निहायत ही गलतब्यानी की । मैं उसका जवाब देना चाहता हूं क्यों कि अगर काम करने वाले अफसरों के बारे में इस तरह की गलतब्यानी की जाए तो यह शोभा नहीं देता । मैं अर्ज़ करना चाहता हूं कि पूना के मिलट्री हास्पिटल के कमांडिंग अफ़सर श्री ओ० सी सेनापती हैं । हमारे जिला के डी.सी. विर्क साहिब का लड़का वहां मिलट्री हास्पिटल में दाखिल था और वह वहां अपने लड़के को देखने गए......

ਬਾਬੂ ਅਜੀਤ ਕੁਮਾਰ : *X X X
X X X X

(ਸ਼ੋਰ)

श्री चांदी राम वर्मा : डिप्टी स्पीकर साहिबा, इन्हें लफज वापस लेने चाहिएं....(शोर)

*Note—Expunged as ordered by the Chair.

Deputy Speaker : Please withdraw these words.

ਬਾਬੂ ਅਜੀਤ ਕੁਮਾਰ : *X X X
X X X X

(ਸ਼ੋਰ)

Deputy Speaker : Please withdraw these words.

ਬਾਬੂ ਅਜੀਤ ਕੁਮਾਰ : ਉਹ ਕਿਹੜਾ ਲਫਜ਼ ਹੈ ਜੋ ਮੈਂ ਅਨਪਾਰਲੀਮੈਂਟਰੀ ਕਿਹਾ ਹੈ ਜਿਸ ਨੂੰ ਮੈਂ ਵਾਪਸ ਲਵਾਂ । ਮੈਂ ਤਾਂ ਰੂਲਿੰਗ ਮੰਗਦਾ ਹਾਂ.......

ਡਿਪਟੀ ਸਪੀਕਰ : ਅਜੀਤ ਕੁਮਾਰ ਨੇ ਜੋ ਕੁਝ ਕਿਹਾ ਹੈ that will be expunged. (Whatever has been said by Babu Ajit Kumar will be expunged.)

श्री चांदी राम वर्मा : मैं अर्ज़ कर रहा था कि जब विर्क साहिब पूना में अपने बीमार लड़के को मिलट्री हास्पिटिल में देखने गए तो वहां के उस कमांडिंग अफसर ने कहा कि यहां कुछ नौजवान टी. बी. के मरीज़ हैं अगर उनकी कुछ मदद कर सकते हो तो करो । उन्हों ने कहा कि अपने ज़िला के अगर मरीज हों तो उनकी मदद कर सकता हूं । खैर, हमारे वहाँ डिस्टिरिक्ट सिटीज़न कमेटी की मीटिंग ज़ेर सदारत मरहूम सरदार बसंत सिंह मोगा वाले हुई और वहां कुछ रकम पास करके बज़रिया चैक फिरोज़पुर ज़िला के वहां पड़े X X.... तीन चार टी.बी. के मरीज़ों को भेजी गई । उन में से एक आदमी अबोहर का था, एक मुक्तसर का और एक फाज़िलका का था । इस तरह के झूठे अलजाम हाउस में खड़े हो कर लगाना अच्छा नहीं लगता । वह अफसर जो अच्छे काम करे उसकी तो सराहना करनी चाहिए ।

अब मैं कहना चाहता हूं कि मुलाज़मीन की हालत अच्छी नहीं । उनकी मदद की जानी चाहिए । (घंटी) अच्छा जी, बैठ जाता हूं ।

चौधरी इन्दर सिंह मलिक (सफीदों) : डिप्टी स्पीकर साहिबा, आज जो पंजाब में हालात हो रहे हैं उनके लिए यह सरकार जिम्मेदार हैं । कांग्रेस वर्किंग कमेटी ने पंजाबी सूबा की मांग को तो पूरा कर दिया लेकिन हरियाणा प्रांत की मांग जो इस से भी पुरानी मांग चली आती थी उसके बारे में कुछ नहीं कहा । हरियाणा प्रांत की मांग आज से नहीं, 1857 के वक्त से चली आती है । हरियाणा की 90 फी सदी आबादी गांव में रहती है और वह सारी की सारी

*Note—Expunged as ordered by the Chair.

हरियाणा प्रांत बनाए जाने के हक में हैं । यह जो चंद आदमी शहरों में हैं, जन संघ और आर. एस. एस. के वर्कर्ज़ हैं और डी.एज़. वी. कालिजों के प्रोफैसर्ज़ हैं, वही यह सारी आग भड़का रहे हैं । वरना कोई ऐजीटेशन इसके खिलाफ नहीं । मैं कहना चाहता हूं कि अगर यह गवर्नमैंट इस का इन्तज़ाम न कर सकी तो हम हरियाणा के लोग इन्तज़ाम करने के लिए तैयार हैं और वहां पत्ता तक नहीं हिलने देंगे । अब यह हाल है कि वहां जो वाकियात हुए हैं उनके लिए ज़िम्मेदार किसी जन संघी वर्कर को ग्रिफतार नहीं किया गया है । वहां के ऐस. डी. ऐम. और डी. सी. ने खुद यह सारी आग भड़काई है वरना वहां पूरा अमन चैन था । वहां के लोग जनसंघी नहीं क्योंकि पिछले चुनाव में जन संघी उमीदवारों की ज़मानतें ज़बत हो गई थीं । आप ने भी, डिप्टी सपीकर साहिबा, तकरीर करते हुए चेतावनी दी थी कि पंजाब कमजोर हाथों में न रहे । फिनांस मिनिस्टर साहिब बैठे हैं, मैं उन से कहता हूं कि जो वातावर्ण आप ने पैदा किया है उसे कंट्रोल करें वरना अगर यह आग गांव तक फैल गई तो पता नहीं पंजाब का क्या नकशा बनेगा । (शोर) डिप्टी सपीकर साहिबा, हमें मजबूर हो कर यह मांग करनी पड़ी । हरियाणा डिवैल्पमैंट कमेटी ने अपनी इन्टैरिम रिपोर्ट दी लेकिन फिनांस मिनिस्टर साहिब ने एक लफ्ज़ भी उसके बारे में नहीं कहा । यह ठीक है कि जिस परेशानी के हालात में उन्हों ने बजट पेश किया उसकी मैं उन्हें दाद देता हूं । मुझे अफसोस के साथ कहना पड़ता है कि हर सीगा में हरियाणा के साथ बुरा सलूक किया जा रहा है । वहां बिजली नहीं और इरीगेशन की हालत बुरी है । टैकनीकल अदारे और इन्जीनियरंग कालिज वहां नहीं । हस्पतालों में न दवाई है और न डाक्टर । जो मरीज़ वहां दाखिल हो जाता है मरे बगैर नहीं निकलता । अब यह शोर इस लिए मच रहा है क्यों कि पंजाबी हिन्दू अब समझता है कि हरियाणा वाले अपना हक ले लेंगे और उनका डाउनफाल आ गया है । आप देख लें पटियाला का एक हिन्दू है राम प्रताप गर्ग जो वहां से आया है । बठिंडा का एक हिन्दु है हरबंस लाल जो सपीकर बना बैठा है और डी.डी. खन्ना चेयरमैनी संभाले बैठा है । इसी तरह बाकी जगह के चन्द पंजाबी हिन्दु सारा कुछ लिए बैठे हैं । अब अपना डाउन फाल आता देख कर पंजाब में आग लगा रहे हैं । अगर हमें प्यार से रखते और हमारे हकूक दबाए न बैठे रहते तो यह बात न होती जो हम कर रहे हैं । पंजाब में हरियाणा प्रांत को हर सीगा में नज़र अंदाज़ किया गया और इसी वजह से वहां की सारी आबादी एक ज़बान से हरियाणा प्रांत की मांग कर रही है । आप देखें सफीदों में इन्डस्टरियल इन्स्टीट्यूट खोलने का फैसला हुआ था लेकिन आज तक नहीं खोला गया । 1962 मे गवर्नर साहिब ने अपने एड्रैस में कहा था कि वहां मिल्क पलांट लगाएंगे और अब की दफा फिर वही वायदा किया गया है लेकिन आज तक उसे पूरा नहीं किया गया ।

2.00 P.M.

डिप्टी स्पीकर साहिबा, हरियाणा इलाके के अन्दर जितनी भी सड़कें बनाने की स्कीमें हैं, उन पर एक चौथाई भी खर्च नहीं किया

[चौधरी इन्द्र सिंह मलिक]

जा रहा है। सरकार को इस तरफ ध्यान देना चाहिए।

डिप्टी स्पीकर साहिबा, मेरे हलके के अन्दर 4 स्कीमें मंज़ूर हुई थीं। यह बिजली के बारे में हैं। यह आलाना से कालवा आंटा से रोढ़ आदि हैं। इन में से तीन तो मंज़ूर हो चुकी है लेकिन अभी तक उन स्कीमों पर अमल नहीं हो रहा है। मैं सरकार से प्रार्थना करना चाहता हूं कि इन स्कीमों को जल्दी ही अमली जामा पहनाया जाए।

डिप्टी स्पीकर साहिबा, आंटा के निक्ट हज़ारों एकड़ ज़मीन सेम के नीचे आ रही है। वह ज़मीन काबले काश्त नहीं है। मैं सरकार से प्रार्थना करना चाहता हूं कि इस ज़मीन को रीक्लेम किया जाए।

डिप्टी स्पीकर साहिबा, सरकार किसानों को वक्त पर फसल के लिए पानी सप्लाई नहीं करती। लेकिन इस के इव्ज़ में किसानों से आबियाना पूरी शरह से ले लेती है। मैं सरकार से प्रार्थना करना चाहता हूं कि वहां पर पानी देने के लिए मीटर लगाए जाएं ताकि किसानों से पानी के हिसाब से आबियाना वसूल किया जा सके।

डिप्टी स्पीकर साहिबा, सरकार ने लोगों को 50 प्रतिशत सबसिडी इन्जनों पर देने का एलान तो कर दिया है लेकिन यह सबसिडी उन्हीं लोगों को मिलेगी जो सरकार से कर्ज़ा ले कर पम्पिंग सैट्स लगाएंगे। मैं सरकार से प्रार्थना करना चाहता हूं कि सरकार उन लोगों को भी सबसिडी दे जो किसान खुद अपनी पूंजी से लगाएंगे। सरकार को हर तहसील में ट्रैक्टर के लिए सर्विस स्टेशन खोलना चाहिए। वहां पर ही लोगों को सस्ते भाव पर पुर्ज़े मिलने चाहिएं ताकि किसानों को खेती करने में सहायता मिल सके।

डिप्टी स्पीकर साहिबा, सरकार ने एक कमेटी प्रोडक्शन की असैस करने के लिए बिठाई थी। उस की रिपोर्ट सरकार के पास मौजूद है। इस लिए मैं सरकार से प्रार्थना करना चाहता हूं कि वह उस कमेटी की रिपोर्ट पर जल्दी अमल करे।

डिप्टी स्पीकर साहिबा, ब्लाक डिपार्टमेंट से जनता को कोई लाभ नहीं हो रहा है। मैं चाहता हूं कि यह डिपार्टमैंट एग्रीकल्चर डिपार्टमेंट से मिला दिया जाए ताकि उस द्वारा लोगों को कोई लाभ हो सके।

डिप्टी स्पीकर साहिबा, मैं वित्त मंत्री साहिब से प्रार्थना करना चाहता हूं कि जब तक हरियाणा प्रान्त अलग नहीं हो जाता तब तक सरकार को वहां की हालत सुधारने के लिए ज्यादा से ज्यादा रुपया खर्च करना चाहिए ताकि लोग माननीय वित मंत्री को याद रख सकें।

Deputy Speaker : Sardar Gurbakhsh Singh.

श्री जगन्नाथ : आन ए प्वांयट आफ आर्डर, मैडम । मैं ने अपने हलके की बात हाउस के अन्दर रखनी है । इस लिए मुझे टाइम दिया जाए ।

उपाध्यक्षा : आप के व्हिप (बाबू बचन सिंह) की तरफ से लिस्ट आई है, उस में आप का नाम नहीं है । (I have received from your whip, Baboo Bachan Singh, a list of the hon. Members and your name is not included in it.)

श्री जगन्नाथ : इस का मतलब यह नहीं कि जो कुछ बाबू बचन सिंह ने कहा है, वह ठीक है । मैं ने तो अपने हलके की बातें हाउस के अन्दर रखनी है। इस लिए मुझे टाइम दिया जाए।

Deputy Speaker : The Chair cannot be dictated by an hon. Member. Please take your seat.

श्री जगन्नाथ : डिप्टी स्पाकर साहिबा, मैं ने अपने हलके की बातें हाउस के अन्दर बतानी है। अगर मुझे टाइम न दिया गया तो भी मैं ने 10 मिन्ट ऐसे ही वेस्ट कर देने हैं । इस लिए मुझे बोलने के लिए वक्त दिया जाए ।

Deputy Speaker : He must take his seat, otherwise I will have to name him.

Shri Jagan Nath : Sorry, madam.

ਸਰਦਾਰ ਗੁਰਬਖਸ਼ ਸਿੰਘ ਗੁਰਦਾਸਪੁਰੀ (ਧਾਰੀਵਾਲ) : ਡਿਪਟੀ ਸਪੀਕਰ ਸਾਹਿਬਾ, ਭਾਵੇਂ ਕੋਈ ਇਸ ਬਜਟ ਨੂੰ ਡੀਵੈਲਪਮੈਂਟ ਦਾ ਬਜਟ ਕਹੇ ਲੇਕਿਨ ਇਸ ਬਜਟ ਤੋਂ ਡਿਵੈਲਪਮੈਂਟ ਹੋਣ ਵਾਲੀ ਨਹੀਂ ਹੈ। ਪੰਜਾਬ ਦੇ ਅੰਦਰ ਇਸ ਵੇਲੇ ਲਾ ਐਂਡ ਆਰਡਰ ਦੀ ਹਾਲਤ ਬਹੁਤ ਖਰਾਬ ਹੋ ਚੁਕੀ ਹੈ ਇਸ ਬਾਰੇ ਪੰਜਾਬ ਦਾ ਆਦਮੀ ਨਹੀਂ ਬਲਕਿ ਹਿੰਦੋਸਤਾਂਨ ਦਾ ਕੋਈ ਆਦਮੀ ਭੀ ਆਪਣੇ ਵਿਚਾਰ ਰਖੇ ਬਿਨਾ ਨਹੀਂ ਰਹਿ ਸਕਦਾ । ਇਸ ਦੇ ਬਾਰੇ ਹਾਊਸ ਦੇ ਦੋਨੋ ਬੈਂਚਾਂ ਵਲੋਂ ਕਿਹਾ ਗਿਆ ਹੈ ਕਿ ਪੰਜਾਬ ਦੇ ਅੰਦਰ ਜਿਹੜੀ ਗੜਬੜ ਹੋਈ ਉਸ ਦੀ ਜਿਮੇਵਾਰੀ ਮਨਿਸਟਰੀ ਉਤੇ ਹੈ। ਸਰਦਾਰ ਬਲਵੰਤ ਸਿੰਘ ਨੇ ਇਸ ਬਾਰੇ ਡੈਫੀਨਿਟ ਚਾਰਜ ਲਾਇਆ ਹੈ ਮੈਂ ਮੰਗ ਕਰਦਾ ਹਾਂ ਕਿ ਇਸ ਦੇ ਬਾਰੇ ਇਨਕੁਆਇਰੀ ਕਮੀਸ਼ਨ ਬਿਠਾਇਆ ਜਾਵੇ ਤਾਕਿ ਪਤਾ ਲਗ ਸਕੇ ਕਿ ਇਸ ਝਗੜੇ ਵਿਚ ਕਿਸਦਾ ਹਥ ਹੈ। ਡਿਪਟੀ ਸਪੀਕਰ ਸਾਹਿਬਾ, ਜਿਸ ਪੁਲਿਸ ਕਾਨਸਟੇਬਲ ਨੇ ਲਾ ਐਂਡ ਆਰਡਰ ਨੂੰ ਠੀਕ ਰਖਣ ਦੀ ਕੋਸ਼ਿਸ਼ ਕੀਤੀ ਉਸ ਨੂੰ ਅੰਦਰ ਕਰ ਦਿਤਾ, ਇਸ ਦਾ ਮਤਲਬ ਇਹ ਹੈ ਕਿ ਸਰਕਾਰ ਉਨ੍ਹਾਂ ਦੇ ਬਰਖਿਲਾਫ ਐਕਸ਼ਨ ਲੈਂਦੀ ਹੈ ਜਿਹੜੇ ਲਾ ਐਂਡ ਆਰਡਰ ਮੇਨਟੇਨ ਕਰਦੇ ਹਨ ਅਤੇ ਜਿਹੜੇ ਬਦਅਮਨੀ ਫੈਲਾਉਂਦੇ ਹਨ ਉਨ੍ਹਾਂ ਉਤੇ ਕੋਈ ਐਕਸ਼ਨ ਨਹੀਂ ਲਿਆ ਜਾਂਦਾ ।

[ਸਰਦਾਰ ਗੁਰਬਖਸ਼ ਸਿੰਘ ਗੁਰਦਾਸਪੁਰੀ]

ਡਿਪਟੀ ਸਪੀਕਰ ਸਾਹਿਬਾ, ਮੈਂ ਜਲੰਧਰ ਦੇ ਵਾਕਿਆ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਜਾਲੰਧਰ ਦੇ ਵਿਚ ਮੋਹਣ ਸਿੰਘ ਅਤੇ ਬੁਧ ਸਿੰਘ ਦੀ ਟਿੰਬਰ ਦੀ ਦੁਕਾਨ ਸੀ। ਪਰਦਰਸ਼ਨਕਾਰੀਆਂ ਨੇ ਉਸ ਦੁਕਾਨ ਨੂੰ ਅੱਗ ਲਾ ਦਿਤੀ। ਜਦੋਂ ਇਸ ਦੁਕਾਨ ਦੀ ਅੱਗ ਬੁਝਾਉਣ ਲਈ 5, 6 ਅਕਾਲੀ ਵਰਕਰਜ਼ ਆਏ ਅਤੇ ਉਨ੍ਹਾਂ ਨੇ ਅੱਗ ਬੁਝਾਉਣ ਵਿਚ ਮੱਦਦ ਕੀਤੀ ਤਾਂ ਸਰਕਾਰ ਨੇ ਉਨ੍ਹਾਂ ਅਕਾਲੀਆਂ ਨੂੰ ਫੜ ਲਿਆ। ਮੈਂ ਸਰਕਾਰ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਅੱਗ ਬੁਝਾਉਣ ਵਾਲਿਆਂ ਨੂੰ ਜੁਰਮਾਨਾ ਕਰਨਾ ਚਾਹੁੰਦੀ ਹੈ ਜਾਂ ਅੱਗ ਲਾਉਣ ਵਾਲਿਆਂ ਨੂੰ ਜੁਰਮਾਨਾ ਕਰਨਾ ਚਾਹੁੰਦੀ ਹੈ ?

ਡਿਪਟੀ ਸਪੀਕਰ ਸਾਹਿਬਾ, ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦੀ ਪਾਰਟੀ ਨੇ ਫੈਸਲਾ ਕੀਤਾ ਜਿਹੜਾ ਟਰੀਬਿਊਨ ਅਖਬਾਰ ਵਿਚ ਛਪਿਆ ਸੀ, ਮਾਨਯੋਗ ਮੈਂਬਰਾਂ ਨੇ ਪੜ੍ਹਿਆਂ ਹੋਵੇਗਾ। ਉਨ੍ਹਾਂ ਨੇ ਪਾਸ ਕੀਤਾ ਸੀ ਕਿ ਜਿਹੜਾ ਰੈਜ਼ੋਲਿਊਸ਼ਨ ਕਾਂਗਰਸ ਵਰਕਿੰਗ ਕਮੇਟੀ ਨੇ ਪਾਸ ਕੀਤਾ ਸੀ ਉਸ ਨੂੰ ਬਹਾਦਰੀ, ਦਲੇਰੀ ਅਤੇ ਛੇਤੀ ਤੋਂ ਛੇਤੀ ਲਾਗੂ ਕੀਤਾ ਜਾਵੇ। ਉਨ੍ਹਾਂ ਨੇ ਇਸ ਰੈਜ਼ੋਲਿਊਸ਼ਨ ਦੀ ਸ਼ਰਾਹਣਾ ਕੀਤੀ ਸੀ, ਲੇਕਿਨ ਸਰਕਾਰ ਨੇ ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੂੰ ਅੰਦਰ ਕਰ ਦਿਤਾ। ਜਿਹੜੇ ਇਸ ਰੈਜ਼ੋਲਿਊਸ਼ਨ ਦੀ ਸਰਾਹਣਾ ਕਰਦੇ ਹਨ ਉਨ੍ਹਾਂ ਨੂੰ ਜੇਲ੍ਹ ਦੇ ਅੰਦਰ ਕਰ ਦਿਤਾ ਅਤੇ ਜਿਹੜੇ ਇਸ ਰੈਜ਼ੋਲਿਊਸ਼ਨ ਦੀ ਵਿਰੋਧਤਾ ਕਰਦੇ ਹਨ ਉਨ੍ਹਾਂ ਨੂੰ ਖੁਲੀ ਛੁਟੀ ਦੇ ਰਖੀ ਹੈ ਕਿ ਜੋ ਕੁਝ ਚਾਹੁਣ ਉਹ ਖਲਬਲੀ ਮਚਾ ਸਕਦੇ ਹਨ।

ਡਿਪਟੀ ਸਪੀਕਰ ਸਾਹਿਬਾ, ਮੈਨੂੰ ਅੰਮ੍ਰਿਤਸਰ ਦੇ ਦੋ ਸਟੂਡੈਂਟਸ ਅਡੋ ਅੱਡ ਮਿਲੇ, ਇਕ ਵੇਰਕੇ ਦਾ ਸੀ ਅਤੇ ਦੂਜਾ ਧਾਰੀਵਾਲ ਦਾ ਸੀ। ਉਨ੍ਹਾਂ ਨੇ ਦਸਿਆ ਕਿ ਡੀ. ਏ. ਵੀ. ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਨੇ ਸਟੂਡੈਂਟਸ ਨੂੰ ਗੜਬੜ ਮਚਾਉਣ ਦੀ ਸ਼ਹਿ ਦਿਤੀ। ਉਨ੍ਹਾਂ ਨੇ ਕਿਹਾ ਕਿ ਉਥੇ ਦੇ ਬਚੇ ਕੋਈ ਗੜਬੜ ਕਰਨ ਲਈ ਤਿਆਰ ਨਹੀਂ ਸਨ। ਇਸ ਦੇ ਅਲਾਵਾ 1960 ਦੇ ਅੰਦਰ ਅਕਾਲੀਆਂ ਦੀ ਐਜੀਟੇਸ਼ਨ ਹੋਈ। ਉਥੇ ਦੇ ਖਾਲਸਾ ਕਾਲਜ ਦੇ ਪ੍ਰਿੰਸੀਪਲ ਨੇ ਕੋਈ ਹਿਸਾ ਨਹੀਂ ਲਿਆ ਸੀ ਲੇਕਿਨ ਸਰਕਾਰ ਨੇ ਉਸ ਕਾਲਿਜ ਨੂੰ ਗਰਾਂਟ ਬੰਦ ਕਰਨ ਦੀ ਧਮਕੀ ਦਿਤੀ ਅਤੇ ਉਸ ਕਾਲਜ ਦੇ ਪ੍ਰਿੰਸੀਪਲ ਸਰਦਾਰ ਹਰਬੰਸ ਸਿੰਘ ਨੂੰ ਕਾਲਿਜ ਤੋਂ ਕਢ ਕੇ ਆਰਾਮ ਲਿਆ। ਇਸ ਦੇ ਆਲਾਵਾ ਜਿਹੜੇ ਪ੍ਰਿੰਸੀਪਲ ਤੇ ਲੜਕਿਆਂ ਨੇ ਗੜਬੜੀ ਮਚਾਉਣ ਵਿਚ ਹਿਸਾ ਲਿਆ ਉਨ੍ਹਾਂ ਦੇ ਬਰਖ਼ਿਲਾਫ ਸਰਕਾਰ ਕੋਈ ਐਕਸ਼ਨ ਨਹੀਂ ਲੈ ਰਹੀ।

ਡਿਪਟੀ ਸਪੀਕਰ ਸਾਹਿਬਾ, ਹਾਊਸ ਦੇ ਅੰਦਰ ਵਜ਼ੀਰ ਕਹਿੰਦੇ ਸਨ ਕਿ ਪੰਜਾਬ ਦਾ ਬਟਵਾਰਾ ਨਹੀਂ ਹੋਵੇਗਾ, ਅਗਰ ਪੰਜਾਬ ਦਾ ਬਟਵਾਰਾ ਹੋ ਗਿਆ ਤਾਂ ਅਸਤੀਫਾ ਦੇ ਦਿਆਂਗੇ। ਉਨ੍ਹਾਂ ਨੇ ਇਹ ਭੀ ਕਿਹਾ ਸੀ ਕਿ ਪੰਜਾਬੀ ਸੂਬਾ ਸਾਡੀਆਂ ਲਾਸ਼ਾਂ ਉਤੇ ਬਣੇਗਾ। ਮੈਂ ਅਰਜ ਕਰਨੀ ਚਾਹੁੰਦਾ ਹਾਂ ਕਿ ਇਹ ਸਰਕਾਰ ਪੰਜਾਬ ਦੇ ਅੰਦਰ ਲਾ ਐਂਡ ਆਰਡਰ ਠੀਕ ਰਖਣਾ ਨਹੀਂ ਚਾਹੁੰਦੀ। ਸਾਡੇ ਲੀਡਰਜ਼ ਨੇ ਕਿਹਾ ਹੈ ਕਿ ਹਿੰਦੂ ਪੰਜਾਬ ਦੇ ਅੰਦਰ ਅੱਗ ਲਾਉਣ ਅਤੇ ਹੋਰ ਗੜਬੜੀ ਮਚਾਉਣ ਉਨ੍ਹਾਂ ਨੂੰ ਖੁਸ਼ੀ ਦੇ ਨਾਲ ਸਹਿ ਲਣਾ ਹੈ। ਜੇ ਕਰ ਅੱਗ ਵੀ ਲਗ ਜਾਵੇ ਤਾਂ ਬਰਦਾਸ਼ਤ ਕਰੋ। ਮਾਸਟਰ ਤਾਰਾ ਸਿੰਘ ਗਰੁਪ ਤਾਂ ਬਿਲਕੁਲ ਪੁਰਅਮਨ ਹੈ। ਜ਼ੇਕਰ ਉਹ ਡਾਇਰੈਕਟ ਐਕਸ਼ਨ ਦੀ ਗਲ ਕਰਦੇ ਸਨ ਤਾਂ ਉਹ 7 ਤਾਰੀਖ ਤੋਂ ਪਹਿਲੇ ਸੀ, ਬਾਦ ਵਿਚ ਕੋਈ ਗਲ ਨਹੀਂ ਹੋਈ, ਨਾ ਹੀ ਉਹ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਤੇ ਸਗੋਂ ਰੈਜ਼ੂਲੇਸ਼ਨ ਪਾਸ

ਕੀਤਾ ਸੀ ਕਿ ਜਲਦੀ ਤੋਂ ਜਲਦੀ ਇਸ ਫੈਸਲੇ ਨੂੰ ਲਾਗੂ ਕਰੋ । ਇਹ ਵੱਡੇ ਵੱਡੇ ਕਮਿਊਨਲ ਆਦਮੀਆਂ ਨੇ ਜਾ ਕੇ ਅੱਗਾਂ ਲਾਈਆਂ ਹਨ । ਰਵਿੰਦਰ ਕੁਮਾਰ ਦੀ ਮੌਤ ਦਾ ਸਾਨੂੰ ਵੀ ਬੜਾ ਅਫਸੋਸ ਹੈ, ਬੜਾ ਭਾਰੀ ਦੁਖ ਹੈ । ਪਰ ਉਨ੍ਹਾਂ ਮਨਿਸਟਰਾਂ ਨੇ ਬਠਿੰਡੇ ਦੇ ਅੰਦਰ ਕੈਦੀਆਂ ਨੂੰ ਪਕੜ ਕੇ......

ਡਿਪਟੀ ਸਪੀਕਰ : ਸਰਦਾਰ ਗੁਰਬਖਸ਼ ਸਿੰਘ ਜੀ, ਬਸ ਹੁਣ ਬੈਠ ਜਾਉ । (The hon. Member Sardar Gurbakhsh Singh may please resume his seat now).

श्री जगन्नाथ (तोशाम) : डिप्टी स्पीकर साहिबा, हमारे हल्के भिवानी तहसील में कहत पड़ा हुआ है । वहां रेगिस्तान है । उस के मुताल्लिक गवर्नमेंट रोज़ एलान करती है लेकिन करती कुछ नहीं है । सड़कों का कुछ काम हो रहा था लेकिन चौधरी रणबीर सिंह ने आर्डर कर दिया कि जहां पहले अलाईनमेंट की हुई है 6 लाख रुपया खर्च हो चुका है, उस को बंद कर दो और दूसरी जगह पर काम शुरू करो । वहां पर कहत के हालात हैं , लोग तो वहां पर भूखे थे । कामरेड राम किशन ने, अमृतसर के जन संघियों ने [*× × × ×] मिल कर शरारत की और भिवानी के अंदर भूखे बच्चों पर गोली चलवा दी । चार बच्चे खत्म हो गए, कितने ज़ख्मी हुए और न जाने और भी कितने खत्म हो जाएंगे । उन की तो गवर्नमेंट को मदद करनी चाहिये थी क्योंकि वे भूखे थ, उन को रोटी मिलनी चाहिये थी । आज सुबह सरदार दरबारा सिंह होम मिनिस्टर कह रहे थे कि मैंने कामरेड राम किशन से कहा है कि या तो ला एंड आर्डर को सम्भालो नहीं तो मैं संभालता हूं । वहां पर कामरेड राम किशन ने अपना अफसर एक. जनसंघी छोकरा एस० डी० ओ० लगा रखा है । उस को कुछ पता ही नहीं है कि ला एंड आर्डर क्या होता है । उसने बच्चों को कत्ल करवा दिया । हालात बहुत खराब होते जा रहे हैं । कल कुछ आदमियों ने यूनीवर्सिटी में भी शरारत करने की कोशिश की । वहां से जलूस तैयार हो कर नौ बजे के करीब ला कालिज के सामने पहुंचा तो दूसरी *तरफ कुछ हरियाणा के और सिख लड़के भी थे । उन की हिम्मत नहीं शरारत करने की और फिर वह जलूस डी० ए० वी० कालिज में पहुंच गया । वहां पर भी हरयाणा के लड़के थे । उन्होंने कहा कि अगर कुछ करोगे तो खून खराबा हो जाएगा, इस लिये जलूस पांच सात मिन्ट रुका और आगे बढ़ गया स्टूडैंट्स में लाठियां बांटी जाती हैं । भला छोटे-छोटे बच्चों की यह शरारत हो सकती है ? यह तो कामरेड राम किशन की शरारत है [*× × × × ×] इन का रवैया ही यही है कि जहां पर जाते हैं [*× × × ×] करते हैं

*Note :—Expunged as ordered by the Chair.

[श्री जगन्नाथ (तोशाम)]

पिशावर जाएं तो [* × ×] करते हैं, लाहोर में रहें तो [* × × ×] करते हैं । और दिल्ली में जाएं तो भी [* × × ×] करते हैं ।

इन आदमियों और यहूदियों में कोई फर्क नहीं है । यह कहते हैं पंजाबी सूबे को भी रोकना है और हरियाणा को भी नहीं बनने देना । इन्होंने जीपें जला दी हैं, बसों को आग लगा दी और दूकानें जलवा दो । मैं कहता हूं कि अगर आग लगाने से ही सूबे बन सकते हैं, या बनने से रुक सकते हैं तो हरियाणा के लोग हज़ारों लाइनें उखड़वा सकते हैं, बसें जला सकते हैं और आगें लगावा सकते हैं । क्या हरियाणा वाले जंन संघियों से भी कमज़ोर हैं । जिन्होंने कभी ग्राउड् नहीं देखा, स्कूल की गेम्ज़ में कोई पार्ट पले नहीं किया, दही भल्ले खाने वाले जन संघी भला हरियाणा वालों का कैसे मुकाबला कर सकते हैं । इसी चीफ मिनिस्टर ने ला एंड आर्डर के बारे में अढ़ाई साल पहले एक कमिश्न बैठाया था । उस कमिश्न पर अढ़ाई लाख रुपया खर्च आया लेकिन आज तक उस की रिपोर्ट पर अमल नहीं किया गिया । कमिश्न ने रीपोर्ट दी कि इन्वैस्टीगेशन अफ़सर अलग होना चाहिये और रीपोर्ट को दर्ज करने वाला अफ़सर अलग होना चाहिये । मैं अर्ज़ करूं कि पांच सात दिन हो गए हांसी में एक केस हुआ । पुलिस ने एक लड़के को खत्म कर दिया । आज तक उसकी लाश तक नहीं मिली । इस बेशर्म गवर्नमेंट ने आज तक कुछ नहीं किया (आवाजें: शेम शेम) क्या अर्ज़ करूं, डिप्टी स्पीकर साहिबा, हज़ारों केस ऐसे होते हैं ।

सरदार प्रताप सिंह कैरों के वक्त कहा करते थे कि एक आदमी के हाथ में ताकत है । यह माना कि एक आदमी के हाथ में ताकत थी लेकिन अब तो किसी के हाथ में भी ताकत नहीं है । सब पुलिस अफसर मन मानी कर रहे हैं । उन की अपनी मर्जी है कि किसी केस को रजिस्टर करें या न करें । जन संघियों ने टंडन के इशारे से, डाक्टर बलदेव प्रकाश के इशारे से कहो या [* × × × × ×] के इशारे से कहो....

उपाध्यक्षा: श्री जगन्नाथ जी नन्दा जी का नाम न लो । जहां जहां पर नन्दा का नाम आया है वह एकसपंज कर दिया जाए । (The Hon. Member Shri Jagan Nath should not please mention the name of Shri Nanda. Wherever the name of Shri Nanda has been mentioned it should be expunged.)

श्री जगन्नाथ : डिप्टी स्पीकर साहिबा, मेरे कहने का मतलब यह है कि ज्यादा यही लोग शरारत कर रहे हैं उन को पता नहीं है कि जिस ढंग से यह लोग शरारत कर रहे हैं अगर हरिवाणा वाले भी करगे तो हालात कैसे हो जाएंगे ।

*Note.—Expunged as ordered by the Chair.

इन का हाल भी वही होगा जो यहूदियों का हुआ था। जन संघी, कामरेड राम किशन [×   ×   ×   ×   ×] को पता लग जाएगा। ये लोग हमारे हरियाणा के अंदर शरारत करवा रहे हैं। हिसार के अंदर एक सिख भाई का होटल था। जन संघियों ने जलूस निकाला तो उस के बरतन उठा कर फैंक दिये। वहां पर तो एक सिख भाई के साथ ऐसा किया है। अगर फिरोजपुर में भी ऐसे हालात हो गए तो यह लोग कहां जाएंगे जन संघी इतना काम नहीं कर पाएंगे जितना सिख भाई कर जाएंगे। इस लिये इन को या आप समझाएं या कोई और समझाए। ऐसी बातें कोई भी टालरेट नहीं करेगा। हरियाणा के लोग 1962 में चीन की लड़ाई में हज़ारों की तादाद में मर गए थे। जब पाकिस्तान से लड़ाई हुई तो भी हज़ारों की तादाद में मर गए और अपनी तरक्की के लिये भी हज़ारों की तादाद में ही मर सकते हैं। वे इस बात की परवाह नहीं करेंगे

(घंटी की आवाज़)

मैं इन शब्दों के साथ आप का धन्यवाद करता हूं।

वित्त मन्त्री (सरदार कपूर सिंह): **डिप्टी स्पीकर साहिबा, आनरेबल मेम्बर्ज़ ने छः दिन से इस बजट पर बहस की है और कुछ नुक्ताचीनी भी की है। मैं मतवातर छः दिन से उन की नुकताचीनी और उन के ख्यालात को अच्छी तरह से नोट करता रहा हूं। (विघ्न) अब मुझे पंजाबी में तकरीर कर लेने दो।**

ਪਹਿਲੇ ਇਹ ਇਤਰਾਜ਼ ਕੀਤਾ ਗਿਆ ਸੀ ਕਿ ਬਜਟ ਬੜਾ ਲੰਮਾ ਹੈ। ਇਹ ਬਜਟ ਮੈਂ ਵੀ ਵੇਖਿਆ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਹਸਬਮਾਮੂਲ ਤੋਂ ਜ਼ਿਆਦਾ ਲੰਮਾ ਹੈ। ਇਸੇ ਤਰ੍ਹਾਂ ਜਿਹੜੀ ਸਪੀਚ ਹੈ ਉਸ ਨੇ ਭੀ ਬਜਟ ਦੇ ਵਾਲਿਊਮ ਦੇ ਮੁਤਾਬਕ ਹੋਣਾ ਸੀ। ਜਿਹੜਾ ਤੀਸਰਾ ਫਾਈਵ ਈਅਰ ਪਲੈਨ ਸੀ, ਇਹ ਉਸ ਦਾ ਆਖਰੀ ਸਾਲ ਸੀ। ਉਸ ਦੀ ਬੈਕਗ੍ਰਾਊਂਡ ਵਿਚ ਹੀ ਅਗਲੇ ਸਾਲ ਦੇ ਬਜਟ ਨੇ ਆਉਣਾ ਸੀ। ਇਸ ਕਰਕੇ ਬਜਟ ਵਿਚ ਤੀਸਰੀ ਫਾਈਵ ਈਅਰ ਪਲੈਨ ਦਾ ਥੋੜਾ ਬਹੁਤ ਜ਼ਿਕਰ ਕਰਨਾ ਜ਼ਰੂਰੀ ਸੀ। ਇਸੇ ਕਰਕੇ ਠੀਕ ਹੈ ਕਿ ਜਿਹੜੀ ਮੇਰੀ ਇਸ ਸਾਲ ਦੀ ਬਜਟ ਸਪੀਚ ਹੈ ਉਹ ਕੁਛ ਲੰਬੀ ਹੋ ਗਈ।

ਦੂਸਰਾ ਇਤਰਾਜ਼ ਮੇਰੇ ਬਹੁਤ ਸਾਰੇ ਸਾਥੀਆਂ ਨੇ ਇਹ ਕੀਤਾ ਹੈ ਕਿ ਜਿਹੜਾ ਵਾਇਦਾ ਕੀਤਾ ਸੀ ਕਿ ਨਵੇਂ ਟੈਕਸ ਨਹੀਂ ਲਗਾਵਾਂਗੇ ਉਹ ਨਹੀਂ ਪੂਰਾ ਕੀਤਾ ਹੈ ਇਸ ਦੇ ਸਾਥ ਹੀ ਇਹ ਵੀ ਇਤਰਾਜ਼ ਕੀਤਾ ਹੈ ਕਿ ਮੈਂ ਬਜਟ ਵਿਚ ਖੁਦ ਹੀ ਇਸ ਗੱਲ ਨੂੰ ਮੰਨਿਆ ਹੈ ਕਿ ਲੋਕਾਂ ਦੀ ਹਾਲਤ ਕੁਝ ਅੱਛੀ ਨਹੀਂ, ਤਰੌਟ ਕਰਕੇ ਔਰ ਜੈਸਾ ਆਪ ਨੂੰ ਪਤਾ ਹੈ ਪਿਛਲੇ ਇੰਡੋ-ਪਾਕਿਸਤਾਨ ਕਨਫਲਿਕਟ ਕਰਕੇ ਇਕਾਨੋਮੀ ਨੂੰ, ਲੋਕਾਂ ਨੂੰ ਕਾਫੀ ਨੁਕਸਾਨ ਪਹੁੰਚਿਆ ਸੀ ਤਾਂ ਇਹਨਾਂ ਗੱਲਾਂ ਕਰਕੇ ਉਨ੍ਹਾਂ ਨੇ ਇਹ ਇਤਰਾਜ਼ ਕੀਤਾ ਹੈ ਕਿ ਕਿਥੋਂ ਤਕ ਗੌਰਮੈਂਟ ਜਾਇਜ਼ ਹੈ ਕਿ ਲੋਕਾਂ ਉਤੇ ਨਵੇਂ ਟੈਕਸ ਲਗਾਵੇ? ਇਸ ਤੋਂ ਅਲਾਵਾ ਮੈਂ ਇਹ ਵੀ ਵੇਖਿਆ ਹੈ ਕਿ ਕੁਝ ਅਖਬਾਰਾਂ ਵਲੋਂ ਵੀ ਇਸ ਬਾਰੇ ਨੁਕਤਾਚੀਨੀ ਹੋਈ ਹੈ ਕਿ ਇਕ ਪਾਸੇ ਮੈਂ ਇਸ ਗੱਲ ਨੂੰ ਮੰਨ ਰਿਹਾ ਹਾਂ ਕਿ ਇਸ ਟੈਨਸ਼ਨ ਕਰਕੇ ਐਗਰੀਕਲਚਰ ਨੂੰ,

*Note: Expunged as Order by the Chair.

[ਵਿੱਤ ਮੰਤਰੀ]

ਇੰਡਸਟਰੀ ਨੂੰ ਔਰ ਆਮ ਲੋਕਾਂ ਨੂੰ ਕਾਫ਼ੀ ਨੁਕਸਾਨ ਹੋਇਆ ਹੈ ਔਰ ਦੂਜੇ ਪਾਸੇ ਇਹ ਨਵੇਂ ਟੈਕਸ ਪ੍ਰੋਪੋਜ਼ ਕਰ ਰਿਹਾ ਹਾਂ ਜਿਸ ਨਾਲ ਲੋਕਾਂ ਉਤੇ ਹੋਰ ਬੋਝ ਪੈਂਦਾ ਹੈ। ਇਸ ਦੀ ਬੈਕਗ੍ਰਾਊਂਡ ਉਤੇ, ਮੈਡਮ ਡਿਪਟੀ ਸਪੀਕਰ, ਮੈਂ ਕੁਛ ਅਰਜ਼ ਕਰਨੀ ਚਾਹੁੰਦਾ ਹਾਂ। ਮੈਂ ਆਪ ਦੀ ਰਾਹੀਂ ਹਾਊਸ ਨੂੰ ਯਕੀਨ ਦਿਲਾ ਦੇਵਾਂ ਕਿ ਮੈਂ ਬਜ਼ਾਤੇ ਖ਼ੁਦ ਇਸ ਗੱਲ ਨੂੰ ਮਹਿਸੂਸ ਕਰਦਾ ਸੀ ਔਰ ਜਦ ਮੈਂ ਇਹ ਟੈਕਸੇਸ਼ਨ ਪ੍ਰੋਪੋਜ਼ਲਜ਼ ਕੀਤੀਆਂ ਤਾਂ ਉਸ ਵਕਤ ਮੇਰੇ ਮਨ ਵਿਚ ਇਹ ਦੋਵੇਂ ਚੀਜ਼ਾਂ ਸਨ—ਇਥੋਂ ਤਕ ਕਿ ਜਿਸ ਦਿਨ ਇਹ ਪ੍ਰੋਪੋਜ਼ਲਜ ਕਰਕੇ ਛਪਣ ਲਈ ਪ੍ਰੈਸ ਵਿਚ ਵੀ ਭੇਜ ਦਿਤੀਆਂ ਤਾਂ ਉਸ ਰਾਤ ਵੀ ਮੈਂ ਸਾਰੀ ਰਾਤ ਸੋਚਦਾ ਰਿਹਾ ਕਿ ਇਕ ਪਾਸੇ ਤਾਂ ਮੈਂ ਇਹ ਕਹਿੰਦਾ ਹਾਂ ਕਿ ਲੋਕਾਂ ਦੀ ਹਾਲਤ ਚੰਗੀ ਨਹੀਂ ਔਰ ਦੂਸਰੇ ਪਾਸੇ ਇਹ ਨਵੇਂ ਟੈਕਸਾਂ ਦੀਆਂ ਪ੍ਰੋਪੋਜ਼ਲਜ਼ ਦੇ ਰਿਹਾ ਹਾਂ—ਸੋ ਮੈਂ ਕਿਸ ਤਰ੍ਹਾਂ ਕਹਾਂਗਾ ਕਿ ਮੈਂ ਇਸ ਬਾਰੇ ਜਸਟੀਫਾਈਡ ਹਾਂ। ਲੇਕਿਨ ਹਾਲਤ ਹੀ ਐਸੀ ਸੀ। ਮੈਂ ਆਪ ਨੂੰ ਯਕੀਨ ਦਵਾਉਣਾ ਚਾਹੁੰਦਾ ਹਾਂ—ਕਿ ਗੌਰਮਿੰਟ ਕਿਸੇ ਸੂਰਤ ਵਿਚ ਕੀਨ ਨਹੀਂ ਸੀ ਕਿ ਲੋਕਾਂ ਉਪਰ ਹੋਰ ਨਵੇਂ ਟੈਕਸ ਲਗਾਏ ਜਾਣ....

(*Mr. Speaker in the Chair.*)

ਪਰ ਇਸ ਦੇ ਪਿਛੇ ਇਕ ਬੜੀ ਜ਼ਬਰਦਸਤ ਬੈਕਗ੍ਰਾਊਂਡ ਹੈ ਜਿਸ ਕਰਕੇ ਇਹ ਕਰਨਾ ਪਿਆ। ਉਸ ਵਲ ਜ਼ਰਾ ਤੁਸੀਂ ਵੀ ਧਿਆਨ ਮਾਰ ਲਉ। ਅਗਲਾ ਸਾਲ ਅਗਲੀ ਪੰਜ ਸਾਲਾ ਪਲਾਨ ਦਾ ਸ਼ੁਰੂ ਸਾਲ ਹੈ। ਸਾਡੇ ਸੂਬੇ ਦੀ ਡੀਵੈਲਪਮੈਂਟ ਪਿਛਲੇ 15 ਸਾਲਾਂ ਤੋਂ ਚਲੀ ਆਉਂਦੀ ਸੀ। ਦੂਜੇ ਮੇਰੇ ਖਿਆਲ ਵਿਚ ਇਹ ਸੀ ਕਿ ਜਿਹੜੀ ਡੀਵੈਲਪਮੈਂਟ ਇਸ ਵੇਲੇ ਸ਼ੁਰੂ ਹੋਈ ਹੈ ਉਸ ਵਿਚ ਕਿਸੇ ਤਰ੍ਹਾਂ ਦੀ ਕੋਈ ਰੁਕਾਵਟ ਨਹੀਂ ਪੈਣੀ ਚਾਹੀਦੀ। ਜਦ ਅਗਲੇ ਪੰਜ ਸਾਲਾ ਪਲੈਨ ਦੇ ਲਈ ਅਸੀਂ ਉਥੇ ਹਾਜ਼ਰ ਹੋਏ ਤਾਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਮਾਲੂਮ ਹੀ ਹੈ ਕਿ ਇਕ ਤਰ੍ਹਾਂ ਨਾਲ 55 ਕਰੋੜ ਰੁਪਏ ਦੀ ਅਗਲੇ ਸਾਲ ਲਈ ਪਲੈਨ ਮਖਸੂਸ ਹੋਈ ਸੀ। ਲੇਕਿਨ ਸਾਡੇ ਗੌਰਮੈਂਟ ਦੇ ਖਿਆਲ ਦੇ ਨਾਲ ਜਿਹੜੀ ਨੈਕਸਟ ਈਅਰ ਦੀ ਪਲੈਨ ਅਲਾਟਮੈਂਟ ਸੀ ਉਹ ਕਾਫੀ ਨਹੀਂ ਸੀ ਕਿਉਂਕਿ ਇਸ ਦੇ ਨਾਲ ਜਿਹੜੇ ਡੀਵੈਲਪਮੈਂਟ ਦੇ ਕੰਮ ਸ਼ੁਰੂ ਹੋਏ ਹੋਏ ਸਨ ਉਨ੍ਹਾਂ ਵਿਚ ਰੁਕਾਵਟ ਪੈਂਦੀ ਸੀ। ਇਹ ਐਲੋਕੇਸ਼ਨ ਜ਼ਰਾ ਜ਼ਿਆਦਾ ਹੋਣੀ ਚਾਹੀਦੀ ਸੀ। ਸੈਂਟਰ ਦੀ ਸਰਕਾਰ ਨੇ 55 ਕਰੋੜ ਰੁਪਏ ਦੇ ਵਿਚੋਂ 33 ਕਰੋੜ ਰੁਪਿਆ ਆਪ ਦੇਣ ਦਾ ਵਾਅਦਾ ਕੀਤਾ ਸੀ। ਦੂਜੇ ਪਾਸੇ ਪੰਜਾਬ ਗੌਰਮਿੰਟ ਨੇ 22 ਕਰੋੜ ਦੇਣਾ ਸੀ। ਖਰਚ ਕਰਨਾ ਸੀ ਲੇਕਿਨ ਗੌਰਮਿੰਟ ਦਾ ਇਹ ਖਿਆਲ ਸੀ ਕਿ ਜਿਹੜਾ 55 ਕਰੋੜ ਰੁਪਏ ਦਾ ਅਗਲੀ ਫਾਈਵ ਯੀਅਰ ਪਲੈਨ ਦੇ ਅਗਲੇ ਸਾਲ ਲਈ ਪ੍ਰੋਵੀਜ਼ਨ ਕੀਤਾ ਜਾ ਰਿਹਾ ਹੈ ਇਹ ਕਾਫੀ ਨਹੀਂ ਸੀ। ਇਸ ਕਰਕੇ ਅਸੀਂ ਸੈਂਟਰਲ ਗੌਰਮੈਂਟ ਉਤੇ ਪ੍ਰੈਸ਼ਰ ਪਾ ਰਹੇ ਸੀ ਕਿ ਇਹ ਪਲੈਨ ਦੇ ਅਗਲੇ ਸਾਲ ਲਈ 55 ਕਰੋੜ ਦੀ ਬਜਾਏ 60 ਕਰੋੜ ਰੁਪਿਆ ਕਰ ਦਿਤਾ ਜਾਵੇ। ਬੜਾ ਸ਼ੋਰ ਪਾਇਆ; ਇਹ ਦਬਾ ਪਾਉਣ ਲਈ ਜਿਹੜਾ ਵੀ ਤਰੀਕਾ ਵਰਤਿਆ ਜਾ ਸਕਦਾ ਸੀ ਵਰਤਿਆ ਗਿਆ। ਪਰ ਸੈਂਟਰਲ ਗੌਰਮਿੰਟ ਔਰ ਪਲੈਨਿੰਗ ਕਮਿਸ਼ਨ ਨੇ ਸਾਡੇ ਉਤੇ ਇਸੇ ਗੱਲ ਦਾ ਜ਼ੋਰ ਪਾਇਆ ਕਿ ਹੋਰ ਨਵੇਂ ਟੈਕਸ ਲਗਾ ਕੇ ਪੈਸਾ ਇਕੱਠਾ ਕਰੋ। ਟੈਕਸ ਕਿੱਥੇ ਕਿੱਥੇ ਲਗਾਉਣੇ ਹਨ ਇਸ਼ ਦੀ ਬਾਬਤ ਮੈਂ ਸਪੱਸ਼ਟ ਤੌਰ ਤੇ ਆਪਣੀ ਬਜਟ ਸਪੀਚ ਵਿਚ ਰਖ ਦਿਤਾ ਹੈ। ਉਨ੍ਹਾਂ ਦਾ ਪ੍ਰੈਸ਼ਰ ਇਹ ਸੀ ਕਿ ਲੈਂਡ ਰੈਵਿਨੀਊ ਡਬਲ ਕੀਤਾ ਜਾਵੇ, ਵਾਟਰ ਰੇਟ ਡਿਊਢਾ ਜਾਂ ਦੂਗਣਾ ਕੀਤਾ ਜਾਵੇ ਔਰ ਇਸ ਤਰ੍ਹਾਂ ਇਲੈਕਟ੍ਰਿਸਿਟੀ ਦੇ ਰੇਟ ਵੀ ਵਧਾਏ ਜਾਣ।

ਬਾਕੀ ਜਿਹੜੇ ਟੈਕਸ ਹਨ ਜਿਸ ਤਰ੍ਹਾਂ ਕਿ ਮੋਟਰ ਵੇਹੀਕਲਜ਼ ਅਤੇ ਗੁਡਜ਼ ਟੈਕਸ ਵਗੈਰਾ ਨੂੰ ਵੀ ਵਧਾਉਣ ਤੇ ਜ਼ੋਰ ਪਾਇਆ ਗਿਆ ਸੀ । ਉਨ੍ਹਾਂ ਦਾ ਇਹ ਕਹਿਣਾ ਸੀ ਕਿ ਇਹ ਟੈਕਸ ਤੁਹਾਨੂੰ ਜ਼ਰੂਰ ਲਗਾਣੇ ਪੈਣਗੇ । ਲੇਕਿਨ ਪੰਜਾਬ ਗੌਰਮਿੰਟ ਇਸ ਗੱਲ ਲਈ ਡੀਟਰਮਿੰਡ ਸੀ—ਇਕ ਪਾਸੇ ਇਹ ਕਿ ਔਨ ਅਕਾਊਂਟ ਆਫ ਦਿਸ ਰੀਸੈਂਟ ਕਨਫਲਿਕਟ ਪੰਜਾਬ ਦੀ ਹਾਲਤ ਬੜੀ ਖਰਾਬ ਹੈ ਦੂਜੇ ਪਾਸੇ ਇਹ ਕਿ ਹੋਰ ਟੈਕਸ ਨਹੀਂ ਲਗਾਣੇ । ਇਸ ਤੋਂ ਬਾਅਦ ਉਨ੍ਹਾਂ ਵਲੋਂ ਇਕ ਪ੍ਰੋਪੋਜ਼ਲ ਆਈ । ਪ੍ਰੋਪੋਜ਼ਲ ਇਹ ਸੀ ਕਿ ਜੇਕਰ ਤੁਸੀਂ ਅਗਲੇ ਸਾਲ ਦਾ 60 ਕਰੋੜ ਰੁਪਏ ਦਾ ਪਲੈਨ ਰਖਣਾ ਚਾਹੁੰਦੇ ਹੋ ਤਾਂ ਸੈਂਟਰਲ ਗੌਰਮੈਂਟ ਤੁਹਾਨੂੰ 2 ਕਰੋੜ ਰੁਪਿਆ ਹੋਰ ਅਪਣੇ ਕੋਲੋਂ ਦੇ ਦੇਵੇਗੀ ਬਸ਼ਰਤੇਕਿ ਤੁਸੀਂ ਵੀ 2 ਕਰੋੜ ਰੁਪਿਆ ਨਵੇਂ ਟੈਕਸ ਲਗਾ ਕੇ ਉਗਰਾਹ ਲਓ । ਇਹ ਉਨ੍ਹਾਂ ਨੇ ਕਿਹਾ ਸੀ । ਆਪ ਇਹ ਅੰਦਾਜ਼ਾ ਲਗਾ ਸਕਦੇ ਹੋ ਕਿ ਗੌਰਮੈਂਟ ਨੇ ਜਦ ਇਹ ਟੈਕਸ ਲਗਾਏ ਹਨ ਤਾਂ ਉਸ ਦੇ ਮਨ ਵਿਚ ਦੋਨੋਂ ਚੀਜ਼ਾਂ ਸਨ ਜਿਨ੍ਹਾਂ ਦੇ ਬਾਰੇ ਇਥੇ ਪੰਡਤ ਮੋਹਨ ਲਾਲ ਜੀ ਨੇ ਕਿਹਾ, ਉਧਰੋਂ ਵੀ ਅਤੇ ਇਧਰੋਂ ਵੀ ਹੋਰ ਆਨਰੇਬਲ ਮੈਂਬਰ ਸਾਹਿਬਾਨ ਨੇ ਕਿਹਾ । ਇਸ ਕਰਕੇ ਜਦ ਇਹ 3 ਕਰੋੜ ਰੁਪਏ ਦੇ ਟੈਕਸ ਸਾਨੂੰ ਲਗਾਣੇ ਪਏ ਤਾਂ ਇਹ ਕੋਈ ਖੁਸ਼ੀ ਨਾਲ ਨਹੀਂ ਲਗਾਣੇ ਪਏ । ਗੱਲ ਇਹ ਸੀ ਕਿ ਸਾਡੀ ਅਗਲੀ ਫਾਈਵ ਈਅਰ ਪਲੈਨ ਦੇ ਵਾਸਤੇ 2 ਕਰੋੜ ਰੁਪਿਆ ਹੋਰ ਸੈਂਟਰਲ ਗੌਰਮਿੰਟ ਦੀ ਤਰਫੋਂ ਤਦ ਹੀ ਆ ਸਕਦਾ ਸੀ ਅਗਰ ਅਸੀਂ ਦੋ ਕਰੋੜ ਰੁਪਏ ਦੇ ਨਵੇਂ ਟੈਕਸ ਵਸੂਲ ਕਰੀਏ । ਦਰਅਸਲ ਇਹ ਇਕ ਤਰ੍ਹਾਂ ਨਾਲ ਇਸ ਕਰਕੇ ਵੀ ਜ਼ਰੂਰੀ ਸਮਝਿਆ ਗਿਆ ਤਾਕਿ ਡੀਵੈਲਪਮੈਂਟ ਵਿਚ ਰੁਕਾਵਟ ਨਾ ਪਵੇ । ਮੈਂ ਜਾਣਦਾ ਸੀ ਕਿ $5\frac{1}{2}$ ਕਰੋੜ ਰੁਪਏ ਦਾ ਜਿਹੜਾ ਘਾਟਾ ਸੀ ਉਸ ਘਾਟੇ ਨੂੰ ਪੂਰਾ ਕਰਨਾ ਕੋਈ ਮੁਸ਼ਕਲ ਗੱਲ ਨਹੀਂ ਸੀ । ਜਿਸ ਤਰ੍ਹਾਂ ਮੇਰੇ ਫ਼ਾਜ਼ਲ ਦੋਸਤਾਂ ਨੇ ਕਿਹਾ ਹੈ ਕਿ ਤੁਸਾਂ ਟੈਕਸ ਕਿਉਂ ਲਗਾਏ ਹਨ, ਤੁਸਾਂ ਰੀਟਰੈਂਚਮੈਂਟ ਕਰ ਲੈਣੀ ਸੀ । ਮੈਂ ਜਾਣਦਾ ਹਾਂ ਕਿ ਰੀਟਰੈਂਚਮੈਂਟ ਦੇ ਨਾਲ ਵੀ ਜਿਹੜਾ ਬਾਕੀ ਬੈਲੈਂਸ ਰਹਿ ਜਾਂਦਾ ਸੀ ਉਸ ਨੂੰ ਪੂਰਾ ਕਰ ਸਕਦੇ ਸੀ, ਵੇਸਟਫੁਲ ਐਕਸਪੈਂਡੀਚਰ ਨੂੰ ਘਟ ਕਰਕੇ ਵੀ ਸਾਰੀਆਂ ਗੱਲਾਂ ਕਰ ਸਕਦੇ ਸੀ । ਲੇਕਿਨ ਉਸ ਹਾਲਤ ਵਿਚ ਸਾਨੂੰ ਇਹ ਘਾਟਾ ਪੈਂਦਾ ਸੀ ਕਿ ਜਿਹੜਾ 2.2 ਕਰੋੜ ਰੁਪਿਆ ਸੈਂਟਰ ਦੀ ਸਰਕਾਰ ਤੋਂ ਮਿਲਣਾ ਸੀ ਉਹ ਨਹੀਂ ਸੀ ਮਿਲਣਾ । ਮੈਂ ਕਹਿੰਦਾ ਹਾਂ ਕਿ ਜੇ ਮੈਂ ਇਸ ਵਿਚ ਮੁਜਰਮ ਹਾਂ ਤਾਂ ਮੈਂ ਆਪਣੇ ਆਪ ਨੂੰ ਮੁਜਰਮ ਕਹਿਲਾਉਣ ਨੂੰ ਤਿਆਰ ਹਾਂ । ਲੇਕਿਨ ਇਹ ਇਸੇ ਲਈ ਕੀਤਾ ਹੈ ਕਿ ਜਿਹੜੀ ਸਾਡੀ ਨੈਕਸਟ ਈਅਰ ਦੀ ਪਲੈਨ ਹੈ ਉਸ ਨੂੰ 55 ਕਰੋੜ ਦੀ ਬਜਾਏ 60 ਕਰੋੜ ਕਰ ਲਈਏ । ਇਸ ਤਰ੍ਹਾਂ ਨਾਲ 2.2 ਕਰੋੜ ਜੇ ਅਸੀਂ 8 ਆਨੇ ਅਪਣੇ ਕੋਲੋਂ ਦਿੰਦੇ ਹਾਂ ਤਾਂ ਇਤਨੀ ਹੀ ਰਕਮ ਸਾਨੂੰ ਸੈਂਟਰ ਕੋਲੋਂ ਮਿਲ ਜਾਵੇਗੀ । ਇਸ ਕਰਕੇ ਪਲੈਨ ਨੂੰ ਪੂਰਾ ਕਰਨ ਦੀ ਖਾਤਰ ਇਹ ਟੈਕਸੇਸ਼ਨ ਪ੍ਰੋਪੋਜ਼ਲਜ਼ ਕੀਤੀਆਂ ਗਈਆਂ ਹਨ ।

ਮੈਂ ਇਹ ਜਾਣਦਾ ਹਾਂ ਕਿ ਤਕਰੀਬਨ ਤਿੰਨ ਕਰੋੜ ਰੁਪਏ ਦੇ ਟੈਕਸ ਪਰੋਪੋਜ਼ ਕੀਤੇ ਹਨ ਲੇਕਿਨ ਆਪ ਨੂੰ ਇਹ ਪਤਾ ਹੋਵੇਗਾ ਕਿ ਜਿਹੜੀ ਆਮਦਨੀ ਸਰਕਾਰ ਨੂੰ ਇਨ੍ਹਾਂ ਟੈਕਸਾਂ ਤੋਂ ਹੋਣੀ ਹੈ ਉਹ ਲਗ ਭਗ ਉਤਨੀ ਹੀ ਹੋਣੀ ਹੈ ਜਿਤਨੀ ਰਕਮ ਯਾਨੀ ਦੋ ਕਰੋੜ ਰੁਪਏ ਪਲੈਨਿੰਗ ਕਮਿਸ਼ਨ ਨੇ ਸਾਨੂੰ ਦੇਣੇ ਕੀਤੇ ਹਨ । ਪਹਿਲੇ ਅਸੀਂ ਸਾਰੇ ਮੋਟਰ ਸਪਿਰਿਟਸ ਤੇ ਇਹ ਟੈਕਸ ਰਖਿਆ ਹੋਇਆ ਸੀ ਲੇਕਿਨ ਬਾਅਦ ਵਿਚ ਇਹ ਖਿਆਲ ਕੀਤਾ ਕਿ ਜੇਕਰ ਅਸੀਂ ਡੀਜ਼ਲ ਆਇਲ ਤੇ ਵੀ ਇਹ ਟੈਕਸ ਲਗਾਉਂਦੇ ਹਾਂ ਤਾਂ ਇਸ ਦਾ ਆਮ ਪਬਲਿਕ ਤੇ ਅਸਰ ਪਏਗਾ ਕਿਉਂਕਿ ਡੀਜ਼ਲ ਆਇਲ ਸਾਰੇ ਇੰਜਣਾਂ ਵਿਚ ਇਸਤੇਮਾਲ ਹੁੰਦਾ ਹੈ, ਡੀਜ਼ਲ ਆਇਲ ਬਸਾਂ

[ਵਿੱਤ ਮੰਤਰੀ]

ਵਿਚ ਇਸਤੇਮਾਲ ਹੁੰਦਾ ਹੈ ਔਰ ਡੀਜ਼ਲ ਆਇਲ ਟਰੱਕਾਂ ਵਿਚ ਇਸਤੇਮਾਲ ਹੁੰਦਾ ਹੈ । ਡੀਜ਼ਲ ਆਇਲ ਐਗਰੀਕਲਚਰ ਲਈ ਵਰਤੇ ਜਾਣ ਵਾਲੇ ਟਰੈਕਟਰਾਂ ਵਿਚ ਵੀ ਇਸਤੇਮਾਲ ਹੁੰਦਾ ਹੈ; ਮਤਲਬ ਇਹ ਕਿ ਇਹ ਹਰ ਤਰ੍ਹਾਂ ਦੇ ਇੰਜਣਾਂ ਵਿਚ ਇਸਤੇਮਾਲ ਹੁੰਦਾ ਹੈ ਔਰ ਪੰਪਿੰਗ ਸੈਟਸ ਦੇ ਇੰਜਨਾਂ ਵਿਚ ਵੀ ਇਸਤੇਮਾਲ ਹੁੰਦਾ ਹੈ। ਇਸ ਕਰ ਕੇ ਅਸੀਂ ਜਿਸ ਵਕਤ ਇਹ ਦੇਖਿਆ ਕਿ ਜੇਕਰ ਇਹ ਟੈਕਸ ਡੀਜ਼ਲ ਆਇਲ ਤੇ ਵੀ ਲਗਾਇਆ ਗਿਆ ਤਾਂ ਇਸ ਦਾ ਅਸਰ ਗਰੀਬ ਪਬਲਿਕ ਤੇ ਪਵੇਗਾ, ਇਸ ਚੀਜ਼ ਨੂੰ ਅਸੀਂ ਰੀਕਨਸਿਡਰ ਕਰ ਕੇ ਇਸ ਵਿਚੋਂ ਯਾਨੀ ਮੋਟਰ ਸਪਿਰਿਟ ਵਿਚੋਂ ਡੀਜ਼ਲ ਆਇਲ ਨੂੰ ਕਢ ਦਿਤਾ ਹੈ । ਇਸ ਦਾ ਨਤੀਜਾ ਇਹ ਹੋਵੇਗਾ ਕਿ ਜਿਹੜੀ ਨਵੀਂ ਟੈਕਸੇਸ਼ਨ ਅਸੀਂ ਲਗਾਈ ਹੈ ਇਸ ਨਾਲ ਉਤਨੀ ਰਕਮ ਹੀ ਵਸੂਲ ਹੋਵੇਗੀ ਜਿਤਨੀ ਸਾਨੂੰ ਸੈਂਟਰਲ ਗੌਰਮਿੰਟ ਨੇ ਦੇਣੀ ਕੀਤੀ ਹੈ ਯਾਨੀ ਇਹ 2 ਕਰੋੜ ਰੁਪਏ ਦੇ ਨੇੜੇ ਤੇੜੇ ਹੀ ਹੋਵੇਗੀ ਜਿਹੜੀ ਰਕਮ ਸਾਨੂੰ ਪਲੈਨਿੰਗ ਕਮਿਸ਼ਨ ਨੇ ਦੇਣ ਵਾਸਤੇ ਕਹੀ ਹੈ ਇਸ ਖਾਤਰ ਹੀ ਅਸੀਂ ਇਹ ਟੈਕਸ ਲਗਾਣੇ ਮੰਨੇ ਹਨ ਔਰ ਲਗਾਏ ਹਨ ਵਰਨਾ ਸਾਡੀ ਕਿਸੇ ਕਿਸਮ ਦੀ ਹੋਰ ਟੈਕਸ ਲਗਾਣ ਦੀ ਨੀਅਤ ਨਹੀਂ ਸੀ ਕਿਉਂਕਿ ਸਾਡੇ ਲੋਕਾਂ ਦੀ ਹਾਲਤ ਠੀਕ ਨਹੀਂ ਸੀ ਔਰ ਇਹ ਗੱਲ ਮੈਂ ਬਜਟ ਸਪੀਚ ਵਿਚ ਵੀ ਮੰਨੀ ਹੈ ਔਰ ਇਥੇ ਵੀ ਪਹਿਲੇ ਕਿਹਾ ਹੈ ਕਿ ਪਾਕਿਸਤਾਨ ਨਾਲ ਝਗੜੇ ਕਰਕੇ ਸਾਡੇ ਲੋਕਾਂ ਦੀ ਹਾਲਤ ਚੰਗੀ ਨਹੀਂ ਰਹੀ । ਇਸ ਚੀਜ਼ ਨੂੰ ਮੈਂ ਨਜ਼ਰ ਵਿਚ ਰਖਿਆ ਹੈ ਔਰ ਇਸ ਬਾਰੇ ਇਥੇ ਕਰਿਟੇਸਿਜ਼ਮ ਕੀਤੀ ਗਈ ਹੈ । ਮੈਂ ਇਹ ਗੱਲ ਫਿਰ ਕਲੀਅਰ ਕਰ ਦੇਣਾ ਚਾਹੁੰਦਾ ਹਾਂ ਕਿ ਸਾਡੀ ਨੀਅਤ ਹੋਰ ਟੈਕਸ ਲਗਾਉਣ ਦੀ ਬਿਲਕੁਲ ਨਹੀਂ ਸੀ ਲੇਕਿਨ ਕਿਉਂਕਿ ਸਾਨੂੰ ਪਲੈਨਿੰਗ ਕਮਿਸ਼ਨ ਨੇ ਦੋ ਕਰੋੜ ਰੁਪਏ ਦੀ ਰਕਮ ਇਸ ਸ਼ਰਤ ਤੇ ਦੇਣੀ ਕੀਤੀ ਕਿ ਅਸੀਂ ਵੀ ਇਤਨੀ ਰਕਮ ਨਵੇਂ ਟੈਕਸ ਲਗਾ ਕੇ ਵਸੂਲ ਕਰੀਏ । ਇਸ ਕਰ ਕੇ ਅਸੀਂ ਕਿਹਾ ਕਿ ਜੇ 8 ਆਨੇ ਟੈਕਸ ਲਾ ਕੇ ਵਸੂਲ ਕਰਨ ਨਾਲ ਸਾਨੂੰ 8 ਆਨੇ ਹੋਰ ਮਿਲਦੇ ਹਨ ਤਾਂ ਅਸੀਂ ਕਿਉਂ ਨਾ 8 ਆਨੇ ਟੈਕਸਾਂ ਰਾਹੀਂ ਵਸੂਲ ਕਰ ਕੇ 8 ਆਨੇ ਹੋਰ ਵੀ ਜਿਹੜੇ ਸੈਂਟਰ ਤੋਂ ਇਸ ਤਰ੍ਹਾਂ ਮਿਲਦੇ ਹਨ ਲੈ ਲਈਏ ਤਾਕਿ ਸਾਡੀ ਡੀਵੈਲਪਮੈਂਟ ਦਾ ਕੰਮ ਅਗਲੇ ਸਾਲ ਵੀ ਚਲਦਾ ਰਹੇ । ਮੈਂ, ਸਪੀਕਰ ਸਾਹਿਬ, ਇਹ ਗੱਲ ਵੀ ਕਲੀਅਰ ਕਰ ਦੇਣਾ ਚਾਹੁੰਦਾ ਹਾਂ ਕਿ ਵੈਸੇ ਤਾਂ ਜਿਹੜਾ ਘਾਟਾ ਬਜਟ ਵਿਚ ਪੈਣਾ ਸੀ ਉਹ ਅਸੀਂ ਰੀਟਰੈਂਚਮੈਂਟ ਰਾਹੀਂ ਜੋ ਹਰ ਖਰਚ ਵਿਚ ਬਚਤ ਕਰ ਕਰ ਕੇ ਵੀ ਪੂਰਾ ਕਰ ਸਕਦੇ ਸੀ ਪਰ ਸਾਨੂੰ ਇਹ ਟੈਕਸ ਤਾਂ ਇਸ ਕਰ ਕੇ ਹੀ ਲਾਉਣੇ ਪਏ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਸਾਨੂੰ ਸੈਂਟਰ ਤੋਂ ਦੋ ਕਰੋੜ ਰੁਪਏ ਮਿਲਦੇ ਸਨ ।

ਫਿਰ ਮੇਰੇ ਫਾਜ਼ਲ ਦੋਸਤ ਬਾਬੂ ਬਚਨ ਸਿੰਘ ਨੇ ਜਿਹੜਾ ਸਾਡਾ ਬਜਟ ਐਟ ਏ ਗਲਾਂਸ ਹੈ ਉਸ ਵੱਲ ਤਵੱਜੋ ਦਿਲਾਈ ਹੈ ਕਿ ਦੇਖੋ ਪਹਿਲੇ 1961 ਵਿਚ ਗੌਰਮਿੰਟ ਨੂੰ ਜੋ ਟੈਕਸੇਸ਼ਨ ਰਾਹੀਂ ਰਕਮ ਮਿਲਦੀ ਸੀ ਉਹ ਕੁਲ 33 ਕਰੋੜ ਸੀ ਪਰ ਅਜ ਇਹ 76 ਕਰੋੜ ਹੋ ਗਈ ਹੈ ਔਰ ਇਨ੍ਹਾਂ ਨੂੰ ਇਸ ਤੇ ਅਫਸੋਸ ਵੀ ਹੈ ਔਰ ਅਫਸੋਸ ਇਸ ਕਰ ਕੇ ਹੈ ਔਰ ਇਸ ਲਈ ਕਹਿੰਦੇ ਹਨ ਕਿ ਟੈਕਸੇਸ਼ਨ ਬਹੁਤ ਜ਼ਿਆਦਾ ਵਧ ਗਈ । ਔਰ ਅਫਸੋਸ ਇਸ ਗੱਲ ਦਾ ਹੈ ਕਿ ਇਹ ਟੈਕਸੇਸ਼ਨ ਕਿਸ ਤਰ੍ਹਾਂ ਵਧ ਗਈ ਹੈ ਹਾਲਾਂਕਿ ਡਾਇਰੈਕਟ ਟੈਕਸ ਸਿਰਫ 8 ਜਾਂ 10 ਕਰੋੜ ਹੀ ਰਹੇ ਹਨ । ਇਹ ਕਹਿੰਦੇ ਹਨ ਕਿ ਕਾਂਗਰਸ ਗੌਰਮਿੰਟ ਨੇ ਇਹ ਕਿਸ ਤਰ੍ਹਾਂ ਕਰ ਲਿਆ ਹੈ ਕਿ ਡਾਇਰੈਕਟ ਟੈਕਸਾਂ ਦੀ ਰਕਮ ਸਿਰਫ਼ 8 ਕਰੋੜ ਹੀ ਰਹੀ ਹੈ ਪਰ ਟੈਕਸੇਸ਼ਨ ਬੜੀ ਵਧ ਗਈ ਹੈ । ਮੈਂ ਬਾਬੂ ਜੀ ਦੀ ਖਿਦਮਤ ਵਿਚ ਅਰਜ਼ ਕਰਦਾ ਹਾਂ ਕਿ ਡਾਇਰੈਕਟ ਟੈਕਸ ਕਿਹੜੇ ਨੇ । ਡਾਇਰੈਕਟ ਟੈਕਸ ਲੈਂਡ ਰੈਵਿਨਿਊ ਹੈ । (ਬਾਬੂ ਬਚਨ ਸਿੰਘ ਵਲੋਂ ਵਿਘਨ) ਮੈਂ ਨਹੀਂ

ਚਾਹੁੰਦਾ ਸੀ ਕਿ ਲੈਂਡ ਰੈਵਿਨੀਉ ਵਧਾਇਆ ਜਾਵੇ ਕਿਉਂਕਿ ਇਸ ਨਾਲ ਕਿਸਾਨ ਤੇ, ਜਿਸ ਨੇ ਦੇਸ ਵੀ ਖੜੀ ਖਿਦਮਤ ਕੀਤੀ ਹੈ ਉਸ ਨੇ ਜੋ ਵਧ ਤੋਂ ਵਧ ਮੁਸ਼ੱਕਤ ਕਰ ਕੇ ਸਾਡੀ ਐਗਰੀਕਲਚਰ ਦੀ ਪੈਦਾਵਾਰ ਵਧਾਈ ਹੈ, ਤੇ ਭੈੜਾ ਅਸਰ ਹੋਵੇਗਾ । ਇਸ ਲਈ ਮੈਂ ਤੁਹਾਡੀ ਖਿਦਮਤ ਵਿਚ ਅਰਜ਼ ਕਰਦਾ ਹਾਂ ਕਿ ਜਿਥੋਂ ਤਕ ਕਿਸਾਨ ਦਾ ਤਅੱਲੁਕ ਹੈ, ਗੌਰਮਿੰਟ ਨੇ ਇਸ ਚੀਜ਼ ਨੂੰ ਮੱਦੇਨਜ਼ਰ ਰਖਿਆ ਹੈ ਔਰ ਉਸ ਤੇ ਟੈਕਸ ਨਹੀਂ ਵਧਾਇਆ । ਤੁਸੀਂ ਦੇਖੋ ਗੇ ਕਿ ਜਿਥੇ 1961 ਵਿਚ ਲੈਂਡ ਰੈਵਿਨੀਉ 4 ਕਰੋੜ 25 ਲਖ ਰੁਪਏ ਸੀ, ਉਥੇ ਉਹ 1961-62 ਵਿਚ 3.98 ਕਰੋੜ ਹੋ ਗਿਆ ਔਰ 1962-63 ਵਿਚ ਇਹ 4.66 ਕਰੋੜ ਹੋ ਗਿਆ ਔਰ ਇਸ ਸਾਲ ਇਹ 3.13 ਕਰੋੜ ਹੋਇਆ ਹੈ । ਇਹ ਕਿਉਂ ਘਟਿਆ ਹੈ, ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਇਹ ਇਸ ਕਰਕੇ ਘਟਿਆ ਹੈ ਕਿਉਂਕਿ ਗੌਰਮਿੰਟ ਦੀ ਤਰਫੋਂ ਇਸ ਵਿਚ ਕਿਸਾਨਾਂ ਨੂੰ ਰਮਿਸ਼ਨਜ਼ ਦਿਤੀਆਂ ਗਈਆਂ ਹਨ ਹਨ । ਹਾਲਾਂਕਿ ਇਹ ਸਾਡਾ ਡਾਇਰੈਕਟ ਟੈਕਸ ਸੀ, ਇਸ ਵਿਚ ਵੀ ਅਸੀਂ ਰਮਿਸ਼ਨਜ਼ ਦਿਤੀਆਂ ਔਰ ਇਸ ਗੱਲ ਦੀ ਪਰਵਾਹ ਨਹੀਂ ਕੀਤੀ ਕਿ ਇਸ ਨਾਲ ਸਾਡੀ ਇਨਕਮ ਘਟਦੀ ਹੈ । ਇਹ ਅਸੀਂ ਇਸ ਕਰ ਕੇ ਕੀਤਾ ਹੈ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਕਿਸਾਨ ਨੂੰ ਤਕਲੀਫ਼ ਨਾ ਹੋਵੇ ਕਿਉਂਕਿ ਇਸ ਨੇ ਦੇਸ਼ ਦੀ ਇਸ ਲੜਾਈ ਵਿਚ ਬੜੀ ਸੇਵਾ ਕੀਤੀ ਹੈ । ਆਪ ਨੂੰ ਪਤਾ ਹੀ ਹੈ ਕਿ ਇਨ੍ਹਾਂ ਨੇ ਹੀ ਪੈਰਾਟਰੂਪਰਜ਼ ਨੂੰ ਖਤਮ ਕੀਤਾ ਹੈ ਔਰ ਇਸ ਦੇ ਨਾਲ ਸਾਨੂੰ ਇਹ ਵੀ ਪਤਾ ਸੀ ਕਿ ਇਸ ਸਾਲ ਕਿਸਾਨ ਨੂੰ ਖੇਤੀ ਵਾਸਤੇ ਪਾਣੀ ਨਹੀਂ ਮਿਲਿਆ ਜਿਸ ਕਰ ਕੇ ਇਸ ਦੀਆਂ ਫਸਲਾਂ ਖਰਾਬ ਹੋ ਗਈਆਂ ਹਨ । ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦੇਖਦਿਆਂ ਹੋਇਆ ਅਸੀਂ ਟੈਕਸ ਵਧਾਉਣਾ ਮੁਨਾਸਬ ਨਹੀਂ ਸਮਝਿਆ ਸਗੋਂ ਉਸ ਨੂੰ ਇਸ ਵਿਚ ਰਮਿਸ਼ਨਜ਼ ਦਿਤੀਆਂ ਹਨ ਔਰ ਇਸ ਦਾ ਇਹ ਹੀ ਨਤੀਜਾਂ ਹੈ ਕਿ ਜਿਥੇ ਇਹ 1961 ਵਿਚ 4.25 ਕਰੋੜ ਸੀ ਉਥੇ ਹੁਣ ਇਹ 3.13 ਕਰੋੜ ਹੀ ਵਸੂਲ ਕੀਤਾ ਹੈ । ਤੁਸੀਂ ਇਸ ਤੋਂ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਸਾਨੂੰ ਕਿਸਾਨ ਦੇ ਇੰਟਰੈਸਟ ਦੀ ਕਿਤਨੀ ਫਿਕਰ ਹੈ ।

ਫਿਰ ਅਗਲਾ ਟੈਕਸ ਪਰਾਪਰਟੀ ਟੈਕਸ ਹੈ । ਗੌਰਮਿੰਟ ਦੀ ਹਮੇਸ਼ਾ ਇਹ ਪਾਲਸੀ ਰਹੀ ਹੈ ਕਿ ਕਿਸੇ ਨਾਲ ਕਿਸੇ ਤਰ੍ਹਾਂ ਦੀ ਡਿਸਕ੍ਰਿਮੀਨੇਸ਼ਨ ਨਾ ਕੀਤੀ ਜਾਵੇ । ਜਿਸ ਤਰ੍ਹਾਂ ਮੈਂ ਆਪਣੀ ਬਜਟ ਸਪੀਚ ਵਿਚ ਵੀ ਜ਼ਿਕਰ ਕੀਤਾ ਹੈ ਕਿ ਮੌਜੂਦਾ ਹਾਲਾਤ ਵਿਚ ਗੌਰਮਿੰਟ ਦੀ ਇਹ ਕੋਸ਼ਿਸ਼ ਸੀ ਕਿ ਇਸ ਤੇ ਵੀ ਜ਼ਿਆਦਾ ਪਰੈਸ਼ਰ ਨਹੀਂ ਪਾਉਣਾ, ਇਸ ਕਰ ਕੇ ਇਸ ਵਿਚ ਵੀ ਲੋਕਾਂ ਨੂੰ ਕੁਝ ਨਾ ਕੁਝ ਰਿਆਇਤਾਂ ਹੀ ਦਿਤੀਆਂ ਹਨ । ਲੈਂਡ ਰੈਵਿਨੀਊ ਦੀ ਤਰ੍ਹਾਂ ਪਰਾਪਰਟੀ ਟੈਕਸ ਵੀ ਇਕ ਡਾਇਰੈਕਟ ਟੈਕਸ ਹੈ ਔਰ ਇਸ ਚੀਜ਼ ਨੂੰ ਧਿਆਨ ਵਿਚ ਰਖਦੇ ਹੋਏ ਅਸੀਂ ਇਸ ਟੈਕਸ ਨੂੰ ਵੀ ਬਜਾਏ ਜ਼ਿਆਦਾ ਕਰਨ ਦੇ ਘਟ ਹੀ ਕੀਤਾ ਹੈ । ਸਪੀਕਰ ਸਾਹਿਬ, ਆਪ ਨੂੰ ਪਤਾ ਹੈ ਕਿ ਪਿਛੇ ਅਰਬਨ ਪਰਾਪਰਟੀ ਐਕਟ ਅਮੈਂਡ ਹੋਇਆ ਸੀ । ਅਜ ਦੇ ਮਾਲੀ ਹਾਲਾਤ ਨੂੰ ਦੇਖ ਕੇ ਗੌਰਮਿੰਟ ਨੂੰ ਚਾਹੀਦਾ ਤਾਂ ਇਹ ਸੀ ਕਿ ਹਮੇਸ਼ਾ ਟੈਕਸ ਵਧਦੇ ਰਹਿਣ, ਲੇਕਿਨ ਇਹ ਹਮੇਸ਼ਾ ਟੈਕਸ ਘਟਾਉਂਦੀ ਰਹੀ ਹੈ ਔਰ ਇਸ ਕਰਕੇ ਜਿਥੇ ਪਹਿਲੇ ਪਰਾਪਰਟੀ ਟੈਕਸ ਦੀ ਛੋਟ ਦੀ ਲਿਮਿਟ 240 ਰੁਪਏ ਤਕ ਸੀ, ਇਸ ਨੇ 300 ਰੁਪਏ ਕਰ ਦਿਤੀ ਸੀ । ਇਸ ਦਾ ਮਤਲਬ ਇਹ ਹੈ ਕਿ ਗੌਰਮਿੰਟ ਨੇ ਇਸ ਟੈਕਸ ਵਿਚ ਲੋਕਾਂ ਨੂੰ ਰੀਲੀਫ ਦਿਤਾ ਸੀ । ਇਸ ਤਰ੍ਹਾਂ ਉਸ ਅਮੈਂਡਿਡ ਐਕਟ ਦੀਆਂ ਹੋਰ ਕਈ ਮੱਦਾਂ ਸਨ ਜਿਨ੍ਹਾਂ ਰਾਹੀਂ ਹੋਰ ਛੋਟ ਦਿਤੀ ਗਈ ਸੀ । (ਵਿਘਨ) ਜੋ ਲੈਂਡ ਰੈਵਿਨੀਊ ਹੈ ਉਹ ਵੀ ਅਤੇ ਪ੍ਰਾਪਰਟੀ ਟੈਕਸ ਉਹ ਵੀ, ਡਾਇਰੈਕਟ ਟੈਕਸਿਜ਼ ਹਨ । ਦੋਹਾਂ ਵਿਚ ਸਰਕਾਰ ਨੇ ਆਪਣੇ ਵਲੋਂ ਰਿਆਇਤ ਦਿਤੀ ਹੈ । ਟੈਕਸ ਦਾ

[ਵਿੱਤ ਮੰਤਰੀ]

ਇਹ ਅਸੂਲ ਹੈ ਕਿ ਡਾਇਰੈਕਟ ਟੈਕਸ ਨੂੰ ਹਰ ਕੋਈ ਜ਼ਿਆਦਾ ਮਹਿਸੂਸ ਕਰਦਾ ਹੈ, ਉਸ ਨੂੰ ਪੈਸਾ ਦੇਣਾ ਪੈਂਦਾ ਹੈ । ਸੋ ਇਸ ਬਾਰੇ ਸਰਕਾਰ ਨੇ ਕੋਸ਼ਿਸ਼ ਕੀਤੀ ਹੈ ਕਿ ਇਹ ਟੈਕਸ ਘਟ ਕੀਤਾ ਜਾਵੇ । ਇਸ ਤੋਂ ਅਗੇ ਡਾਇਰੈਕਟ ਟੈਕਸ ਹੈ ਕੋਰਟ ਫੀ ਅਤੇ ਸਟੈਂਪ ਡਿਊਟੀ । ਉਸ ਨੂੰ ਦੇਖੋ ਕਿ ਕਿ 13% ਤੋਂ 6% ਕੀਤਾ । (ਤਾੜੀਆਂ) ਫਿਰ ਇਸ ਤਰ੍ਹਾਂ ਘਟ ਕਰਕੇ ਵੀ ਤੁਹਾਡੀ ਹਕੂਮਤ ਨੇ ਇਸ ਤੋਂ ਆਮਦਨ ਵਧਾਈ । ਪਹਿਲਾਂ ਸਾਲ ਵਿਚ ਸਟੈਂਪ ਡਿਊਟੀ ਤੋਂ 6 ਕਰੋੜ 11 ਲਖ, ਅਗਲੇ ਸਾਲ 6 ਕਰੋੜ 68 ਲਖ ਤੇ ਇਸ ਸਾਲ ਇਹ ਇਨਕਮ ਵਧਕੇ ਰੀਵਾਈਜ਼ਡ ਐਸਟੀਮੇਟ 6 ਕਰੋੜ 81 ਲਖ ਰੁਪਏ ਦਾ ਹੈ । ਸੋ ਸ਼ਰ੍ਹਾ ਘਟ ਕਰਕੇ ਵੀ ਇੰਕਮ ਵਧਾਈ । (ਵਿਘਨ) ਇਹ ਮੈਂ ਸਭ ਦੇ ਫ਼ਾਇਦੇ ਦੀ ਗੱਲ ਹੀ ਦਸ ਰਿਹਾ ਹਾਂ, ਇਹ ਕਿਸੇ ਨੂੰ ਕਿਉਂ ਚੁਭੇ । ਇਨ੍ਹਾਂ ਨੇ ਕਿਹਾ ਕਿ ਇਨ੍ਹਾਂ ਟੈਕਸਾਂ ਤੋਂ ਇੰਕਮ ਵਧਾਕੇ 33 ਕਰੋੜ ਤੋਂ 76 ਕਰੋੜ ਰੁਪਏ ਕਰ ਦਿਤੀ ਹੈ । ਮੈਂ ਬਾਬੂ ਜੀ ਦੀ ਖਿਦਮਤ ਵਿਚ ਅਰਜ਼ ਕਰਦਾ ਹਾਂ ਕਿ ਇਹ ਕਿਸ ਤਰ੍ਹਾਂ ਕੀਤੀ ਹੈ । ਉਸੇ ਸਫ਼ੇ ਤੇ ਨਜ਼ਰ ਮਾਰੋ । ਇਕ ਤਾਂ ਇਨਕਮ ਵਧੀ ਹੈ 4 ਕਰੋੜ ਰੁਪਏ ਸਟੈਂਪ ਡਿਊਟੀ ਤੋਂ ਫਿਰ ਵਧੀ ਹੈ 'ਸਟੇਟ ਸ਼ੇਅਰ ਇਨ ਇਨਕਮ ਟੈਕਸ' ਨਾਲ । ਇਸ ਤੋਂ ਕੀ ਪਤਾ ਚਲਦਾ ਹੈ ? ਇਹ ਠੀਕ ਹੈ ਕਿ ਪਿਛਲੇ ਸਾਲ ਲੋਕਾਂ ਦੀ ਮਾਲੀ ਹਾਲਤ ਕੁਝ ਪਤਲੀ ਪੈ ਗਈ ਪਾਕਿਸਤਾਨ ਨਾਲ ਲੜਾਈ ਕਰਕੇ । ਪਰ ਹਿੰਦੁਸਤਾਨ ਵਿਚ ਜੋ ਇੰਕਮ ਟੈਕਸ ਬਾਰੇ ਪੂਲ ਸਿਸਟਮ ਹੈ, ਉਸ ਵਿਚ ਸਾਡਾ ਸ਼ੇਅਰ ਵਧਣ ਤੋਂ ਇਹ ਪਤਾ ਚਲਦਾ ਹੈ ਕਿ ਇਥੇ ਲੋਕਾਂ ਪਾਸ ਪੈਸਾ ਜ਼ਿਆਦਾ ਹੋ ਗਿਆ ਭਾਵੇਂ ਇਹ ਉਪਰਲਿਆਂ ਲੋਕਾਂ ਪਾਸ ਹੀ ਹੋਇਆ ਹੋਵੇ । (ਵਿਘਨ) ਦੋ ਕਰੋੜ ਇਸ ਤਰ੍ਹਾਂ ਵਧਿਆ। ਫਿਰ ਹੈ ਸਟੇਟ ਐਕਸਾਈਜ਼ ਡਿਊਟੀ ਅਤੇ ਯੂਨੀਅਨ ਐਕਸਾਈਜ਼ ਡਿਊਟੀ, ਸਟੇਟ ਐਕਸਾਈਜ਼ ਡਿਊਟੀ ਤੋਂ 7 ਕਰੋੜ ਆਮਦਨੀ ਵਧੀ ਅਤੇ ਯੂਨੀਅਨ ਐਕਸਾਈਜ਼ ਡਿਊਟੀ, ਤੋਂ 14 ਕਰੋੜ ਵਧੀ । ਸੋ ਇਸ ਤਰ੍ਹਾਂ ਇਹ ਇੰਕਮ 33 ਕਰੋੜ ਤੋਂ 76 ਕਰੋੜ ਹੋਈ ਹੈ (ਵਿਘਨ) ਸੁਣੀ ਜਾਉ । ਤੁਸੀਂ ਕਹੋਗੇ ਕਿ ਇਹ ਵਾਧੇ ਕਿਵੇਂ ਹੋਏ । ਦੇਖੋ ਟੈਕਸ ਲਾਉਣ ਦੇ ਬਾਅਜ਼ ਤਰੀਕੇ ਪਹਿਲਾਂ ਟੈਕਸ ਦੇ ਅਸੂਲਾਂ ਦੇ ਖਿਲਾਫ ਸਨ ਉਨ੍ਹਾਂ ਤਰੀਕਿਆਂ ਨੂੰ ਰੈਸ਼ਨੇਲਾਈਜ਼ ਕੀਤਾ । ਸੇਲਜ਼ ਟੈਕਸ ਦੀ ਮਿਸਾਲ ਲੈ ਲਉ । ਇਸ ਵਿਚ ਇੰਕਮ 14 ਕਰੋੜ ਰੁਪਏ ਵਧੀ ਹੈ । ਤੁਸੀਂ ਦੇਖੋ ਇਕ ਪੈਸਾ ਇਹ ਟੈਕਸ ਨਹੀਂ ਵਧਾਇਆ । ਪੋਲਟਰੀ ਫੀਡ ਤੇ ਸਗੋਂ ਮਾਫ ਕੀਤਾ, ਹੋਰ ਵੀ ਕਈ ਚੀਜ਼ਾਂ ਤੇ ਮਾਫ ਕੀਤਾ । ਗੱਲ ਇਹ ਹੈ ਕਿ ਅਸੀਂ ਜੋ ਫ਼ਸਟ ਸਟੇਜ ਤੇ ਟੈਕਸ ਲਾਉਣ ਦਾ ਫੈਸਲਾ ਕੀਤਾ ਉਸ ਨਾਲ ਈਵੇਜ਼ਨ ਘਟ ਹੁੰਦਾ ਹੈ ਕਿਉਂਕਿ ਇਸ ਤਰ੍ਹਾਂ ਐਡ-ਵਲੋਰਮ, ਹੋਲ ਸੇਲ ਕੀਮਤ ਤੇ ਹੀ ਟੈਕਸ ਲਗਦਾ ਹੈ । ਇਸ ਤਰ੍ਹਾਂ ਇਹ ਲਗਦਾ ਤਾਂ ਘੱਟ ਪ੍ਰਾਈਸ ਤੇ ਹੈ ਪਰ ਈਵੇਜਨ ਨਹੀਂ ਹੁੰਦਾ । ਅਗਰ ਕਿਸੇ ਚੀਜ਼ ਦੀ ਰੀਟੇਲ ਵਿਚ ਕੀਮਤ ਦੋ ਰੁਪਏ ਹੈ ਤਾਂ ਉਸ ਦੀ ਹੋਲਸੇਲ ਪ੍ਰਾਈਸ $1\frac{1}{2}$ ਰੁਪਏ ਹੋਵੇਗੀ ਜਿਸ ਤੇ ਕਿ ਟੈਕਸ ਘਟ ਲਗੇਗਾ । ਇਸ ਤਰ੍ਹਾਂ ਸਗੋਂ ਰਿਲੀਫ ਦਿਤਾ । ਬਾਕੀ ਜਿਥੇ ਈਵੇਜ਼ਨ ਸੀ ਉਥੇ ਜ਼ਰੂਰ ਸਖਤੀ ਕੀਤੀ ਹੈ, ਵਰਨਾ ਵਪਾਰੀਆਂ ਦੀ ਹੈਰਸਮੈਂਟ ਖਤਮ ਹੋਈ ਹੈ, ਉਨ੍ਹਾਂ ਨੂੰ ਮੁਮਕਿਨ ਸਹੂਲਤ ਦਿਤੀ ਗਈ ਹੈ (ਵਿਘਨ) ਫਿਰ ਟੈਕਸਿਜ਼ ਬਾਰੇ ਕਿਹਾ ਗਿਆ ਕਿ ਜੋ ਟੈਕਸ ਲਾਉਣ ਦਾ ਸਾਡਾ ਸਿਸਟਮ ਹੈ ਇਹ ਸੋਸ਼ਲਿਸਟਿਕ ਨਹੀਂ ਹੈ । ਮੈਂ ਪੁਛਦਾ ਹਾਂ ਕਿ ਅਗਰ ਅਨਅਰੰਡ ਇੰਕਮ ਤੇ ਟੈਕਸ ਲਾਇਆ ਜਾਵੇ ਤਾਂ ਸੋਸ਼ਲਿਸਟਿਕ ਸਿਸਟਮ ਦੇ ਕਿਸ ਤਰ੍ਹਾਂ ਖ਼ਿਲਾਫ ਹੈ । ਤੁਸੀਂ ਜਾਣਦੇ ਹੋਵੋਗੇ ਕਿ ਸ਼ਹਿਰਾਂ ਵਿਚ ਕਈ ਲੋਕਾਂ ਨੇ ਇਹ ਬਿਜ਼ਨੈਸ ਬਣਾਇਆ ਹੋਇਆ ਹੈ ਕਿ ਇਕ ਪਲਾਟ ਖਰੀਦ ਕੇ ਰਖ ਲਿਆ ਅਤੇ ਦੂਜੇ ਸਾਲ ਉਸ ਦੀ ਕੀਮਤ ਦੁਗਨੀ ਹੋ ਗਈ, ਤੀਜੇ ਸਾਲ ਤਿਗਣੀ ਹੋ ਗਈ ।

ਇਹ ਅਨਅਰੰਡ ਇਨਕਮ ਹੈ ਅਤੇ ਮੈਂ ਟੈਕਸ ਕੀਤੀ ਹੈ । ਜਦੋਂ ਟੈਕਸ ਲਾਇਆ ਸੀ ਤਾਂ ਇਕ ਖਿਆਲ ਜ਼ਰੂਰ ਰਖਿਆ ਸੀ । ਇਹ ਸੀ ਟੈਰਿਫ਼ ਡਿਊਟੀ ਦੇ ਬਾਰੇ ਵਿਚ ਕਿ ਕਿਉਂ ਵਧਾਈ ਗਈ । ਪਰ ਮੈਂ ਇਨ੍ਹਾਂ ਦੀ ਖਿਦਮਤ ਵਿਚ ਅਰਜ਼ ਕਰ ਦਿਆਂ ਕਿ ਅਸੀਂ ਜਿਹੜਾ ਕੰਮ ਕੀਤਾ ਹੈ ਹੋ ਸਕਦਾ ਹੈ ਇਸ ਵਿਚ ਕਿਤੇ ਗਲਤੀ ਰਹਿ ਗਈ ਹੋਵੇ ਲੇਕਿਨ ਹਰ ਇਕ ਚੀਜ਼ ਨੂੰ ਕਨਸਿਡਰ ਕਰਕੇ ਕਿ ਇਸ ਦਾ ਇਨ ਦੀ ਲਾਂਗ ਰਨ ਸਟੇਟ ਨੂੰ ਕੀ ਫਾਇਦਾ ਪਹੁੰਚਣਾ ਹੈ ਇਹ ਕੰਮ ਕੀਤਾ ਗਿਆ ਹੈ । ਸਾਡੀ ਇਕ ਡੀਵੈਲਪਿੰਗ ਸਟੇਟ ਹੈ ਅਤੇ ਇਸ ਲਈ ਸਾਨੂੰ ਰੁਪਏ ਦੀ ਲੋੜ ਹੈ, ਪਰ ਇਹ ਰੁਪਿਆ ਅਸੀਂ ਕਿਤੇ ਲੈ ਨਹੀਂ ਜਾਣਾ । ਇਹ ਰੁਪਿਆ ਅਸੀਂ ਇੰਡਸਟਰੀ ਦੀ ਡੀਵੈਲਪਮੈਂਟ ਖਾਤਰ ਲੈ ਰਹੇ ਹਾਂ । ਇਥੇ ਇਸ ਬਾਰੇ ਇਹ ਕ੍ਰਿਟਿਸਿਜ਼ਮ ਹੁੰਦੀ ਹੈ ਕਿ ਰੁਪਿਆ ਲੈਣਾ ਜਾਇਜ਼ ਨਹੀਂ ਸੀ ਅਤੇ ਇਸ ਤਰ੍ਹਾਂ ਇਕ ਡਿਸਕ੍ਰਿਮੀਨੇਸ਼ਨ ਕੀਤੀ ਜਾ ਰਹੀ ਹੈ ਕਿ ਐਗਰੀਕਲਚਰ ਤੇ ਬਿਜਲੀ ਦਾ ਟੈਰਿਫ਼ ਜ਼ਿਆਦਾ ਹੈ ਤੇ ਬਾਕੀ ਇੰਡਸਟਰੀ ਤੇ ਘਟ ਹੈ । ਪਰ ਇਸ ਵਿਚ ਤਿੰਨ ਚਾਰ ਚੀਜ਼ਾਂ ਇਨਵਾਲਵਡ ਨੇ । ਇਸ ਲਈ ਮੈਂ ਦੱਸ ਦੇਵਾਂ ਕਿ ਇਸ ਗੱਲ ਤੇ ਇਤੇ ਪ੍ਰੈਸ ਨਹੀਂ ਕਰਨਾ ਚਾਹੀਦਾ । ਮੈਂ ਇਸ ਵੇਲੇ ਵੀ ਤਿਆਰ ਹਾਂ ਇਹ ਦਸਣ ਲਈ ਕਿ ਇਹ ਜਿਹੜਾ ਸਾਡਾ ਟੈਰਿਫ਼ ਹੈ ਪਰ ਯੂਨਟ ਦਾ ਇਹ ਸਾਰੇ ਹਿੰਦੁਸਤਾਨ ਵਿਚ ਸਾਰਿਆਂ ਤੋਂ ਘੱਟ ਹੈ । ਇਸ ਵਿਚ ਡਿਊਟੀ ਵੀ ਸ਼ਾਮਿਲ ਹੈ । ਸਾਡੇ ਪਾਸ ਫ਼ਿਗਰਜ਼ ਹਨ ਅਤੇ ਮੈਂ ਦੱਸ ਸਕਦਾ ਹਾਂ ਕਿ ਕਿੰਨਾ ਘੱਟ ਹੈ । 250 ਕਿਲੋ ਤੇ 5.65 ਹੈ; ਫਿਰ ਕਿਤੇ 11.10, 9.7 ਫਿਰ 10 ਕਿਤੇ 13 ; ਯਾਨੀ ਸਾਡਾ ਸਾਰਿਆਂ ਤੋਂ ਘੱਟ ਹੈ । ਫਿਰ ਇਸੇ ਤਰ੍ਹਾਂ ਇਲੈਕਟ੍ਰਿਸਿਟੀ ਤੇ ਹੈ । ਅਸੀਂ ਇਸ ਰਾਹੀਂ 9.38 ਰਖਿਆ ਹੈ । ਇਸ ਲਈ ਮਾਈਂਡ ਵਿਚ ਬਰਨਿੰਗ ਹੁੰਦੀ ਹੈ ਕਿ ਇਹ ਇਧਰ ਉਧਰ ਕਰ ਰਹੇ ਹਨ ਪਰ ਮੈਂ ਦੱਸ ਦੇਵਾਂ ਕਿ ਇਥੇ ਕੋਈ ਜ਼ਿਆਦਾ ਨਹੀਂ ਬਾਕੀਆਂ ਨਾਲੋਂ । ਫਿਰ ਇਹ ਵੀ ਕੋਸ਼ਿਸ਼ ਕੀਤੀ ਗਈ ਹੈ ਕਿ ਜਿਥੇ ਇਹ ਟੈਰਿਫ਼ ਵਧਾਇਆ ਜਾਵੇ ਤਾਂ ਕਿਸੇ ਤਰ੍ਹਾਂ ਵੀ ਇੰਡਸਟਰੀ ਨੂੰ ਅਤੇ ਇੰਡਸਟਰੀਅਲ ਡਿਵੈਲਪਮੈਂਟ ਨੂੰ ਨੁਕਸਾਨ ਨਾ ਰਹੇ । ਮੈਂ ਇਸ ਤੋਂ ਅਗਲੀ ਗੱਲ ਦਸਦਾ ਹਾਂ ਕਿ ਜੇਕਰ ਅਸੀਂ ਇਸ ਤਰ੍ਹਾਂ ਨਾਲ ਇਕ ਕਰੋੜ ਰੁਪਿਆ ਲਵਾਂਗੇ ਤਾਂ ਦੂਜੇ ਪਾਸੇ ਅਸੀਂ 7 ਕਰੋੜ ਦੇ ਰਹੇ ਹਾਂ । ਤੁਸੀਂ ਪੁਛੋਗੇ ਉਹ ਕਿਵੇਂ । ਅਸੀਂ ਇਕ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਬਣਾ ਰਹੇ ਹਾਂ 7 ਕਰੋੜ ਰੁਪਏ ਦੀ । ਇਸ ਵਿਚ ਗੌਰਮਿੰਟ ਵੀ ਆਪਣਾ ਸ਼ੇਅਰ ਪਾਏਗੀ । ਹੁਣ ਵੀ ਅਸੀਂ ਸਾਰਾ ਰੁਪਿਆ ਇਸ ਸਬੰਧ ਵਿਚ ਇੰਡਸਟਰੀ ਨੂੰ ਦਿੱਤਾ ਹੈ । ਅਤੇ ਇਹ ਇਕ ਕਰੋੜ ਰੁਪਿਆ ਜਿਨ੍ਹਾਂ ਲੋਕਾਂ ਤੋਂ ਵਸੂਲ ਕਰ ਰਹੇ ਹਾਂ ਉਨ੍ਹਾਂ ਨੂੰ ਹੀ ਮੈਂ ਤੁਹਾਨੂੰ ਯਕੀਨ ਦਿਵਾਂਦਾ ਹਾਂ 7 ਕਰੋੜ ਦੇ ਰੂਪ ਵਿਚ ਦੇ ਰਹੇ ਹਾਂ । ਅਸੀਂ ਦੂਣੇ ਤੀਣੇ ਕਰਕੇ ਦੇ ਰਹੇ ਹਾਂ ।

ਬਾਬੂ ਬਚਨ ਸਿੰਘ : ਸਰਕਾਰੀ ਮੁਲਾਜ਼ਮਾਂ ਦੀ ਵੀ ਗੱਲ ਦਸ ਦਿਓ ਕਿ ਕੀ ਦੇ ਰਹੇ ਹੋ ।

(*Interruption by Sardar Harchand Singh*)

Mr. Speaker : Sardar Harchand Singh, please do not obstruct the proceedings of the House.

(*Interruption*)

ਸ਼੍ਰੀ ਸਪੀਕਰ : ਸਰਦਾਰ ਕਪੂਰ ਸਿੰਘ ਜੀ, ਸਿਰਫ ਪੰਜ ਮਿੰਟ ਵਕਤ ਰਹਿ ਗਿਆ ਹੈ ਤੁਹਾਡਾ । (The hon. Finance Minister has only five minutes more at his disposal.)

ਵਿੱਤ ਮੰਤਰੀ : ਮੈਂ ਤਾਂ ਇੰਨਾ ਹੀ ਕਹਿਣਾ ਹੈ ਕਿ ਚੇਅਰ ਨੇ ਹੀ ਮੇਰਾ ਟਾਇਮ ਘਟ ਕਰ ਕਰ ਕੇ ਅੱਧਾ ਕਰ ਦਿਤਾ ਹੈ। (ਵਿਘਨ) ਮੇਰੀ ਮੁਸ਼ਕਲ ਇਹ ਹੈ ਕਿ ਜਿੰਨਾ ਚਿਰ ਤਕ ਸਾਰੀ ਗੱਲ ਨੂੰ ਵਾਜ਼ੇਹ ਨਾ ਕਰ ਲਵਾਂ ਇਨ੍ਹਾਂ ਨੂੰ ਹਾਲਾਤ ਦਾ ਸਹੀ ਤੌਰ ਤੇ ਪਤਾ ਨਹੀਂ ਲਗ ਸਕਦਾ।

(ਸਰਦਾਰ ਹਰਚੰਦ ਸਿੰਘ ਵੱਲੋਂ ਵਿਘਨ)

Mr. Speaker : Order please.

ਵਿੱਤ ਮੰਤਰੀ : ਮੈਂ ਤਾਂ ਇਨ੍ਹਾਂ ਦੀ ਬਿਹਤਰੀ ਦੀ ਹੀ ਗੱਲ ਕਰ ਰਿਹਾ ਹਾਂ। ਮੇਰੇ ਮਨ ਵਿਚ ਕੋਈ ਗੱਲ ਨਹੀਂ, ਹੁਣ ਕਿਉਂਕਿ ਇਹ ਮੰਨਦੇ ਨੇ ਕਿ ਟੈਕਸ ਠੀਕ ਲਗਾਏ ਹਨ ਇਸ ਲਈ ਮੈਂ ਹੁਣ ਗੌਰਮਿੰਟ ਸਰਵੈਂਟਸ ਬਾਰੇ ਦਸਦਾ ਹਾਂ।

ਸਰਦਾਰ ਗੁਰਚਰਨ ਸਿੰਘ : ਟਰਾਂਸਪੋਰਟ ਬਾਰੇ ਕੁਝ ਨਹੀਂ ਦਸਿਆ।

ਵਿੱਤ ਮੰਤਰੀ : ਟਰਾਂਸਪੋਰਟ ਦੇ ਬਾਰੇ ਵਿਚ ਮੈਂ ਕਹਿ ਦਿਤਾ ਹੈ ਕਿ ਜਿਤਨਾ ਰੁਪਿਆ ਅਸੀਂ ਲੈਣਾ ਹੈ ਉਹ ਉਨ੍ਹਾਂ ਨੂੰ ਸਹੂਲਤ ਦੇਣ ਤੇ ਹੀ ਖਰਚ ਕੀਤਾ ਜਾ ਰਿਹਾ ਹੈ। ਟਰੱਕ ਓਨਰ ਪਹਿਲਾਂ ਰੁਪਿਆ ਕਿਤੇ 24 ਪਰਸੈਂਟ ਤੇ ਕਿਤੇ 36 ਪਰਸੈਂਟ ਵਿਆਜ ਤੇ ਲੈਂਦੇ ਸਨ ਪਰ ਹੁਣ ਫਿਨਾਂਸ਼ਲ ਕਾਰਪੋਰੇਸ਼ਨ ਬਣਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਵਿਚ ਪੈਪਸੂ ਨੂੰ ਐਟ ਪਾਰ ਨਹੀਂ ਸਗੋਂ ਘਟ ਕਰ ਦਿਆਂਗੇ। ਗੌਰਮਿੰਟ ਨੇ ਇਹ ਪ੍ਰੋਪੋਜ਼ਲ ਕੀਤੀ ਹੈ ਕਿ ਬਸਾਂ ਅਤੇ ਟਰੱਕ ਓਨਰਜ਼ ਦੀ ਇਕ ਫਿਨਾਂਸ਼ਲ ਕਾਰਪੋਰੇਸ਼ਨ ਬਣਾ ਦਿਤੀ ਜਾਵੇ। ਇਸ ਵਿਚ ਗੌਰਮਿੰਟ ਆਪਣੀ ਵਲੋਂ ਕਾਫ਼ੀ ਰਕਮ ਦੇ ਰਹੀ ਹੈ ਤਾਕਿ ਟਰੱਕ ਵਾਲੇ ਜਿਥੇ 24 ਜਾਂ ਇਸ ਤੋਂ ਵਧ ਸੂਦ ਤੇ ਰੁਪਏ ਲੈਂਦੇ ਸਨ ਉਨ੍ਹਾਂ ਨੂੰ ਥੋੜੇ ਇੰਟਰੈਸਟ ਤੇ ਰੁਪਿਆ ਮਿਲ ਸਕੇ। ਅਸੀਂ ਇਨ੍ਹਾਂ ਤੋਂ ਇਹ ਪੈਸਾ ਲੈ ਕੇ ਦੂਜੇ ਪਾਸੇ ਇਨ੍ਹਾਂ ਦੀ ਹੀ ਡੀਵੈਲਪਮੈਂਟ ਤੇ ਖਰਚ ਕਰ ਰਹੇ ਹਾਂ ਅਤੇ ਟਰੱਕ ਵਾਲਿਆਂ ਦੀ ਖ਼ਾਤਰ ਹੀ ਰੁਪਿਆ ਰਖ ਦਿਤਾ ਹੈ।

ਬਾਬੂ ਬਚਨ ਸਿੰਘ : ਸਰਕਾਰੀ ਮੁਲਾਜ਼ਮਾਂ ਦੀ ਵੀ ਗੱਲ ਕਰ ਦਿਓ।

ਵਿੱਤ ਮੰਤਰੀ : ਇਸ ਤੋਂ ਬਾਦ ਦੋ ਮਸਲੇ ਹੋਰ ਰਹਿ ਜਾਂਦੇ ਹਨ। ਇਕ ਤਾਂ ਸਰਕਾਰੀ ਮੁਲਾਜ਼ਮਾਂ ਦੀ ਬਾਬਤ ਅਤੇ ਦੂਜਾ ਹਰੀਜਨਾਂ ਦੀ ਬਾਬਤ। ਹਰੀਜਨਾਂ ਦੇ ਬਾਰੇ ਵਿਚ ਮੇਰੇ ਪਿਛੇ ਬੈਠੇ ਵੀਰ ਵੀ ਮਗਰ ਪਏ ਹੋਏ ਹਨ ਕਿ ਹਰੀਜਨਾਂ ਲਈ ਕੀ ਕੁਝ ਕੀਤਾ। ਮੈਂ ਸਰਕਾਰੀ ਮੁਲਾਜ਼ਮਾਂ ਨੂੰ ਪਿਛੋਂ ਲਵਾਂਗਾ। ਮੈਂ ਥੋੜੀ ਗੱਲ ਦੱਸ ਦੇਵਾਂ ਕਿ ਸਾਡੀ ਵਲੋਂ ਉਨ੍ਹਾਂ ਨੂੰ ਮਦਦ ਬੰਦ ਨਹੀਂ ਹੋ ਗਈ। ਸਾਡੇ ਤਾਂ ਸਦਾ ਦਰਵਾਜ਼ੇ ਖੁਲ੍ਹੇ ਹਨ। (ਹਾਸਾ) ਅਸੀਂ ਹਰ ਤਰ੍ਹਾਂ ਹਰੀਜਨਾਂ ਦੀ ਮਦਦ ਕਰਨ ਲਈ ਹਰ ਮੁਮਕਿਨ ਕੋਸ਼ਿਸ਼ ਕੀਤੀ ਹੈ। (ਵਿਘਨ)

ਸਰਦਾਰ ਹਰਚੰਦ ਸਿੰਘ : ਕੋਈ ਮਦਦ ਨਹੀਂ ਕੀਤੀ।

ਵਿੱਤ ਮੰਤਰੀ : ਅਜੇ ਕਲ੍ਹ ਹੀ 20 ਲਖ ਰੁਪਏ ਦੀ ਹੋਰ ਰਕਮ ਦਿਤੀ ਹੈ ਬੈਕਵਰਡ ਕਲਾਸਿਜ਼ ਨੂੰ। ਅਜੇ ਕੱਲ੍ਹ ਦੀ ਗੱਲ ਹੈ ਕਿ ਮੇਰੇ ਪਾਸੋਂ ਇਕ ਹੋਰ 20 ਹਜ਼ਾਰ ਦੀ ਰਕਮ ਤੇ ਦਸਖ਼ਤ ਕਰਵਾ ਕੇ ਲੈ ਗਏ ਹਨ। (ਹਾਸਾ)

ਸਰਦਾਰ ਕੁਲਤਾਰ ਸਿੰਘ : ਸਾਰੇ ਹਰੀਜਨ ਦੁਆਨੀ ਦੁਆਨੀ ਵੰਡ ਲੈਣਗੇ।

ਸਰਦਾਰ ਗੁਰਚਰਨ ਸਿੰਘ : ਕੌਡੀਆਂ ਲੈ ਕੇ ਵੰਡ ਦਿਓ ਇਨ੍ਹਾਂ ਨੂੰ ।

ਵਿੱਤ ਮੰਤਰੀ : ਜਿਥੇ ਤਕ ਹਰੀਜਨਾਂ ਦਾ ਤਅੱਲੁਕ ਹੈ....(ਵਿਘਨ)।

ਸਰਦਾਰ ਹਰਚੰਦ ਸਿੰਘ : ਸਾਡਾ ਪੰਜ ਕਰੋੜ ਕਿਧਰ ਗਿਆ ?

ਵਿੱਤ ਮੰਤਰੀ : ਇਹ ਪੰਜ ਕਰੋੜ ਦੀ ਗੱਲ ਕਰਦੇ ਹਨ, ਮੈਂ ਇਨ੍ਹਾਂ ਨੂੰ ਦੱਸ ਦੇਵਾਂ ਕਿ ਹਰੀਜਨ ਸਾਡੇ ਭਰਾ ਹਨ......(ਵਿਘਨ) ।

Mr. Speaker : No interruption please.

ਵਿੱਤ ਮੰਤਰੀ : ਇਸ ਸਬੰਧ ਵਿਚ ਅਸੀਂ ਇਕ ਮੀਟਿੰਗ ਰਖੀ ਹੋਈ ਹੈ। (ਵਿਘਨ)

ਸਰਦਾਰ ਕੁਲਤਾਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਅਸੀਂ 20 ਲਖ ਰੁਪਏ ਦਿਤੇ ਹਨ ਤੇ ਦੂਜੇ ਪਾਸੇ ਸ਼ੈਡਿਊਲਡ ਕਾਸਟ ਦਾ 10 ਕਰੋੜ ਰੁਪਿਆ ਇਹ ਹਜ਼ਮ ਕਰ ਗਏ ਹਨ । ਕੀ ਸਾਨੂੰ ਕੌਡੀਆਂ ਨਾਲ ਖਿਡਾਣਾ ਚਾਹੁੰਦੇ ਹਨ ?

Mr. Speaker : This is no point of order. Please take your seat.

ਵਿੱਤ ਮੰਤਰੀ : ਜਿਹੜਾ ਇਨ੍ਹਾਂ ਨੇ ਦੋ ਕਰੋੜ 46 ਲਖ ਰੁਪਿਆ ਦਿੱਤਾ ਹੈ ਉਹ ਵਾਪਸ ਕੀਤਾ ਜਾਵੇਗਾ । ਮੈਂ ਇਹ ਗੱਲ ਹਾਊਸ ਵਿਚ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਰੁਪਿਆ ਐਜ਼ ਏ ਲੋਨ ਦਿਤਾ ਗਿਆ ਸੀ that would come back to that very fund.

ਸ੍ਰੀ ਸਪੀਕਰ : ਆਰਡਰ ਪਲੀਜ਼ । ਫਿਨਾਂਸ ਮਨਿਸਟਰ ਲਈ ਟਾਇਮ ਫਿਕਸਡ ਹੈ, ਇਸ ਲਈ ਜੇਕਰ ਇਸ ਤਰ੍ਹਾਂ ਪੁਆਇੰਟਸ ਆਫ ਆਰਡਰ ਅਤੇ ਇੰਟਰੱਪਸ਼ਨਜ਼ ਹੁੰਦੀਆਂ ਗਈਆਂ ਤਾਂ ਇਹ ਸਾਰੇ ਪੁਆਇੰਟਸ ਦਾ ਜਵਾਬ ਨਹੀਂ ਦੇ ਸਕਣਗੇ । (Order please. The time for reply by the hon. Finance Minister is fixed. So he will not be able to reply to all the points if Points of Order and interruptions are going on like this.)

ਸਰਦਾਰ ਲਛਮਣ ਸਿੰਘ ਗਿੱਲ : ਟਾਇਮ ਤਾਂ ਖਤਮ ਹੋ ਚੁਕਿਆ ਹੈ ।

ਸ੍ਰੀ ਸਪੀਕਰ : ਕਿਉਂਕਿ ਟਾਈਮ ਡਿਸਕਸ਼ਨ ਦਾ ਖਤਮ ਹੋ ਚੁਕਿਆ ਹੈ ਇਸ ਲਈ ਅਸੀਂ ਦੂਸਰਾ ਆਈਟਮ ਟੇਕ ਅਪ ਕਰਦੇ ਹਾਂ। (Since the time fixed for general discussion on the Budget is over so we take up the next item on the agenda.)

ADJOURNMENT OF THE HOUSE

Sardar Gurnam Singh : Mr. Speaker, may I suggest 10 minutes adjournment before we take up next item as we are sitting continuously since morning.

Mr. Speaker : I think this is quite all right. I adjourn the House for 15 minutes.

3.00 p.m.

(At this stage the House adjourned and reassembled at 3.15 p.m.)

DISCUSSION ON LAW AND ORDER SITUATION IN THE STATE

ਸਰਦਾਰ ਗੁਰਨਾਮ ਸਿੰਘ (ਰਾਏਕੋਟ) : ਸਪੀਕਰ ਸਾਹਿਬ, ਜੋ ਘਟਨਾਵਾਂ ਪੰਜਾਬ ਵਿਚ, ਪੰਜਾਬ ਸਰਕਾਰ ਦੀ ਓਟ ਨਾਲ ਔਰ ਜਨ ਸੰਘ ਦੇ ਉਪਾ ਨਾਲ ਹੋ ਰਹੀਆਂ ਹਨ, ਨਾਂ ਤਾਂ ਉਨ੍ਹਾਂ ਦੀ ਪੰਜਾਬ ਸਰਕਾਰ ਨੂੰ ਵਧਾਈ ਹੀ ਦਿੱਤੀ ਜਾ ਸਕਦੀ ਹੈ ਅਤੇ ਨਾ ਹੀ ਜਨ ਸੰਘ ਨੂੰ ਆਪਣੀਆਂ ਕਾਰਗੁਜ਼ਾਰੀਆਂ ਤੇ ਕਿਸੇ ਤਰ੍ਹਾਂ ਦਾ ਫਖਰ ਹੋਣਾ ਚਾਹੀਦਾ ਹੈ । ਹੁਣ ਸਵਾਲ ਇਹ ਉਠਦਾ ਹੈ ਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਹੋ ਕਿਉਂ ਰਹੀਆਂ ਹਨ । ਇਸ ਦਾ ਬੇਸਿਜ਼ ਕੀ ਹੈ । ਕਾਂਗਰਸ ਵਰਕਿੰਗ ਕਮੇਟੀ ਨੇ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਪੰਜਾਬੀ ਸੂਬੇ ਦੇ ਹੱਕ ਵਿਚ, ਅਤੇ ਉਨ੍ਹਾਂ ਨੇ ਗੌਰਮਿੰਟ ਨੂੰ ਸਿਫਾਰਸ਼ ਕਰ ਦਿਤੀ । ਗੱਲ ਹੁਣ ਇਕ ਮਾਮੂਲੀ ਜਿਹੀ ਰਹਿ ਗਈ ਸੀ, ਜਿਸ ਤੇ ਜਨ ਸੰਘ ਦੇ ਦੋਸਤਾਂ ਨੇ ਸੋਚਿਆ ਕਿ ਜੇਕਰ ਪੰਜਾਬ ਵਿਚ ਅੱਗ ਲਾ ਦਿਤੀ ਜਾਵੇ, ਫਸਾਦ ਕਰਾ ਦਿਤੇ ਜਾਣ ਤਾਂ ਕਾਂਗਰਸ ਪਾਰਟੀ ਅਤੇ ਕਾਂਗਰਸ ਸਰਕਾਰ, ਕਾਂਗਰਸ ਵਰਕਿੰਗ ਕਮੇਟੀ ਨੇ ਜੋ ਫੈਸਲਾ ਕੀਤਾ ਹੈ ਉਸ ਨੂੰ ਰੱਦ ਕਰ ਦੇਵੇਗੀ । ਮੈਂ ਇਹ ਗੱਲ ਕਹਿ ਦੇਣੀ ਚਾਹੁੰਦਾ ਹਾਂ ਕਿ ਜੋ ਸਿਫਾਰਸ਼ ਕਾਂਗਰਸ ਵਰਕਿੰਗ ਕਮੇਟੀ ਨੇ ਇਕ ਦਫਾ ਕਰ ਹੀ ਦਿਤੀ ਹੈ ਸੈਂਟਰਲ ਗੌਰਮਿੰਟ ਦਾ ਫਰਜ਼ ਹੈ ਕਿ ਬਜਾਏ ਇਸ ਦੇ ਕਿ ਇਸ ਫੈਸਲੇ ਨੂੰ ਲੰਮਾ ਕੀਤਾ ਜਾਵੇ, ਇਸ ਬਾਰੇ ਇਕ ਦਮ ਫੈਸਲਾ ਹੀ ਕਰ ਦੇਣਾ ਚਾਹੀਦਾ ਹੈ ਤਾਕਿ ਜਨ ਸੰਘ ਅਤੇ ਹੋਰ ਦੋਸਤ ਜਿਹੜੇ ਅੱਗ ਲਾਉਣਾ ਚਾਹੁੰਦੇ ਹਨ, ਇਹ ਗੱਲ ਸਮਝ ਸਕਣ ਕਿ ਇਹ ਫੈਸਲਾ ਇਰੀਵੋਕੇਬਲ ਹੈ ਅਤੇ ਇਸ ਤੇ ਜ਼ਰੂਰ ਅਮਲ ਹੋਵੇਗਾ । ਇਸ ਮੁਆਮਲੇ ਸਬੰਧੀ ਸੈਂਟਰਲ ਗੌਰਮਿੰਟ ਨੂੰ ਹੋਰ ਇੰਤਜ਼ਾਰ ਨਹੀਂ ਕਰਨਾ ਚਾਹੀਦਾ । ਐਜੀਟੇਸ਼ਨ ਜੋ ਕੀਤੀ ਜਾ ਰਹੀ ਹੈ ਇਹ ਇਕ ਪਾਰਟੀ ਵਲੋਂ ਕੀਤੀ ਜਾ ਰਹੀ ਹੈ । ਬਾਕੀ ਇਲੈਕਟਿਡ ਪਾਰਟੀਆਂ ਕਾਂਗਰਸ ਵਰਕਿੰਗ ਕਮੇਟੀ ਦੇ ਫੈਸਲੇ ਦਾ ਇੰਤਜ਼ਾਰ ਕਰ ਰਹੀਆਂ ਹਨ ਜਾਂ ਸੈਂਟਰਲ ਗੌਰਮਿੰਟ ਦੇ ਫੈਸਲੇ ਦਾ ਇੰਤਜ਼ਾਰ ਕਰ ਰਹੀਆਂ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਕੱਲਾ ਜਨ ਸੰਘ ਇਸ ਐਜੀਟੇਸ਼ਨ ਨੂੰ ਚਲਾ ਸਕਦਾ ਹੈ ? ਸਾਡਾ ਵਿਸ਼ਵਾਸ਼ ਹੈ ਅਤੇ ਹੋਰ ਦੂਸਰੇ ਲੋਕਾਂ ਦਾ ਵੀ ਯਕੀਨ ਹੈ ਕਿ ਪੰਜਾਬ ਦੇ ਮਨਿਸਟਰ ਜਿਹੜੇ ਕਿ ਪੰਜਾਬੀ ਸੂਬੇ ਦੀ ਮੁਖਾਲਫਤ ਕਰਦੇ ਸਨ, ਜਿਨ੍ਹਾਂ ਨੇ ਏਥੋਂ ਤੱਕ ਕਿਹਾ ਕਿ ਜੇਕਰ ਪੰਜਾਬੀ ਸੂਬਾ ਬਣ ਗਿਆ ਅਸੀਂ ਪਾਰਟੀ ਵਿਚੋਂ ਅਸਤੀਫੇ ਦੇ ਦਿਆਂਗੇ, ਅੱਜ ਇਨ੍ਹਾਂ ਦੇ ਪਿਛੇ ਉਹੀ ਲੋਕ ਹਨ ਜਿਹੜੇ ਫ਼ਸਾਦ ਕਰਾਉਂਦੇ ਹਨ । ਜਿਹੜੇ ਮਨਿਸਟਰ ਸਾਹਿਬ ਕਹਿੰਦੇ ਸੀ ਕਿ ਜੇਕਰ ਪੰਜਾਬੀ ਸੂਬਾ ਨਾ ਬਨਾਉਣ ਤੇ ਏਥੇ ਐਜੀਟੇਸ਼ਨ ਹੋਈ ਅਸੀਂ ਸੰਭਾਲ ਲਵਾਂਗੇ । ਮੈਂ ਪੁਛਣਾ ਚਾਹੁੰਦਾ ਹਾਂ ਕਿ ਉਹ ਛੋਟੀ ਜਿਹੀ ਪਾਰਟੀ ਦੀ ਐਜੀਟੇਸ਼ਨ ਤਾਂ ਸੰਭਾਲ ਨਹੀਂ ਸਕੇ, ਪੰਜਾਬੀ ਸੂਬੇ ਦੀ ਐਜੀਟੇਸ਼ਨ ਕਿਵੇਂ ਸੰਭਾਲ ਲੈਂਦੇ । ਏਥੋਂ ਦੇ ਲਾ ਐਂਡ ਆਰਡਰ ਦੇ ਜ਼ਿੰਮੇਵਾਰ ਹੋਮ ਮਨਿਸਟਰ ਸਾਹਿਬ ਹਨ । ਜਦੋਂ ਮੈਂ ਉਨ੍ਹਾਂ ਨਾਲ ਮੌਜੂਦਾ ਹਾਲਾਤ ਬਾਰੇ ਗੱਲ ਕੀਤੀ ਤਾਂ ਉਹ ਕਹਿਣ ਲੱਗੇ ਕਿ ਮੈਂ ਇਕ ਦਿਨ ਵਿਚ ਲਾ ਐਂਡ ਆਰਡਰ ਰੈਸਟੋਰ ਕਰ ਸਕਦਾ ਹਾਂ ਜੇਕਰ ਮੈਨੂੰ ਖੁਲ੍ਹ ਦਿੱਤੀ ਜਾਵੇ । ਅੱਜ ਉਹ ਇਸ ਹਾਊਸ ਵਿਚ ਦਸਣ ਕਿ ਕੌਣ ਉਨ੍ਹਾਂ ਨੂੰ ਲਾ ਐਂਡ ਆਰਡਰ ਰੱਖਣ ਲਈ ਰੋਕਦਾ ਹੈ ?

ਮੈਂ ਪੁਛਦਾ ਹਾਂ ਕਿ ਇਸ ਪਾਰਟੀ ਦੀ ਐਜੀਟੇਸ਼ਨ ਜਿਹੜੀ ਸਾਨੂੰ ਹਮੇਸ਼ਾ ਫਿਰਕੂ ਕਹਿੰਦੀ ਸੀ ਅਤੇ ਜਿਸ ਤੇ ਅਸੀਂ ਕਦੀ ਵੀ ਇਤਬਾਰ ਨਹੀਂ ਕੀਤਾ ਅੱਜ ਵਕਤ ਸਿਰ ਪਤਾ ਲੱਗ ਗਿਆ ਕਿ ਕੌਣ ਫਿਰਕੂ ਹੈ ਕੌਣ ਐਂਟੀ ਨੈਸ਼ਨਲ, ਐਂਟੀ ਸੋਸ਼ਲ ਅਤੇ ਕਮਿਊਨਲ ਹੈ । ਮੈਂ ਸਮਝਦਾ ਹਾਂ ਕੋਈ ਵੀ ਮਾਈਨਾਰੇਟੀ ਜਨ ਸੰਘ ਦੇ ਮਾਤਹਿਤ ਹਿੰਦੁਸਤਾਨ ਵਿਚ ਇਕ ਦਿਨ ਵੀ ਨਹੀਂ ਕੱਟ ਸਕਦੀ ਜਿਹੜੀ ਪਾਰਟੀ ਹੁਣ ਅੱਗਾਂ ਲਾ ਰਹੀ ਹੈ ਉਹ ਇਸ ਲਈ ਕਿ ਹਕੂਮਤ ਕਾਂਗਰਸ ਵਰਕਿੰਗ ਕਮੇਟੀ ਦਾ ਫੈਸਲਾ ਬਦਲ ਦੇਵੇ । ਕਾਂਗਰਸ ਪਾਰਟੀ ਸਾਫ ਨੰਗੀ ਹੋ ਗਈ ਹੈ ਕਿ ਕੌਣ ਫਿਰਕਾਪਰਸਤ ਹੈ ਅਤੇ ਕੌਣ ਪੰਜਾਬ ਵਿਚ ਨੈਸ਼ਨਲ ਹੈ । ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਬੜੇ ਜ਼ਿੰਮੇਵਾਰ ਸੱਜਣ ਅਖਬਾਰਾਂ ਦੇ ਜ਼ਰੀਏ ਸਪੀਚਾਂ ਰਾਹੀਂ ਇਸ ਸੂਬੇ ਵਿਚ ਅੱਗ ਲਾਉਣ ਦੀ ਕੋਸ਼ਸ਼ ਕਰ ਰਹੇ ਹਨ । ਕਾਂਗਰਸ ਪਾਰਟੀ ਦਾ ਫਰਜ਼ ਹੈ ਕਿ ਉਹ ਇਨ੍ਹਾਂ ਦੇ ਖਿਲਾਫ ਐਕਸ਼ਨ ਲਵੇ ; ਜੇ ਉਹ ਨਹੀਂ ਲੈਣਾ ਚਾਹੁੰਦੇ ਤਾਂ ਆਪਣੀ ਪੁਜ਼ੀਸ਼ਨ ਕਲੀਅਰ ਕਰੇ । ਮੈਂ ਇਕ ਗੱਲ ਪੁੱਛਦਾ ਹਾਂ ਕਿ ਭਾਰਤ ਸਰਕਾਰ ਨੇ ਇਤਨੇ ਮਹਿੰਗੇ ਭਾ ਤਾਸ਼ਕੰਦ ਸਮਝੌਤਾ ਕੀਤਾ ਪਰ ਇਸ ਪਾਰਟੀ ਨੇ ਉਸ ਸਮਝੌਤੇ ਬਾਰੇ ਵੀ ਕਿਹਾ ਕਿ ਅਸੀਂ ਨਹੀਂ ਚਲਣ ਦੇਵਾਂਗੇ । ਮੈਂ ਸਮਝਦਾ ਹਾਂ ਕਿ ਕੀ ਇਸ ਪਾਰਟੀ ਦੀ ਇਹੋ ਪਾਲੀਸੀ ਹੈ ਕਿ ਜੇ ਕੋਈ ਰੀਜ਼ਨੇਬਲ, ਵਾਜਬ ਸਮਝੌਤਾ ਹਿੰਦੁਸਤਾਨ ਦੀ ਬੇਹਤਰੀ ਲਈ ਹੁੰਦਾ ਹੈ, ਕੀ ਇਹ ਉਸ ਹਰ ਫੈਸਲੇ ਨੂੰ ਚਲਣ ਨਹੀਂ ਦੇਣਾ ਚਾਹੁੰਦੇ ? ਕੀ ਇਨ੍ਹਾਂ ਦਾ ਇਕੋ ਇਕ ਮੁਦਾ ਇਹ ਹੈ ਕਿ ਕਿਸੇ ਵੀ ਮਾਈਨਾਰੇਟੀ ਨੂੰ ਆਰਾਮ ਦੇ ਨਾਲ ਨਹੀਂ ਰਹਿਣ ਦੇਣਾ ? ਕਾਂਗਰਸ ਵਰਕਿੰਗ ਕਮੇਟੀ ਦੇ ਇਸ ਫੈਸਲੇ ਨੇ ਇਸ ਕਮਿਊਨਲ ਪਾਰਟੀ ਨੂੰ ਨੰਗਾ ਕਰ ਦਿਤਾ ਹੈ । ਹੁਣ ਸਵਾਲ ਇਹ ਉਠਦਾ ਹੈ ਕਿ ਇਕ ਆਈਸੋਲੇਟਿਡ ਪਾਰਟੀ, ਜੇ ਉਸ ਦੀ ਕੋਈ ਪੌਲੀਟੀਕਲ ਪਾਰਟੀ ਇਮਦਾਦ ਨਾ ਕਰੇ ਤਾਂ ਕੀ ਉਹ ਅੱਗਾਂ ਲਾਉਣ ਦੇ ਵਿਚ ਕਾਮਯਾਬ ਹੋ ਸਕਦੀ ਹੈ ? ਪਬਲਿਕ ਪ੍ਰਾਪਰਟੀ ਨੂੰ ਕਿਸ ਤਰ੍ਹਾਂ ਜਲਾਇਆ ਜਾਂਦਾ ਹੈ ? ਕੀ ਇਹ ਪੰਜਾਬ ਗੌਰਮਿੰਟ ਦੀਆਂ ਪੁਲਿਸ ਨੂੰ ਇਹੋ ਇਨਸਟਰਕਸ਼ਨਜ਼ ਹਨ ਕਿ ਮਾਰ ਖਾਈ ਜਾਓ, ਅਪਣੇ ਹਡ ਗੋਡੇ ਭਨਾਈ ਜਾਓ, ਉਨ੍ਹਾਂ ਨੂੰ ਜੋ ਮਰਜ਼ੀ ਕਰਨ ਦਿਉ ਪਰ ਤੁਸੀਂ ਉਨ੍ਹਾਂ ਨੂੰ ਕੁਝ ਨਾ ਕਹੋ ? ਬਸਾਂ ਸਾੜੀਆਂ ਜਾਣ, ਪਬਲਿਕ ਪ੍ਰਾਪਰਟੀ ਨੂੰ ਸਾੜਿਆ ਜਾਵੇ, ਕਾਰਾਂ ਜਲਾ ਦਿਤੀਆਂ ਜਾਣ, ਮਗਰ ਪੁਲਿਸ ਦੀ ਜੁਰਅਤ ਨਾ ਪਏ ਉਨ੍ਹਾਂ ਨੂੰ ਕੁਝ ਕਹਿਣ ਦੀ । ਜੇਕਰ ਪੁਲਿਸ ਕੋਈ ਐਕਸ਼ਨ ਨਹੀਂ ਲੈ ਸਕਦੀ ਤਾਂ ਕੀ ਇਹ ਇਸ ਗੱਲ ਦਾ ਸਬੂਤ ਨਹੀਂ ਕਿ ਇਕ ਹਕੂਮਤ ਪਾਰਟੀ ਨੇ ਉਨ੍ਹਾਂ ਲੋਕਾਂ ਨੂੰ ਜਿਹੜੇ ਕਿ ਅੱਗਾਂ ਲਾਉਂਦੇ ਹਨ ਪ੍ਰੋਟੈਕਟ ਕਰਨ ਵਾਸਤੇ, ਇਕ ਇਲੈਕਟ੍ਰਿਕ ਇਨਸ-ਟਾਲੇਸ਼ਨ ਬਣਾਈ ਹੋਈ ਹੈ; ਨਹੀਂ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਇਕ ਪੁਲਿਸ ਦੇ ਸਿਪਾਹੀ ਨੂੰ ਜਦੋਂ ਆਪਣੀ ਜਾਨ ਦਾ ਖਤਰਾ ਹੁੰਦਾ ਹੈ ਗੋਲੀ ਚਲਾਉਣੀ ਪਵੇ ਅਤੇ ਉਸ ਦਾ ਨਤੀਜਾ ਇਹ ਨਿਕਲੇ ਕਿ ਸਿਪਾਹੀ ਨੂੰ ਅਰੈਸਟ ਕਰਕੇ ਅੰਦਰ ਕਰ ਦਿਤਾ ਜਾਵੇ । ਕੀ ਮੈਂ ਇਹ ਨਾ ਸਮਝਾਂ ਕਿ ਇਸ ਵਿਚ ਹਕੂਮਤ ਪਾਰਟੀ ਵੀ ਇਕ ਪਾਰਟੀ ਹੈ ? ਨਹੀਂ ਤਾਂ ਕੌਣ ਹੈ ਜੋ ਲੋਕਾਂ ਦੀਆਂ ਜਾਨਾਂ ਖਤਰੇ ਵਿਚ ਪਾ ਰਿਹਾ ਹੈ ? ਕੌਣ ਹੈ ਜੋ ਪਬਲਿਕ ਪ੍ਰਾਪਰਟੀ ਜਲਾ ਰਿਹਾ ਹੈ ? ਕੀ ਇਨ੍ਹਾਂ ਦਾ ਫਰਜ਼ ਨਹੀਂ ਕਿ ਜੋ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ, ਇਹ ਉਨ੍ਹਾਂ ਨੂੰ ਅੰਦਰ ਕਰਨ, ਪਬਲਿਕ ਪ੍ਰਾਪਰਟੀ ਹਰ ਹਾਲਤ ਵਿਚ ਸੇਫ਼ ਰਹਿਣੀ ਚਾਹੀਦੀ ਸੀ । ਅੱਜ ਉਨ੍ਹਾਂ ਰਾਹੀਂ ਇਸ ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਹਨ ਜਿਹੜੇ ਪੰਜਾਬੀ ਸੂਬੇ ਦੀ ਮੁਖਾਲਫਤ ਕਰਦੇ ਸਨ, ਜਿਹੜੇ ਕਹਿੰਦੇ ਸਨ ਕਿ ਅਸੀਂ ਅਸਤੀਫੇ ਦੇ ਦਿਆਂਗੇ । ਹੁਣ ਜਦੋਂ ਕਿ ਪੰਜਾਬੀ ਸੂਬਾ ਬਣ ਰਿਹਾ ਹੈ ਉਨ੍ਹਾਂ ਦਾ ਇਹ ਮਾਰਲ ਫਰਜ਼ ਸੀ ਕਿ ਉਹ ਅਸਤੀਫੇ ਦੇ ਕੇ ਚਲੇ ਜਾਂਦੇ ਅਤੇ ਏਥੇ ਗਵਰਨਰ ਰੂਲ ਜਾਂ ਪ੍ਰੈਜ਼ੀਡੈਂਟ ਰੂਲ ਹੁੰਦਾ । ਮੈਂ ਕਹਿੰਦਾ ਹਾਂ ਕਿ ਆਇਆ ਕਾਂਗਰਸ ਪਾਰਟੀ ਵਾਲੇ ਇਸ ਨੂੰ ਇੰਪਲੀਮੈਂਟ ਕਰਨ ਵਾਸਤੇ ਤਿਆਰ ਵੀ ਹਨ ਜਾਂ

[ਸਰਦਾਰ ਗੁਰਨਾਮ ਸਿਘ]

ਨਹੀਂ । ਜੇ ਉਹ ਨਹੀਂ ਸੀ ਚਾਹੁੰਦੇ ਤਾਂ ਉਨ੍ਹਾਂ ਦਾ ਇਹ ਫਰਜ਼ ਸੀ ਕਿ ਪਹਿਲੇ ਦਿਨ ਹੀ ਅਸਤੀਫ਼ੇ ਦੇ ਕੇ ਚਲੇ ਜਾਂਦੇ । ਪਰ ਜੋ ਕੁਝ ਵੀ ਹੁਣ ਹੋਇਆ ਹੈ ਅਸੀਂ ਸਮਝਦੇ ਹਾਂ ਇਸ ਦੇ ਨਤੀਜੇ ਅੱਛੇ ਨਹੀਂ ਨਿਕਲਣਗੇ । ਮੈਨੂੰ ਦੱਸਿਆ ਗਿਆ ਹੈ ਕਿ ਇਕ ਮਨਿਸਟਰ ਸਾਹਿਬ ਅਜ ਵੀ ਡਿਸਟਰਬਡ ਏਰੀਆ ਵਿਚ ਗਏ ਹੋਏ ਹਨ, ਹਾਲਾਂਕਿ ਉਨ੍ਹਾਂ ਵਾਸਤੇ ਹੈਡ ਕੁਆਰਟਰ ਵਿਚ ਰਹਿਣ ਦੀਆਂ ਖਾਸ ਹਦਾਇਤਾਂ ਹਨ । ਪਰ ਨਹੀਂ, ਇਹ ਵੀ ਮਜਬੂਰ ਹਨ ਭੇਜਣ ਤੇ ਅਤੇ ਉਹ ਵੀ ਮਜਬੂਰ ਹਨ ਜਾਣ ਲਈ । ਉਥੇ ਉਹ ਕੁਝ ਸਕੂਲਾਂ ਅਤੇ ਕਾਲਜਾਂ ਵਿਚ ਜਾਕੇ ਮਿਲਣਗੇ ਅਤੇ ਇਸ ਦੇ ਨਤੀਜੇ ਕਲ੍ਹ ਨੂੰ ਹੀ ਤੁਹਾਡੇ ਸਾਹਮਣੇ ਆਉਣਗੇ ।

Sardar Lachhman Singh Gill : Arrest that Minister and put him behind the bars.

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਦਿੱਲੀ ਸੀਸ ਗੰਜ ਗੁਰਦਵਾਰੇ ਤੇ ਤਿੰਨ ਦਫਾ ਅਟੈਕ ਕੀਤਾ ਗਿਆ ਬਦਲੇ ਦੀ ਭਾਵਨਾ ਨਾਲ ਪਥਰ ਬਰਸਾਏ । ਇਸ ਸਬੰਧੀ ਮੈਂ ਆਪਣੇ ਵਲੋਂ ਕੁਝ ਨਹੀਂ ਕਹਿੰਦਾ, ਮੇਰੇ ਪਾਸ ਸਟੇਟਸਮੈਨ ਹੈ; ਇਸ ਵਿਚੋਂ ਕੁਝ ਲਾਈਨਾਂ ਹੀ ਪੜ੍ਹ ਦੇਣੀਆਂ ਚਾਹੁੰਦਾ ਹਾਂ—

> "The Sisganj Gurdwara became the focal point. Their ranks swollen by a sizeable number of urchins, the Sangh workers converged on the gurdwara from three sides throwing stones in the direction of the gurdwara. The congregation which had remained peaceful till then took up the challenge. After 11 A.M., there was a series of pitched battles and at one stage swords and spears were freely brandished.
>
> Around 2 P.M. the situation appeared to be deteriorating with the police officials and intervening only occasionally and only when the parties were in close combat."

ਇਹ ਸੀਸ ਗੰਜ ਗੁਰਦੁਆਰੇ ਵਿਚ ਹੋਇਆ । ਓਥੇ 12 ਜੂਨ, 1960 ਨੂੰ, ਜਿਥੇ ਹੋਮ ਮਨਿਸਟਰ ਰੂਲ ਕਰਦਾ ਹੈ, ਸਿਖਾਂ ਦੇ ਪੀਸਫੁਲ ਪਰੋਸੈਸ਼ਨ ਨੂੰ ਰੋਕਿਆ ਗਿਆ । ਉਨ੍ਹਾਂ ਦੀ ਮਾਰ ਮਾਰ ਕੇ ਗਤ ਬਣਾ ਦਿਤੀ ਗਈ । ਓਥੇ ਓਥੋਂ ਦੀ ਜਨ ਸੰਘ ਨੇ ਗੁਰਦੁਆਰੇ ਦੇ ਸਾਹਮਣੇ ਸਟੋਨ ਸੁਟੇ ਹਨ । ਪੀਸਫੁਲ ਕਾਂਗਰੇਗੇਸ਼ਨ ਹੋਵੇ, ਦੁਕਾਨਾਂ ਲੁਟੀਆਂ ਜਾਣ । ਸਿਖਾਂ ਦੀਆਂ ਕਾਰਾਂ ਨੂੰ ਅਗਾਂ ਲਾਈਆਂ ਗਈਆਂ ਅਤੇ ਦੁਕਾਨਾਂ ਬੰਦ ਕਰਨ ਵਾਸਤੇ ਕਿਹਾ ਜਾਏ ; ਨਹੀਂ ਤਾਂ ਕਹਿੰਦੇ ਅਗ ਲਾ ਦਿਆਂਗੇ, ਲੁਟ ਲਵਾਂਗੇ । ਇਹ ਦਿੱਲੀ ਤੋਂ ਤਾਰ ਚਲਦੀ ਹੈ ਤੇ ਏਥੇ ਇਹੋ ਜਿਹੀਆਂ ਗੱਲਾਂ ਕਰਦੇ ਨੇ । ਮੈਂ ਸਵਾਲ ਕੀਤਾ ਸੀ ਕਿ ਇਹ ਕਿਉਂ ਹੋ ਰਿਹਾ ਹੈ, ਕਿਸ ਕਰਕੇ ਹੋ ਰਿਹਾ ਹੈ ? ਇਕ ਦਿਨ ਵਿਚ ਇਹ ਐਜੀਟੇਸ਼ਨ ਖਤਮ ਹੋ ਸਕਦੀ ਹੈ ਲੇਕਿਨ ਇਸ ਨੂੰ ਖਤਮ ਕਰਨ ਵਾਲਾ ਕੋਈ ਨਹੀਂ । ਦੁਕਾਨਾਂ ਨੂੰ ਅਗਾਂ ਲਾਈਆਂ ਜਾਣ । ਪੀਨਲ ਕੋਡ ਦੇ ਅੰਦਰ ਪੁਲਿਸ ਨੂੰ ਰਾਈਟ ਆਫ ਡੀਫੈਂਸ ਦਿਤਾ ਹੋਇਆ ਹੈ । ਪਰ ਸਾਡੀ ਸਰਕਾਰ ਰੋਕਦੀ ਹੈ । ਅਗਰ ਇਹ ਅੱਗ ਲਗ ਗਈ ਤਾਂ ਇਹ ਅੱਗ ਕਿੰਨੀ ਕੁ ਦੇਰ ਲਗੀ ਰਹੇਗੀ ਸ਼ਹਿਰਾਂ ਨੂੰ ? ਪਿੰਡਾਂ ਵਿਚ ਲੱਗ ਜਾਏਗੀ । ਮੈਂ ਆਪਣੀ ਕੌਮ ਨੂੰ ਮੁਬਾਰਕਬਾਦ ਦਿੰਦਾ ਹਾਂ । ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਦੱਸੋ ਜਿਸ ਨੇ ਕੋਈ ਐਸਾ ਐਕਸ਼ਨ ਲਿਆ ਹੋਵੇ, ਬਾਵਜੂਦ ਪਰੋਵੋਕੇਸ਼ਨ ਦੇ ਇਕ ਉਂਗਲ ਨਹੀਂ ਉਠਾਈ । ਇਨ੍ਹਾਂ ਦੀ ਪਾਲਸੀ ਹੈ ਕਿ ਸਿਖਾਂ ਨੂੰ ਪਰੋਵੋਕ ਕਰੀਏ । ਇਨ੍ਹਾਂ ਨੇ ਉਕਸਾਇਆ ਹੈ । ਸਾਡੀ ਪਾਲਸੀ ਹੈ ਕਿ ਅਸੀਂ ਪਰੋਵੋਕ ਨਹੀਂ ਹੋਵਾਂਗੇ; ਮਗਰ ਇਕ ਮੌਕਾ ਹੈ ਜਦੋਂ ਹਰ ਆਦਮੀ ਆਪਣੀ

ਪ੍ਰੈਸ਼ੈਂਸ ਲੂਜ਼ ਕਰਦਾ ਹੈ । ਅਗਰ ਉਹ ਮੌਕਾ ਆ ਗਿਆ ਤਾਂ ਇਹ ਸਰਕਾਰ ਏਥੇ ਨਹੀਂ ਰਹੇਗੀ। ਪਰਮਾਤਮਾ ਨਾ ਕਰੇ ਕਿ ਉਹ ਮੌਕਾ ਆਵੇ । ਸਰਕਾਰ ਦਾ ਫਰਜ਼ ਹੈ ਕਿ ਉਹ ਮੌਕਾ ਨਾ ਆਉਣ ਦੇਵੇ ਉਸ ਤੋਂ ਪਹਿਲਾਂ ਪਹਿਲਾਂ ਇਸ ਫ਼ਿਜ਼ਾ ਨੂੰ ਖਤਮ ਕਰੇ । (ਘੰਟੀ) ਮੈਂ ਘੜੀ ਦੇਖ ਰਿਹਾ ਹਾਂ, ਜੀ। ਸਪੀਕਰ ਸਾਹਿਬ, ਜ਼ਰਾ ਖਿਆਲ ਕਰਕੇ ਗ਼ੌਰ ਨਾਲ ਸੁਣਨਾ । ਮੈਂ ਮਾਸਟਰ ਤਾਰਾ ਸਿੰਘ ਦੀ ਪਾਲਸੀ ਦਾ ਹਾਮੀ ਨਹੀਂ । ਜਿਸ ਦਿਨ ਉਸ ਨੇ ਡਾਇਰੈਕਟ ਐਕਸ਼ਨ ਦਾ ਐਲਾਨ ਕੀਤਾ, ਮੈਂ ਪਹਿਲਾ ਆਦਮੀ ਹਾਂ ਜਿਸ ਨੇ ਸਟੇਟਮੈਂਟ ਦਿੱਤਾ। ਇਹ ਸਰਕਾਰ ਚਾਲਾਕ ਹੈ । ਮਾਸਟਰ ਤਾਰਾ ਸਿੰਘ ਨੂੰ ਅਰੈਸਟ ਕਰਕੇ ਉਨ੍ਹਾਂ ਨਾਲ ਈਕੁਏਟ ਕਰਨਾ ਚਾਹੁੰਦੀ ਹੈ ਜਿਹੜੇ ਵਾਈ-ਲੈਂਸ ਕਰ ਰਹੇ ਹਨ । ਮਾਸਟਰ ਤਾਰਾਂ ਸਿੰਘ ਨੂੰ ਗੋਲਡਨ ਟੈਂਪਲ ਵਿਚ ਅਰੈਸਟ ਕੀਤਾ । ਉਨ੍ਹਾਂ ਦੀ ਪਾਰਟੀ ਨੇ ਕੋਈ ਵਾਈਲੈਂਸ ਦਾ ਐਕਸ਼ਨ ਨਹੀਂ ਕੀਤਾ । ਕੁਛ ਹਿੰਦੀ ਦੇ ਬੋਰਡ ਮਿਟਾਏ । ਅਸੀਂ ਇਸ ਦੇ ਖਿਲਾਫ ਹਾਂ । ਇਕ ਐਕਸ਼ਨ ਕਮੇਟੀ ਬੈਠੀ ਹੈ । ਲਾਲਾ ਜਗਤ ਨਰਾਇਣ ਉਸ ਦੇ ਮੈਂਬਰ ਹਨ । ਹੋਰ ਉਸ ਦੇ ਮੈਂਬਰ ਵੀਰਿੰਦਰ ਅਤੇ ਯਸ਼ ਜੀ ਹਨ । ਇਹ ਮੈਂਬਰ ਬਾਹਰ ਫਿਰਦੇ ਨੇ । ਇਨ੍ਹਾਂ ਨੂੰ ਪੰਜਾਬ ਗੌਰਮਿੰਟ ਨੇ ਛੁੱਟੀ ਦਿੱਤੀ ਹੋਈ ਹੈ, ਪੰਜਾਬ ਨੂੰ ਅਗ ਲਾਉਣ ਵਾਸਤੇ ਇਸ ਐਕਸ਼ਨ ਕਮੇਟੀ ਨੂੰ ਛੁੱਟੀ ਦਿਤੀ ਹੋਈ ਹੈ । ਸ੍ਰੀ ਯਗਯ ਦੱਤ ਜੀ ਲਈ ਮੇਰੇ ਦਿਲ ਵਿਚ ਬੜੀ ਇਜ਼ਤ ਹੈ । ਉਨ੍ਹਾਂ ਨੂੰ ਬਾਹਰ ਰਖਿਆ ਹੋਇਆ ਹੈ ਤਾਕਿ ਓਥੇ ਲੋਕ ਇਕਠੇ ਹੋਣ । ਓਥੇ ਪੁਲਿਸ ਨੂੰ ਜਾਣ ਦੀ ਇਜਾਜ਼ਤ ਨਹੀਂ । ਓਥੇ ਹਜ਼ਾਰਾਂ ਲੋਕ ਇਕੱਠੇ ਹੁੰਦੇ ਹਨ । ਇਹ ਕਿੰਨੀ ਡਿਸਕਰੀਮੀਨੇਸ਼ਨ ਹੈ । ਜੇ ਤੁਸੀਂ ਵਾਈਲੈਂਸ ਬੰਦ ਕਰਨਾ ਚਾਹੁੰਦੇ ਹੋ ਤਾਂ ਇਨ੍ਹਾਂ ਅਖਬਾਰਾਂ—ਪਰਦੀਪ, ਪਰਤਾਪ, ਹਿੰਦ ਸਮਾਚਾਰ, ਮਿਲਾਪ—ਜਿਹੜੇ ਪੰਜਾਬ ਨੂੰ ਅੱਗ ਲਾ ਰਹੇ ਨੇ ਇਨ੍ਹਾਂ ਨੂੰ ਬੰਦ ਕਰੋ । ਜਦੋਂ ਸਿਖਾਂ ਦੇ 60,000 ਆਦਮੀ ਜੇਲ੍ਹਾਂ ਵਿਚ ਜਾਣ ਤਾਂ ਓਦੋਂ ਤੁਸੀਂ 'ਜਥੇਦਾਰ ਅਤੇ 'ਪਰਭਾਤ' ਨੂੰ ਬੰਦ ਕਰ ਦਿਤਾ । ਜਿਹੜੇ ਇਹ 4 ਅਖਬਾਰ ਅੱਗ ਲਾਉਂਦੇ ਹਨ ਇਨ੍ਹਾਂ ਨੂੰ ਤੁਸੀਂ ਖੁਲ੍ਹੀ ਛੁਟੀ ਦਿਤੀ ਹੋਈ ਹੈ। ਇਨ੍ਹਾਂ ਅਖਬਾਰਾਂ ਨੂੰ ਬੰਦ ਕਰੋ । ਲਾਲਾ ਜਗਤ ਨਰਾਇਣ ਨੇ ਲਿਖਿਆ ਕਿ ਵਲੀਦਾਨ ਦੇ ਕੇ ਪੰਜਾਬ ਨੂੰ ਅਗੇ ਚਲਾਉ, ਜਿਹੜਾ ਕਿ ਜਾਰੀ ਹੈ । (ਘੰਟੀ) ਸਪੀਕਰ ਸਾਹਿਬ, ਮੈਂ ਅੰਤ ਵਿਚ ਫਿਰ ਜਨ ਸੰਘ ਦੇ ਭਾਈਆਂ ਨੂੰ, ਉਨਾਂ ਦੇ ਲੀਡਰਾਂ ਨੂੰ ਯਗਯ ਦਤ ਜੀ ਨੂੰ ਅਪੀਲ ਕਰਾਂਗਾ ਕਿ ਸਿਖਾਂ ਅਤੇ ਹਿੰਦੂਆਂ ਵਿਚ ਇਤਨੀ ਨਫਰਤ ਪੈਦਾ ਨਾ ਕਰੋ । ਆਖਿਰ ਪੰਜਾਬੀ ਸੂਬਾ ਬਣਨਾ ਹੈ, ਪੰਜਾਬੀ ਸੂਬਾ ਬਣੇਗਾ, ਪੰਜਾਬੀ ਸੂਬਾ ਰੁਕ ਨਹੀਂ ਸਕਦਾ ਕਿਤਨਾ ਕੁਛ ਕਰੋ । ਤੁਸੀਂ ਇਨ੍ਹਾਂ ਗੱਲਾਂ ਨਾਲ ਨਹੀਂ ਰੋਕ ਸਿਕਦੇ । ਤੁਸੀਂ ਹਰਿਆਨੇ ਨੂੰ ਮਿਲਾ ਕੇ ਇਹ ਕੁਝ ਕਰਦੇ ਹੋ । ਇਹ ਚਾਲ ਹੈ । ਅਗਰ ਅਸੀ ਵਾਈਲੈਂਸ ਕਰੋ, ਪੰਜਾਬ ਵਿਚ ਅੱਗ ਲਗਾਓ, ਇਸ ਦਾ ਮਤਲਬ ਇਹ ਹੈ ਕਿ ਹਰਿਆਨੇ ਵਾਲਿਆਂ ਤੇ ਪੰਜਾਬੀ ਠੋਸੀ ਜਾਏ ? ਮੈਂ ਹਾਊਸ ਦੇ ਫਲੋਰ ਤੇ ਕਹਿਣਾ ਚਾਹੁੰਦਾ ਹਾਂ ਕਿ ਹਰਿਆਨਾ ਬਣੇਗਾ, ਪੰਜਾਬੀ ਸੂਬਾ ਬਣੇਗਾ ਬਾਵਜੂਦ ਸਰਕਾਰ ਦੀ ਵਾਈਲੈਂਸ ਦੇ, ਬਾਵਜੂਦ ਜਨ ਸੰਘ ਦੀ ਵਾਈਲੈਂਸ ਦੇ ਬਣੇਗਾ । ਮੈਂ ਜਨ ਸੰਘ ਦੇ ਭਾਈਆਂ ਨੂੰ ਅਪੀਲ ਕਰਾਂਗਾ ਕਿ ਪੰਜਾਬ ਨੂੰ ਅੱਗ ਨਾ ਲਾਓ । ਪੰਜਾਬ ਵਿਚ ਹਿੰਦੂ ਤੇ ਸਿਖ ਨੂੰ ਇਤਨਾ ਦੂਰ ਨਾ ਕਰ ਦਿਓ ਕਿ ਮੁੜ ਕੇ ਮਿਲ ਨਾ ਸਕਣ । ਅਗਰ ਇਹ ਗੱਲ ਹੋ ਗਈ ਤਾਂ ਜ਼ਿਮੇਂਵਾਰੀ ਤੁਹਾਡੀ ਹੋਏਗੀ । ਇਸ ਜ਼ਿਮੇਂਵਾਰੀ ਦੇ ਨਤੀਜੇ ਤੇ ਖਮਿਆਜ਼ੇ ਤੁਹਾਨੂੰ ਭੁਗਤਣੇ ਪੈਣਗੇ ।

प्रिंसीपल रला राम (मुकेरियां) : अध्यक्ष महोदय; कांग्रेस वर्किंग कमेटी की तरफ से जो फैसला हुआ कि पंजाबी सूबा कायम करेगी, पंजाब की तकसीम की जाएगी

[प्रिंसीपल रला राम]

वह एक गलत फैसला था वह एक गलत, नुकसान देह और अफसोसनाक फैसला था। इस लिए कुदरती तौर पर उन लोगों के दिल में जो कि पंजाब के विभाजन, इसकी तकसीम नहीं चाहते थे एक बड़ा भारी रोष, एक बड़े भारी रोष का जज़बा पैदा हुआ। यह रोष किसी फिरके के विरुद्ध नहीं है बल्कि वह इस बात से पैदा होता है कि पंजाब की तकसीम न चाहने वाले लोग लाखों की तादाद में नहीं बल्कि करोड़ों की तादाद में हैं। (विघ्न) (शोर) इस लिए यह जो जज़बा, यह जो रोष लोगों में प्रकट हुआ, ज़ाहिर हुआ इस के लिए बहुत हद तक वह प्रापेगंडा भी ज़िम्मेदार है जो मास्टर तारा सिंह जी और उनके अनुयाइयों की तरफ से पिछले छः सात महीनों से खास कर और पिछले कई सालों से आम तौर पर हम सुनते रहे हैं। अगर उस जज़बे का मुज़ाहरा जालंधर के जलूस में न होता और ऐसी किस्म के स्लौगन्ज़ जो बहुत ही इशत्याल देने वाले थे वह न लगाए जाते, जहां तक कि हमारे प्राईम मिनिस्टर की इज्जत पर भी हमला हुआ, अगर यह बात न होती तो मैं यह समझता हूं कि शायद यह गमो गुस्सा इस हद तक न पहुंचता। एक तो वह तकसीम करने का गलत फैसला है और दूसरे मास्टर तारा सिंह जी और उन का विचार रखने वाले जो भाई हैं उन के जो खयालात हैं उस के विरुद्ध यह एक कुदरती तौर पर मुज़ाहरा है। मैं समझता हूं कि इस तकसीम के खिलाफ आवाज़ उठाने का इस प्रजातंत्र लोकराज के अंदर हर एक को हक है। अगर कोई इस के खिलाफ कंस्टीट्यूशनल ढंग से, पुरअमन तरीके से अपने जज़बात का इज़हार करता है तो वह बिल्कुल सही है। लेकिन अगर यह जज़बा जो है वह हिंसा या तशद्दद का रूप धारण कर लेता है तो उस का समर्थन नहीं किया जा सकता और उस को कंडेम करना हरेक शहरी का फर्ज़ अवलीन है। इस लिए मैं यह समझता हूं यह जो पब्लिक प्रापर्टी को आगे लगा कर वायलेंस का तरीका अख्तियार किया गया है इस की जितनी मुज़म्मत की जाए थोड़ी है। इस सवाल के दो पहलू हैं कि यह जज़बा गुस्से का, रोस का क्यों पैदा हुआ। इस को हमें अच्छी तरह से समझना चाहिए। यह कांग्रेस पार्टी के गलत फैसला से हुआ है। मगर जो कोई भी इस आन्दोलन में है उन सब का फर्ज़ था कि कंस्टीट्यूशनल ढंग से कार्यवाही करते। इस लिए मैं यह कहना चाहता हूं कि जो वायलेंस इस डैमांस्ट्रेशन्ज़ के अन्दर से आई है मैं उस की न प्रशंसा करता हूं, न समर्थन करता हूं बल्कि उस को ज़ार से कंडेम करता हूं, वह कंडेम होनी चाहिए। लेकिन, स्पीकर साहिब, एक बात मैं कहे बिना नहीं रह सकता कि जो भाई वह चाहते हैं और जिन का ख्याल है कि क्यों कि कांग्रेस वर्किंग कमेटी का फैसला हो गया है इस लिए पंजाबी सूबा बनेगा, उन भाइयों का फर्ज़ है कि अपनी तकरीरों के अंदर धमकी आमेज़ बातें कहनी बंद करें। आज लीडर आफ दी आपोज़ीशन ने अच्छे जज़बात का इज़हार किया मगर मुझे अफसोस है कि आखिर

में उन्हों ने फिर भी धमकी दी है। मैं उन की बहादरी समझूंगा और उन की प्रशंसा करूंगा अगर वह अपने आदमियों को उपदेश करें कि प्रोवोकेशन के बावजूद भी उन की तरफ से वायलेंस नहीं होगा। अगर वह ऐसा कहते तो मैं इस बात की तारीफ करता लेकिन हसब मामूल, हसब आदत इस दफा भी उन्हों ने धमकी दी है। मैं समझता हूं कि यह उन्हों ने अच्छा नहीं किया। मैं कहता हूं कि दूसरी तरफ के जो जज़बात हैं उन को समझने का यत्न करना चाहिए। मास्टर तारा सिंह और उन के विचार के जो लोग हैं उन्हों ने एक जज़बा पदा किया है। मैं पिछले शनिवार को अपने हलके में गया था, और मैं ने उस दिन एड्रैस किया कि आप की तरफ से कोई तशद्दद नहीं होना चाहिए तो उस समय एक भाई ने, जो डाक्टर है और मंडल कांग्रेस का सेक्रेटरी है, कहा कि जिस दिन ऐलान हुआ था उस के दूसरे दिन हमारी एक पड़ोसन हमारे घर आई और बड़े मासूम तरीके से उस ने कहा कि बहन जी आप ने तो यह मकान छोड़ कर अब चले जाना है, तो जब आप जाएंगे कृपा करके यह मकान हमें खुद ही दे कर जाना। यह उस का अपना ख्याल नहीं था, कुछ लोग इस किस्म के मौजूद हैं जिन्हें आप को समझाना होगा। मैं चाहता हूं कि अमन रखा जाए। उस के लिए आप सब भाइयों को गवर्नमैंट के साथ तुआवन देना चाहिए। कई भाई कहते हैं कि हमारे कुछ मिनिस्टरों ने कहा था कि हम पंजाबी सूबा नहीं बनने देंगे। तो अब जब बन गया है तो उन पर विश्वास नहीं किया जा सकता कि वह अमन कायम रखेंगे। मैं उन को गोशगुज़ार करना चाहता हूं कि वह कांग्रेस और कांग्रेस पार्टी की बनावट को नहीं समझते। जिस वक्त रिजनल फारमूला आया था तो मुझे याद है कि कैरों साहिब उस के खिलाफ थे। जब सच्चर फारमूला आया तो उस वक्त भी कैरों साहिब उस के खिलाफ थे। लेकिन जब हाई कमांड ने पास कर दिया तो उन्हों ने बड़ी ईमानदारी के साथ उस को इंप्लीमेंट करने का यत्न किया। इस लिए यह शुभात करने कि यह गवर्नमैंट इमानदारी से ला एंड आर्डर कायम नहीं रखेगी यह गलत बात है। यह कांग्रेस के दयानतदार सच्चे सिपाही हैं। अगर हाई कमांड ऊपर से आज्ञा देगी तो यह नहीं हो सकता कि चीफ मिनिस्टर और होम मिनिस्टर स्टेट के अन्दर ला एंड आर्डर को मेंनटेन करने की कोशिश न करें। इस लिए ऐसे शुभात रखने गलत हैं। लोगों के अंदर, स्पीकर साहिब, एक गुस्से का जज़बा है, उसे काबू करने के लिए आखिर वक्त लगेगा। ला एंड आर्डर को मेंनटेन करने के लिए हमारी गवर्नमैंट 100% कामयाब रहेगी। यह ख़याल करना कि यह लोग जिन्हों ने सारी उमर देश सेवा के लिए लगाई है यह ला एंड आर्डर मेंनटेन करते में कोताही करेंगे यह सख़्त गलती है। मैं अपनी सरकार से अपील करूंगा कि जो भी आदमी फिरकाप्रस्ती के नाम पर लोगों को उत्तेजना या इशत्याल दिलाता है, या लूट मार करता है या मकानों वगैरा को आग लगाता है उस को फर्म हैंड से डील करना होगा, उस की रूरियात नहीं होनी चाहिए। और मैं समझता हूं कि पिछले तीन चार दिन से गवर्नमैंट ने जिस मज़बूती के साथ सिचुएशन को

[प्रिंसीपल रला राम]

कंट्रोल करने का यतन किया है हमारी सरकार ला एंड आर्डर मेनटेन करने में हर तरह से कामयाब रही है और आयंदा रहेगी । आप भाइयों से मैं कहूंगा कि आप लोगों के अंदर एतमाद या विश्वास का जज़बा पैदा करो और इशत्याल अंग्रेज़ धमकियां देना बंद करो क्योंकि उस से वातावरण खराब होता है ।

आप का धन्यवाद ।।

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ (ਨਿਹਾਲ ਸਿੰਘ ਵਾਲਾ) : ਸਪੀਕਰ ਸਾਹਿਬ, ਲਾ ਐਂਡ ਆਰਡਰ ਬਾਰੇ ਜਿਹੜੀ ਅਜ ਚਰਚਾਂ ਚਲ ਰਹੀ ਹੈ ਅਤੇ ਇਸ ਸਬੰਧ ਵਿਚ ਜਿਹੜੀਆਂ ਹੁਲੜਬਾਜ਼ੀਆਂ ਵਡੇ ਸ਼ਹਿਰਾਂ ਵਿਚ ਹੋ ਰਹੀਆਂ ਹਨ ਇਹ ਨਿੰਦਣਯੋਗ ਹਨ । ਇਸ ਤੋਂ ਪਹਿਲਾਂ ਕਿ ਅਸੀਂ ਕੁਝ ਸਿੱਟਿਆਂ ਤੇ ਪੁਜੀਏ ਅਸੀਂ ਉਨ੍ਹਾਂ ਤਾਕਤਾਂ ਦਾ ਨਿਰਨਾ ਕਰਨਾ ਹੈ ਜਿਹੜੀਆਂ ਹਾਲਾਤ ਨੂੰ ਖਰਾਬ ਬਣਾਉਣ ਵਿਚ ਹਿੱਸਾ ਪਾ ਰਹੀਆਂ ਹਨ ਤਦ ਹੀ ਅਸੀਂ ਕਿਸੇ ਸਹੀ ਨਤੀਜੇ ਤੇ ਪਹੁੰਚ ਸਕਦੇ ਹਾਂ । ਉਨ੍ਹਾਂ ਤਾਕਤਾਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਜਿਨ੍ਹਾਂ ਦੇ ਇਸ਼ਾਰੇ ਤੇ ਪੰਜਾਬ ਦੇ ਵਿਚ ਗੜਬੜ ਹੋ ਰਹੀ ਹੈ ਮੈਂ ਪ੍ਰਿੰਸੀਪਲ ਰਲਾ ਰਾਮ ਦੀ ਇਸ ਗਲ ਨੂੰ ਖੰਡਨ ਕਰਦਾ ਹਾਂ ਜੋ ਉਨ੍ਹਾਂ ਨੇ ਕਿਹਾ ਹੈ ਕਿ ਅਜ ਪੰਜਾਬ ਦੇ ਲੱਖਾਂ ਕਰੋੜਾਂ ਲੋਕ ਪੰਜਾਬੀ ਸੂਬੇ ਦੀ ਮੰਗ ਦੇ ਖਿਲਾਫ਼ ਆਪਣੇ ਜਜ਼ਬਿਆਂ ਦਾ ਇਜ਼ਹਾਰ ਕਰ ਰਹੇ ਹਨ । ਇਹ ਉਨ੍ਹਾਂ ਨੇ ਬਿਲਕੁਲ ਹਕੀਕਤ ਦੇ ਉਲਟ ਗੱਲ ਕੀਤੀ ਹੈ । ਅਜ ਹਕੀਕਤ ਇਹ ਹੈ ਕਿ ਪੰਜਾਬ ਦੀ ਬਹੁਤ ਵਡੀ ਗਿਣਤੀ ਇਸ ਮੰਗ ਦੀ ਹਿਮਾਇਤ ਵਿਚ ਹੈ । ਹਰਿਆਣਾ ਹਲਕੇ ਦੀ 90 ਫੀ ਸਦੀ ਤੋਂ ਵਧ ਆਬਾਦੀ ਅਜ ਆਪਣੇ ਪ੍ਰਾਂਤ ਲਈ ਲੜ ਰਹੀ ਹੈ । ਕੋਈ ਦਸ ਫੀਸਦੀ ਮੁਖਾਲਫਤ ਕਰਨ ਵਾਲੇ ਲਕ ਉਹ ਹੋਣਗੇ ਜੋ ਇਧਰ ਤੋਂ, ਪੰਜਾਬੀ ਰਿਫਿਊਜੀ ਵਗੈਰਾ ਉਥੇ ਜਾਕੇ ਵਸੇ ਹੋਏ ਹਨ ਪਾਰਟੀਸ਼ਨ ਤੋਂ ਬਾਅਦ । ਇਸੇ ਤਰ੍ਹਾਂ ਹਿਮਾਚਲ ਦੀ ਸੌ ਫੀਸਦੀ ਆਬਾਦੀ ਅਤੇ ਕਾਂਗੜੇ ਦੇ ਸੌ ਫੀ ਸਦੀ ਲੋਕ ਹਿਮਾਚਲ ਵਿਚ ਸ਼ਾਮਲ ਹੋਣ ਦੇ ਹਕ ਵਿਚ ਹਨ । ਇਥੇ ਹੀ ਬਸ ਨਹੀਂ, ਸਾਰੀ ਹਿੰਦੁਸਤਾਨੀ ਕੌਮ ਇਸ ਮੰਗ ਦੀ ਪਿੱਠ ਤੇ ਹੈ (Thumping) ਉਹ ਇਸ ਤਰ੍ਹਾਂ ਕਿ ਹਿੰਦੁਸਤਾਨ ਦੀਆਂ ਜਿਤਨੀਆਂ ਪੁਲੀਟੀਕਲ ਪਾਰਟੀਆਂ ਹਨ—ਕਾਂਗਰਸ ਪਾਰਟੀ, ਕਮਿਊਨਿਸਟ ਪਾਰਟੀ, ਮਾਰਕਸਿਸਟ ਕਮਿਊਨਿਸਟ ਪਾਰਟੀ, ਸੋਸ਼ਲਿਸਟ ਪਾਰਟੀ, ਪੀ. ਐਸ. ਪੀ., ਰਿਪਬਲਕਨ ਪਾਰਟੀ, ਸੁਤੰਤਰ ਪਾਰਟੀ, ਗਰਜ਼ੇ ਕਿ ਸਾਰੀਆਂ ਆਲ ਇੰਡੀਆਂ ਪਾਰਟੀਆਂ ਇਸਦੇ ਹਕ ਵਿਚ ਹਨ, ਸਿਵਾਏ ਜਨ ਸੰਘ ਪਾਰਟੀ ਦੇ — — — —

ਇਕ ਅਵਾਜ਼ ; ਅਕਾਲੀ ਪਾਰਟੀ ਦਾ ਨਾਮ ਵੀ ਲੈ ਦਿਉ ।

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ: ਇਨ੍ਹਾਂ ਸਾਰੀਆਂ ਪਾਰਟੀਆਂ ਨੇ ਪੰਜਾਬੀ ਸੂਬਾ, ਹਰਿਆਣਾ ਪ੍ਰਾਂਤ ਅਤੇ ਹਿਮਾਚਲ ਪਰਦੇਸ਼ ਦੇ ਹਕ ਵਿਚ ਆਪਣਾ ਫਤਵਾ ਦਿੱਤਾ ਹੈ । ਮੈਨੂੰ ਸਮਝ ਨਹੀਂ ਆਈ ਕਿ ਇਨ੍ਹਾਂ ਹਾਲਤਾਂ ਵਿਚ ਕਿਸ ਤਰ੍ਹਾਂ ਪੰਡਤ ਰਲਾ ਰਾਮ ਜੀ ਕਹਿੰਦੇ ਹਨ ਕਿ ਪੰਜਾਬ ਦੇ ਕਰੋੜਾਂ ਲੋਕ ਇਸ ਦੇ ਹਕ ਵਿਚ ਨਹੀਂ ਹਨ । ਮੈਂ ਸਮਝਦਾ ਹਾਂ ਕਿ ਉਹ ਗਲਤ ਫਹਿਮੀ ਵਿਚ ਹਨ । ਅਜ ਹਰ ਪਾਸੇ ਤੋਂ ਪੰਜਾਬ ਵਿਚ ਅਮਨ ਕਾਇਮ ਰਖਣ ਲਈ ਕਿਹਾ ਜਾਂਦਾ ਹੈ ਪਰ ਇਸ ਗੱਲ ਦਾ ਨਿਰਨਾ ਕਰਨਾ ਵੀ ਜ਼ਰੂਰੀ ਹੈ ਕਿ ਉਹ ਕਿਹੜੀਆਂ ਤਾਕਤਾਂ ਹਨ ਜੋ ਅਮਨ ਨੂੰ ਭੰਗ ਕਰ ਰਹੀਆਂ ਹਨ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਭ ਤੋਂ ਵਡੀ ਤਾਕਤ ਪੰਜਾਬ ਸਰਕਾਰ ਖੁਦ ਹੈ ਜੋ ਇਸ ਬਦਅਮਨੀ ਲਈ ਜ਼ਿੰਮੇਵਾਰ ਹੈ । ਪੰਜਾਬ ਦੇ

ਉਹ ਵਜ਼ੀਰ ਜਿਨ੍ਹਾਂ ਨੇ ਅਜ ਤਕ ਪੰਜਾਬੀ ਸੂਬਾ, ਹਰਿਆਣਾ ਪ੍ਰਾਂਤ ਅਤੇ ਹਿਮਾਚਲ ਦੀ ਮੁਖਾਲਫਤ ਕੀਤੀ ਹੈ ਉਹ ਇਸ ਲਾ ਐਂਡ ਆਰਡਰ ਨੂੰ ਬਿਗਾੜਨ ਲਈ ਜ਼ਿੰਮੇਵਾਰ ਹਨ । ਮੈਂ ਇਹ ਗੱਲ ਜ਼ਬਾਨੀ ਹੀ ਨਹੀਂ ਕਹਿੰਦਾ ਬਲਕਿ ਸਬੂਤ ਦੇ ਸਕਦਾ ਹਾਂ । ਅਜੇ ਪਰਸੋਂ ਹੀ ਚੀਫ ਮਨਿਸਟਰ ਸਾਹਿਬ ਨੇ ਜੋ ਸਟੇਟਮੈਂਟ ਦਿੱਤਾ ਹੈ ਉਸ ਵਿਚ ਜਿਥੇ ਉਨ੍ਹਾਂ ਨੇ ਅਮਨ ਕਾਇਮ ਰਖਣ ਗੱਲ ਕੀਤੀ ਹੈ ਉਥੇ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਦਾ ਵੀ ਜ਼ਿਕਰ ਕੀਤਾ । ਉਹ ਭੁੱਲ ਗਏ ਕਿ ਲੁਟ ਮਾਰ ਦਾ ਨਾਹਰਾ ਅਤੇ ਸਰਕਾਰੀ ਇਮਾਰਤਾਂ ਫੂਕਣ ਦਾ ਨਾਹਰਾ ਮਾਸਟਰ ਤਾਰਾ ਸਿੰਘ ਨੇ ਨਹੀਂ ਦਿੱਤਾ । ਇਹ ਠੀਕ ਹੈ ਕਿ ਉਨ੍ਹਾਂ ਦਾ ਹਿੰਦੀ ਦੇ ਬੋਰਡ ਮਿਟਾਣ ਦਾ ਕੰਮ ਨਿੰਦਣਯੋਗ ਹੈ ਪਰ ਇਹ ਨਾਹਰਾ ਤਾਂ ਜੰਨ ਸੰਘ ਵਾਲਿਆਂ ਨੇ ਦਿਤਾ ਹੈ ....(ਸ਼ੋਰ) ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਮਨਿਸਟਰਾਂ ਦੇ ਪੰਜਾਬੀ ਸੂਬੇ ਬਾਰੇ ਖਿਆਲਾਤ ਸਾਫ ਹਨ ਅਤੇ ਉਹ ਕਹਿੰਦੇ ਆਏ ਹਨ ਕਿ ਉਹ ਪੰਜਾਬੀ ਸੂਬੇ ਦੇ ਖਿਲਾਫ ਹਨ, ਇਸ ਲਈ ਹੁਣ ਉਨ੍ਹਾਂ ਲੋਕਾਂ ਤੋਂ ਇਹ ਆਸ ਰਖਣੀ ਜ਼ਿਨ੍ਹਾਂ ਦੇ ਗੱਲ ਚੋਂ ਇਹ ਗੋਲੀ ਨਹੀਂ ਲੰਘਦੀ ਕਿ ਉਹ ਅਮਨ ਨੂੰ ਕਾਇਮ ਰਖਣਗੇ, ਗਲਤ ਹੈ ਅਤੇ ਲੋਕ ਇਸ ਗੱਲ ਤੇ ਯਕੀਨ ਨਹੀਂ ਕਰ ਸਕਦੇ । ਸ੍ਰੀ ਪਰਬੋਧ ਚੰਦਰ ਨੇ ਜੋ ਬਿਆਨ ਦਿੱਤਾ ਹੈ ਉਸ ਤੋਂ ਸਾਫ ਪਤਾ ਲਗਦਾ ਹੈ ਕਿ ਉਹ ਕਿਥੇ ਖੜੇ ਹਨ । ਇਸੇ ਲਈ ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਅਮਨ ਨੂੰ ਖਰਾਬ ਕਰਨ ਲਈ ਇਹ ਸਰਕਾਰ ਹੀ ਜ਼ਿੰਮੇਵਾਰ ਹੈ । ਇਸਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਕਾਂਗਰਸ ਪਾਰਟੀ ਵਿਚ ਵੀ ਕੁਝ ਜਨਸੰਘੀ ਖਿਆਲਾਤ ਦੇ ਆਦਮੀ ਬੈਠੇ ਹਨ ਅਤੇ ਫਿਰਕਾਪ੍ਰਸਤ ਹਨ । ਸਰਦਾਰ ਜੈਇੰਦਰ ਸਿੰਘ ਤੇ ਸ੍ਰੀ ਯਸ਼ ਨੇ ਪਿਛਲੇ ਦਿਨਾਂ ਵਿਚ ਕਾਂਗਰਸ ਵਰਕਿੰਗ ਕਮੇਟੀ ਦੇ ਫੈਸਲੇ ਦੀ ਨਿੰਦਿਆ ਕਰਦੇ ਹੋਏ 'ਪਰਦੀਪ' ਅਖਬਾਰ ਵਿਚ ਕਿਹਾ ਹੈ ਅਤੇ ਉਹ ਮੈਂ ਆਪਨੂੰ ਪੜ੍ਹ ਕੇ ਸੁਣਾਉਂਦਾ ਹਾਂ । ਉਸ ਦਾ ਹੈਡਿੰਗ ਇਹ ਹੈ ਕਿ "ਪੰਜਾਬ ਕੀ ਤਕਸੀਮ ਕਾ ਫੈਸਲਾ ਕਾਂਗਰਸ ਕੀ ਅਪਨੇ ਵੋਟਰੋਂ ਕੇ ਸਾਥ ਗਦਾਰੀ ਹੈ" ਇਹ ਉਨ੍ਹਾਂ ਦਾ ਬਿਆਨ ਹੈ ਜੋ ਆਪਣੇ ਆਪ ਨੂੰ ਕਾਂਗਰਸ ਦਾ ਬੜਾ ਆਗੂ ਸਮਝਦੇ ਹਨ । ਇਸੇ ਲਈ ਮੈਂ ਅਰਜ਼ ਕੀਤੀ ਹੈ ਕਿ ਇਸ ਸਾਰੀ ਗੜਬੜ ਲਈ ਇਹ ਸਰਕਾਰ ਜ਼ਿੰਮੇਵਾਰ ਹੈ ਜੋ ਜੰਨ ਸੰਘ ਵਾਲਿਆਂ ਨਾਲ ਮਿਲਕੇ ਕਾਂਗਰਸ ਵਰਕਿੰਗ ਕਮੇਟੀ ਦੇ ਫੈਸਲੇ ਨੂੰ ਤਾਰਪੇਡੂ ਕਰਨਾ ਚਾਹੁੰਦੀ ਹੈ । ਸਾਡੇ ਤੇ ਅੱਜ ਤੱਕ ਇਹ ਇਲਜ਼ਾਮ ਲਗਦਾ ਰਿਹਾ ਹੈ ਕਿ ਕਮਿਊਨਿਸਟ ਬਾਹਰਲੇ ਦੇਸ਼ ਦੇ ਏਜੇਂਟ ਹਨ ਅਤੇ ਗੜਬੜ ਪੈਦਾ ਕਰਦੇ ਹਨ ਪਰ ਹੁਣ ਇਸ ਗੜ ਬੜ ਵਿਚ ਲੋਕਾਂ ਨੂੰ ਪਤਾ ਲਗ ਗਿਆ ਹੈ ਕਿ ਜਨ ਸੰਘ ਉਹ ਪਾਰਟੀ ਹੈ ਜੋ ਅਮਰੀਕਾ ਦੀ ਸ਼ਹਿ ਤੇ ਮੁਲਕ ਵਿਚ ਗੜ ਬੜ ਪੈਦਾ ਕਰਨਾ ਚਾਹੁੰਦੀ ਹੈ । ਇਸ ਦਾ ਸਬੂਤ ਇਹ ਹੈ ਕਿ ਕੱਲ ਜੋ ਲੁਧਿਆਣਾ ਵਿਚ ਟੀਅਰ ਗੈਸ ਚਲੀ ਹੈ ਉਸ ਵਿਚ ਜੋ ਗੋਲੇ ਜਨ ਸੰਘ ਵਾਲਿਆਂ ਨੇ ਛੱਡੇ ਹਨ ਉਹ ਪੁਲਿਸ ਨੇ ਆਪਣੀ ਹਰਾਸਤ ਵਿਚ ਲਏ ਹਨ ਅਤੇ ਉਨ੍ਹਾਂ ਤੇ ਲਿਖਿਆ ਹੈ ਯੂ. ਐਸ. ਏ. 1960 । ਇਹ ਸਾਬਤ ਕਰਦਾ ਹੈ ਕਿ ਵਿਦੇਸ਼ੀ ਤਾਕਤਾਂ ਦੇ ਇਸ਼ਾਰੇ ਤੇ ਜੰਨ ਸੰਘੀ ਅਮਨ ਤਬਾਹ ਕਰਨਾ ਚਾਹੁੰਦੇ ਹਨ (ਸ਼ੋਰ) ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਵਿਚ ਜੋ ਅਜ ਤਕ ਕਮਿਊਨਲ ਪਰਚਾਰ ਹੁੰਦਾ ਰਿਹਾ ਉਸ ਲਈ ਇਹ ਡੀ. ਏ. ਵੀ. ਕਾਲਜਾਂ ਦੀ ਮੈਨੇਜਿੰਗ ਕਮੇਟੀਆਂ ਜ਼ਿੰਮੇਵਾਰ ਹਨ ਜਿਨ੍ਹਾਂ ਦੇ ਕਾਰਕੁਨ ਪੰਜਾਬੀ ਸੂਬਾ ਤੇ ਹਰਿਆਣਾ ਪ੍ਰਾਂਤ ਦੀ ਜਾਇਜ਼ ਮੰਗ ਦੇ ਵਿਰੋਧੀ ਰਹੇ ਹਨ । ਉਨ੍ਹਾਂ ਵਲੋਂ ਹੀ ਸਟੂਡੈਂਟਸ ਵਿਚ ਨਫਰਤ ਦਾ ਬੀਜ ਬੋਇਆ ਗਿਆ ਅਤੇ ਉਨ੍ਹਾਂ ਨੇ ਹੀ ਸਟੂਡੈਂਟਸ ਨੂੰ ਹੜਤਾਲਾਂ ਕਰਨ ਲਈ ਮਜਬੂਰ ਕੀਤਾ । ਜਿਥੇ ਮੈਂ ਇਸ ਲਈ ਇਨ੍ਹਾਂ ਨੂੰ ਜ਼ਿਮੇਵਾਰ ਠਹਿਰਾਂਦਾ ਹਾਂ ਉਥੇ ਮੈਂ ਸਮਝਦਾ ਹਾਂ ਕਿ ਮਾਸਟਰ ਤਾਰਾ ਸਿੰਘ ਵੀ ਇਸ ਤੋਂ ਬਰੀਉਲਜ਼ਿੰਮਾਂ ਨਹੀਂ । ਉਸ ਨੇ ਡਾਇਰੈਕਟ ਐਕਸ਼ਨ ਦਾ ਨਾਹਰਾ ਲਗਾਕੇ ਇਸ ਗੜਬੜ ਵਿਚ ਹਿੱਸਾ ਪਾਇਆ ਹੈ । ਮੈਂ ਅਰਜ਼ ਕਰਦਾ ਹਾਂ ਕਿ ਹਿੰਦੀ ਸਾਡੀ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਕੌਮੀ ਭਾਸ਼ਾਂ ਹੈ ਅਤੇ ਬਾਕੀ ਰਿਆਸਤਾਂ ਨਾਲ ਗਲ ਬਾਤ ਕਰਨ ਲਈ ਇਹ ਸਭ ਨੂੰ ਸਿਖਣੀ ਪਵੇਗੀ । ਹਿੰਦੀ ਦੇ ਫੱਟੇ. ਵਗੈਰਾ ਲਾਹਣਾ ਕੋਈ ਚੰਗੀ ਗਲ ਨਹੀਂ ਅਤੇ ਇਸਦੇ ਖਿਲਾਫ ਲੋਕਾਂ ਨੂੰ ਉਕਸਾਣਾ ਠੀਕ ਨਹੀਂ । ਜਦੋਂ ਅਸੀਂ ਵੇਖਦੇ ਹਾਂ ਕਿ ਕਿਹੜੀਆਂ ਤਾਕਤਾਂ ਹਨ ਜੋ ਇਹ ਸਾਰੀ ਗੜਬੜ ਫੈਲਾ ਰਹੀਆਂ ਹਨ ਅਤੇ ਇਸਦੇ ਫੈਲਣ ਵਿਚ ਮਦਦ ਕਰ ਰਹੀਆਂ ਹਨ ਤਾਂ ਅਸੀਂ ਇਸੇ ਸਿੱਟੇ ਤੇ ਪਹੁੰਚਦੇ ਹਾਂ ਕਿ ਇਹ ਗੜਬੜ ਤਾਂ ਹੀ ਰੋਕੀ ਜਾ ਸਕਦੀ ਹੈ ਜੇਕਰ ਅਸੀਂ ਉਨ੍ਹਾਂ ਤਾਕਤਾਂ ਨੂੰ ਵਿਚੋਂ ਕੱਢ ਦੇਈਏ ਅਤੇ ਐਡਮਨਿਸਟਰੇਸ਼ਨ ਨੂੰ ਮਜ਼ਬੂਤ ਹਥਾਂ ਵਿਚ ਦੇ ਦੇਈਏ । ਤੁਸੀਂ ਵੇਖਦੇ ਹੋ ਕਿ ਪੰਜਾਬ ਦੇ ਦੇਹਾਤ ਵਿਚ ਕੋਈ ਗੜਬੜ ਨਹੀਂ ਹੋਈ ਅਤੇ ਉਥੇ ਹਿੰਦੂ, ਸਿਖ, ਮੁਸਲਮਾਨ ਸਾਰੇ ਅਮਨ ਨਾਲ ਰਹਿੰਦੇ ਹਨ । ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਵੇਖਦੇ ਹੋਏ ਅਸੀਂ ਇਸੇ ਸਿੱਟੇ ਤੇ ਪਹੁੰਚਦੇ ਹਾਂ ਕਿ ਇਹ ਕਾਂਗਰਸੀ ਮਨਿਸਟਰੀ, ਜਿਸਨੂੰ ਇਹ ਫਾਰਮੂਲਾ ਹਜ਼ਮ ਨਹੀਂ ਹੁੰਦਾ, ਆਪਣੇ ਆਪ ਅਸਤੀਫਾ ਦੇ ਜਾਵੇ । ਜੇਕਰ ਇਹ ਅਸਤੀਫਾ ਦੇਣ ਲਈ ਤਿਆਰ ਨਹੀਂ ਤਾ ਮੈਂ ਗਵਰਨਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਮਨਿਸਟਰੀ ਨੂੰ ਡਿਸਮਿਸ ਕਰਕੇ ਪੰਜਾਬ ਵਿਚ ਕਾਂਗਰਸ ਦੀ ਐਸੀ ਵਜ਼ਾਰਤ ਬਨਾਉਣ ਜੋ ਇਸ ਅਸੂਲ ਨੂੰ ਮੰਨਦੀ ਹੋਵੇ ਜਿਸ ਅਸੂਲ ਤੇ ਕਾਂਗਰਸ ਤੇ ਕਾਂਗਰਸ ਵਰਕਿੰਗ ਕਮੇਟੀ ਨੇ ਇਹ ਫੈਸਲਾ ਕੀਤਾ ਹੈ । (ਘੰਟੀ) ਇਸਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਸਾਰੀਆਂ ਥਾਵਾਂ ਤੇ ਹੀ ਦਫ਼ਾ 144 ਨਾਂ ਲਗਾਵੇ ਅਤੇ ਉਥੇ ਹੀ ਲਾਗੂ ਕਰੇ ਜਿਥੇ ਗੜਬੜ ਹੈ ਕਿਉਂਕਿ ਪੰਜਾਬ ਵਿਚ ਐਸੇ ਲੋਕ ਵੀ ਹਨ ਜੋ ਅਮਨ ਲਈ ਕੰਮ ਕਰਨਾ ਚਾਹੁੰਦੇ ਹਨ ਅਤੇ ਅਮਨ ਦੀ ਖਾਤਰ ਲੋਕਾਂ ਕੋਲ ਜਾਣਾ ਚਾਹੁੰਦੇ ਹਨ... ——

Mr. Speaker : Please wind up now.

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : ਮੈਂ ਅਰਜ਼ ਕਰਦਾ ਹਾਂ ਕਿ ਅਮਨ ਪਸੰਦ ਲੋਕਾਂ ਨੂੰ ਇਹ ਖੁਲ੍ਹ ਦੇਣੀ ਚਾਹੀਦੀ ਹੈ ਕਿ ਉਹ ਪਿੰਡਾਂ, ਸ਼ਹਿਰਾਂ ਵਿਚ ਅਮਨ ਕਮੇਟੀਆਂ ਬਣਾ ਕੇ ਅਮਨ ਦਾ ਪਰਚਾਰ ਕਰਨ । ਇਸ ਲਈ ਇਹ ਦਫ਼ਾ 144 ਦੀ ਪਾਬੰਦੀ ਸਾਰੀਆਂ ਥਾਵਾਂ ਤੇ ਨਾਂ ਲਗਾਈ ਜਾਵੇ । ਇਸਦੇ ਨਾਲ ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਸਭ ਨੇ ਵੇਖਿਆ ਹੈ ਕਿ ਇਹ ਜੋ ਡੀ. ਏ. ਵੀ. ਵਗੈਰਾ ਕਈ ਵਿਦਿਅਕ ਸੰਸਥਾਵਾਂ ਹਨ ਇਹ ਕਮਿਊਨਲ ਪਰਚਾਰ ਲਈ ਜ਼ਿੰਮੇਵਾਰ ਹਨ । ਇਸ ਲਈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਵਿਦਿਅਕ ਸੰਸਥਾਵਾਂ ਨੂੰ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ ......(Thumping)

Mr. Speaker : Please stop now.

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : ਜੇਕਰ ਹਿੰਦ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਵਿਚ ਅਮਨ ਕਾਇਮ ਹੋਵੇ ਤਾਂ ਉਸ ਨੂੰ ਛੇਤੀ ਐਲਾਨ ਕਰਨਾ ਚਾਹੀਦਾ ਹੈ ਕਿ ਪੰਜਾਬੀ ਸੂਬਾ, ਹਰਿਆਣਾ ਅਤੇ ਹਿਮਾਚਲ ਦੀ ਇਹ ਇਹ ਹਦ ਹੈ ਅਤੇ ਇਸ ਫੈਸਲੇ ਨੂੰ ਛੇਤੀ ਇੰਪਲੀਮੈਂਟ ਕੀਤਾ ਜਾਵੇ ਤਾਕਿ ਪੰਜਾਬ ਵਿਚ, ਜਿਸ ਨੇ ਹਿੰਦੁਸਤਾਨ ਲਈ ਕੁਰਬਾਨੀਆਂ ਕੀਤੀਆਂ ਹਨ ਅਤੇ ਅਗੇ ਨੂੰ ਵੀ ਕਰਨੀਆਂ ਹਨ, ਅਮਨ ਕਾਇਮ ਹੋ ਸਕੇ ।

श्री मोहन लाल (बटाला) : स्पीकर साहिबा, मैं इस समय केवल पंजाब की ला एंड आर्डर की सिच्यूएशन तक ही सीमित रहूंगा । सब से पहले मैं चीफ मिनिस्टर साहिब

की पिछली स्टेटमेंट जो ला एंड आर्डर के बारे में दी गई, उस का जिक्र करना चाहता हूं । आज से चन्द रोज पहले हमारे सूबे के चीफ मिनिस्टर साहिब लगातार कहते चले आए थे कि पंजाब की सरकार इस बात पर पूरी तरह से डिटरमिन्ड है कि पंजाब के अन्दर ला एंड आर्डर कायम रखा जाएगा । उन ब्यानों से साफ जाहिर होता था कि उन को पता था कि पंजाब के हालात किसी भी वक्त खराब हो सकते हैं और वह इस चीज़ का मुकाबला करने के लिए तैयार हैं । मैं नहीं जानता कि सरकार इस बारे में क्या जवाब देगी कि इस वक्त पंजाब का ला एंड आर्डर उन के काबू में है या नहीं अथवा ला एंड आर्डर तसल्ली बख्श है या नहीं । जब सरकार इस बात का जवाब हाउस के अन्दर देगी तो पता लग सकेगा । मैं इस समय जालन्धर के डिस्ट्रिक्ट मैजिस्ट्रेट साहिब ने जो नोटिस वरनैकुलर अखबारात को दिया, वह हाउस के अन्दर पढ़ना मुनासिब समझता हूं। वह यह है कि जिला मैजिस्ट्रेट ने वरनैकुलर अखबारों को आदेश दिया कि "पंजाब के हालात काबू से बाहिर हैं और पंजाबी सूबा के सम्बन्ध में कोई समाचार चाहे प्रत्यक्ष या अप्रत्यक्ष रूप में हो, वह अखबारों में सैंसर किए बिना छापा नहीं जा सकता है ।" मैं नहीं जानता कि इस बारे में सरकार की क्या पोज़ीशन होगी लेकिन ज़िला जालन्धर के डिप्टी कमिश्नर साहिब ने जो सर्टिफिकेट दिया है, उस से पंजाब की ला एंड आर्डर की पोज़ीशन वाज़ेह हो गई है कि पंजाब के हालात काबू से बाहिर हैं इस लिए वहां पर अखबारों को सैंसर करना पड़ा है । पंजाब के अन्दर 4,5 दिन में जो कुछ हुआ, वह निहायत ही काबले अफसोस है । वह निहायत ही शर्मनाक है । आपने देखा होगा कि लोगों ने पब्लिक प्रापर्टी को और प्राइवेट प्रापर्टी को कितनी बेरहमी से जलाया है । पंजाब के अन्दर जितनी बेचैनी है वह भी माननीय सदस्यों को मालूम है । इस के अलावा इस तनाव में स्टूडैंट्स को गुमराह किया गया जिससे कई कीमती जानें चली गई हैं; वह भी बहुत अफसोसनाक बातें हैं । मैं कहना चाहता हूं कि सरकार को ला एंड आर्डर मेनटेन करने के लिए अपने ऊपर भरोसा होना चाहिए । सरकार को एडमिनिस्ट्रेशन पर भरोसा होना चाहिए और जनता को दोनों पर भरोसा होना चाहिए कि वह हालात को काबू में रखेंगे । आज हालात क्या हैं । आज से चन्द रोज़ पहले यूनियन होम मिनिस्टर ने पंजाब के हालात का जायज़ा लेने के लिए पंजाब के पोलीस आफीसर्ज़ और दीगर बड़े बड़े अफसर बुलाए । उन्होंने यह आफिसर्ज़ मिनिस्टरों के साथ बुलाए ताकि पंजाब के हालात का अनुमान ले सकें । शायद उन को हिदायत देने के लिए बुलाया गया हो । इस से अन्दाज़ा लगाया जा सकता है कि पंजाब की मिनिस्टरी के ऊपर केन्द्रीय सरकार का कितना भरोसा है । इस के बाद यूनियन होम मिनिस्टरी के स्टेट मिनिस्टर पंजाब का जायज़ा लेने के लिए आए अथवा आप सब ने अखबारों में पढ़ा होगा कि दिल्ली से एक सीनियर आफिसर भी पंजाब के हालात का जायज़ा लेने के लिए आए हुए हैं । मैं नहीं जानता कि इस के बीच में क्या बात है लेकिन एक बात वाज़ेह तौर पर कहना चाहता हूं कि पंजाब सरकार को अपने ऊपर विश्वास नहीं । दूसरी बात मैं यह कह सकता हूं कि यूनियन गवर्नमेंट

[श्री मोहन लाल]

4.00 P.M. को पंजाब सरकार की कैपेसिटी पर भरोसा नहीं है कि वह पंजाब के अन्दर ला एंड आर्डर मेनटेन कर सकते हैं। मैं समझ नहीं पाया कि जब हमारी सरकार कहती रही है कि वह पंजाब के अन्दर हर प्रकार की हलचल का मुकाबला करने के लिए पूरी तरह से तैयार है तो आज हालात काबू से बाहर क्यों हैं। आज पंजाब के अन्दर ऐसे हालात पैदा हो चुके हैं कि कि अमृतसर से ले कर भिवानी तक आग सुलग चुकी है। शायद पंजाब के अन्दर कोई भी शहर नहीं जहां पर यह आग सुलगी न हो। पंजाब के अन्दर ला एंड आर्डर मेनटेन करना सरकार का काम है। मैं समझता हूं इस में सरकार स्वयं धोखे में रही है।

स्पीकर साहिब, मैं इसी सिलसिला में कहना चाहता हूं कि हमें हाउस के अन्दर और हाउस के बाहिर कोई ऐसी बातें नहीं करनी चाहिएं जिस से फिरकाप्रस्ती को प्रोत्साहन मिले। मैं ने कल भी कहा था कि हमें पंजाब के अन्दर हिन्दु और सिखों को भाई भाई की तरह रहना होगा। इन्हें प्यार से रहना होगा। इस लिए हर एक का फर्ज़ है कि हाउस के अन्दर या बाहिर कोई भी नफरत पैदा करने वाली बातें न कही जाएं। इस में कोई भी पार्टी, बड़ी पार्टी हो या छोटी पार्टी हो, किसी को भी ऐसी नफरत पैदा करने वाली बातें नहीं करनी चाहिएं जिस से कि पंजाब के हालात में और गड़बड़ी होने का अन्देशा हो। यहां पर मेरे से पहले कुछ दोस्तों ने बातें की, उन की बातों का ज्यादा डिटेलज़ में चर्चा नहीं कर सकता क्योंकि वक्त कम है। मैं समझता हूं कि यहां पर कुछ बातें ओपनली करना भी मुनासिब नहीं है। कई जगह पोलीस के बारे में इल्ज़ामात लगाए गए। कुछ लोग यह भी कह रहे हैं कि कई जगह पर पोलीस को कंट्रोल करने के लिए इतनी ताकत के प्रयोग करने की ज़रूरत नहीं थी। इस सिलसिले में मुझे एक ज़िम्मेदार पब्लिक मैन की अमृतसर से चिठ्ठी मिली है जिस को हाउस के अन्दर पढ़ देना मुनासिब समझता हूं। वह यह है कि—

"Encouraged by the attitude of authorities, subordinate officials have not spared even known Congressmen from beating in the bazars before the public who include Sarvshri Avinash Chandra, Municipal Commissioner, Lala Yograj, Chacha Chuni as also myself. I particularly lodged a complaint against this with the both D.C. and the S. S. P. on the advice of Seth Radha Kishen which has remained quite un-heeded."

इस के आगे मैं यह अर्ज़ करना चाहता हूं कि —

"........the beating mercilessly of innocent by-passers will not bring peace to the life of the city. The District Congress is very clear and united on the point that police particularly has been responsible in creating the present situation."

यह एक ज़िम्मेदार आदमी की तरफ से चिठ्ठी आई है। मैं इस लिए कहता हूं कि सरकार ने जहां कि तशद्दद की ज़रूरत थी, वहां की नहीं और हालात के मुताबिक जहां ज्यादा तशद्दद की। ज़रूरत नहीं थी वहां की। सरकार को हालात का मुकाबला करने के लिए अच्छी तरह से डील करना चाहिए । ऐसी बातें नहीं होनी चाहिए जिस से किसी सिटीज़न को और अमन पसंद लोगों को तथा जो लोग सिच्यूएशन को कंट्रोल करन में सरकार की मदद करें, उन को सरकार बुरी तरह से हरास करें । इस लिए सरकार को चाहिये कि अपने इख्तियारात को ज़रूरत के मुताबिक ही इस्तेमाल करे । (घंटी)

स्पीकर साहिब, आप का शुक्रिया।

चौधरी देवी लाल(फतेहआबाद): स्पीकर साहिब, आज से 4, 5 दिन पहले चीफ मिनिस्टर साहिब ने एक स्टेटमेंट दिया था जिस को अकाली पार्टी, प्रोग्रेसिव इंडीपैंडेंट पार्टी, और कम्यूनिस्ट पार्टी ने एक धमकी समझा था । स्पीकर साहिब, आप को याद होगा कि हाउस के अन्दर श्री बलरामजी दास टंडन ने लफ़ज़ कहे थे कि पंजाब के अन्दर ला एंड आर्डर मेन्टेन करना सरकार का फर्ज़ है । स्पीकर साहिब, वही लोग आज अंडर ग्राउंड हो कर पंजाब के ला एंड आर्डर को भंग करने के लिए सरकार के साथ मिले हुए हैं आज पंजाब के अंदर ला एँड आर्डर खराब हो रहा है। प्रिंसीपल रला राम, चेयरमैन पंजाबी रिजनल कमेटी ने कहा कि पंजाब की तकसीम के बारे में गलत फैसला हुआ है ।

श्री फतेह चंद विज : आन ए प्वांयट आफ आर्डर, सर । कल आप ने यहां हाउस में डी० सी०, अमृतसर का पैग़ाम पढ़ कर सुनाया था कि श्री बलराम जी दास टंडन अमृतसर जेल में हैं । लेकिन आज चौधरी देवी लाल कह रहे हैं कि वह अंडर ग्राउंड हो गए हैं ।

श्री अध्यक्ष : आप बैठिये । (Please take your seat.)

चौधरी देवी लाल : पंजाब की तकसीम हुई है या रीआर्गेनाईज़ेशन हुई है, यह फैसला गलत है या ठीक है इस का सबूत इस बात से मिलता है कि इस हाउस के 91 एम० एल० एज़० ने लिख कर दिया है कि हरियाणा प्रान्त और पंजाबी सूबा बनाया जाए और कांगड़ा और लाहौल स्पीती को हिमाचल के साथ मिला दिया जाए। हमारे प्रदेश कांग्रेस कमेटी के प्रधान पंडित भगवद् दयाल शर्मा उस वकत इन ख्यालात के नहीं थे लेकिन जिस वक्त हम ने मैमोरेंडम दिया उस वक्त तक उन का लैटर प्राईम मिनिस्टर के पास पहुंच चुका था । वे भी हम से इत्तफाक रखते हैं । उस समय 15 एम० एल० एज़० हाज़िर नहीं थे । इस का मतलब यह हुआ कि 152 में से 106 एम० एल० एज़ हरियाणा प्रान्त बनाए जाने के हक में हैं, पंजाबी सूबे के हक में हैं । यह बहुत पुरानी मांग थी । जिन

[चौधरी देवी लाल]

भाइयों ने पंजाब के हालात को बिगाड़ कर यह सिलसिला शुरू किया है मैं उन को याद दिलाना चाहता हूं कि हम तो एंटी-नेशनलिस्ट थे, अकाली भी माना कि ऐंटी-नैशनलिस्ट थे लेकिन तुम तो नैशनलिस्ट थे तुम क्यों नेशन की प्रापर्टी खराब कर रहे हो ? (प्रशंसा) इस में शक नहीं है कि यह सारी बात सरकार के इशारे से हो रही है । मैं पंजाबी हिन्दु की ज़हनियत ब्यान कर रहा हूं । मैं किसी का नाम नहीं लेता, किसी पार्टी का नाम नहीं लूंगा, मैं उन से कहना चाहता हूं कि जो पंजाब में अपनी डामीनेशन कायम रखना चाहते हैं वे समझते हैं कि 21 आदमियों की जो कंसलटेटिव पालियामेंटरी कमेटी बनी हुई है वे युनानीमस है कि हिमाचल प्रदेश बनेगा, पंजाबी सूबा बनेगा तो उस के बाद उन की एक्सप्लाएटेशन खत्म हो जाएगी । इसी लिये वे लोग अपने प्रेशर टैकटिक्स दिखाना चाहते हैं । जैसे हमारे प्रिंसीपल साहिब ने कहा कि करोड़ों आदमी इस के खिलाफ हैं । मुझे समझ नहीं आता कि करोड़ों आदमी कौन से हैं । आखिर अपने हरियाणा प्रान्त के रीप्रीज़ेंटेटिव्ज़ तो हम ही हैं । हम इस बात की मांग करते हैं । 11 मेम्बर हिमाचल में मिलने की मांग करते हैं । हिन्दी रिजिन के जो हरिजन हैं वे इस बात की मांग करते हैं कि पंजाबी सूबा बनना चाहिये और हरियाणा प्रान्त बनना चाहिये । लेकिन जो वैल आर्गेनाईज्र्ड पार्टी है वह इस के खिलाफ काम कर रही है । भिवानी में आग लगा दी है, हिसार और पानीपत में दूकानें बंद कर के यह दिखाना चाहते हैं कि पापुलर मूवमेंट तो हमारी है, हरियाणा के लीडरों की नहीं है । जहां तक जन संघ का ताल्लुक है मैं कहना चाहता हूं कि इसी इलैक्शनों में जनसंघ वालों की ज़मानतें भी ज़ब्त हुई थीं । "Who's Who" एक किताब है उस में यह इत्तलाह दी हुई है । चौधरी रतन सिंह, अच्छी फैमीली के हैं, पहले डिप्टी कमिश्नर भी रहे हैं, वे जन संघ की टिकट पर पालियामेंट के उम्मीदवार थे । उन की ज़मानत भी जब्त हो गई थी । ठाकुर चरणजीत सिंह का बच्चा मरवा दिया। पिछली अक्तूबर की 6 तारीख को उन्हों ने हरियाणा सम्मेलन की भिवानी में और दादरी में सदारत की थी । उन्हों ने हरियाणा प्रान्त की हिमायत की थी । उन का बच्चा कल गोली से मार दिया गया । इस का मतलब यह नहीं था कि हमारी आईडियालोजी एक थी । बात यह थी कि हमारा इलाका बैक्वर्ड था; हम जा कर अपनी बात को अच्छी तरह से एक्सप्लेन नहीं कर सकते थे । हम जानते थे कि पंजाबी सूबा बनेगा, यह जायज़ मांग है । उस के साथ हरियाणा प्रान्त भी बनेगा । स्पीकर साहिब, हमारे इलाके में अखबार कौन कौन से जाते हैं ? प्रदीप, मिलाप, प्रताप अखबार इलाके में जाते हैं । हमें कहते हैं कि तुम को गद्दार कहेंगे, एंटी-नेशनल कहेंगे, हमें यह धमकियां देते हैं । चौधरी लहरी सिंह जो जन संघ के टिकट पर चुने गए थे उन्हों ने मीटिंग पर प्रीज़ाईड किया औरं कहा कि मैं ने तो

चमारों के वोट बांटने के लिए ऐसा किया था। आज उन्हों ने इस्तीफा दे दिया है। मैं अर्ज़ करता हूं कि जन संघ की हरियाणा में कोई ताकत नहीं है। भिवानी में इलैक्शन के वक्त, जब श्री सागर राम गुप्ता इलैकट हुए, कुल 44,486 वोट पोल हुए और जन संघ को 7,573 वोट मिले। इसी तरह हिसार में 51,150 वोट पोल हुए, जब 1962 में श्री हुन्ना मल जी कामयाब हुए, तो जन संघ को 2,212 वोट मिले थे। हांसी में कुल 60,149 वोट पोल हुए जिस में 7,372 वोट जन संघ को कास्ट किये गए। तोशाम की कांस्टीच्यूएंसी में कुल 37,805 वोट कास्ट हुए जिन में से 1,115 वोट जन संघ के लिये दिये गए। मैं यह बात इस लिये बता रहा हूं कि जो लोग यह कहते हैं कि पंजाब के करोड़ों लोग इस मूवमेंट के खिलाफ हैं कि नए सिरे से हरियाणा की और पंजाबी सूबे की तशकील हो, वे लड़कों को गुमराह करते हैं। हमें खुद इस की बाबत पहले कनफ्यूज़न था। आज से सात आठ साल पहले हिन्दु धर्म के नाम पर हिन्दु और सिख का सवाल पैदा कर के हमारे लोगों को हिन्दी भाषा के नाम पर बहकाया गया। हिन्दू धर्म के नाम पर लोगों के जज़बात को भड़का कर हिन्दू और सिखों को लड़ाना चाहते थे। जब 9 आदमियों की वज़ारत बनी तो 17 पंजाबी रिजिन के हिन्दुओं में से एम० एल० एज़० म से तो चार मिनिस्टर और एक चीफ मिनिस्टर लेकिन हरियाणा के 65 एम० एल० एज़० के पीछे एक मिनिस्टर दिया गया। हमारे राईट्स तो यह लोग यूज़ करते रहे। हमारी अटेन्शन डाईवर्ट करने के लिये इन्हों ने हिन्दू और सिखों का सवाल पैदा किया और हिन्दी एजीटेशन चलाई। हज़ारों की तादाद में हमारे लोग जेलों में गए लेकिन यह लोग, 'आग लगा के डब्बू कंध ते।" (हंसी) आज फिर वे लोग हरियाणा में पंजाबी लागू करवाना चाहते हैं। इस किस्म का प्रापेगंडा हो रहा है; पड़ोसन की मिसाल दी गई। में पूछता हूं कि कहीं सिखों ने ज्यादती की है ? कल इन्दिरा जी से हमारा डेलीगेशन मिला। हम ने प्राईमिनिस्टर से कहा कि बहन जी जो इंडस्ट्रियलिस्ट्स यहां आए थे, औरतों के जत्थे बन कर आप के पास आते रहे कि हमारी इज्ज़त महफूज़ नहीं है, हम बच नहीं सकते आप ने पांच दिन की एजीटेशन में देखा कि एग्रेसिव पंजाबी हिन्दू हैं या सिख। सिख नहीं है। मैं आप के द्वारा चीफ मिनिस्टर साहिब से अर्ज़ करता हूं कि आप लोगों को संभालिये। होम मिनिस्टर साहिब से यह दरखास्त करता हूं कि पता नहीं है कि कौन चीफ मिनिस्टर बनेगा, कौन होम मिनिटर बनेगा निकालो इस ख्याल को दिमाग में से। सोचते सोचते ही पंजाब तबाह कर बैठोगे तो न कांग्रेस रहेगी, न होम मिनिस्टर रहेगा और न चीफ मिनिस्टर रहेगा। ला एंड आर्डर को काबू में कीजिये मैं ज्यादा वक्त न लेता हुआ सरकार का ध्यान इस तरफ दिलाता हूं कि ला एंड आर्डर को सख्ती से मेन्टेन कीजिये। यहां पर स्पीच दे कर धमकी तो दे गए थे लेकिन इन को अपने अख्तियार अपने ही

[चौधरी देवी लाल]

भाइयों के खिलाफ इस्तेमाल करनें पड़ रहे हैं । इन को डर है कि कल को वहां से रीटर्न हो कर नहीं आ सकेंगे । यश जी तो भाग रहे हैं कि हम तो कांग्रेस ही छोड़ते हैं ....

(घंटी की आवाज़)

यह बात कह कर मैं अपनी सीट लेता हूं ।

Mr. Speaker : Sardar Darbara Singh.

(At this stage Giani Kartar Singh also rose to speak.)

ਸ੍ਰੀ ਸਪੀਕਰ : ਗਿਆਨੀ ਕਰਤਾਰ ਸਿੰਘ ਜੀ, ਤੁਸੀਂ ਮਿਹਰਬਾਨੀ ਕਰਕੇ ਬੈਠ ਜਾਉ । (ਵਿਘਨ)

ਦੇਖੋ, ਪ੍ਰੋਸੀਡਿੰਗਜ਼ ਮੈਨੂੰ ਰੈਗੂਲੇਟ ਕਰਨ ਦਿਉ । ਇਹ ਮੇਰਾ ਕੰਮ ਹੈ ਕਿ ਕਿਸ ਨੂੰ ਬੁਲਾਉਣਾ ਹੈ, ਕਿਸ ਨੂੰ ਨਹੀਂ । ਸ਼ਾਇਦ ਜਦ ਤਕ ਬਹਿਸ ਚਲਣੀ ਹੈ ਕਿਸੇ ਨੂੰ ਕੋਈ ਇਤਰਾਜ਼ ਨਹੀਂ ਰਹੇਗਾ । ਲੇਕਿਨ ਪ੍ਰੋਸੀਡਿੰਗਜ਼ ਮੈਨੂੰ ਰੈਗੂਲੇਟ ਕਰ ਲੈਣ ਦਿਉ । (The hon. Member, Giani Kartar Singh, may please resume his seat. (Interruption) The hon. Member may please listen to me and let me regulate the proceedings. This is my function as to who is to be called to speak. Perhaps, no body will have such an objection at the close of the discussion. But I may be allowed to regulate the proceedings.)

ਗ੍ਰਹਿ ਅਤੇ ਵਿਕਾਸ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਡਿਸਕਸ਼ਨ ਕਰਦੇ ਹੋਏ ਕੁਝ ਦੋਸਤਾਂ ਨੇ ਅਪਣੇ ਵਿਚਾਰ ਪਰਗਟ ਕੀਤੇ ਹਨ । ਇਹ ਮਸਲਾ ਜੋ ਅਜ ਸਾਡੇ ਸਾਹਮਣੇ ਹੈ, ਇਸ ਸੂਬੇ ਦੀ ਹਾਲਤ ਨੂੰ ਸਾਹਮਣੇ ਰਖਕੇ ਜੋ ਬਹਿਸ ਕੀਤੀ ਗਈ ਹੈ ਇਸ ਵਿਚ ਮੁਖਤਲਿਫ ਕਿਸਮ ਦੇ ਖਿਆਲਾਤ ਦਾ ਇਜ਼ਹਾਰ ਕੀਤਾ ਗਿਆ ਹੈ । ਇਸ ਵਿਚ ਕੋਈ ਸ਼ਕ ਨਹੀਂ ਕਿ ਕਾਂਗਰਸ ਵਰਕਿੰਗ ਕਮੇਟੀ ਦੇ ਇਸ ਮਤੇ ਤੋਂ ਪਹਿਲਾਂ ਕਾਫੀ ਸਜਣਾਂ ਦੇ ਆਪੋ ਅਪਣੇ ਖਿਆਲਾਤ ਸਨ—ਕੋਈ ਇਸ ਦੇ ਵਿਰੋਧ ਵਿਚ ਸੀ ਤੇ ਕੋਈ ਇਸ ਦੇ ਹੱਕ ਵਿਚ ਸੀ । ਕਾਂਗਰਸ ਪਾਰਟੀ ਨੇ ਕਿਸੇ ਨੂੰ ਬੰਦਿਸ਼ ਵਿਚ ਨਹੀਂ ਸੀ ਰਖਿਆ, ਇਸ ਵਾਸਤੇ ਹਰ ਕਿਸੇ ਨੇ ਅਪਣੀ ਮਰਜ਼ੀ ਦਾ ਰੁਖ ਇਖਤਿਆਰ ਕੀਤਾ ਔਰ ਜਦ ਕਿਸੇ ਨੇ ਅਪਣੇ ਜਜ਼ਬਾਤ ਦਾ ਇਜ਼ਹਾਰ ਕਰਨਾ ਸੀ ਉਹ ਉਸ ਨੇ ਕੀਤਾ । ਇਸ ਸਵਾਲ ਉਤੇ ਵਰਕਿੰਗ ਕਮੇਟੀ ਨੇ ਸਾਰੇ ਹਾਲਾਤ ਨੂੰ ਮੱਦੇਨਜ਼ਰ ਰਖਕੇ ਇਕ ਮਤਾ ਪਾਸ ਕੀਤਾ । ਉਸ ਮਤੇ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਇਕ ਸਟੇਟ ਕਰਵ ਆਊਟ ਕਰਨੀ ਹੈ ਉਸ ਵਿਚੋਂ ਜਿਹੜਾ ਕਿ ਐਗਜ਼ਿਸਟਿੰਗ ਪੰਜਾਬ ਹੈ । ਉਸ ਮਤੇ ਦੀ ਪੂਰਤੀ ਲਈ ਜਿਹੜੀ ਹਿੰਦ ਸਰਕਾਰ ਹੈ ਉਸ ਨੇ ਅਜੇ ਤਕ ਅਪਣਾ ਕੋਈ ਫ਼ੈਸਲਾ ਨਹੀਂ ਦਿੱਤਾ । ਇਉਂ ਸਮਝੋ ਕਿ ਇਕ ਸਿਫਾਰਸ਼ ਹੈ ਲੇਕਿਨ ਸਿਫਾਰਸ਼ ਤੋਂ ਬਾਅਦ ਉਸ ਦੀ ਡੀਮਾਰਕੇਸ਼ਨ, ਉਸ ਦੇ ਪਰੋਜ਼ ਐਂਡ ਕਾਨਜ਼,

ਇੰਪਲੀਕੇਸ਼ਨ ਉਹ ਸਾਰੀ ਹਿੰਦ ਸਰਕਾਰ ਦੇ ਜ਼ੁੰਮੇ ਹੈ। ਉਸ ਨੂੰ ਉਨ੍ਹਾਂ ਨੇ ਸਾਰਟ ਆਊਟ ਕਰਨਾ ਹੈ। ਇਹ ਗੱਲ ਕਿ ਜੋ ਕਾਂਗਰਸ ਵਾਲੇ ਹਨ—ਕਾਂਗਰਸ ਵਾਲੇ ਵੀ ਡੈਮੋਕਰੈਟਿਕ ਸੈਟ ਅਪ ਵਿਚ ਆਪਸ ਵਿਚ ਇਖਤਲਾਫ਼ ਰਾਏ ਰਖ ਸਕਦੇ ਹਨ, ਇਹ ਇਖਤਲਾਫ਼ ਰਾਏ ਵਾਲਾ ਸਿਲਸਿਲਾ ਚਲਦਾ ਆ ਰਿਹਾ ਹੈ; ਚਲਦਾ ਰਹੇਗਾ। ਹਰ ਇਕ ਪਾਰਟੀ ਵਿਚ ਆਪੋ ਵਿਚ ਗੱਲ ਬਾਤ ਹੁੰਦੀ ਹੈ, ਉਸ ਤੋਂ ਬਾਅਦ ਹੀ ਉਹ ਫੈਸਲੇ ਕਰਦੀ ਹੈ। ਗੱਲ ਬਾਤ ਵਿਚ ਵਖ ਵਖ ਖਿਆਲਾਤ ਦਾ ਇਜ਼ਹਾਰ ਕੀਤਾ ਜਾਂਦਾ ਹੈ ਲੇਕਿਨ ਬਾਅਦ ਵਿਚ ਸਮੁਚੇ ਤੌਰ ਤੇ ਜਿਹੜਾ ਫੈਸਲਾ ਕੀਤਾ ਜਾਵੇ, ਉਸ ਨੂੰ ਹੀ ਫੈਸਲਾ ਸਮਝਿਆ ਜਾਂਦਾ ਹੈ। ਇਸ ਲਈ ਕਿਸੇ ਨੂੰ ਵੀ ਇਸ ਗੱਲ ਉਤੇ ਕੋਈ ਸ਼ਕ ਨਹੀਂ ਹੋਣਾ ਚਾਹੀਦਾ ਕਿ ਕਾਂਗਰਸ ਵਰਕਿੰਗ ਕਮੇਟੀ ਨੇ ਹਿੰਦੁਸਤਾਨ ਦੀ ਸਭ ਤੋਂ ਵਡੀ ਜਮਾਤ ਨੇ—ਜੋ ਕੁਛ ਫ਼ੈਸਲਾ ਕੀਤਾ ਹੈ ਸਰਕਾਰ ਦਾ ਕੰਮ ਹੈ ਕਿ ਉਹ ਉਸ ਨੂੰ ਸਿਰੇ ਚਾੜ੍ਹੇ। (Thumping of tables) ਇਸ ਲਈ ਉਸ ਨੂੰ ਇਸ ਰੂਪ ਵਿਚ ਨਹੀਂ ਵੇਖਣਾ ਚਾਹੀਦਾ ਜਿਵੇਂ ਕਿ ਇਥੇ ਦੂਸ਼ਨ ਲਗਾਏ ਗਏ ਕਿ ਜਿਹੜੀ ਮਨਿਸਟਰੀ ਬੈਠੀ ਹੈ ਇਹ ਇਸ ਪ੍ਰੋਪੋਜ਼ਲ ਦੇ ਖਿਲਾਫ਼ ਰਹੀ ਹੈ। ਠੀਕ ਹੈ, ਇਹ ਖਿਲਾਫ਼ ਰਹੀ ਹੈ, ਇਸ ਵਿਚ ਕੋਈ ਸ਼ਕ ਨਹੀਂ। ਲੇਕਿਨ ਲਾ ਐਂਡ ਆਰਡਰ ਵੀ ਉਸੇ ਖਿਆਲ ਨਾਲ ਕਾਇਮ ਰਖਣਾ ਹੈ। ਅਸਾਂ ਇਥੇ ਅਮਨ ਨੂੰ ਭੰਗ ਨਹੀਂ ਹੋਣ ਦੇਣਾ ਔਰ ਜੋ ਭੰਗ ਕਰਦਾ ਹੈ ਤਾਂ ਮੈਂ ਹਾਊਸ ਵਿਚ ਪੂਰੇ ਜ਼ੋਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਜਿਤਨੀ ਸ਼ਿੱਦਤ ਦੇ ਨਾਲ ਅਸੀਂ ਪੰਜਾਬੀ ਸੂਬੇ ਦੀ ਮੁਖਾਲਫ਼ਤ ਕਰਦੇ ਰਹੇ ਹਾਂ ਉਤਨੀ ਸ਼ਿੱਦਤ ਨਾਲ ਹੀ ਇਸ ਉਤੇ ਪਹਿਰਾ ਦਿਆਂਗੇ ਕਿ ਪੰਜਾਬ ਦਾ ਅਮਨ ਭੰਗ ਨਾਂ ਹੋਵੇ। (Thumping of tables) ਇਸ ਲਈ ਇਸ ਭੁਲੇਖੇ ਵਿਚ ਆਕੇ ਜੇ ਕੋਈ ਇਹ ਕਹੇ ਕਿ ਸਰਕਾਰ ਇਸ ਵਿਚ ਕਿਸੇ ਦੇ ਨਾਲ ਮਿਲੀ ਹੋਈ ਹੈ, ਮੈਂ ਹਾਊਸ ਵਿਚ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਨਾ ਸਿਰਫ਼ ਬਿਲਕੁਲ ਗਲਤ ਹੈ ਬਲਕਿ ਇਹ ਸਿਰਫ for argument sake ਕੀਤੀ ਜਾ ਰਹੀ ਹੈ।

ਸਪੀਕਰ ਸਾਹਿਬ, ਪਿਛਲੇ ਚਾਰ ਪਜ ਦਿਨਾਂ ਵਿਚ ਇਥੇ ਪੰਜਾਬ ਵਿਚ ਜਿਹੜੀਆਂ ਘਟਨਾਵਾਂ ਹੋਈਆਂ ਹਨ ਉਨ੍ਹਾਂ ਘਟਨਾਵਾਂ ਤੇ ਸਰਕਾਰ ਨੂੰ ਬੜਾ ਦੁਖ ਹੈ। ਕੌਣ ਕਹਿੰਦਾ ਹੈ ਕਿ ਅੱਗਾਂ ਲਗਣ? ਕੌਣ ਕਹਿੰਦਾ ਹੈ ਕਿ ਪੱਥਰ ਵੱਸਣ? ਤੁਹਾਨੂੰ ਤਾਂ ਸਗੋਂ ਇਸ ਗੱਲ ਦੀ ਦਾਦ ਦੇਣੀ ਚਾਹੀਦੀ ਹੈ ਕਿ ਪੁਲਿਸ ਨੇ ਮਾਰ ਖਾ ਕੇ, ਇੱਟਾਂ ਖਾਕੇ, ਤਸ਼ੱਦਦ ਝੱਲ ਕੇ ਵੀ ਮੁਕਾਬਲਾ ਕੀਤਾ ਹੈ। ਇਸ ਸਿਚੂਏਸ਼ਨ ਦਾ, ਔਰ ਕੋਸ਼ਿਸ਼ ਕੀਤੀ ਹੈ ਕਿ ਅੱਗਾਂ ਨਾ ਲੱਗਣ, ਗੌਰਮੈਂਟ ਹਿੰਦ ਔਰ ਪੰਜਾਬ ਸਰਕਾਰ ਦੀ ਜਿਹੜੀ ਪ੍ਰਾਪਰਟੀ ਹੈ ਉਸ ਨੂੰ ਨਾ ਜਲਾ ਦਿੱਤਾ ਜਾਵੇ— ਇਸ ਦੀ ਪ੍ਰੋਟੈਕਸ਼ਨ ਕਰਦੇ ਹੋਇਆਂ ਪੁਲਿਸ ਨੇ ਬਹੁਤ ਭਾਰੀ ਸੱਟਾਂ ਖਾਧੀਆਂ, ਪੱਥਰ ਖਾਧੇ, ਕਈ ਕੁਝ ਉਨ੍ਹਾਂ ਉਤੇ ਹੋਇਆ। ਪਰ ਇਹ ਕਹਿਣਾ ਕਿ ਪੁਲਿਸ ਨੇ ਕੁਝ ਨਹੀਂ ਕੀਤਾ, ਪੁਲਿਸ ਕਮਜ਼ੋਰ ਹੈ, ਸਰਕਾਰ ਕਮਜ਼ੋਰ ਹੈ; ਇਹ ਬਿਲਕੁਲ ਗਲਤ ਬਾਤ ਹੈ। ਇਹ ਠੀਕ ਹੈ ਕਿ ਇੰਤਜ਼ਾਮ ਕਰਨ ਵਾਸਤੇ ਜਿਥੇ ਹਾਲਤ ਬਹੁਤ ਗੰਭੀਰ ਹੋ ਜਾਵੇ ਉਥੇ ਉਨ੍ਹਾਂ ਨੂੰ ਪੂਰੀਆਂ ਹਿਦਾਇਅਤਾਂ ਹਨ। ਕੋਈ ਇਹ ਕਹੇ ਕਿ ਸਰਕਾਰ ਨੇ ਜੋ ਹਿਦਾਇਆਤ ਕੀਤੀਆਂ ਹਨ ਉਨ੍ਹਾਂ ਬਾਰੇ ਅਮਲ ਵਿਚ ਢਿੱਲ ਹੋਈ ਹੈ, ਇਹ ਗਲਤ ਬਾਤ ਹੈ। ਅਜ ਭਾਵੇਂ ਉਹ ਗੈਰ ਹਾਜ਼ਿਰ ਹੋਣ, ਉਨ੍ਹਾਂ ਨੇ ਕਿਹਾ ਕਿ ਪੁਲਿਸ ਫਾਇਰਿੰਗ ਕਰਕੇ ਬੇਤਹਾਸ਼ਾ ਲੋਕਾਂ ਨੂੰ ਮਾਰਦੀ ਗਈ, ਤੁਸਾਂ ਕੋਈ ਐਕਸ਼ਨ ਨਹੀਂ ਲਿਆ। ਮੈਂ ਨਹੀਂ ਕਹਿੰਦਾ ਕਿ ਉਹ ਐਕਸ਼ਨ ਗਲਤ ਸੀ ਜਾਂ ਸਹੀ, ਪਰ ਐਡਮਿਨਿਸਟਰੇਟਰ ਦੇ ਤੌਰ ਤੇ ਐਕਸ਼ਨ ਔਰ ਓਵਰ-ਐਕਸ਼ਨ ਦਾ ਤਕਾਜ਼ਾ ਕਰਨਾ ਆਪਣਾ ਆਪਣਾ ਕੰਮ ਹੈ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਵਿਚ ਅਮਨ ਰਹੇ, ਅਮਨ ਰਖਣਾ ਸਰਕਾਰ ਦਾ ਕੰਮ ਹੈ, ਉਸ ਦੀ ਜ਼ਿੰਮੇਂਦਾਰੀ ਹੈ—ਇਸ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਜਿਹੜਾ ਫੈਸਲਾ ਅਜ ਹੋਇਆ ਹੈ ਇਸ ਤੋਂ ਇਲਾਵਾ ਕੋਈ ਹੋਰ ਵੀ ਫੈਸਲਾ ਹੋਇਆ ਹੁੰਦਾ ਫ਼ੇਰ ਵੀ ਸਰਕਾਰ ਦਾ ਇਹ ਕੰਮ ਸੀ ਜੋ ਕੰਮ ਅਜ ਉਸ ਦੇ ਜ਼ੁੰਮੇ ਹੈ।

ਸਰਦਾਰ ਲਛਮਣ ਸਿੰਘ ਗਿੱਲ : ਇਧਰ ਤੇਜ਼ੀ ਨਾਲ ਐਕਸ਼ਨ ਹੋ ਰਿਹਾ ਹੈ ।

ਗ੍ਰਹਿ ਅਤੇ ਵਿਕਾਸ ਮੰਤਰੀ : ਇਹ ਗੱਲ ਗਲਤ ਹੈ । ਇਸ ਪਾਸੇ ਤੇਜ਼ੀ ਨਾਲ ਐਕਸ਼ਨ ਲਿਆ ਹੈ ਅਤੇ ਦੂਜੇ ਪਾਸੇ ਤੇਜ਼ੀ ਨਾਲ ਨਹੀਂ ਲਿਆ, ਇਹ ਬਿਲਕੁਲ ਗਲਤ ਗੱਲ ਹੈ । ਗੌਰਮੈਂਟ ਇਸ ਸਬੰਧ ਵਿਚ ਜਦ ਕੋਈ ਫੈਸਲਾ ਕਰਦੀ ਹੈ ਤਾਂ ਕਿਸੇ ਮਜ਼ਹਬ ਦੀ ਬਿਨਾ ਉਤੇ ਜਾਂ ਕਿਸੇ ਫ਼ਰਦ ਦੀ ਬਿਨਾ ਉਤੇ ਨਹੀਂ ਕਰਦੀ ਬਲਕਿ ਉਸ ਦੀਆਂ ਐਕਟਿਵਿਟੀਜ਼, ਉਸ ਦੇ ਐਕਸ਼ਨਜ਼ ਨੂੰ ਮੁਖ ਰਖਕੇ ਕਰਦੀ ਹੈ—ਜੋ ਮਾੜੇ ਐਕਸ਼ਨ ਉਹ ਕਰੇ । ਮੈਂ, ਸਪੀਕਰ ਸਾਹਿਬ, ਜ਼ਿਆਦਾ ਨਹੀਂ ਬੋਲਾਂਗਾ । ਸਿਰਫ਼ ਇਤਨੀ ਹੀ ਅਰਜ਼ ਕਰਨੀ ਚਾਹੁੰਦਾ ਹਾਂ ਕਿ—ਅਸਾਂ ਇਨ੍ਹਾਂ ਹਾਲਾਤ ਵਿਚ ਜੋ ਕੁਝ ਵੀ ਕੋਸ਼ਿਸ਼ ਕੀਤੀ ਹੈ ਉਹ ਇਸ ਗੱਲ ਦੀ ਹੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਸਾਰੇ ਇਥੇ ਭਰਾ ਹਾਂ—ਕੋਈ ਬਾਹਰੋਂ ਨਹੀਂ ਆਇਆ ਹੋਇਆ । ਹਿੰਦੂ ਸਿੱਖ ਯੂਨੀਟੀ ਅਸਾਂ ਰਖਣੀ ਹੈ । ਹਿੰਦੂ ਸਿੱਖ ਯੂਨੀਟੀ ਰਖਦੇ ਹੋਇਆਂ ਅਸੀਂ ਖੁਦ ਕੋਈ ਮਾੜਾ ਕੰਮ ਕਰ ਸਕਦੇ ਹਾਂ, ਇਹ ਗਲਤ ਬਾਤ ਹੈ। (ਵਿਘਨ) ਮਾਸਟਰ ਤਾਰਾ ਸਿੰਘ ਬਾਰੇ ਇਥੇ ਜ਼ਿਕਰ ਕੀਤਾ ਗਿਆ । ਮੈਂ ਬੜੇ ਅਦਬ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਉਨ੍ਹਾਂ ਦਾ ਬੜਾ ਸਤਿਕਾਰ ਹੈ । ਲੇਕਿਨ ਜਿਸ ਢੰਗ ਨਾਲ ਉਨ੍ਹਾਂ ਦੇ ਬਿਆਨ ਆਏ ਹਨ, ਜਿਸ ਢੰਗ ਨਾਲ ਉਨ੍ਹਾਂ ਨੇ ਡੀਫ਼ਾਇੰਸ ਕੀਤੀ ਹੈ ਔਰ ਦੂਸਰੇ ਜਿਤਨੇ ਉਨ੍ਹਾਂ ਦੇ ਕੰਮ ਹਨ, ਜਿਹੜੀਆਂ ਉਨ੍ਹਾਂ ਦੀਆਂ ਐਕਟਿਵਿਟੀਜ਼ ਹਨ, ਜਿਹੜਾ ਉਨ੍ਹਾਂ ਨੇ ਕਿਹਾ ਕਿ ਇੰਡੀਪੈਂਡੈਂਟ ਸਟੇਟ ਬਨਾਉਣਾ ਚਾਹੁੰਦੇ ਹਨ ਹਿੰਦੁਸਤਾਨ ਵਿਚ ਔਰ ਉਸਦੇ ਨਾਲ ਨਾਲ ਡਾਇਰੈਕਟ ਐਕਸ਼ਨ ਦੀਆਂ ਧਮਕੀਆਂ ਦਿੱਤੀਆਂ, ਇਸ ਤਰ੍ਹਾਂ ਦੇ ਐਲਾਨ ਕੀਤੇ ਤਾਂ ਉਨ੍ਹਾਂ ਨੂੰ ਅਗਰ ਇਸ ਕਾਰਨ ਪਕੜਿਆ ਹੈ ਤਾਂ ਇਹ ਕਿਹੜੀ ਇਤਰਾਜ਼ ਵਾਲੀ ਗੱਲ ਹੋ ਗਈ। ਜਿਹੜਾ ਸਰਕਾਰ ਨੇ ਇਨ੍ਹਾਂ ਹਾਲਾਤ ਵਿਚ ਅਖ਼ਬਾਰਾਂ ਉਤੇ ਸੈਂਸਰ ਲਗਾਇਆ ਹੈ ਉਸ ਉਤੇ ਵੀ ਕੀ ਇਤਰਾਜ਼।

ਅਕਾਲੀ ਪਾਰਟੀ ਵਲੋਂ ਇਕ ਆਵਾਜ਼ : ਇਤਰਾਜ਼ ਇਹ ਹੈ ਕਿ ਦੂਜਿਆਂ ਨੂੰ ਵੀ ਕਿਉਂ ਨਹੀਂ ਪਕੜਿਆ। (ਵਿਘਨ)

ਗ੍ਰਹਿ ਅਤੇ ਵਿਕਾਸ ਮੰਤਰੀ : ਰੀਟਾਰਟ ਅਸੀਂ ਵੀ ਕਰ ਸਕਦੇ ਹਾਂ । ਆਬਸਟਰਕਟ ਅਸੀਂ ਵੀ ਕਰ ਸਕਦੇ ਹਾਂ ਪਰ ਤੁਸੀਂ ਜਦ ਬੋਲਦੇ ਰਹੇ ਤਾਂ ਇਸ ਪਾਸਿਉਂ ਅਸਾਂ ਜ਼ਰਾ ਵੀ ਡਿਸਟਰਬ ਨਹੀਂ ਕੀਤਾ । ਜ਼ਰਾ ਧੀਰਜ ਰਖੋ ਤੁਹਾਡੀ ਗਿਆਤ ਨਾਲੋਂ ਮੈਨੂੰ ਜ਼ਿਆਦਾ ਗਿਆਨ ਹੈ ਇਸ ਸਾਰੀ ਚੀਜ਼ ਦਾ । (ਵਿਘਨ) ਇਨ੍ਹਾਂ ਨੇ ਇਹ ਵੀ ਕਿਹਾ ਕਿ ਕਾਂਗਰਸ ਵਾਲੇ ਕਰਾ ਰਹੇ ਹਨ। ਇਹ ਗੱਲ ਵੀ ਗਲਤ ਹੈ। ਖੁਦ ਕਾਂਗਰਸ ਦੇ ਮੈਂਬਰਾਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਮੈਨੂੰ ਹੁਣੇ ਹੁਣੇ ਇਕ ਚਿੱਠੀ ਰਾਹੀਂ ਗਿਆਤ ਹੋਇਆ ਹੈ ਕਿ ਸ੍ਰੀ ਦੀਨਾ ਨਾਥ ਅਗਰਵਾਲ ਦੇ ਕਾਰਖਾਨੇ ਦਾ ਕਲ 60,000 ਰੁਪਏ ਦਾ ਨੁਕਸਾਨ ਹੋਇਆ । ਅੱਜ ਡਿਸਟ੍ਰਿਕਟ ਕਾਂਗਰਸ ਕਮੇਟੀ ਲੁਧਿਆਣੇ ਦਾ ਪ੍ਰੈਜ਼ੀਡੈਂਟ ਇੱਟਾਂ ਨਾਲ ਫੱਟੜ ਹੋਇਆ । (ਵਿਘਨ) ਉਹ ਕੋਈ ਘਰ ਨਹੀਂ ਬੈਠੇ ਸਨ । ਉਹ ਲੋਕਾਂ ਵਿਚ ਇਸ ਗੱਲ ਦਾ ਯਤਨ ਕਰ ਰਹੇ ਸਨ ਕਿ ਪੀਸ ਰਖਣੀ ਚਾਹੀਦੀ ਹੈ । ਇਸੇ ਐਫਰਟ ਵਿਚ ਉਨ੍ਹਾਂ ਦੇ ਸੱਟਾਂ ਲਗੀਆਂ ਹਨ, ਘਰ ਬੈਠੇ ਬੈਠੇ ਨਹੀਂ ਲਗੀਆਂ (ਅਕਾਲੀ ਮੈਂਬਰਾਂ ਵਲੋਂ ਵਿਘਨ) ਸਪੀਕਰ ਸਾਹਿਬ, ਮੈਂ ਬੈਠ ਜਾਂਦਾ ਹਾਂ । ਇਹ ਬਾਰ ਬਾਰ ਇਸ ਤਰ੍ਹਾਂ ਇੰਟਰੱਪਟ ਕਰ ਰਹੇ ਹਨ, ਤੁਸੀਂ ਇਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਦੇ ਲਉ ।

Mr. Speaker : Order please. No interruptions.

ਗ੍ਰਹਿ ਅਤੇ ਵਿਕਾਸ ਮੰਤਰੀ : ਇਸ ਵਾਸਤੇ, ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਭਾਵੇਂ ਕੋਈ ਪੰਜਾਬੀ ਸੂਬੇ ਦੇ ਖਿਲਾਫ ਹੋਵੇ ਜਾਂ ਇਸ ਦੇ ਹਕ ਵਿਚ, ਸਭ ਇਸ ਗੱਲ ਉਤੇ ਇਤਫਾਕ ਕਰਨਗੇ ਕਿ ਸੂਬੇ ਵਿਚ ਹਰ ਹਾਲਤ ਵਿਚ ਪੀਸ ਹੋਣੀ ਚਾਹੀਦੀ ਹੈ । ਇਸੇ ਮਕਸਦ ਵੱਲ ਹੀ ਸਾਡੀਆਂ ਕੋਸ਼ਿਸ਼ਾਂ ਹਨ । ਜਿਹੜਾ ਵੀ ਕੋਈ ਇੱਟਾਂ ਮਾਰਦਾ ਹੈ, ਜਿਹੜਾ ਵੀ ਕੋਈ ਪੀਸ ਨੂੰ ਭੰਗ ਕਰਦਾ ਹੈ, ਜਿਹੜਾ ਆਰਸਨ ਦੀ ਕਾਰਵਾਈ ਕਰਦਾ ਹੈ, ਲੂਟਿੰਗ ਕਰਦਾ ਹੈ ਜਾਂ ਐਸੇ ਇਕਦਾਮ ਕਰਦਾ ਹੈ ਜੋ ਖਰਾਬ ਹੋਣ, ਸੂਬੇ ਦੀ ਹਾਲਤ ਨੂੰ ਵਗਾੜਦਾ ਹੈ—ਚਾਹੇ ਉਹ ਹਿੰਦੂ ਹੋਵੇ ਜਾਂ ਕੋਈ ਹੋਰ— ਉਸ ਉਤੇ ਹੱਥ ਪਾਉਣ ਬਾਰੇ ਕਿਸੇ ਨੂੰ ਝਿਜਕ ਨਹੀਂ ਹੋਣੀ ਚਾਹੀਦੀ ਔਰ ਨਾ ਹੀ ਸਾਨੂੰ ਕੋਈ ਝਿਜਕ ਹੈ । ਮੈਂ ਹਾਊਸ ਨੂੰ ਐਜ਼ ਹੋਮ ਮਨਿਸਟਰ ਯਕੀਨ ਦਵਾਉਣਾ ਚਾਹੁੰਦਾ ਹਾਂ ਕਿ ਸੂਬੇ ਦੀ ਹਾਲਤ ਨੂੰ ਠੀਕ ਰੱਖਣ ਵਾਸਤੇ ਭਾਵੇਂ ਕਿਤਨਾ ਹੀ ਵਡੇ ਤੋਂ ਵਡਾ ਕਦਮ ਕਿਉਂ ਨਾ ਉਠਾਉਣਾ ਪਵੇ, ਇਸ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ । ਜਿਤਨੀ ਵੀ ਕੋਸ਼ਿਸ਼ ਸਾਡੇ ਵਲੋਂ ਹੋਣੀ ਚਾਹੀਦੀ ਹੈ ਉਹ ਕੀਤੀ ਜਾ ਰਹੀ ਹੈ। ਅਗਰ ਕਿਸੇ ਨੂੰ ਕਿਸੇ ਮਾਮਲੇ ਵਿਚ ਵੀ ਕੋਈ ਊਣਤਾਈ ਨਜ਼ਰ ਆਈ ਹੈ, ਉਹ ਸਾਡੇ ਨਾਲ ਗੱਲ ਕਰ ਲਵੇ ਕਿ ਕਿਥੇ ਕਿਥੇ ਊਣਤਾਈ ਹੋਈ ਹੈ ।

ਕਈਆਂ ਸੱਜਣਾਂ ਨੇ ਕਿਹਾ ਹੈ ਕਿ ਸਰਕਾਰ ਦੀ ਉਨ੍ਹਾਂ ਲੋਕਾਂ ਦੇ ਨਾਲ ਕੋਈ ਮਿਲੀ ਭਗਤ ਹੈ । ਇਹ ਬਿਲਕੁਲ ਗਲਤ ਗੱਲ ਹੈ। ਮੈਂ ਇਹ ਕੈਟੇਗਾਰੀਕਲ ਸਟੇਟਮੈਂਟ ਦੇ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਸ਼ਾਰਾ ਭਰ ਵੀ ਕਿਤੇ ਉਨ੍ਹਾਂ ਦੇ ਨਾਲ ਸਾਡੀ ਮਿਲੀ ਭਗਤ ਹੋਵੇ ਤਾਂ ਇਕ ਮਿੰਟ ਵਾਸਤੇ ਵੀ ਅਸੀਂ ਇਥੇ ਰਹਿਣ ਵਾਸਤੇ ਤਿਆਰ ਨਹੀਂ ।

ਕਈ ਐਸੀਆਂ ਐਜੀਟੇਸ਼ਨਾਂ ਨੇ ਔਰ ਬਹੁਤ ਸਾਰੀਆਂ ਇਨਕੁਆਇਰੀਆਂ ਹੋਈਆਂ ਨੇ । ਅਗਰ ਮੈਨੂੰ ਇਸ ਗੱਲ ਦੀ ਇਜਾਜ਼ਤ ਦਿੱਤੀ ਜਾਏਗੀ ਕਿ ਮੈਂ ਦਸਾਂ ਕਿ ਕੌਣ ਕੀ ਕੁਝ ਕਰਦੇ ਰਹੇ ਨੇ ਜਾਂ ਕਰਦੇ ਨੇ, ਸਾਨੂੰ ਸਾਰੀਆਂ ਚੀਜ਼ਾਂ ਦਾ ਪਤਾ ਹੈ ਕਿ ਕੌਣ ਕੌਣ ਕੀ ਕੀ ਕਰਦੇ ਪਏ ਨੇ । ਲੇਕਿਨ ਮੈਂ ਹਾਲੇ ਇਹ ਚੀਜ਼ਾਂ ਹਾਊਸ ਵਿਚ ਨਹੀਂ ਰਖਣੀਆਂ ਚਾਹੁੰਦਾ ਕਿਉਂਕਿ ਅਸੀਂ ਨਹੀਂ ਚਾਹੁੰਦੇ ਕਿ ਬਿਟਰਨੈਸ ਵਧੇ ਬਲਕਿ ਮੈਂ ਤਾਂ ਇਸ ਹਾਊਸ ਦੇ ਆਨਰੇਬਲ ਮੈਂਬਰਜ਼ ਦੀ ਲਾ ਐਂਡ ਆਰਡਰ ਮੇਨਟੇਨ ਕਰਨ ਵਿਚ ਮਦਦ ਲੈਣੀ ਚਾਹੁੰਦਾ ਹਾਂ ਔਰ ਉਨ੍ਹਾਂ ਅੱਗੇ ਅਪੀਲ ਕਰਦਾ ਹਾਂ ਕਿ ਬਜਾਏ ਇਥੇ ਆਣ ਦੇ ਉਹ ਆਪਣੇ ਆਪਣੇ ਹਲਕਿਆਂ ਵਿਚ ਜਾ ਕੇ ਲੋਕਾਂ ਵਿਚ ਐਮਿਟੀ ਪੈਦਾ ਕਰਨ, ਉਨ੍ਹਾਂ ਵਿਚ ਮੁੜ ਕੇ ਪਰੇਮ ਪਿਆਰ ਪੈਦਾ ਕਰਨ । ਮੇਰੀ ਉਨ੍ਹਾਂ ਅਗੇ ਦਸਤ ਬਸਤਾ ਦਰਖਾਸਤ ਹੈ ਕਿ ਉਹ ਸੂਬੇ ਵਿਚ ਅਮਨ ਪੈਦਾ ਰਖਣ ਵਾਸਤੇ ਸਰਕਾਰ ਦੀ ਮਦਦ ਕਰਨ ਔਰ ਕੋਈ ਅਜਿਹਾ ਕੰਮ ਨਾ ਕਰਨ ਜਿਸ ਨਾਲ ਸੂਬੇ ਦੀ ਬਿਗੜੀ ਫਿਜ਼ਾ ਹੋਰ ਖਰਾਬ ਹੋਵੇ। ਤੁਹਾਡਾ ਸਭਨਾਂ ਦਾ ਇਹ ਫਰਜ਼ ਵੀ ਬਨਦਾ ਹੈ। ਤੁਸੀਂ ਪਰੋਵੋਕੇਸ਼ਨਜ਼ ਨਾ ਕਰੋ— (ਆਪੋਜ਼ੀਸ਼ਨ ਦੇ ਇਕ ਆਨਰੇਬਲ ਮੈਂਬਰ ਵਲੋਂ ਵਿਘਨ) ਮਾਸਟਰ ਤਾਰਾ ਸਿੰਘ ਦੀ ਗੱਲ ਨਾ ਕਰੋ। ਪਿੰਡਾਂ ਦੇ ਲੋਕਾਂ ਨੂੰ ਕੀ ਇਜਾਜ਼ਤ ਦਿੱਤੀ ਜਾਣੀ ਹੈ ਕਿ ਉਹ ਸ਼ਹਿਰਾਂ ਦੇ ਲੋਕਾਂ ਨੂੰ ਆਕੇ ਸੰਭਾਲ ਲੈਣ। ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਠੀਕ ਨਹੀਂ । ਲੋਕੀ ਪਿੰਡਾਂ ਦੇ ਹੋਣ ਜਾਂ ਕਸਬਿਆਂ ਦੇ ਹੋਣ, ਐਡਮਨਿਸਟਰੇਸ਼ਨ ਲਈ ਸਭ ਇਕੋ ਨੇ। ਸਾਰਿਆਂ ਦਾ ਇਕੋ ਜਿਹਾ ਹੱਕ ਹੈ, ਭਾਵੇਂ ਕੋਈ ਪਿੰਡ ਦਾ ਰਹਿਣ ਵਾਲਾ ਹੈ ਤੇ ਭਾਵੇਂ ਕਸਬੇ ਦਾ ਰਹਿਣ ਵਾਲਾ ਹੈ । ਕਿਸੇ ਨੂੰ ਵੀ ਅਮਨ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ । ਮਾਸਟਰ ਤਾਰਾ ਸਿੰਘ ਦਾ ਜ਼ਿਕਰ ਕਿਉਂ ਕਰਦੇ ਹੋ? ਮੈਂ ਹਾਊਸ ਨੂੰ ਯਕੀਨ ਦਿਵਾ ਦੇਣਾ ਚਾਹੁੰਦਾ ਹਾਂ ਕਿ ਭਾਵੇਂ ਵੱਡੇ ਤੋਂ ਵੱਡਾ ਆਦਮੀ ਹੋਵੇ, ਜੇ ਕਰ ਅਮਨ ਭੰਗ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਵੀ ਨਹੀਂ ਛੋੜਿਆ ਜਾਵੇਗਾ । ਮੈਂ ਸਾਰਿਆਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਤੁਸੀਂ ਬੇਸ਼ਕ

[ਗ੍ਰਹਿ ਅਤੇ ਵਿਕਾਸ ਮੰਤਰੀ]

ਆਪਣੇ ਆਪਣੇ ਖਿਆਲਾਤ ਦਾ ਇਜ਼ਹਾਰ ਕਰਦੇ ਚਲੋ ਔਰ ਸ਼ਾਂਤੀ ਨਾਲ ਕਮ ਕਰਦੇ ਚਲੋ, ਇਹ ਇਕ ਡੈਮੋਕਰੈਟਿਕ ਸੈਟ ਅਪ ਵਿਚ ਹਰ ਇਕ ਨੂੰ ਹੱਕ ਹਾਸਲ ਹੈ ਔਰ ਇਹ ਸਾਡੀ ਕੰਸਟੀਚਿਊਸ਼ਨ ਵਿਚ ਵੀ ਹਰ ਸ਼ਹਿਰੀ ਨੂੰ ਹਕ ਦਿੱਤਾ ਗਿਆ ਹੈ, ਪਰ ਲਾ ਐਂਡ ਆਰਡਰ ਕਾਇਮ ਕਰਨ ਵਿਚ ਜਿਹੜਾ ਨਾਨ-ਕੋਆਪਰੇਟਿਵ ਐਟੀਚੂਡ ਐਡਾਪਟ ਕਰੇਗਾ ਉਸ ਨੂੰ ਇਸ ਤਰ੍ਹਾਂ ਕਰਨ ਦੀ ਕਦੇ ਵੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜਿਹੜੇ ਲੋਕ ਇਸ ਗੱਲ ਤੋਂ ਤਜਾਵਜ਼ ਕਰਨਗੇ ਲਾਜ਼ਮੀ ਤੌਰ ਤੇ ਉਨ੍ਹਾਂ ਨੂੰ ਵੀ ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸਾਨੂੰ ਉਨ੍ਹਾਂ ਲੋਕਾਂ ਨਾਲ ਹਮਦਰਦੀ ਹੈ ਜਿਨ੍ਹਾਂ ਨੂੰ ਇਸ ਸੂਬੇ ਨਾਲ ਉਲਫਤ ਹੈ ਲੇਕਿਨ ਕਿਸੇ ਨੂੰ ਵੀ ਲਾ ਐਂਡ ਆਰਡਰ ਨੂੰ ਬਿਗਾੜਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਗਿਆਨੀ ਕਰਤਾਰ ਸਿੰਘ (ਦਸੂਆ) : ਸਪੀਕਰ ਸਾਹਿਬ, ਪੰਜਾਬ ਵਿਚ ਇਸ ਵੇਲੇ ਜੋ ਸਥਿਤੀ ਹੈ ਔਰ ਜੋ ਹਾਲਾਤ ਨੇ ਲਾ ਐਂਡ ਆਰਡਰ ਦੇ ਉਨ੍ਹਾਂ ਤੇ ਵਿਚਾਰ ਕਰਨ ਲਈ ਇਹ ਇਕਠ ਹੈ। ਇਸ ਵਿਚ ਮਨਿਸਟਰ ਸਾਹਿਬਾਨ ਦਾ ਵੀ ਕਿੱਸਾ ਆਇਆ ਹੈ ਕਿ ਉਹ ਮਨਿਸਟਰ ਰਹਿਣ, ਸਾਨੂੰ ਕੋਈ ਗਿਲਾ, ਕੋਈ ਸ਼ਿਕਾਇਤ ਉਨ੍ਹਾਂ ਦੇ ਖਿਲਾਫ ਨਹੀਂ ਹੈ। ਉਹ ਬੇਸ਼ਕ ਮਨਿਸਟਰ ਬਣੇ ਰਹਿਣ ਲੇਕਿਨ ਇਹ ਗੱਲ ਹਿਊਮਨ ਨੇਚਰ ਵਿਚ ਆਉਂਦੀ ਹੈ ਕਿ ਉਹ ਸੱਜਣ ਜ਼ਬਾਨ ਦੇ ਆਧਾਰ ਤੇ ਸੂਬੇ ਦਾ ਵਿਰੋਧ ਕਰਦੇ ਰਹੇ ਨੇ ਔਰ ਵਿਰੋਧ ਕਰਨ ਵਾਲਿਆਂ ਤੋਂ ਲੋਕਾਂ ਦਾ ਵਿਸ਼ਵਾਸ਼ ਵੀ ਉਠ ਜਾਂਦਾ ਹੈ ਔਰ ਭਰੋਸਾ ਆਪਣੇ ਤੇ ਮੁੜ ਕੇ ਲਿਆਇਆ ਜਾ ਸਕਦਾ ਹੈ ਔਰ ਉਹ ਐਕਸ਼ਨਜ਼ ਦੇ ਨਾਲ ਲਿਆਇਆ ਜਾ ਸਕਦਾ ਹੈ। ਇਸ ਲਈ ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਐਸੇ ਐਕਸ਼ਨ ਲੈਣ ਜਿਨ੍ਹਾਂ ਨਾਲ ਲੋਕਾਂ ਨੂੰ ਉਨ੍ਹਾਂ ਤੇ ਮੁੜ ਕੇ ਭਰੋਸਾ ਆ ਜਾਵੇ।

ਫਿਰ ਇਸ ਬਹਿਸ ਵਿਚ ਜ਼ਿਕਰ ਕੀਤਾ ਗਿਆ ਹੈ ਮਾਸਟਰ ਤਾਰਾ ਸਿੰਘ ਦਾ ਕਿ ਉਹ ਬੜੀਆਂ ਖਰਾਬੀਆਂ ਕਰਦੇ ਪਏ ਸੀ ਇਸ ਲਈ ਉਨ੍ਹਾਂ ਨੂੰ ਫੜ ਲਿਆ ਹੈ। ਉਨ੍ਹਾਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਤਾਂ ਆਪ ਹੀ ਫੜਿਆ ਜਾਣਾ ਚਾਹੁੰਦੇ ਸੀ ਔਰ ਤੁਸੀਂ ਉਸ ਨੂੰ ਫੜ ਲਿਆ ਹੈ। ਇਸ ਵਿਚ ਕੋਈ ਮਾੜੀ ਗੱਲ ਨਹੀਂ ਹੋਈ। ਬਾਕੀ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਤੁਸੀਂ ਮਾਸਟਰ ਤਾਰਾ ਸਿੰਘ ਨੂੰ ਤਾਂ ਇਹ ਕਹਿ ਕੇ ਫੜ ਲਿਆ ਹੈ ਕਿ ਉਹ ਖਰਾਬੀਆਂ ਕਰ ਰਹੇ ਸੀ ਪਰ ਤੁਸੀਂ ਡਾਕਟਰ ਬਲਦੇਵ ਪਰਕਾਸ਼ ਨੂੰ, ਲਾਲਾ ਜਗਤ ਨਰਾਇਣ ਨੂੰ, ਸ਼੍ਰੀ ਵਰਿੰਦਰ ਨੂੰ, ਸ਼੍ਰੀ ਯਸ਼ ਨੂੰ ਔਰ ਕੇਸ਼ਬ ਚੰਦਰ ਨੂੰ ਕਿਉਂ ਨਹੀਂ ਪਕੜਿਆ? ਕੀ ਤੁਸੀਂ ਇਸ ਲਈ ਨਹੀਂ ਫੜਿਆ ਕਿ ਉਹ ਤੁਹਾਡੇ ਦੋਸਤ ਨੇ। ਉਨ੍ਹਾਂ ਨੂੰ ਵੀ ਫੜੋ, ਉਹ ਕੋਈ ਘਟ ਮੀਟਿੰਗਜ਼ ਨਹੀਂ ਕਰ ਰਹੇ ਔਰ ਇਨ੍ਹਾਂ ਨੇ ਕੋਈ ਘਟ ਫਸਾਦ ਨਹੀਂ ਕਰਾਏ। ਇਨ੍ਹਾਂ ਨੇ ਐਕਸ਼ਨ ਕਮੇਟੀ ਦੀਆਂ ਮੀਟਿੰਗਜ਼ ਕੀਤੀਆਂ ਹਨ ਔਰ ਉਸ ਵਿਚ ਇਹ ਸ਼ਾਮਲ ਹਨ।

ਦੂਜੀ ਗਲ ਮੈਂ ਇਹ ਕਹਿਣੀ ਹੈ ਕਿ ਹੋਮ ਮਨਿਸਟਰ ਸਾਹਿਬ ਨੇ ਇਹ ਗੱਲ ਸਾਫ ਕਰ ਦਿੱਤੀ ਹੈ ਕਿ ਜਿਹੜਾ ਰੈਜ਼ੋਲਿਊਸ਼ਨ ਕਾਂਗਰਸ ਵਰਕਿੰਗ ਕਮੇਟੀ ਨੇ ਪਾਸ ਕੀਤਾ ਹੈ ਇਹ ਹੁਣ ਗੌਰਮਿੰਟ ਨੇ ਮਨਜ਼ੂਰ ਕਰਨਾ ਹੈ ਔਰ ਇਸ ਤੇ ਅਮਲ ਕਰਨਾ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਇਸ ਵੇਲੇ ਜਿਤਨੇ ਝਗੜੇ ਹੋ ਰਹੇ ਨੇ ਉਹ ਇਸ ਲਈ ਹੋ ਰਹੇ ਨੇ ਕਿ ਗੌਰਮਿੰਟ ਦੇ ਇਸ ਰੈਜ਼ੋਲਿਊਸ਼ਨ ਦੀ ਮਨਜ਼ੂਰੀ ਦੇਣ ਔਰ ਇਸ ਤੇ ਅਮਲ ਕਰਨ ਤੋਂ ਪਹਿਲੇ ਪਹਿਲੇ ਇਸ ਤੇ ਇਨ੍ਹਾਂ ਝਗੜਿਆਂ ਦਾ ਅਸਰ ਪਾਇਆ ਜਾ ਸਕੇ। ਇਸ ਲਈ ਮੇਰਾ ਕਹਿਣਾ ਇਹ ਹੈ ਕਿ ਜੇ ਤੁਸੀਂ ਛੇਤੀ ਇਹ ਫਸਾਦ ਮੁਕਾਉਣੇ ਹਨ ਤਾਂ ਇਸ ਬਾਰੇ ਛੇਤੀ ਫੈਸਲਾ ਕਰੋ ਕਿ ਤੁਸੀਂ ਹਰਿਆਣਾ ਵੀ ਬਣਾਉਣਾ

ਹੈ ਔਰ ਪੰਜਾਬੀ ਸੂਬਾ ਵੀ ਬਣਾਉਣਾ ਹੈ ਕਿਉਂਕਿ ਇਹ ਫਸਾਦ ਕਰਨ ਵਾਲੇ ਇਹ ਸਮਝਦੇ ਨੇ ਕਿ ਉਹ ਇਸ ਤਰ੍ਹਾਂ ਫਸਾਦ ਕਰ ਕੇ ਗੌਰਮਿੰਟ ਦੇ ਫੈਸਲੇ ਵਿਚ ਫਰਕ ਪਾ ਸਕਦੇ ਹਨ। ਸਪੀਕਰ ਸਾਹਿਬ, ਮੇਰਾ ਕਹਿਣਾ ਇਹ ਹੈ ਕਿ ਹੁਣ ਚੰਦਰਮਾਂ ਚੜ੍ਹ ਗਿਆ ਹੈ ਔਰ ਇਹ ਤਾਂ ਚੜ੍ਹਿਆ ਹੀ ਰਹਿਣਾ ਹੈ ਭਾਵੇਂ ਹੁਣ ਕੋਈ ਇਸ ਅਗੇ ਪਰਦੇ ਖੜ੍ਹੇ ਕਰ ਕੇ ਇਸ ਨੂੰ ਢਕਣ ਦੀ ਲੱਖ ਕੋਸ਼ਿਸ਼ ਕਰ ਲਵੇ। ਇਸ ਤਰ੍ਹਾਂ ਇਹ ਢਕਿਆ ਨਹੀਂ ਜਾਂ ਸਕੇਗਾ। ਹੁਣ ਪੰਜਾਬੀ ਸੂਬਾ ਬਣਨਾ ਹੈ ਔਰ ਹਰਿਆਨਾ ਪਰਾਂਤ ਵੀ ਬਣਨਾ ਹੈ ਔਰ ਹੁਣ ਹਰਿਆਣੇ ਵਾਲਿਆਂ ਨਾਲ ਇਹ ਧੱਕਾ ਨਹੀਂ ਹੋਣਾ ਚਾਹੀਦਾ ਕਿ ਹਰਿਆਣੇ ਤੇ ਪੰਜਾਬੀ ਇੰਪੋਜ਼ ਕੀਤੀ ਜਾਵੇ ਔਰ ਇਸ ਨੂੰ ਪੰਜਾਬੀ ਸੂਬੇ ਨਾਲ ਰਖਿਆ ਜਾਵੇ। ਮੇਰਾ ਕਹਿਣਾ ਇਹ ਹੈ ਕਿ ਇਹ ਜਿਹੜੀ ਗੱਲ ਹੈ ਇਸ ਨੂੰ ਸਿਰੇ ਚਾੜ੍ਹੋ। ਇਸ ਦਾ ਅਲਗ ਸੂਬਾ ਬਣਾਓ ਔਰ ਦੂਜਾ ਪੰਜਾਬੀ ਸੂਬਾ ਬਣਾਇਆ ਜਾਵੇ। (ਚੌਧਰੀ ਦੇਵੀ ਲਾਲ ਵਲੋਂ ਵਿਘਨ) ਅਸੀਂ ਹੱਦਾਂ ਤੇ ਵੀ ਕੋਈ ਝਗੜਾ ਨਹੀਂ ਕਰਨਾ ਚਾਹੁੰਦੇ। ਅਸੀਂ ਹਰਿਆਨੇ ਦੀ ਮੰਗ ਨੂੰ ਸਪੋਰਟ ਕਰਾਂਗੇ ਔਰ ਇਨ੍ਹਾਂ ਦੀ ਹਰ ਗੱਲ ਮੰਨਾਂਗੇ। ਜੇ ਕਰ ਕੋਈ ਅਦਲਾ ਬਦਲੀ ਦੀ ਲੋੜ ਸਮਝੀ ਤਾਂ ਇਨ੍ਹਾਂ ਦੀ ਸਲਾਹ ਨਾਲ ਕਰਾਂਗੇ।

ਫਿਰ, ਸਪੀਕਰ ਸਾਹਿਬ, ਇਥੇ ਲਾ ਐਂਡ ਆਰਡਰ ਕਾਇਮ ਕਰਨ ਦੇ ਸਬੰਧ ਵਿਚ ਬੜੀਆਂ ਸਪੀਚਾਂ ਹੋਈਆਂ ਨੇ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਤਨੇ ਸਪੀਕਰਾਂ ਨੇ ਗੁਰਦੁਆਰਾ ਸੀਸ ਗੰਜ ਦਿੱਲੀ ਤੇ ਜੋ ਹਮਲਾ ਕੀਤਾ ਗਿਆ ਹੈ, ਉਸ ਹਮਲਾ ਕਰਨ ਵਾਲਿਆਂ ਦੀ ਮੁਜ਼ੰਮਤ ਕੀਤੀ ਹੈ। ਬਦਕਿਸਮਤੀ ਨਾਲ ਇਹ ਗੁਰਦੁਆਰਾ ਉਥੇ ਹੈ ਜਿਥੇ ਹਿੰਦੂ ਧਰਮ ਦੀ ਰਖਿਆ ਲਈ ਗੁਰੂ ਤੇਗ ਬਹਾਦਰ ਨੇ ਆਪਣਾ ਸੀਸ ਕਟਵਾਇਆ ਸੀ। ਜੇਕਰ ਐਸੀ ਥਾਂ ਤੇ ਵੀ ਹਮਲਾ ਕੀਤਾ ਜਾਵੇ ਤਾਂ ਇਹ ਬੜੀ ਨਾਕਸ ਗੱਲ ਹੈ। ਵੈਸੇ ਤਾਂ ਸਰਕਾਰ ਕਹਿੰਦੀ ਹੈ ਕਿ ਅਸੀਂ ਹਰ ਤਰ੍ਹਾਂ ਦੀ ਮੁਨਾਸਬ ਸਖਤੀ ਕਰਾਂਗੇ ਲੇਕਿਨ ਮੇਰਾ ਕਹਿਣਾ ਇਹ ਹੈ ਕਿ ਜਿਹੜੇ ਪੁਰਾਣੇ ਗਾਂਧੀ ਵਾਦੀ ਹਨ ਉਨ੍ਹਾਂ ਨੇ ਪੁਲਿਸ ਨੂੰ ਵੀ ਗਾਂਧੀ ਵਾਦੀ ਬਣਾ ਦਿੱਤਾ ਹੈ ਜੋ ਉਹ ਵੀ ਸਤਿਆਗ੍ਰਹਿ ਕਰਦੀ ਪਈ ਹੈ। (ਹਾਸਾ) ਇਹ ਚੀਜ਼ਾਂ ਸਖਤੀ ਨਾਲ ਰੁਕ ਸਕਦੀਆਂ ਹਨ, ਇਸ ਤਰ੍ਹਾਂ ਨਹੀਂ ਰੁਕਣ ਗੀਆਂ। ਜੇਕਰ ਸਰਕਾਰ ਇਹ ਚੀਜ਼ਾਂ ਰੋਕਣਾ ਚਾਹੁੰਦੀ ਹੈ ਤਾਂ ਮੈਂ ਇਸ ਨੂੰ ਕੁਝ ਮੇਈਯਰਜ਼ ਲੈਣ ਲਈ ਦਸਦਾ ਹਾਂ। ਇਕ ਮੇਈਯਰ ਤਾਂ ਇਹ ਹੈ ਕਿ ਤੁਸੀਂ ਯੱਗਦਤ ਨੂੰ ਫੜ ਲਓ ਔਰ ਜੇਲ੍ਹ ਵਿਚ ਰਖੋ। ਇਹ ਠੀਕ ਹੈ ਕਿ ਉਹ ਇਕ ਚੰਗਾ ਆਦਮੀ ਹੈ ਪਰ ਜੇ ਉਸ ਨੂੰ ਇਸ ਤਰ੍ਹਾਂ ਬਾਹਰ ਰਹਿਣ ਦਿੱਤਾ ਗਿਆ ਔਰ ਉਸ ਦੀ ਹਾਲਤ ਖਰਾਬ ਹੋ ਗਈ ਤਾਂ ਉਹ ਚੰਗਾ ਆਦਮੀ ਵੀ ਪੰਜਾਬ ਦੇ ਅਮਨ ਲਈ ਬੜਾ ਖਤਰਨਾਕ ਸਾਬਤ ਹੋਵੇਗਾ।

ਇਸ ਤੋਂ ਬਾਅਦ ਮੈਂ ਅਰਜ਼ ਕਰਦਾ ਹਾਂ ਕਿ ਇਹ ਠੀਕ ਹੈ ਕਿ ਤੁਸੀਂ ਪੰਜਾਬ ਦੀਆਂ ਕਈਆਂ ਅਖਬਾਰਾਂ ਤੇ ਮਾੜਾ ਮੋਟਾ ਸੈਨਸਰ ਬਿਠਾਇਆ ਹੋਇਆ ਹੈ। ਮੈਂ ਸਮਝਦਾ ਹਾਂ ਕਿ ਇਹ ਕਾਫੀ ਨਹੀਂ। ਜੇ ਤੁਸੀਂ ਚਾਹੁੰਦੇ ਹੋ ਕਿ ਇਹ ਪੰਜਾਬ ਦੀ ਫਿਜ਼ਾ ਹੋਰ ਖਰਾਬ ਨਾ ਕਰਨ ਤਾਂ ਤੁਸੀਂ ਇਨ੍ਹਾਂ ਨੂੰ ਦੋ ਤਿੰਨਾਂ ਮਹੀਨਿਆਂ ਵਾਸਤੇ ਬਿਲਕੁਲ ਹੀ ਬੰਦ ਕਰ ਦਿਓ ਔਰ ਜੋ ਅੰਗਰੇਜ਼ੀ ਦਾ ਅਖਬਾਰ ਟਰੀਬਿਊਨ ਹੈ ਉਸ ਨੂੰ ਵੀ ਬੰਦ ਕਰੋ ਜਿਸ ਨੂੰ ਹਜ਼ਾਰਾਂ ਰੁਪਏ ਦੇ ਸਰਕਾਰੀ ਇਸ਼ਤਿਹਾਰ ਦਿੱਤੇ ਜਾਂਦੇ ਹਨ ਕਿਉਂਕਿ ਉਹ ਵੀ ਪੰਜਾਬ ਦੇ ਅਮਨ ਨੂੰ ਨੁਕਸਾਨ ਪਹੁੰਚਾਣ ਵਿਚ ਕੋਈ ਘੱਟ ਕੰਮ ਨਹੀਂ ਕਰ ਰਿਹਾ। ਇਸ ਸਬੰਧ ਵਿਚ ਮੈਂ ਇਹ ਵੀ ਸੁਝਾ ਦੇਣਾ ਚਾਹੁੰਦਾ ਹਾਂ ਕਿ ਉਰਦੂ ਦੇ ਅਖਬਾਰ 'ਮਿਲਾਪ', 'ਪਰਤਾਪ' ਔਰ 'ਹਿੰਦ ਸਮਾਚਾਰ' ਜੋ ਜ਼ਲੰਧਰ ਤੋਂ ਨਿਕਲਦੇ ਹਨ ਕੇਵਲ ਉਨ੍ਹਾਂ ਨੂੰ ਹੀ ਬੰਦ ਨਾ ਕੀਤਾ ਜਾਵੇ ਸਗੋਂ ਜਿਹੜੀ 'ਮਿਲਾਪ' ਜਾਂ 'ਪਰਤਾਪ' ਦੇ ਅਖਬਾਰ ਦਿੱਲੀ ਵਿਚ ਛਾਪੇ ਜਾਂਦੇ ਹਨ, ਉਨ੍ਹਾਂ ਦੇ ਪੰਜਾਬ ਵਿਚ ਆਉਣ ਤੇ ਵੀ ਰੋਕ ਲਗਾਈ ਜਾਵੇ— ਇਸ ਤਰ੍ਹਾਂ ਅਮਨ

[ਗਿਆਨੀ ਕਰਤਾਰ ਸਿੰਘ]

ਕਾਇਮ ਰਖਣ ਵਿਚ ਮਦਦ ਹੋਵੇਗੀ। ਇਸ ਬਾਰੇ ਖਬਰਾਂ ਬੰਦ ਕਰੋ ਅਤੇ ਠੀਕ ਕਾਰਵਾਈ ਕਰੋ। ਫਿਰ ਜਿਥੇ ਤੁਸੀਂ ਕਰਫਿਊ ਲਾਉਂਦੇ ਹੋ ਉਥੇ ਲੋਕਾਂ ਨੂੰ ਪੁਛ ਲਉ, ਪੜਤਾਲ ਕਰਾ ਲਉ, ਲੋਕ ਉਸੇ ਤਰ੍ਹਾਂ ਤੁਰੇ ਫਿਰਦੇ ਹਨ। ਆਪਣੇ ਹੁਕਮ ਦੀ ਪਾਲਣਾ ਕਰਾਉ। ਅਗਰ ਆਪਣੇ ਆਰਡਰਜ਼ ਅਨਫੋਰਸ ਨਹੀਂ ਕਰਾ ਸਕਦੇ ਤਾਂ ਇਥੇ ਬੈਠਣ ਵਿਚ ਕੋਈ ਮੈਨਸ ਨਹੀਂ ਹੈ। ਇਸ ਪਾਸੇ ਧਿਆਨ ਦਿਉ ਤੇ ਐਨਫੋਰਸ ਕਰਾਉ। (ਵਿਘਨ)

ਇਸ ਤੋਂ ਅਗੇ ਇਕ ਅਖਿਲ ਭਾਰਤੀ ਵਿਦਿਆਰਥੀ ਪਰੀਸ਼ਦ ਪੰਜਾਬ ਯੂਨੀਵਰਸਟੀ ਵਿਚ ਬਣੀ ਹੈ ਜੋ ਵਾਈਸ ਚਾਂਸਲਰ ਸਾਹਿਬ ਨੇ ਖੁਦ ਮਦਦ ਦੇ ਕੇ ਬਣਵਾਈ ਹੈ। ਇਨ੍ਹਾਂ ਨੇ ਜਨਸੰਘੀ ਸਟੂਡੈਂਟਸ ਨੂੰ ਇਸ ਵਿਦਿਆਰਥੀ ਪਰੀਸ਼ਦ ਦਾ ਮੈਂਬਰ ਬਣਾਇਆ ਹੋਇਆ ਹੈ। ਉਨ੍ਹਾਂ ਨੂੰ ਵਾਈਸ ਚਾਂਸਲਰ ਦੀ ਸ਼ਹਿ ਹੈ ਅਤੇ ਉਹ ਉਨ੍ਹਾਂ ਨੂੰ ਉਭਾਰਦਾ ਹੈ। ਸਾਰੇ ਡੀ. ਏ. ਵੀ. ਕਾਲਜ ਇਸ ਦੇ ਸਰਗਨਾ ਹਨ ਅਤੇ ਪ੍ਰੋਫੈਸਰਾਂ ਅਤੇ ਸਟੂਡੈਂਟਸ ਨੂੰ ਅਗੇ ਲਾਕੇ ਫਸਾਦ ਕਰਾਉਂਦੇ ਹਨ। ਬਲਕਿ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਵੀ ਪਹੁੰਚ ਕੇ ਗੜਬੜ ਕਰਾਉਂਦੇ ਹਨ। ਅਕਾਲੀ ਲਹਿਰ ਦੇ ਦੌਰਾਨ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਖਾਲਸਾ ਕਾਲਜ ਦੀ ਗਰਾਂਟ ਬੰਦ ਕਰ ਦਿੱਤੀ ਸੀ। ਹੁਣ ਕਿਹੜੇ ਕਾਇਦੇ ਅਨੁਸਾਰ ਇਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਜਾਂਦਾ? ਗਰਾਂਟ ਤੁਹਾਥੋਂ ਲੈਕੇ ਇਹ ਕਿਉਂ ਫਸਾਦ ਕਰਾਉਣ? ਇਹ ਜਾਇਜ਼ ਗੱਲ ਨਹੀਂ ਹੈ। ਉਨ੍ਹਾਂ ਨੂੰ ਹਟਾਉ ਅਤੇ ਉਨ੍ਹਾਂ ਦੀ ਗਰਾਂਟ ਬੰਦ ਕਰੋ। (ਘੰਟੀ) ਬਸ ਜੀ, ਇਕ ਮਿੰਟ ਵਿਚ ਖਤਮ ਕਰਦਾ ਹਾਂ।

ਇਹ ਵੋਟਰ ਦੀ ਗੱਲ ਕਰਦੇ ਹਨ। ਕਹਿੰਦੇ ਹਨ ਕਿ ਸਾਨੂੰ ਵੋਟਰਜ਼ ਨੇ ਪੰਜਾਬੀ ਸੂਬੇ ਦੇ ਵਿਰੋਧ ਦੀ ਬਿਨਾ ਤੇ ਚੁਣਿਆ ਸੀ ਤੇ ਅਗਰ ਅਸੀਂ ਹੁਣ ਕੁਝ ਨਾ ਕਰੀਏ, ਅਸਤੀਫਾ ਨਾ ਦੇਈਏ ਤਾਂ ਸਾਡੀ ਗੱਦਾਰੀ ਹੋਵੇਗੀ। ਸਪੀਕਰ ਸਾਹਿਬ, ਜਦੋਂ ਬੰਬੇ ਸਟੇਟ ਸੀ ਤਾਂ ਉਥੇ ਵੀ ਵੋਟਰ ਨੇ ਬੰਬਈ ਅਤੇ ਗੁਜਰਾਤ ਦੇ ਵਿਰੁਧ ਹੀ ਵੋਟ ਦਿੱਤੇ ਸਨ ਅਤੇ ਕਾਂਗਰਸ ਉਥੇ ਜਿੱਤੀ ਸੀ ਪਰ 8 ਮਹੀਨੇ ਬਾਅਦ ਜਦੋਂ ਦੋ ਸੂਬੇ ਉਸ ਇਕ ਬੰਬਈ ਸਟੇਟ ਦੇ ਬਣ ਗਏ ਤਾਂ ਕਿਸੇ ਨੇ ਨਹੀਂ ਕਿਹਾ ਕਿ ਉਹ ਹੁਣ ਗੱਦਾਰ ਹੋ ਗਏ ਹਨ ਇਸ ਲਈ ਅਸੀਂ ਅਸਤੀਫਾ ਦਿੰਦੇ ਹਾਂ। ਤੁਸੀਂ ਇਹ ਨਵੀਂ ਲੀਕ ਕਿਉਂ ਪਾਉਂਦੇ ਹੋ? ਪੁਲੀਟੀਕਲ ਜਮਾਤਾਂ ਆਪਣੇ ਫੈਸਲੇ ਬਾਰੇ ਸੋਚਦੀਆਂ ਰਹਿੰਦੀਆਂ ਹਨ ਅਤੇ ਜੋ ਮੁਨਾਸਬ ਸਮਝਣ ਤਬਦੀਲੀਆਂ ਕਰਦੀਆਂ ਰਹਿੰਦੀਆਂ ਹਨ। ਕਾਂਗਰਸ ਦੇ ਹਰ ਮੈਨੀਫੈਸਟੋ ਵਿਚ ਬੋਲੀਆਂ ਦੇ ਆਧਾਰ ਤੇ ਸੂਬੇ ਬਨਾਉਣ ਦੀ ਹਰ ਬਾਰ ਤਾਈਦ ਕੀਤੀ ਜਾਂਦੀ ਰਹੀ ਹੈ। ਇਹ ਉਸ ਦੇ ਮੁਤਾਬਕ ਹੀ ਹੈ। ਵੋਟਰ ਇਸ ਗੱਲ ਨੂੰ ਸਮਝਦੇ ਹਨ।

ਬਸ ਇੰਨਾ ਹੀ ਕਹਿ ਕੇ ਮੈਂ ਆਪਣੀ ਅਰਜ਼ ਸਮਾਪਤ ਕਰਦਾ ਹਾਂ।

चौधरी मुख्तियार सिंह मलिक (सोनीपत) : स्पीकर साहिब, जिस मसले पर आपने यहां पर डिसकशन करने का मौका दिया उस में आपने देखा होगा कि जितनी भी रीऐक्शनरी फोर्सिज़ थीं उन सब ने मिलकर एक पार्टी को आगे रख लिया और पानी पी २ कर उसे कोसना शुरू कर दिया।

(हंसी)

मैं अर्ज़ करता हूं कि इधर मेरे कुछ भाई बैठे हैं, उन की बात कुछ समझ आती है मगर कुछ भाई इधर मेरे बाएं तरफ बैठे हैं जो फरमाते हैं कि एक ही यह

पार्टी है, सौलेटरी पार्टी है जो इस की मुखालिफत करती है। मैं कहता हूं कि इन कि बात भी हमें समझ आती है। इन का तो शुरू से एक ही सिद्धांत रहा है और यह चीन और रूस की हिज़ मास्टर्ज़ वायस बैठे हुए हैं। (विघ्न) देखिये, हम ने आप की बात पूरे सबरो तहम्मल के साथ सुनी। मुझे ख्याल था कि जब हम बोलेंगे तो इन को बवासीर का दौरा होगा। (हंसी) अगर आप सुनाना चाहते हैं तो सुनने के लिये भी कान होने चाहिएं। हम ने बड़े आराम से आप की बात सुनी तो अब हमारी बात भी सुनिये। इन का सिद्धांत रहा है कि हिन्दोस्तान के अन्दर तोड़ फोड़ होती रहे और इश्तआल अंगेजी होती रहे। आपने सुना होगा कि अगर कोई औरत किसी की लड़की को जा कर कहे कि मुझे तो तुम से तेरी मां से भी ज्यादा प्यार है तो साफ बात है कि उस की नियत साफ नहीं है। तो मैं अपने अकाली भाइयों से कहना चाहता हूं कि इन की नियत साफ नहीं है, पता नहीं यह तुम को कहां ले जाएं (हंसी) फिर चौधरी देवी लाल जी की बात है। यह बहुत सीधे सादे जाट आदमी हैं। इन्होंने तो अपने मुंह से बताया है कि वह कहां से कहां जख्म खुरदा हुए हैं। अभी सरदार प्रताप सिंह कैरों के साथ मिल कर हकूमत चलाते रहे, कभी हिन्दी ऐजीटेशन वालों से मिल कर लाठियां खाते रहे और आज इतने तजरूबें के बाद डेनियल कम्ज टू जजमैंट। (हंसी) अब जा कर उन को होश और अकल आई है। मैं इन को बताना चाहता हूं कि चौधरी देवी लाल, पंजाबी सूबे का तो ऐलान हो गया मगर आप का हरियाणा कहां है, वह त्रिशंकू कि तरह बीच में ही लटक रहा है। (हंसी) यह कहां बनेगा? आप की बात ने पंजाबी सूबा तो बनवा दिया वह हमें दिखाई देता है, आप ने उन को तकवियत दी और उन का उल्लू सीधा करवा दिया। (विघ्न) मगर आप कहां लटक रहे हैं। (हंसी)

सरदार गुरनाम सिंह जी ने भी कुछ बातें कीं। मैं उन की बड़ी इज्ज़त करता हूं, वह हाईकोर्ट के जज रहे हैं। मगर उन की स्पीच सुनकर मुझे बड़ा अफसोस हुआ। उन को तो कन्सट्रकटिव स्पीच करनी चाहिए थी जिस से पंजाब के अन्दर हालात ठीक होते। मगर उन के इस तरह से जन संघ को और इस की लीडरशिप को गालियां देने से तो हालात ठीक नहीं होते। अगर आप सही मायनों में देश के और सूबे के हालात सुधारना चाहते हैं तो बैठ कर, सब की कोआपरेशन के साथ ही ऐसा हो सकता है। लेकिन इन की बात मेरी समझ में नहीं आती कि यह किस रूप में बात करते हैं। मगर जिस का जो असली रूप हो वह दिखाई दे ही जाता है। स्पीकर साहिब, आप देखिये किस ढंग से बात की जाती है। कहते हैं कि मास्टर तारा सिंह ने बड़ी बेहूदा मूव की थी, उन को पकड़ना ही

[चौधरी मुख्तियार सिंह मलिक]

चाहिये था। स्पीकर साहिब, इन को मैं याद करा दूं कि लुध्याना में सरदार हरी सिंह नलवा के जनम दिन पर इन्होंने मास्टर तारा सिंह की सरकरदगी में एक कनवैन्शन की थी जिस में इन्होंने सल्फ डिटरमीनेशन का रैज़ोल्यूशन पास किया था (विघ्न) मगर यज्ञ दत्त की तरफ से इस मूव की सपोर्ट तो नहीं आई थी। (विघ्न) यह पंजाब में क्या हो रहा है यह सरदार गुरनाम सिंह ही जानें। मगर इस हालत का अगर हल होगा तो सब की कोआपरेशन से होगा। स्पीकर साहिब, जन संघ का ऐलान साफ था। वह अगर कुछ कहते हैं या लड़ते हैं तो प्रिंसीपल पर लड़ रहे हैं। उन्होंने स्टेटस कौ के हक में अपनी राए दी। जो उन का प्वायंट आफ वियू था उस से दे डिड नाट बज ऐन इंच आईदर वे। उन का यह सिद्धांत है, नैशनल प्वायंट आफ वियू है। नेशन को देखते हुए यह मांग रखी। मैं अर्ज़ करता हूं कि जिस ढंग से यहां पर कांग्रेस वर्किंग कमेटी का रैज़ोल्यूशन आया, अखबारात में शाया हुआ उस से आतिशफशां पहाड़ फट पड़ा, सूबे में आग लग गई, लोगों के जज़बात भड़क उठे। जनसंघ पार्टी के जैनरल सैक्रेटरी पूजनीय यज्ञ दत्त शर्मा जी की तरफ से ऐलान किया गया एक बड़े पीसफुल वे में कि ही विल फास्ट अन टू डैथ। (विघन) नहीं, यह कहना गल्त है कि यज्ञ दत्त अच्छा आदमी नहीं है मैं आप को बताता हूं। He is a very simple man, original and practical. He has no ill-will against any individual or party. उन्होंने किसी के खिलाफ एक शब्द भी नहीं कहा, उन्होंने वायलैंस को कनडैम किया है। उन्होंने देश की यकजहती और एकता के लिये अपनी जान की बाजी लगा दी है, हिन्दोस्तान की खातिर वह अपनी ज़िन्दगी को कुछ नहीं समझते। (विघ्न) क्या बात करते हैं, किस ने वांयलैंस के अन्दर हिस्सा लिया है। ज्ञानी करतार सिंह जी ने कहा कि फलां ने झगड़ा किया (विघ्न) शुक्र करो कि तुम्हारा नाम नहीं लिया। स्पीकर साहिब, मैं अर्ज़ करता हूं कि मैंने एक चीज़ देखी कि जिस वक्त यह सिलसला चल रहा था तो उन्होंने कह दिया कि प्रापर्टी जलाई गई। फलां चीज़ जलाई गई। मैं अर्ज़ करता हूं कि पंजाब में फसादात करा के, इश्तिआल दिला कर बहुत बुरे हालात पैदा किये गए। स्पीकर साहिब, मैं अर्ज़ करना चाहता हूं कि पंजाब के अन्दर हालात इस तरह के हरबे इस्तेमाल करके पैदा किए गए हैं। किस तरह से इन्नोसैंट पर्सन्ज़ को हरास किया गया। टीनएजर्ज को और औरतों को पीटा गया और तरह तरह के मुजालिम पुलिस के द्वारा उन पर ढाए गए। मन्दिरों के अन्दर जा जा कर और घरों के अन्दर से निकाल कर उन्हें पीटा गया। हाउस टाप्स से लोगों को नीचे फैंका गया।

आवाज़ें : ग़ल्त, ग़ल्त ।

Mr. Speaker : Order please.

चौधरी मुख्तियार सिंह मलिक इस तरह के हरब, स्पीकर साहिब, इस्तेमाल किए गए और मुज़ालिम किए गए ।

स्पीकर साहिब, पंजाबी सूबे के खिलाफ हम तीन रोज़ तक सैंटर की लीडरशिप को मिलते रहे और वहां पर जा कर पता चला कि कांग्रेस हाई कमान किस तरह से लोगों को धोका देती रही और साफ बात कभी न की। मैं अपने आप को एक छोटा सा वर्कर समझता हूं और अपनी नाकस राए समय समय पर दिल्ली में पहुंचाता रहा हूं लेकिन मुझे पता लगा कि पंजाबी सूबा की मांग तो सैंटर की तरफ से उस वक्त ही कन्सीड हो चुकी थी जब कि संत फतह सिंह जी ने अपना फास्ट छोड़ा था, व्रत को ब्रेक किया था । वह बड़े आदमी हैं । (विघ्न) (घंटी)

स्पीकर साहिब, मुझे तो इन सब से चार गुना टाइम मिलना चाहिए ताकि इन की सारी बातों का जवाब दे सकूं ।

Mr. Speaker : Please wind up.

चौधरी मुख्तियार सिंह मलिक : दिल्ली में जब हम गए तो पता चला कि जिस वक्त संत फतह सिंह ने फास्ट ब्रेक किया तो सूबे की मांग को सैंटर की लीडरशिप ने मान लिया था ।

The demand had been conceded at that time by the Congress High Command.

वह लोगों को धोखा देते रहे । कभी किसी डैपूटेशन को बुला लिया, कभी किसी को बुला लिया । मेरे साथ डा० बलदेव प्रकाश थे तो मैंने उन को कहा कि आप किन से बातें कर रहे हो, यहां तो इन्होंने पंजाब का भट्ठा बिठा दिया है और इस को यह लीडरशिप मिटा चुकी है पहले से ही। (घंटी) स्पीकर साहिब, मैं अर्ज़ करना चाहता हूं कि कांग्रेस वर्किंग कमेटी का जो यह डिसियन हुआ और जिस किस्म की बातें हुई मैं यह बताना चाहता हूं कि क्यों हुई । यहां पर सामने यह पार्टी बैठी है, मैं औरों का नाम तो नहीं लेना चाहता

[चौधरी मुख्तियार सिंह मलिक]

कि जिन को बातें सुन कर ही ब्लड प्रेशर हो जाए। मैं सिफ चीफ मिनिस्टर को ही लेता हूं कि इस चीफ मिनिस्टर की कमजोरी की वजह से यह सारी चीज़ हुई। हमारे चीफ मिनिस्टर साहिब निहायत शरीफ आदमी हैं, क्या करें! लेकिन यह सारी इन की कमज़ोरी की वजह से हुआ। हमें कांग्रेस हाई कमांड का चपड़ासी इस सूबे में चीफ मिनिस्टर नहीं चाहिए था। पंजाब को जरूरत थी एक बहुत मज़बूत चीफ मिनिस्टर की। स्पीकर साहिब, अगर हाई कमांड और कांग्रेस वर्किंग कमेटी के सामने हमारा चीफ मिनिस्टर मज़बूत स्टैप लेता कि पंजाब के अन्दर लोगों की राए इस के खिलाफ है, पंजाब की कांग्रेस पार्टी का यह रज़ोल्यूशन पंजाबी सूबा बनाने के खिलाफ है और कैबिनिट का फैसला भी इस तरह का है तो किसी की हिम्मत न हो सकती थी कि इस तरह का फैसला करते कि पंजाबी सूबा बना दो। सरदार प्रताप सिंह कैरों को हम पानी पी पी कर आज कोस्ते हैं लेकिन उस के बदले में यह आए जो निहायत कमज़ोर साबित हुए। (विघ्न)

Mr. Speaker: please wind up. You have already taken enough time.

चौधरी मुख्तियार सिंह मलिक: इस चीफ मिनिस्टर ने हमारा भट्ठा ही बिठा दिया। इस कमज़ोर चीफ मिनिस्टर ने पंजाब की लुटिया डिबो दी। जब कि कांग्रेस पार्टी का पंजाब में यह रैज़ोल्यूशन यूनानीमस्ली पास किया गया था कि पंजाबी सूबा नहीं बनना चाहिए और पंजाब में स्टेटस को रखा जाना चाहिए इस के बावजूद यह चीफ मिनिस्टर वहां पर गया और सैंटर की लीडरशिप के आगे अपना सर झुका दिया।

He became stooge of the Congress High Command.

Mr. Speaker: You have taken 14 minutes. Please stop now

चौधरी मुख्तियार सिंह मलिक: मैं स्पीकर साहिब, अर्ज़ करना चाहता हूं कि पंजाब के हिस्से में इस किस्म की बातें आई जो कांग्रेस पार्टी के अपने सिद्धांत के उल्ट हैं। एक तरफ तो कांग्रेस लैजिसलेचर पार्टी और प्रोविन्शल कांग्रेस कमेटी यह रैज़ोल्यूशन पास करें कि जो मैमोरेंडम अकालियों की तरफ से दिया गया है उस को अपोज़ किया जाए और फिर कैबिनिट पास करे और इस बात पर यूनानीमस हो कि इस को अपोज करना है तो फिर ऊपर से हमारी खोपड़ी पर

इस तरह का एटम बंब फैंक दिया जाए। यह बातें इस लिए हुई कि हमारा चीफ मिनिस्टर कमज़ोर था और शरीफ था। (घंटी) मैं सिरफ एक बात कह कर खत्म करता हूं। मैं गाड़ी में आ रहा था तो दो दोस्तों में आपस में इस बात पर झगड़ा हो गया कि..

(विघ्न)

Mr. Speaker : Please finish now.

Chaudhri Mukhtiar Singh Malik : I am finishing it.

Mr. Speaker : You are making stories.

चौधरी मुख्तियार सिंह मलिक : वह आपस में इस लिए लड़ रहे थे कि एक कहता था कि शेरनी बच्चे देती है और दूसरा कहता था कि शेरनी अण्डे देती है। मैं पास बैठा था तो मुझे कहने लगे कि तुम बताओ और इस बात का फैसला करो। मैंने कहा कि शेरनी एक बड़ा जानवर है, कभी यह बच्चे दे देती है और कभी यह अण्डे दे देती है। यही हाल कांग्रेस पार्टी का है, कभी सरदार प्रताप सिंह जैसे मजबूत चीफ मिनिस्टर दे देती और कभी इस तरह के कमजोर श्री राम किशन जैसे चीफ मिनिस्टर। बड़ी पार्टी है इस की बड़ी बातें हैं। (विघ्न) (शोर)

Mr. Speaker: Order please.

चौधरी नेत राम : स्पीकर साहिब, मुझे बोलने के लिए टाईम दिया जाए।

श्री अध्यक्ष : आप को समय नहीं मिल सकता, प्लीज़ टेक योअर सीट। (The hon. Member cannot get time. He may please take his seat.)

चौधरी नेत राम : मुझे समय ज़रूर मिलना चाहिए।

श्री अध्यक्ष : आर्डर प्लीज़। चौधरी नेत राम जी, आप बैठ जाइए। (Order Please. The hon. Member Chaudhri Net Ram may please resume his seat.)

PERSONAL EXPLANATION BY SHRI YASH PAUL

श्री यश पाल : आन ए प्वायंट आफ पर्सनल एक्सप्लेनेशन।

श्री अध्यक्ष : आप कल कर लेना। (The hon. Member may give his personal explanation to-morrow.)

श्री यश पाल : कल तो मैं यहां नहीं हूंगा। मैं ज्यादा देर नहीं लगाऊंगा।

Mr. Speaker : Yes please.

श्री यश पाल : स्पीकर साहिब, मेरे बारे में दो बातें कही गई हैं । एक तो यह की मैं किसी एकशन कमेटी का मैम्बर हूं । इस के बारे में जहां तक मुझे पता है मैं किसी एकशन कमेटी का मैम्बर नहीं हूं ।

एक आवाज़ : एकशन कमेटी नहीं, एकता कमेटी ।

Mr. Speaker : Order please. No interruption.

श्री यश पाल : दूसरी बात यह कही गई ज्ञानी करतार सिंह की तरफ से कि मैंने यह बात कही कि कांग्रेस से अस्तीफा दे दिया क्योंकि हम यूनाईटिड पंजाब का समर्थन करते थे और इसी पर इलेक्शन जीत कर आए थे, अगर यह बात होती तो जिस वक्त गुजरात और महाराष्ट्र का सूबा बना तो क्यों अस्तीफा न दिया ? मैं ज्ञानी जी को क्या कहूं कि जिन का कोई असूल नहीं, कोई पार्टी नहीं, कभी किसी पार्टी में, कभी किसी असूल पर चलने लगे । और हर वक्त पैंतरा बदल सकते हैं । (विघ्न)

Sardar Gurnam Singh : This is no personal explanation.

PERSONAL EXPLANATION BY GIANI KARTAR SINGH

ਗਿਆਨੀ ਕਰਤਾਰ ਸਿੰਘ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ । ਸਪੀਕਰ ਸਾਹਿਬ, ਇਥੇ ਸ੍ਰੀ ਯਸ਼ ਜੀ ਨੇ ਮੇਰੇ ਬਾਰੇ ਵਿਚ ਕੁਝ ਕਿਹਾ ਹੈ । ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਨੂੰ ਸਤ ਸਾਲ ਹੋ ਗਏ ਹਨ ਇਸ ਪਾਰਟੀ ਵਿਚ ਪਰ ਕੋਈ ਪਾਰਟੀ ਨਹੀਂ ਬਦਲੀ, ਪਰ ਇਹ ਤਾਂ ਪਾਰਟੀ ਦੇ ਅੰਦਰ ਰਹਿ ਕੇ ਵੀ ਪਾਰਟੀ ਦੇ ਫੈਸਲਿਆਂ ਦੀ ਮੁਖਾਲਿਫਤ ਕਰਦੇ ਹਨ ਅਤੇ ਪਾਰਟੀ ਡਿਸਿਪਲਿਨ ਨੂੰ ਨਹੀਂ ਮੰਨਦੇ । (ਵਿਘਨ) (ਸ਼ੋਰ)

(ਸ੍ਰੀ ਭਗੀਰਥ ਲਾਲ ਵਲੋਂ ਵਿਘਨ)

Mr. Speaker : Order please.

ਗਿਆਨੀ ਕਰਤਾਰ ਸਿੰਘ : ਦੂਸਰੀ ਦਲੀਲ ਜਿਹੜੀ ਪਾਰਟੀ ਬਦਲਣ ਦੀ ਇਨ੍ਹਾਂ ਨੇ ਦਿੱਤੀ ਹੈ ਮੈਂ ਕਹਿ ਸਕਦਾ ਹਾਂ ਕਿ ਕਾਂਗਰਸ ਪਾਰਟੀ ਵਿਚ ਮੈਨੂੰ ਆਏ ਨੂੰ 7 ਸਾਲ ਹੋ ਗਏ ਹਨ, ਮੈਂ ਅਜੇ ਤੱਕ ਨਹੀਂ ਬਦਲੀ । ਇਸ ਲਈ ਇਹ ਵੀ ਇਨ੍ਹਾਂ ਦੀ ਕੋਈ ਦਲੀਲ ਨਹੀਂ ।

RESUMPTION OF DISCUSSION ON LAW AND ORDER SITUATION IN THE STATE

मुख्य मंत्री (श्री राम किशन) : इस बार्डर और स्ट्रैटेजिक सटेट में हर कीमत पर अमन अमान रखना जरूरी है । पंजाब तारीख के एक निहायत ही नाजुक मोड़ पर खड़ा है । इस धरती के लोग भी काफी गंभीर हैं, इस मौके पर

एक दूसरे की निंदा करने से, एक दूसरे को लान तान करने से, शोला अंगेज तकरीरें करने से पंजाब का सवाल हल नहीं होगा । इस वक्त अगर ज़रूरत है तो वह है कार्डियल ऐटमासफियर पैदा करने की । एक दूसरे के लिए सद्भावना पैदा करने की और ऐसा वातावरण पैदा करने की जिस से कांग्रेस वर्किंग कमेटी ने जो प्रस्ताव पास किया है, जैसे जैसे भी गवर्नमेंट ग्राफ इंडिया इसकी डिटेल्ज़ वर्क आउट करेगी, इस के मुताल्लिक फैसला करके एक अच्छे वातावरण के अंदर इसको अमली जामा दिया जायेगा । हमारा पंजाबी करैक्टर जो है, यह एक ज़बरदस्त हीरोज का करैकटर है । आज ज़रूरत इस बात की है कि जगह जगह जा कर प्यार और मुहब्बत से एकता, अमन और शान्ति का संदेश इन लोगों को दिया जाये । इस हाउस के अंदर भी मैं कहूंगा कि हमारी तरफ से कोई ऐसी तकरीर या कोई ऐसा लफ्ज़ न कहा जाए जिस से दूसरों के दिलों को दुख हो । आज यहां पर शोला अंगेज़ तकरीरों की ज़रूरत नहीं है । और न ही तीखी कलम की नोक से लिखने की ज़रूरत है, और न ही तेसे की सी तेज़ ज़बान रखने की ज़रूरत है । पंजाब के अंदर जिन हालात का हमें सामना करना पड़ा है खास तौर पर पिछले छ: दिन के अंदर यह निहायत ही अफसोसनाक है । जो वाक्यात इन दिनों तशद्दद और वायलेंस के हुए हैं, स्पीकर साहिब, इस हाउस का कोई भी मैंबर, खाह वह किसी भी विचार धारा का है वह इन्हें पसंद नहीं करेगा । आज पंजाब के अंदर कोई भी भाई वायलेंस नहीं चाहता । हमें पीसफुल ऐटमासफियर की ज़रूरत है । आज वकत की डिमांड है कि हम सब भाई चाहे कैसे भी विचार रखते हों आपस में बैठ कर अपनी गिला गुज़ारियों को दूर करें, एक दूसरे को समझने की कोशिश करें । नये पंजाब की हम जो रूप रेखा बनायें, पंजाब की जो नई स्टेट बनायें वह निहायत ही मज़बूत हो, जिसमें सारे पंजाबी पूरी तरह से तरक्की कर सकें । स्पीकर साहिब, मैं आपकी मारफत इस हाउस से कहना चाहता हूं कि जो भी वाक्यात हुए हैं वह निहायत ही काबले मुज़म्मत हैं । यहां पर सरदार गुरनाम सिंह जी ने ज़िक्र किया कि सीस गंज पर बदले की भावना से पत्थर बरसाये गये । अगर इस तरह की पवित्र जगह पर भी किसी तरह से पत्थर बरसाये जा सकते हैं, जोकि हमारे लिए माथा टेकने की जगह है, एक पाक स्थान है, मैं समझता हूं यह हमारे लिये एक शर्म की बात है, जिस ने कि ऐसी कमीनी और बेहूदा हरकत की है । यह एक काबले मुज़म्मत वाक्या है । इसे किसी

5.00 P.M.

तरह से भी पसन्द नहीं किया जा सकता । मैं आपके ज़रिए इस हाउस से कहना चाहता हूं कि पंजाब के अंदर ला एंड आर्डर को हर कीमत पर रखा जायेगा । यहां पर इसी हाउस में लीडर आफ दी आपोज़ीशन और दूसरे साथियों ने यह बात बार बार कही है कि पंजाब के अंदर रूल आफ ला की ज़रूरत है, अगर किसी एजीटेशन को, किसी ला को हाथ में लेने की ज़रूरत पड़े तो सरकार को मिनीमम फोरस इस्तेमाल करनी चाहिये । पंजाब पुलिस ने इस बात को मद्देनज़र रख कर काम किया है, मुझे इस बात की खुशी है । मुझे इस बात की भी खुशी है कि पंजाब पुलिस किसी तरह की भी प्रोवोकेशन के अंदर

[मुख्य मन्त्री]

नहीं आई । ठीक है कि ईटें पड़ी हैं, पत्थर पड़े हैं और उन्हों ने इस चीज़ को बरदाश्त किया है । बुनयादी चीज़ जो इस सिलसले के अंदर थी वह यही थी कि पंजाब के अंदर गोली न चलाई जाये, अगर ऐसा हुआ तो सारा पंजाब इस भड़कती हुई आग में खाक हो जायेगा । इस के बचाने के लिए जो भी कुर्बानी करनी पड़े वह हम करने को तैयार हैं । मगर सूबे में कमयुनल हारमनी हर कीमत पर रहनी चाहिये । हिंदू और सिख के इस सूबे में बुन्यादी तौर पर जितने भी रसमो रिवाज़ हैं वह एक हैं । दोनों एक दूसरे के धार्मिक और पवित्र ग्रन्थों की पूरी तरह से पूजा करते हैं । गुरुओं की बाणी हमारी अपनी बाणी है । आज ज़रूरत ऐसे विचार देने की है जिन से एक दूसरे के मुंह से मीठी बाणी निकले। मैं, स्पीकर साहिब, आपके ज़रिये मैंबरान से यह अपील करूंगा कि आज के पंजाब के हालात के मुताबिक हमें आपस में मिलकर और एक होकर अमन कायम करना चाहिये । हमें ऐसा ऐटमासफियर कायम करना चाहिये जिस की वजह से किसी और को वाक्यात के दोहराने की ज़रूरत न पड़े । यह सारी चीज़ देख कर दुख होता है कि हम एक होकर रहने वाले कैसी कैसी हरकतें करते हैं । जहां तक पंजाब राज्य में ला-एंड-आर्डर का सवाल है मैं हाउस को यकीन दिलाता हूं कि हर कीमत पर ला-एंड-आर्डर कायम रखा जायेगा । जो भाई अमन को भंग करने की कोशिश करता है, अमन के अंदर किसी तरह का खलल डालता है, चाहे वह किसी भी पार्टी का है उसे बरदाश्त नहीं किया जायेगा । सरकार का यह फर्ज़ है कि अमन हर कीमत पर बहाल किया जाये । ला-एंड-आर्डर को बहाल रखा जाये और इसके मुताबिक जो भी हम सटैप्स उठा सकते थे वह उठाये हैं और अमन को बहाल करने के लिये जो भी और सटैप्स हम उठा सकते हैं उठायेंगे । पंजाब के अंदर एक दो शहरों को छोड़ कर सभी जगह अमन है । (विघन)

आवाज़ें : लाला जगत नारायण के बारे कहें ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਲਾਲਾ ਜਗਤ ਨਾਰਾਇਣ, ਸ਼੍ਰੀ ਯਸ਼ ਅਤੇ ਵੀਰੇਂਦਰ ਨੂੰ ਕਿਉਂ ਨਹੀਂ ਫੜਦੇ ਜਿਹੜੇ ਤੁਹਾਡੀ ਸ਼ਹਿ ਤੇ ਪੰਜਾਬ ਵਿਚ ਅੱਗ ਲਵਾਉਂਦੇ ਹਨ ਅਤੇ ਐਕਸ਼ਨ ਕਮੇਟੀ ਦੇ ਮੈਂਬਰ ਹਨ ।

मुख्य मंत्री : मैं अर्ज़ कर रहा था कि ला-एंड-आर्डर हर कीमत पर बहाल रखा जायेगा और इससे जितनें भी बुरे ऐलीमैंटस हैं उन को खत्म किया जायेगा । (विघ्न) इन सारी चीज़ों पर पंजाब सरकार सख्ती से अमल करेगी।

स्पीकर साहिब, मैं आपकी मारफत हाउस से यह भी कहना चाहता हूं कि इस सारे सिलसिले में पीस एँड ट्रैंक्विलिटी कायम करने में उस तमाम एडमिनिस्ट्रेशन से, जो कि बनी है, जब बात सर से गुजर जाती है तब तशद्दद की तरफ यह सारी चीज़ें आती हैं कोई भी गवर्नमेंट उसको बरदाश्त नहीं कर सकती । (प्रशंसा) उसके लिए जो जो चीज़ें ज़रूरी हैं गवर्नमेंट ने इकदाम किए हैं । मैं यह कहना

चाहता हूं कि यहां कुछ तकरीरें हुई । जहां तक डिस्ट्रिक्ट्स अथारिटीज़ का ताल्लुक है गवर्नमेंट की लैवल पर इस बात की हिदायात की गई हैं कि जहां जहाँ लूट और आर्सन की बातें होती हैं, तशद्दुद की बातें होती हैं वह प्रोवोकेशन में न आएं । इस के लिए उनको पूरी तरह से सख्ती से जिस तरह से कुचल सकते हैं इन चीज़ों का सख्ती से मुकाबला करना चाहिए । मैं आपकी मार्फत अर्ज़ करना चाहता हूं कि हम ने इस बात की भी हिदायत जारी की हैं कि डिफेंस आफ इंडिया रूल्ज़ और क्रिमिनल ला अमेंडमेंट एक्ट के मुताबिक इस चीज़ को रिगोरसली इन्फोर्स किया जाए । यह हैं वे प्रोवियन्ज़—

"1. Offences concerning assault on Police Officials, intimidation etc., can be proceeded against under Rule 35/41 of the Defence of India Rules, which provides heavy penalty of rigorous imprisonment extending to five years or with fine, or with both. The offences are both cognizable and non-bailable.

2. Similarly cases of arson, or, attempted arson are also punishable under rule 36 of the Defence of India Rules, which prescribes heavy penalty of rigorous imprisonment of seven years or with fine or with both.

3. Other offences to be committed in such agitations are activities like 'Siapa', picketing, compelling others to close their shops or abstain from their work etc., with intent to prevent persons from performing their lawful duties. These can be dealt with under section 7 of the Punjab Criminal Law Amendment Act, 1932. The offence is both cognizable and non-bailable........"

ਸਰਦਾਰ ਲਛਮਣ ਸਿੰਘ ਗਿੱਲ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਤੁਹਾਡਾ ਰੂਲਿੰਗ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸੈਕਸ਼ਨ ਪੜ੍ਹ ਕੇ ਸੁਣਾਏ ਨੇ । ਬੰਦੇ ਆਦਮੀਆਂ ਨੇ ਫੜਨੇ ਨੇ ਜਾਂ ਸੈਕਸ਼ਨਾਂ ਨੇ ? ਮਿਹਰਬਾਨੀ ਕਰਕੇ ਆਪਣਾ ਰੂਲਿੰਗ ਦਿਉ ।

ਸ੍ਰੀ ਸਪੀਕਰ : ਸਰਦਾਰ ਲਛਮਣ ਸਿੰਘ ਜੀ ਦਾ ਜੋ ਪੁਆਇੰਟ ਆਫ਼ ਆਰਡਰ ਹੈ ਉਸ ਦਾ ਜਵਾਬ ਤਾਂ ਸਾਫ ਹੈ ਕਿ ਬੰਦੇ ਫੜਨੇ ਨੇ ਲੇਕਿਨ ਲਾ ਦੇ ਨੀਚੇ ਫੜਨੇ ਨੇ । (The reply to the point of order raised by the hon. Member Sardar Lachhman Singh Gill is clear that the persons are to be arrested but they are to be arrested under the law.)

ਕਾਮਰੇਡ ਬਾਬੂ ਸਿੰਘ ਮਾਸਟਰ : ਆਨ ਏ ਪੁਆਇਣਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਤੁਹਾਡਾ ਰੂਲਿੰਗ ਚਾਹੁੰਦਾ ਹਾਂ ਕਿ ਜਿਹੜੀ ਪੰਜਾਬ ਵਿਚ ਅਜ ਆਰਸਨ ਅਤੇ ਲੁਟ ਹੋ ਰਹੀ ਹੈ ਇਹ ਆਪ ਕਰਾਉਂਦੇ ਨੇ । ਇਹ ਉਨ੍ਹਾਂ ਫੋਰਸਿਜ਼ ਦੇ ਨਾਉਂ ਲੈਣ ਕਿ ਪੰਜਾਬ ਵਿਚ ਅਸਲ ਵਿਚ ਕੌਣ ਕੌਣ ਹੈ । ਇਹ ਉਨ੍ਹਾਂ ਨੂੰ ਐਕਸਪੋਜ਼ ਕਰਨ, ਨਹੀਂ ਤਾਂ ਅਸੀਂ ਇਹ ਸਮਝਾਂਗੇ ਕਿ ਸਾਰਾ ਕੁਛ ਚੀਫ ਮਨਿਸਟਰ. ਕਰਾਉਂਦਾ ਹੈ । (*Interruptions and noise*)

Mr. Speaker: Order, order, please.

Chief Minister: I was stating—

"The offence is both cognizable and non-bailable, and is punishable with imprisonment for a term which may extend to six months or with fine which may extend to Rs. 500/-, or, with both......"

ਸਕਦਾਂ ਹਾਂ ਕਿ ਅਜੇ ਵੀ ਪੰਜਾਬ ਦੀ ਹਾਲਤ ਨੂੰ 48 ਘੰਟਿਆਂ ਵਿਚ ਸ਼ਾਂਤਮਈ ਕੀਤਾ ਜਾ ਸਕਦਾ ਹੈ । ਲੇਕਿਨ ਇਹ ਸ਼ਾਂਤਮਈ ਕਿਉਂ ਨਹੀਂ ਹੋ ਰਹੀ ? ਮੈਨੂੰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਹਾਲਾਤ ਉਤੇ ਠੀਕ ਢੰਗ ਨਾਲ ਕਾਬੂ ਨਹੀਂ ਪਾਇਆ ਜਾ ਰਿਹਾ । ਸਿਵਾਏ ਜਨ ਸੰਘ ਦੇ ਹੋਰ ਕੋਈ ਪੁਲਿਟੀਕਲ ਪਾਰਟੀ ਇਸ ਗੜਬੜ ਨੂੰ ਪੈਦਾ ਕਰਨ ਵਾਲੀ ਨਹੀਂ। ਇਸ ਤਰ੍ਹਾਂ ਇਥੇ ਅੱਗ ਲਗਾਉਣ ਵਾਲੀ ਨਹੀਂ, ਜਲੂਸ ਕਢਣ ਵਾਲੀ ਨਹੀਂ—ਸਾਰੇ ਪਾਰਟੀਆਂ ਦੇ ਲੋਕ ਇਨਕਲੂਡਿੰਗ ਕਾਂਗਰਸ ਅਮਨ ਚਾਹੁੰਦੇ ਹਨ। ਮੈਂ ਕਾਂਗਰਸ ਪਾਰਟੀ ਦੇ ਮੁਖ ਮੰਤਰੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਥੇ ਕੁਝ ਕਾਂਗਰਸਮੈਨ—ਜਿਵੇਂ ਸਰਦਾਰ ਜੈ ਇੰਦਰ ਸਿੰਘ ਜੀ ਹਨ, ਸ੍ਰੀ ਯਸ਼ਪਾਲ ਜੀ ਹਨ; ਉਹ ਅਜੇ ਤਕ ਇਸ ਫੈਸਲੇ ਨੂੰ ਨਹੀਂ ਮੰਨਦੇ। ਤੁਹਾਡੀ ਮਿਨਿਸਟਰੀ ਨੇ ਅਜੇ ਤਕ ਨਹੀਂ ਮੰਨਿਆ ਕਿ ਜੋ ਕਾਂਗਰਸ ਵਰਕਿੰਗ ਕਮੇਟੀ ਦਾ ਫੈਸਲਾ ਹੈ ਅਸੀਂ ਉਸ ਨੂੰ ਜੀ ਆਇਆਂ ਕਹਿੰਦੇ ਹਾਂ; ਇਸ ਦੀ ਇੰਪਲੀਮੈਨਟੇਸ਼ਨ ਕਰਾਵਾਂਗੇ। ਇਸ ਦੇ ਨਾਲ ਐਜੀਟੇਟਰਜ਼ ਨੂੰ ਹੌਸਲਾ ਮਿਲਦਾ ਹੈ ਔਰ ਉਨ੍ਹਾਂ ਦੇ ਮਨਾਂ ਵਿਚ ਅਜੇ ਵੀ ਇਸ ਬਾਰੇ ਸ਼ਕ ਪੈਦਾ ਹੁੰਦਾ ਹੈ। ਮੈਂ ਤੁਹਾਨੂੰ ਬੜੇ ਅਦਬ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਦਿਮਾਗ ਵਿਚ ਤੁਹਾਡੀ ਮਿਨਿਸਟਰੀ ਉਤੇ, ਤੁਹਾਡੇ ਉਤੇ ਕੋਈ ਸ਼ਕ ਨਹੀਂ, ਬੇਭਰੋਸਾ ਨਹੀਂ ਲੇਕਿਨ ਲੋਕਾਂ ਦੇ ਦਿਲਾਂ ਵਿਚ ਤੁਹਾਡੇ ਬਾਰੇ ਬੇਭਰੋਸਾ ਹੈ, ਸ਼ਕ ਹੈ। ਇਸ ਗਲ ਵਿਚ ਤੁਹਾਡੀ ਮਿਨਿਸਟਰੀ ਵਿਚ ਖੁਦ ਐਸੇ ਮਿਨਿਸਟਰ ਹਨ ਜਿਹੜੇ ਇਹ ਸਮਝਦੇ ਹਨ ਕਿ ਜਿਹੜਾ ਸਟੈਂਡ ਪਹਿਲਾਂ ਮਿਨਿਸਟਰੀ ਨੇ ਲਿਆ ਸੀ, ਪੰਜਾਬੀ ਸੂਬੇ ਦੇ ਖਿਲਾਫ਼ ਲਿਆ ਸੀ, ਇਨ੍ਹਾਂ ਹਾਲਾਤ ਵਿਚ ਉਨ੍ਹਾਂ ਦੀ ਪੋਜ਼ੀਸਨ ਵਿੰਡੀਕੇਟ ਹੁੰਦੀ ਹੈ ਤਾਕਿ ਉਹ ਸੈਂਟਰ ਨੂੰ ਦਸ ਸਕਣ ਕਿ ਵਾਕਈ ਲੋਕ ਇਸ ਫੈਸਲੇ ਦੇ ਬਰਖਿਲਾਫ਼ ਹਨ ਔਰ ਇਸ ਗੱਲ ਦਾ ਬਹਾਨਾ ਲਾ ਕੇ ਕਿ ਤਸ਼ਦਦ ਜ਼ਿਆਦਾ ਨਹੀਂ ਕਰਨਾ ਸਰਕਾਰੀ ਅਫਸਰ ਵੀ ਢਿੱਲੇ ਹਨ । ਇਸ ਲਈ ਮੈਂ ਬੜੇ ਅਦਬ ਨਾਲ ਸਰਕਾਰ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਉਹ ਆਪਣੀ ਪੋਜ਼ੀਸ਼ਨ ਕਲੀਅਰ ਕਰੇ ਔਰ ਇਸ ਚੀਜ਼ ਵਲ ਧਿਆਨ ਦੇਣ । ਜੇਕਰ ਤੁਹਾਡੇ ਅਫਸਰ ਇਸ ਸਿਚੂਏਸ਼ਨ ਨੂੰ ਕਨਟਰੋਲ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਸਜ਼ਾ ਦੇਵੋ ਔਰ ਜਿਹੜੇ ਸਿਚੂਏਸ਼ਨ ਨੂੰ ਕਨਟਰੋਲ ਕਰਨ ਵਿਚ ਰੁਕਾਵਟ ਬਣੇ ਹੋਏ ਨੇ ਉਨ੍ਹਾਂ ਦੇ ਖਿਲਾਫ ਸਖਤ ਐਕਸ਼ਨ ਲਉ। ਜੇਕਰ ਇਤਨੀ ਜੁਰੱਤ ਪੰਜਾਬ ਸਰਕਾਰ ਪਾਸ ਹੈ ਤਾਂ ਇਹ ਗਦੀਆਂ ਸੰਭਾਲੀ ਰਖੇ ਵਰਨਾ ਅਸਤੀਫਾ ਦੇ ਦੇਵੇ।

चौधरी देवी लाल : ग्रान ए प्वायंट ग्राफ ग्रार्डर, सर । स्पीकर साहिब, ग्राज एक बड़ी एहम एडजर्नमेंट मोशन मनजूरी के लिए हाउस के सामने पेश है लेकिन जो कनसर्नड मिनिस्टर हैं वह यहां पर मौजूद नहीं हैं । क्या ऐसा हो सकता है ?

Mr. Speaker : The Chief Minister is here,

चौधरी देवी लाल : पर यह शिकायत तो एजुकेशन मनिस्टर के खिलाफ है ।

एक ग्रावाज : वह भी पीछे बैठे हुए हैं ।

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਮੇਰੇ ਉਤੇ ਬੋਲਣ ਲਈ ਕੋਈ ਪਾਬੰਦੀ ਲਗੀ ਹੋਈ ਹੈ ਜੋ ਮੈਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਜਾਂਦਾ।

Mr. Speaker : Order please. • Sardar Gurnam Singh.

ਬਾਬੂ ਅਜੀਤ ਕੁਮਾਰ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਸਰਦਾਰ ਗੁਰਨਾਮ ਸਿੰਘ ਤੋਂ ਪਹਿਲੇ ਬੋਲਣ ਦਿਉ.......

Mr. Speaker : I have already called Sardar Gurnam Singh.

ਸਰਦਾਰ ਗੁਰਨਾਮ ਸਿੰਘ (ਰਾਏਕੋਟ) : ਸਪੀਕਰ ਸਾਹਬ, ਅਜ ਆਪ ਦੇ ਸਾਹਮਣੇ ਐਡਜਰਨਮੈਂਟ ਮੋਸ਼ਨ ਇਸ ਗਲ ਤੇ ਹੈ ਕਿ ਤਿੰਨ ਭਲੇ ਮਾਨਸ ਆਦਮੀਆਂ ਤੇ ਪੈਟਰੋਲ ਪਾ ਕੇ ਉਨ੍ਹਾਂ ਨੂੰ ਅਗ ਲਾ ਕੇ ਜ਼ਿੰਦਾ ਜਲਾ ਦਿੱਤਾ ਗਿਆ ਹੈ। ਇਸ ਤੇ ਬਹੁਤ ਬਹਿਸ ਹੋਈ ਹੈ ਔਰ ਬਹੁਤ ਸਾਰੇ ਆਨਰੇਬਲ ਮੈਂਬਰ ਇਸ ਤੇ ਐਕਸਾਈਟਿਡ ਨੇ ਔਰ ਬਾਹਰ ਲੋਕ ਵੀ ਐਕਸਾਈਟਿਡ ਨੇ। ਇਹ ਕੁਦਰਤੀ ਗੱਲ ਹੈ। ਵਾਕਿਆਤ ਐਕਸਾਈਟ ਕਰ ਰਹੇ ਹਨ ਮਗਰ ਸਾਨੂੰ ਇਸ ਹਾਊਸ ਦੇ ਵਿਚ ਠੰਡੇ ਦਿਲ ਨਾਲ ਅਨੈਲਿਸਿਜ਼ ਕਰ ਕੇ ਇਸ ਦੀ ਜ਼ਿਮੇਵਾਰੀ ਦਾ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਕੌਣ ਜ਼ਿਮੇਵਾਰ ਹੈ ਔਰ ਇਸ ਮਤਲਬ ਵਾਸਤੇ ਇਹ ਅਡਜਰਨਮੈਂਟ ਮੋਸ਼ਨ ਹੈ ਪਰ ਬਹੁਤ ਸਾਰੀ ਬਹਿਸ ਤਾਂ ਪੰਜਾਬੀ ਸੂਬੇ ਔਰ ਹਰੀਆਨੇ ਪਰਾਂਤ ਤੇ ਚਲੀ ਗਈ ਹਾਲਾਂਕਿ ਸਾਨੂੰ ਚਾਹੀਦਾ ਇਹ ਸੀ ਕਿ ਇਹ ਜੋ ਵਾਇਉਲੈਂਸ ਹੋ ਰਹੀ ਹੈ, ਅਸੀਂ ਇਸ ਤਕ ਹੀ ਆਪਣੇ ਆਪ ਨੂੰ ਕਨਫਾਈਨ ਕਰੀਏ। ਸਪੀਕਰ ਸਾਹਬ, ਐਡਜਰਨਮੈਂਟ ਮੋਸ਼ਨਜ਼ ਬਾਰੇ ਜੋ ਰੂਲ ਨ: 66 ਹੈ ਮੈਂ ਉਹ ਆਪ ਨੂੰ ਪੜ੍ਹ ਕੇ ਸੁਣਾਉਂਦਾ ਹਾਂ—

RULE 66

"Subject to the provisions of these rules, a motion for an adjournment of the business of the Assembly for the purpose of discussing a definite matter of urgent public importance may be made with the consent of the Speaker".

ਸਪੀਕਰ ਸਾਹਬ, ਟੈਕਨੀਕਲੀ ਰੂਲ 67 ਇਹ ਹੈ ਕਿ ਅਗਰ ਕਿਸੇ ਐਡਜਰਨਮੈਂਟ ਮੋਸ਼ਨ ਦਾ ਨੋਟਿਸ ਸਮੇਂ ਸਿਰ ਨਾ ਆਏ ਤਾਂ ਉਥੇ ਤੁਹਾਨੂੰ ਹਕ ਹਾਸਲ ਹੈ ਲੇਕਿਨ ਜਿਸ ਵਕਤ ਪੰਜਾਬ ਦੇ ਹਾਲਾਤ ਐਸੇ ਹੋ ਜਾਣ ਤਾਂ ਟੈਕਨੀਕੈਲੇਟੀਜ਼ ਨੂੰ ਬਾਲਾਏ ਤਾਕ ਰਖਿਆ ਜਾ ਸਕਦਾ ਹੈ ਔਰ ਉਨ੍ਹਾਂ ਨੂੰ ਬਾਲਾਏ ਤਾਕ ਰਖ ਕੇ ਇਸ ਨੂੰ ਐਡਮਿਟ ਕਰਨਾ ਚਾਹੀਦਾ ਹੈ।

ਹੁਣ ਮੈਂ ਅਨੈਲੇਸਿਜ਼ ਕਰਨੀ ਚਾਹੁੰਦਾ ਹਾਂ ਕਿ ਕੌਣ ਜ਼ਿਮੇਵਾਰ ਹੈ ਇਸ ਵਾਇਉਲੈਂਸ ਦਾ ਜੋ ਇਸ ਵੇਲੇ ਪੰਜਾਬ ਵਿਚ ਹੋ ਰਹੀ ਹੈ। ਕਿਹਾ ਇਹ ਜਾਂਦਾ ਹੈ ਕਿ ਇਸ ਲਈ ਮਿਨਿਸਟਰੀ ਜ਼ਿਮੇਵਾਰ ਹੈ। ਮੰਨ ਲਿਆ ਇਕ ਮਿਨਟ ਲਈ ਕਿ ਮਿਨਿਸਟਰੀ ਲਾ ਐਂਡ ਆਰਡਰ ਕਾਇਮ ਰਖਣਾ ਚਾਹੁੰਦੀ ਹੈ ਔਰ ਇਹ ਇਸ ਵਾਇਉਲੈਂਸ ਲਈ ਜ਼ਿਮੇਵਾਰ ਨਹੀਂ ਤਾਂ ਉਸ ਤੋਂ ਬਾਅਦ ਜਿਹੜੇ ਇਸ ਮਿਨਿਸਟਰੀ ਦੇ ਅਮਲ ਹਨ ਉਨ੍ਹਾਂ ਤੋਂ ਸਾਫ ਪਤਾ ਲਗ ਜਾਵੇਗਾ ਕਿ ਕੀ ਇਹ ਇਥੇ ਲਾ ਐਂਡ ਆਰਡਰ ਰਖਣਾ ਚਾਹੁੰਦੀ ਹੈ ਯਾ ਨਹੀਂ ਰਖਣਾ ਚਾਹੁੰਦੀ। ਪਰ ਗੱਲ ਅਸਲੀ ਇਹ ਹੈ ਕਿ ਕਲ੍ਹ ਐਜੂਕੇਸ਼ਨ ਮਿਨਿਸਟਰ ਡਿਸਟਰਬਡ ਏਰੀਆਜ਼ ਵਿਚ ਡਿਸਟਰਬੈਂਸ ਹਟਾਣ ਵਾਸਤੇ ਗਏ। ਔਰ ਉਥੇ ਜਾ ਕੇ ਜੋ ਇਨ੍ਹਾਂ ਬਿਆਨ ਦਿੱਤਾ ਹੈ :

"He said that the Government's attitude towards those who were against the Punjabi Suba was lenient during the past five days so that they could express their feelings peacefully."

ਇਸ ਨੂੰ ਵੇਖੋ ਕਿ ਇਸ ਦਾ ਕੀ ਨਤੀਜਾ ਨਿਕਲਦਾ ਹੈ। ਮੈਂ ਇਸ ਬਾਰੇ ਟਰੀਬੀਊਨ ਅਖ਼ਬਾਰ ਦੀ ਰੀਪੋਰਟ ਪੜ੍ਹੀ ਹੈ ਜਿਸ ਦੇ ਮੁਤਾਬਕ ਇਨ੍ਹਾਂ ਉਥੇ ਇਹ ਕਿਹਾ ਹੈ ਕਿ ਪੰਜ ਦਿਨ ਅਸੀਂ ਨਰਮੀ ਵਰਤੀ ਹੈ ਐਜੀਟੇਟਰਾਂ ਵਾਸਤੇ ਤਾਕਿ ਉਹ ਆਪਣੀ ਫੀਲਿੰਗਜ਼ ਦਾ ਇਜ਼ਹਾਰ ਕਰ ਸਕਣ। ਇਹ ਗੱਲ ਐਜੂਕੇਸ਼ਨ ਮਿਨਿਸਟਰ ਨੇ ਕਹੀ ਹੈ। ਕੀ ਚੀਫ ਮਿਨਿਸਟਰ ਸਾਹਿਬ ਦੱਸਣਗੇ ਕਿ ਕੀ ਗੌਰਮਿੰਟ ਇਸ ਲਈ ਜ਼ਿਮੇਵਾਰ ਹੈ ਕਿ ਇਸ ਨੇ ਪੰਜ ਦਿਨਾਂ ਤਕ ਇਸ ਲਈ ਐਜੀਟੇਟਰਾਂ ਨਾਲ ਨਰਮੀ ਵਰਤੀ ਹੈ ਤਾਕਿ ਉਹ ਆਪਣੀ ਫੀਲਿੰਗਜ਼ ਐਕਸਪਰੈਸ ਕਰ ਲੈਣ ? ਕੀ ਉਹ ਇਹ ਗੱਲ ਓਨ ਕਰਦੇ ਨੇ ਜੋ ਐਜੂਕੇਸ਼ਨ ਮਿਨਿਸਟਰ ਨੇ ਉਥੇ ਆਪਣੀ ਸਟੇਟਮੈਂਟ ਵਿਚ ਕਹੀ ਹੈ ? ਅਗਰ ਇਹ ਨਾ ਵੀ ਓਨ

ਕਰਨ ਤਾਂ ਵੀ ਮੈਂ ਸਮਝਦਾ ਹਾਂ ਕਿ ਜਦ ਐਜੂਕੇਸ਼ਨ ਮਿਨਿਸਟਰ ਨੇ ਇਹ ਗੱਲ ਕਹੀ ਹੈ ਤਾਂ ਸਾਰੀ ਜ਼ਿੰਮੇਵਾਰੀ ਪੰਜਾਬ ਗੌਰਮਿੰਟ ਦੀ ਹੈ ਕਿਉਂਕਿ ਇਨ੍ਹਾਂ ਦੀ ਜਾਇੰਟ ਰੈਸਪਾਨਸੀਬਿਲਿਟੀ ਹੁੰਦੀ ਹੈ। ਇਥੋਂ ਤਾਂ ਇਹ ਮਿਨਿਸਟਰ ਡਿਸਟਰਬੈਂਸ ਕੁਐਲ ਕਰਨ ਵਾਸਤੇ ਗਏ ਹਨ ਔਰ ਉਥੇ ਜਾ ਕੇ ਇਹ ਗੱਲ ਕਹਿੰਦੇ ਹਨ ਕਿ ਪੰਜ ਦਿਨ ਇਨ੍ਹਾਂ ਨਰਮੀ ਵਰਤੀ ਹੈ ਪਤਾ ਨਹੀਂ ਅੰਦਰੋਂ ਅੰਦਰੀ ਉਥੇ ਉਨ੍ਹਾਂ ਨੂੰ ਕੀ ਕਹਿੰਦੇ ਹੋਣਗੇ। ਫਿਰ ਇਹ ਮਿਨਿਸਟਰ ਸਾਹਿਬ ਲੁਧਿਆਨੇ ਤੋਂ ਬਾਅਦ ਜਲੰਧਰ ਡਿਸਟਰਬੈਂਸ ਕੁਐਲ ਕਰਨ ਲਈ ਗਏ। ਜਲੰਧਰ ਵਿਚ ਉਥੇ ਦੇ ਡਿਪਟੀ ਕਮਿਸ਼ਨਰ ਨੇ 5 ਵਜੇ ਤਕ ਕਰਫੀਉ ਲਾਇਆ ਹੋਇਆ ਸੀ ਔਰ ਉਹ ਫਿਰ ਕਰਫੀਉ ਦਾ ਵਕਤ ਵਧਾਉਣਾ ਚਾਹੁੰਦਾ ਸੀ। ਪਰ ਡਿਪਟੀ ਕਮਿਸ਼ਨਰ ਪਾਸ ਐਜੂਕੇਸ਼ਨ ਮਿਨਿਸਟਰ ਸਾਹਿਬ, ਲਾਲਾ ਜਗਤ ਨਰਾਇਣ ਔਰ ਵਰਿੰਦਰ ਜੀ ਮਹਾਰਾਜ ਤਿਨੋਂ ਗਏ ਔਰ ਉਸ ਨੂੰ ਜਾ ਕੇ ਕਿਹਾ ਕਿ ਤੁਸੀਂ ਕਰਫੀਉ ਹੋਰ ਨਾ ਵਧਾਓ ਅਸੀਂ ਲੋਕਾਂ ਨੂੰ ਪੈਸੀਫਾਈ ਕਰਦੇ ਹਾਂ। ਡਿਪਟੀ ਕਮਿਸ਼ਨਰ ਨੇ ਇਨ੍ਹਾਂ ਦੇ ਕਹਿਣ ਤੇ ਕਰਫੀਉ ਮੁੜ ਕੇ ਨਾ ਲਗਾਇਆ ਔਰ ਇਸ ਦਾ ਨਤੀਜਾ ਇਹ ਨਿਕਲਿਆ ਕਿ ਦੋ ਸਿਖਾਂ ਦੀਆਂ ਦੁਕਾਨਾ ਜਲਾ ਦਿੱਤੀਆਂ ਗਈਆਂ ਔਰ ਚਾਰ ਲੁੱਟ ਲਈਆਂ ਗਈਆਂ ਔਰ ਇਕ ਵਕੀਲ ਜਿਸ ਦਾ ਨਾ ਸੁਰਿੰਦਰ ਸਿੰਘ ਕਿਹਾ ਜਾਂਦਾ ਹੈ ਗੁਰਦੁਆਰੇ ਦੇ ਸਾਹਮਣੇ ਖੜਾ ਹੋਇਆ ਸੀ ਉਸ ਦੇ ਸਿਰ ਤੇ ਸਟ ਲਾਈ ਗਈ ਔਰ ਉਹ ਹੁਣ ਲਾਈਫ ਐਂਡ ਡੈਥ ਦੇ ਦਰਮਿਆਨ ਸਟਰੱਗਲ ਕਰ ਰਿਹਾ ਹੈ। ਮੈਨੂੰ ਆਸ ਹੈ ਕਿ ਚੀਫ ਮਿਨਿਸਟਰ ਸਾਹਿਬ ਦਸਣਗੇ ਕਿ ਆਇਆ ਇਹ ਵਾਕਿਆ ਠੀਕ ਹੈ ਜਾਂ ਗਲਤ ਹੈ। ਮੇਰੀ ਇਨਫਰਮੇਸ਼ਨ ਇਹ ਹੈ। ਇਸੇ ਤਰ੍ਹਾਂ ਦਾ ਇਕ ਕੇਸ ਤੁਸੀਂ ਹੋਰ ਲਓ। 9 ਤਾਰੀਖ ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਸੂਬੇ ਬਾਰੇ ਰੈਜ਼ੋਲੀਉਸ਼ਨ ਪਾਸ ਕਰਕੇ ਫੈਸਲਾ ਕਰ ਦਿਤਾ ਸੀ ਔਰ 11 ਤਾਰੀਖ ਨੂੰ ਸਾਡੇ ਐਜੂਕੇਸ਼ਨ ਮਿਨਿਸਟਰ ਸਾਹਿਬ ਕੁਰੂਖੇਤਰ ਯੂਨੀਵਰਸਿਟੀ ਵਿਚ ਗਏ ਔਰ ਉਥੇ ਇਨ੍ਹਾਂ ਭਾਸ਼ਣ ਦਿੰਦੇ ਹੋਏ ਇਕ ਗੱਲ ਕਹੀ ਹੈ ਜਿਸ ਨਾਲ ਉਥੇ ਲੜਕਿਆਂ ਦੀਆਂ ਫੀਲਿੰਗਜ਼ ਬੜੀਆਂ ਐਕਸਾਈਟ ਹੋਈਆਂ। ਮੇਰੇ ਪਾਸ ਉਥੋਂ ਦੇ ਹਿੰਦੂ ਸਿੱਖ ਸਟੂਡੈਂਟਸ ਦੀ ਤਰਫੋਂ ਇਕ ਸਾਈਂਡ ਸਟੇਟਮੈਂਟ ਹੈ। ਜੇ ਤਾਂ ਇਹ ਇਸ ਚੀਜ਼ ਤੋਂ ਵੀ ਰਿਗਲ ਆਊਟ ਕਰਨਾ ਚਾਹੁੰਦੇ ਹਨ ਤਾਂ ਹੁਣ ਕਰ ਨਹੀਂ ਸਕਦੇ ਕਿਉਂਕਿ ਮੇਰੇ ਪਾਸ ਇਹ ਸਾਈਂਡ ਸਟੇਟਮੈਂਟ ਹੈ। ਇਸ ਵਿਚ ਲਿਖਿਆ ਹੈ—

> "It is to draw the general attention of the authorities to the following speech, made by Shri Prabodh Chandra, Education Minister, Punjab, on March 11, 1966 at 12.30 p. m. He was presiding over the annual Prize Distribution Function of the State Sports College for Women, Kurukshetra...."

ਉਥੇ ਇਨ੍ਹਾਂ ਕੁਝ ਐਸੇ ਲਫਜ਼ ਇਸਤੇਮਾਲ ਕੀਤੇ ਜਿਨ੍ਹਾਂ ਲਫਜ਼ਾਂ ਕਰ ਕੇ ਉਥੇ ਇਤਨੀ ਜ਼ਿਆਦਾ ਐਕਸਾਈਟਮੈਂਟ ਹੋ ਗਈ, ਕਿ ਸਟੂਡੈਂਟਸ ਇਨ੍ਹਾਂ ਨੂੰ ਮਾਬ ਕਰਨ ਨੂੰ ਤਿਆਰ ਹੋ ਗਏ। ਖੈਰ ਉਸ ਦਿਨ ਤਾਂ ਇਹ ਬਚ ਗਏ ਪਰ ਮੈਂ ਹੁਣ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਅਗੇ ਨੂੰ ਜੇ ਕਰ ਇਨ੍ਹਾਂ ਫਿਰ ਕਿਥੇ ਇਹੋ ਜਿਹੇ ਲਫਜ਼ ਇਸਤੇਮਾਲ ਕੀਤੇ ਤਾਂ ਫਿਰ ਇਨ੍ਹਾਂ ਦਾ ਉਥੋਂ ਸੇਫ ਆਉਣਾ ਹੀ ਮੁਸ਼ਕਿਲ ਹੈ। ਉਹ ਲਫਜ਼ ਇਹ ਸੀ—'ਸਿਖ ਕੌਮ ਦੇ ਜਿਹੜੇ ਲੀਡਰ ਸਿਰ ਫਿਰੇ ਹੁੰਦੇ ਹਨ, ਉਨ੍ਹਾਂ ਦੀ ਥਾਂ ਪਾਗਲ ਖਾਨੇ ਵਿਚ ਹੈ'। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਗਰ ਮਿਨਿਸਟਰ ਸਾਹਿਬ ਨੇ ਇਹ ਲਫਜ਼ ਕਹੇ ਨੇ ਤਾਂ ਮੈਂ ਇਹ ਹੀ ਸਮਝਦਾ ਹਾਂ ਕਿ ਅਗਰ ਕਿਸੇ ਆਦਮੀ ਦੀ ਪਾਗਲਖਾਨੇ ਵਿਚ ਥਾਂ ਹੈ ਤਾਂ ਇਸ ਮਿਨਿਸਟਰ ਦੀ ਹੀ ਹੋ ਸਕਦੀ ਹੈ।

ਸਪੀਕਰ ਸਾਹਬ, ਇਨ੍ਹਾਂ ਦੀ ਇਹ ਹਾਲਤ ਹੈ। ਇਥੇ ਇਕ ਪਾਸੇ ਤਾਂ ਸਾਨੂੰ ਕਹਿੰਦੇ ਹਨ ਕਿ ਇਹ ਡਿਸਟਰਬੈਂਸ ਕੁਐਲ ਕਰਨ ਚਲੇ ਹਨ ਔਰ ਦੂਜੇ ਪਾਸੇ ਉਥੇ ਜਾ ਕੇ ਅੱਗ ਲਾਉਣ ਦੀ ਕੋਸ਼ਿਸ਼ ਕਰਦੇ ਹਨ। ਇਹ ਹਾਲਤ ਉਸ ਮਿਨਿਸਟਰ ਦੀ ਹੈ ਜਿਸ ਨੇ 65 ਲਖ ਰੁਪਿਆ ਕਾਲਜਾਂ

[ਸਰਦਾਰ ਗੁਰਨਾਮ ਸਿੰਘ)

ਦੇ ਪਰੋਫੈਸਰਾਂ ਔਰ ਸਕੂਲ ਟੀਚਰਾਂ ਦੀ ਮਾਰਫਤ ਇਕ ਮਹੀਨੇ ਵਿਚ ਇਕੱਠਾ ਕਰਾਇਆ ਸੀ ਉਨ੍ਹਾਂ ਨੇ ਉਨ੍ਹਾਂ ਹੀ ਪਰੋਫੈਸਰਾਂ ਔਰ ਟੀਚਰਾਂ ਨਾਲ ਸਾਜ਼ਸ਼ ਕਰ ਕੇ ਪੰਜਾਬ ਨੂੰ ਅਗ ਲਗਵਾਈ ਹੈ । ਅਜ ਹੀ ਇਥੇ ਚੰਡੀਗੜ੍ਹ ਵਿਚ ਉਨ੍ਹਾਂ ਲੜਕਿਆਂ ਨੇ ਇਕ ਬਸ ਡੈਮਜ ਕਰ ਦਿੱਤੀ ਹੈ ਔਰ ਦੋ ਲੜਕੀਆਂ ਨੂੰ ਸੱਟਾਂ ਆਈਆਂ ਨੇ । (ਸ਼ੇਮ, ਸ਼ੇਮ) ਮੈਂ ਕਹਾਂਗਾ ਕਿ ਸਾਰੀ ਜ਼ਿੰਮੇਦਾਰੀ ਐਜੂਕੇਸ਼ਨ ਮਨਿਸਟਰ ਦੀ ਹੈ ਜੋ ਇਹ ਪੰਜਾਬ ਵਿਚ ਅਗ ਲਗ ਰਹੀ ਹੈ ਅਤੇ ਵਜ਼ਾਰਤ ਦੀ ਜੁਆਇੰਟ ਰੈਸਪਾਨਸੀਬਿਲਿਟੀ ਨੂੰ ਸਾਹਮਣੇ ਰਖਦੇ ਹੋਏ ਮੈਂ ਕਹਾਂਗਾ. . . .ਮੈਂ ਨਹੀਂ ਚਾਹੁੰਦਾ ਕਿ ਕੋਈ ਕਮਿਊਨਲ ਗਲ ਹੋਵੇ ਪਰ ਮੈਂ ਤੁਹਾਨੂੰ ਸਿਖ ਕੌਮ ਵਲੋਂ ਯਕੀਨ ਦਿਵਾ ਸਕਦਾ ਹਾਂ । ਇਹ ਸਾਨੂੰ ਕਹਿੰਦੇ ਹਨ ਅਪੀਲ ਕਰੋ । ਅਸੀਂ ਅਪੀਲ ਕਿਉਂ ਕਰੀਏ । ਅਸੀਂ ਤਾਂ ਉਂਗਲ ਨਹੀਂ ਉਠਾਈ । ਤੁਸੀਂ ਅਪੀਲਾਂ ਕਰੋ ਜਿਨ੍ਹਾਂ ਨੇ ਐਕਸਾਈਟ ਕੀਤਾ ਹੈ ਅਤੇ ਉਨ੍ਹਾਂ ਤੋਂ ਇਹ ਸਾਰੀਆਂ ਗੱਲਾਂ ਕਰਵਾਉਂਦੇ ਹੋ ।

ਮੈਂ ਇਕ ਦੋ ਗੱਲਾਂ ਦਾ ਜਵਾਬ ਦੇਣਾ ਹੈ । ਚੌਧਰੀ ਹਰਦਵਾਰੀ ਲਾਲ ਹੋਰੀ ਚਲੇ ਗਏ । ਉਨ੍ਹਾਂ ਨੇ ਕਿਹਾ ਕਿ ਭਿਵਾਨੀ ਵਿਚ ਬੜਾ ਪੀਸਫੁਲ ਪ੍ਰੋਸੈਸ਼ਨ ਸੀ । ਕਹਿੰਦੇ ਹਨ ਕਿ ਪ੍ਰਿੰਸੀਪਲ ਨੇ ਚਿੱਠੀ ਲਿਖੀ ਹੈ । ਇਹ ਤਾਂ ਸਬੂਤ ਹੈ ਇਸ ਗਲ ਦਾ ਕਿ ਪ੍ਰਿੰਸੀਪਲ ਵੀ ਇਨ੍ਹਾਂ ਨਾਲ ਇਸ ਕੰਮ ਵਿਚ ਰਲੇ ਹੋਏ ਹਨ । ਉਨ੍ਹਾਂ ਨੇ ਲਿਖਿਆ ਕਿ ਇਤਨਾ ਪੀਸਫੁਲ ਪ੍ਰੋਸੈਸ਼ਨ ਜਾ ਰਿਹਾ ਸੀ ਕਿ ਉਸ ਨੇ ਟੈਲੀਫੋਨ ਐਕਸਚੇਂਜ ਵੀ ਸਾੜ ਦਿਤਾ, ਐਸ. ਡੀ. ਐਮ ਦਾ ਘਰ ਤੇ ਕੋਰਟ ਵੀ ਅਤੇ ਰੈਸਟ ਹਾਊਸ ਵੀ ਸਾੜ ਦਿਤੇ । ਐਸਾ ਪੀਸਫੁਲ ਪ੍ਰੋਸੈਸ਼ਨ ਨਿਕਲ ਰਿਹਾ ਸੀ । ਇਸ ਤਰ੍ਹਾਂ ਦੀਆਂ ਚਿਠੀਆਂ ਇਥੇ ਪੜ੍ਹ ਕੇ ਸੁਣਾਉਂਦੇ ਹਨ ।

ਫਿਰ ਸਾਡੇ ਦੋਸਤ ਸਰਦਾਰ ਕੁਲਬੀਰ ਸਿੰਘ ਨੇ ਕੁਝ ਗੱਲਾਂ ਕਹੀਆਂ । ਮੈਂ ਉਨ੍ਹਾਂ ਦੀ ਪਾਰਟੀ ਨੂੰ ਐਡਰੈਸ ਕਰਦਾ ਹਾਂ । ਉਨ੍ਹਾਂ ਨੇ ਕਿਹਾ ਕਿ ਇਸ ਸੂਬੇ ਵਿਚ ਇਸ ਪੋਜ਼ੀਸ਼ਨ ਲਈ ਉਨ੍ਹਾਂ ਦੀ ਪਾਰਟੀ ਜ਼ਿੰਮੇਦਾਰ ਨਹੀਂ । ਚਲੋ ਅਸੀਂ ਉਨ੍ਹਾਂ ਦੀ-ਇਹ ਗੱਲ ਮੰਨਣ ਲਈ ਤਿਆਰ ਹਾਂ । ਇਸ ਦਾ ਮਤਲਬ ਇਹ ਹੋਇਆ ਕਿ ਇਹ ਮੂਵਮੈਂਟ ਗੁੰਡੇ ਚਲਾ ਰਹੇ ਹਨ । ਅਗਰ ਇਹ ਮੂਵਮੈਂਟ ਜਨਸੰਘ ਨੇ ਚਲਾਈ ਹੈ ਤਾਂ ਇਸ ਨੂੰ ਖਤਮ ਕਰਨ ਦੀ ਮਾਰਲ ਜ਼ਿੰਮੇਦਾਰੀ ਵੀ ਇਨ੍ਹਾਂ ਦੀ ਹੀ ਹੈ । ਤੁਸੀਂ ਜਾਣਦੇ ਹੋ ਕਿ ਮਹਾਤਮਾਂ ਗਾਂਧੀ ਨੇ ਇਕ ਮੂਵਮੈਂਟ ਚਲਾਈ । ਜਦ ਉਹ ਵਾਇਲੈਂਟ ਹੋ ਗਈ ਤਾਂ ਉਨ੍ਹਾਂ ਨੇ ਓਨ ਕੀਤਾ ਕਿ ਉਨ੍ਹਾਂ ਤੋਂ ਇਕ ਹਿਮਾਲਾਇਨ ਬਲੰਡਰ ਹੋ ਗਈ ਹੈ ਅਤੇ ਮੂਵਮੈਂਟ ਨੂੰ ਵਿਦਡਰਾ ਕਰ ਲਿਆ । ਤੇ ਮੈਂ ਇਨ੍ਹਾਂ ਦੀ ਪਾਰਟੀ ਨੂੰ ਕਹਾਂਗਾ ਕਿ ਅਗਰ ਇਹ ਮੂਵਮੈਂਟ ਇਨ੍ਹਾਂ ਦੇ ਹਥੋਂ ਨਿਕਲ ਕੇ ਗੁੰਡਿਆਂ ਦੇ ਹਥਾਂ ਵਿਚ ਚਲੀ ਗਈ ਹੈ ਤਾਂ ਤੁਹਾਡੀ ਬਹਾਦਰੀ ਅਤੇ ਸ਼ਾਬਾਸ਼ੀ ਇਸ ਗੱਲ ਵਿਚ ਹੈ ਕਿ ਤੁਸੀਂ ਕਹੋ ਕਿ ਅਸੀਂ ਇਹ ਮੂਵਮੈਂਟ ਨਹੀਂ ਚਲਾਉਣਾ ਚਾਹੁੰਦੇ ਕਿਉਂਕਿ ਇਹ ਗੁੰਡਿਆਂ ਦੇ ਹਥਾਂ ਵਿਚ ਆ ਗਈ ਹੈ ਫਿਰ ਅਸੀਂ ਆਪੇ ਗੁੰਡਿਆਂ ਨਾਲ ਸਮਝ ਲਵਾਂਗੇ । ਪਰ ਅਗਰ ਅਸੀਂ ਤੁਹਾਡੇ ਨਾਲ ਸਮਝਾਂਗੇ ਤਾਂ ਕਿਹਾ ਜਾਵੇਗਾ ਕਿ ਇਹ ਇਕ ਕਮਿਊਨਲ ਗੱਲ ਹੋ ਰਹੀ ਹੈ । ਗੁੰਡਿਆਂ ਨੂੰ ਅਗਰ ਸਰਕਾਰ ਨਹੀਂ ਸਮਝੇਗੀ ਤਾਂ ਪਬਲਿਕ ਖੁਦ ਸਮਝ ਲਵੇਗੀ । ਮੈਂ ਚੌਧਰੀ ਮੁਖਤਿਆਰ ਸਿੰਘ ਅਤੇ ਇਨ੍ਹਾਂ ਦੇ ਸਾਥੀਆਂ ਨੂੰ ਅਪੀਲ ਕਰਾਂਗਾ ਕਿ ਉਹ ਆਪਣੇ ਸਾਥੀ ਸ਼੍ਰੀ ਯਗਦੱਤ ਨੂੰ ਰਿਕਵੈਸਟ ਕਰਨ ਕਿ ਉਹ ਆਪਣਾ ਬਰਤ ਛਡ ਦੇਣ ਅਤੇ ਪੰਜਾਬ ਨੂੰ ਗੁੰਡਿਆਂ ਤੋਂ ਬਚਾਉਣ ਲਈ ਕੰਮ ਕਰਨ ।

ਫਿਰ ਗਿਆਨੀ ਜ਼ੈਲ ਸਿੰਘ ਹੋਰਾਂ ਨੇ ਕੁਝ ਗੱਲਾਂ ਕੀਤੀਆਂ ਭਾਵੇਂ ਉਹ ਇਰਰੈਲੇਵੈਂਟ ਹੀ ਸਨ। ਉਨ੍ਹਾਂ ਕਿਹਾ ਕਿ ਪਹਿਲੀ ਜ਼ਿੰਮੇਦਾਰੀ ਮਿਨਿਸਟਰੀ ਦੀ ਹੈ, ਦੂਜੀ ਜ਼ਿੰਮੇਦਾਰੀ ਕਾਂਗਰਸ ਦੀ ਹੈ, ਤੀਸਰੀ ਆਪੋਜ਼ੀਸ਼ਨ ਦੀ ਹੈ। ਸਾਡੀ ਕੀ ਜ਼ਿੰਮੇਦਾਰੀ ਹੈ। ਲਾ ਐਂਡ ਆਰਡਰ ਸਾਡੇ ਹਥ ਦੇ ਦਿਉ । ਆਪ ਇਕ ਪਾਸੇ ਹੋ ਜਾਉ ਤਾਂ ਅਸੀਂ 12 ਘੰਟਿਆਂ ਵਿਚ ਹਾਲਤ ਸੁਧਾਰ ਦਿਆਂਗੇ । ਜ਼ਿੰਮੇਦਾਰੀ ਤਾਂ ਆਪ ਦੀ ਪਾਰਟੀ ਦੀ ਹੈ । ਅਗਰ ਤੁਹਾਡੀ ਮਿਨਿਸਟਰੀ ਤੁਹਾਡੀ ਗੱਲ ਨਹੀਂ ਮੰਨਦੀ ਤਾਂ ਉਸ ਦੇ ਖਿਲਾਫ ਨੋ-ਕਨਫੀਡੈਂਸ ਦੀ ਵੋਟ ਲਿਆਉ । (ਘੰਟੀ) ਮੈਂ ਕਹਿੰਦਾ ਹਾਂ ਕਿ ਇਹ ਪੰਜਾਬ ਨੂੰ ਐਕਸਾਈਟ ਕਰਦੇ ਹਨ । ਸੌ ਸਾਲ ਦੀ ਟਰੇਡੀਸ਼ਨ ਸੀ ਕਿ ਗੋਲਡਨ ਟੈਂਪਲ ਵਿਚ ਬਾਵਰਦੀ ਪੁਲਿਸ ਨਹੀਂ ਜਾਂਦੀ। ਮਗਰ ਹੁਣ ਜਦ ਕਿ ਅਕਾਲੀਆਂ ਵਲੋਂ ਕਿਸੇ ਕਿਸਮ ਦੀ ਵਾਇਲੈਂਸ ਨਹੀਂ ਹੋ ਰਹੀ, ਉਨ੍ਹਾਂ ਦੀਆਂ ਅਰੈਸਟਸ ਇਹ ਗੋਲਡਨ ਟੈਂਪਲ ਵਿਚ ਪੁਲੀਸ ਭੇਜ ਕੇ ਕਰਵਾਉਂਦੇ ਰਹੇ ਹਨ। ਸ਼ਰੋਮਣੀ ਕਮੇਟੀ, ਜਿਸ ਨੇ ਪੀਸ ਦੇ ਹਕ ਵਿਚ ਬਹੁਤ ਕੋਸ਼ਿਸ਼ ਕੀਤੀ ਹੈ, ਉਸ ਨੇ ਮੈਨੂੰ ਤਾਰ ਭੇਜਿਆ ਹੈ ਅਤੇ ਪਰੋਟੈਸਟ ਕੀਤਾ ਹੈ ਕਿ ਸਰਕਾਰ ਇਸ ਤਰ੍ਹਾਂ ਦੀਆਂ ਜ਼ਿਆਦਤੀਆਂ ਕਰ ਰਹੀ ਹੈ । ਇਸ ਵਿਚ ਹੋਰ ਨਾ ਜਾਂਦੇ ਹੋਏ ਮੈਂ ਕਹਾਂਗਾ ਕਿ ਬਾਤ ਬੜੀ ਸਾਫ ਹੈ.... (ਵਿਘਨ) ਯਸ਼ ਜੀ ਬਾਰੇ ਮੈਂ ਅਗੇ ਹੀ ਕਹਿ ਚੁਕਿਆ ਹਾਂ । ਉਹ ਕਹਿੰਦੇ ਹਨ ਕਿ ਉਹ ਡੀਫਾਈ ਕਰਦੇ ਹਨ ਕਾਂਗਰਸ ਪਾਰਟੀ ਅਤੇ ਚੀਫ ਮਿਨਿਸਟਰ ਨੂੰ । ਉਨ੍ਹਾਂ ਦੀ ਜੋ ਤਿੰਨਾ ਆਦਮੀਆਂ ਵਾਲੀ ਏਕਤਾ ਕਮੇਟੀ ਹੈ ਉਹ ਦੇਖਦੇ ਹਨ ਕਿ ਉਹ ਵਾਇਲੈਂਸ ਕਰਾ ਰਹੀ ਹੈ ਮਗਰ ਇਹ ਉਸ ਕਮੇਟੀ ਦੇ ਖਿਲਾਫ ਹਥ ਨਹੀਂ ਉਠਾਉਂਦੇ, ਉਸ ਦੇ ਮੈਂਬਰਾਂ ਨੂੰ ਨਹੀਂ ਫੜਦੇ ਤਾਂ ਫਿਰ ਰਿਫ ਰੈਫ ਨੂੰ ਪਕੜਨ ਨਾਲ ਕੋਈ ਫਰਕ ਨਹੀਂ ਪੈਣਾ। ਉਨ੍ਹਾਂ ਦੇ ਜ਼ਿੰਮੇਦਾਰ ਆਦਮੀਆਂ ਨੂੰ ਪਕੜੋ। ਮੈਂ ਕਹਿੰਦਾ ਹਾਂ ਕਿ ਅਗਰ ਸਰਕਾਰ ਪੀਸ ਚਾਹੁੰਦੀ ਹੈ ਤਾਂ ਇਸ ਦਾ ਸਬੂਤ ਇਕ ਦਿਨ ਵਿਚ ਮਿਲ ਸਕਦਾ ਹੈ ਅਤੇ ਕਲ ਤੋਂ ਵਾਇਲੈਂਸ ਹਟ ਸਕਦੀ ਹੈ । ਇਤਨਾ ਕਹਿ ਦੇਣਾ ਕਿ 'ਜੋ ਪਬਲਿਕ ਪਰਾਪਰਟੀ ਨੂੰ ਅਗ ਲਾਉਂਦਾ ਦੇਖਿਆ ਜਾਵੇ ਉਸ ਨੂੰ ਗੋਲੀ ਮਾਰ ਦਿਉ' ਹੀ ਕਨਵਿਨਸਿੰਗ ਗੱਲ ਨਹੀਂ ਹੈ । ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਨਿਕਲੋ ! ਮੈਂ ਪ੍ਰੈਜ਼ੀਡੈਂਟ ਰੂਲ ਦੇ ਹਕ ਵਿਚ ਨਹੀਂ ਹਾਂ ਪਰ ਲਾ ਐਂਡ ਆਰਡਰ ਮੇਨਟੇਨ ਕਰਨਾ ਮਿਨਿਸਟਰੀ ਦਾ ਕੰਮ ਹੈ। ਅਜ ਸਿਖ ਮਰ ਰਹੇ ਹਨ, ਹਿੰਦੂ ਮਰ ਰਹੇ ਹਨ, ਕੋਈ ਅਗ ਨਾਲ ਜਲ ਕੇ ਮਰ ਰਿਹਾ ਹੈ ਤੇ ਕੋਈ ਗੋਲੀ ਨਾਲ ਮਰ ਰਿਹਾ ਹੈ, ਜਾਇਦਾਦ ਜਲ ਰਹੀ ਹੈ । ਜਾਂ ਤਾਂ 24 ਘੰਟਿਆਂ ਵਿਚ ਪੀਸ ਕਰਾ ਦਿਉ ਜਾਂ ਫਿਰ ਕਹਿ ਦਿਉ ਤੁਸੀਂ ਇੰਤਜ਼ਾਮ ਨਹੀਂ ਕਰ ਸਕਦੇ ਤਾਕਿ ਕੁਝ ਹੋਰ ਇੰਤਜ਼ਾਮ ਹੋ ਸਕੇ ।

चौधरी मुख्तयार सिंह मलिक : स्पीकर साहिब, मुझे दो मिनट दें । (विघन) कांग्रेस पार्टी के 10 आदमी बोल चुके हैं......

Mr. Speaker : No please. (*interruption*)

शिक्षा मंत्री : स्पीकर साहिब, मुझे दो मिनट दें कुछ एक्सपलेन करने के लिये........

श्री अध्यक्ष : हां, आप परसनल ऐक्सपलेनेशन दे लें । (Yes, he may give his personal explanation.

(*Babu Ajit Kumar and Chaudhri Net Ram stood up and started shouting to get time.*

Mr. Speaker : Order please. Please take your seat (*interruption*)

देखिये मुझे प्रोसीडिंग्ज़ रैगूलेट करनी हैं। 20, 25 मैम्बरान और बोलना चाहते हैं। अगर हर एक ने बोलना है तो काम नहीं चल सकता। (विघन) डेढ़ घंटे तक हाउस ने अपने विउज़ इस बारे में दिए हैं इस से ज्यादा टाईम नहीं दे सकता..[Order please. Please take your seat--(Interruptions), well, I have to regulate the proceedings of the House. Twenty or twenty five members are still anxious to participate in this. It is not possible to carry on in case all were to speak (Interruption) the House has expressed views on this subject for one and a half hour. No more time can be given])

चौधरी मुख्तियार सिंह मलिक : स्पीकर साहिब, इससे अहम मामला और क्या हो सकता है? । (विघन) चाहे इस पर 5 दिन लग जाएं, इस पर बोलने की इजाज़त देनी चाहिए ।

Mr. Speaker : I am sorry, अब नहीं । (I am sorry. Not now)

शिक्षा मंत्री (श्री प्रबोध चन्द्र) : जनाबाली, सरदार गुरनाम सिंह ने मेरे बारे में काफी सख्त इल्जाम लगाया है । (विघन) दो-तीन बातें मेरे बारे में इन्हों ने कही है (विघन सरदार लछमण सिंह गिल की तरफ से)

श्री अध्यक्ष : आखिर कोई तो कोड आफ कन्डक्ट होनी चाहिए । (After all there should be some code of conduct)

शिक्षा मंत्री : इन के लिए कोई कोड आफ कन्डक्ट नहीं है । स्पीकर साहिब, इनसान गलतियां तो करता है और सिआसी जिंदगी में भी गलतियाँ होती हैं । मगर मैं कभी इस गुनाह का मुरतकिब नहीं हुआ कि फिरकादाराना फसादों में हिस्सा लिया जाए । नौ मार्च से पहले चाहे मेरी कोई भी राय थी मगर जिस दिन कांग्रेस वर्किंग कमेटी ने फैसला किया मैं ने उसी दिन कहा कि हमें इस फैसले को ग्रेसफुली और इमानदारी से ऐक्सैप्ट करना चाहिए । (विघन) यह नहीं कि जो फैसला हमारी मरज़ी के मुताबिक हो उसे तो हम ठीक समझें और कबूल कर लें और जो हमारी मर्ज़ी के मुताबिक ना हो उस में कहें कि हम इस में हिस्सेदार नहीं हैं । मैं समझता हूं कि इस बड़ी गदारी अपनी पार्टी के साथ नहीं हो सकती । जो फैसला हुआ वह बसरोचश्म कबूल करना चाहिए ।

फिर, स्पीकर साहिब, यहां पर कुरुक्षेत्र यूनिवर्सिटी का जिक्र हुआ । मेरे मुताल्लिक जो इन्हों ने कहा है यह बिल्कुल गलत है । इन्हों ने कहा कि हिन्दू और सिख लड़कों ने साईन करके इन को खत भेजा है । इस के मुताल्लिक मैं यह कहूंगा कि इस की जो नकल मुझे अगर हाउस में दी गई है उस पर सिर्फ तीन सिख लड़कों के सिगनेचरज हैं । (विघन)

Mr. Speaker : Order, please.

ਸਰਦਾਰ ਗੁਰਨਾਮ ਸਿੰਘ : ਮੇਰੇ ਪਾਸ ਇਹ ਨਹੀਂ ਹੋਣ ਹੈ ।

ਸਰਦਾਰ ਗੁਰਬਖਸ਼ ਸਿੰਘ ਗੁਰਦਾਸਪੁਰੀ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਵਾਕੇਇ ਐਜੂਕੇਸ਼ਨ ਮਨਿਸਟਰ ਸਾਹਿਬ ਕਿਸੇ ਗਲ ਦਾ ਜਵਾਬ ਦੇਣਾ ਚਾਹੁੰਦੇ ਹਨ । ਇਥੇ ਤਾਂ ਪੰਜਾਬ ਦੇ ਲਾ ਐਂਡ ਆਰਡਰ ਦੀ ਹਾਲਤ ਦੀ ਗਲ ਹੋ ਰਹੀ ਹੈ ਅਤੇ ਇਸ ਐਡਜਰਨਮੈਂਟ ਮੋਸ਼ਨ ਦੀ ਗਲ ਹੋ ਰਹੀ ਹੈ ਅਤੇ ਇਸ ਸੂਬੇ ਦੀ ਮੰਗ ਨੂੰ ਸਾਰੇ ਮਜ਼ਹਬਾਂ ਨੇ ਮੰਨਿਆ ਹੋਇਆ ਹੈ ਫਿਰ ਇਹ ਆਪ ਕਿਉਂ ਇਸ ਤਰ੍ਹਾਂ ਦੀਆਂ ਗਲਾਂ ਕਰਤੇ ਹਨ ਕਿ ਇਨ੍ਹਾਂ ਪਾਸ ਜਿਹੜਾ ਕਾਗਜ ਮਿਲਿਆ ਹੈ ਉਸ ਤੇ ਕੇਵਲ ਸਿਖ ਲੜਕਿਆਂ ਦੇ ਦਸਖਤ ਹਨ ਕੀ ਇਹ ਆਪ ਜਾਣ ਕੇ ਹਿੰਦੂ ਸਿਖ ਸਵਾਲ ਖੜਾ ਨਹੀਂ ਕਰ ਰਹੇ । ਮੈਂ ਤੁਹਾਡੇ ਰਾਹੀਂ ਇਹ ਜਾਣਨਾ ਚਾਹੁੰਦਾ ਸਾਂ ।

ਸ੍ਰੀ ਸਪੀਕਰ : ਆਰਡਰ ਪਲੀਜ਼ (Order, please)

एक आवाज : इस पर तो चार हिन्दू और तीन सिक्ख लड़कों के दस्तखत हैं ।

श्री अध्यक्ष : आर्डर प्लीज । Order please.

शिक्षा मंत्री : जनाबे आली मैं तो इस बात का जवाब देना चाहता हूं कि जो जस्टिस गुरनाम सिह ने मेरे बारे में कहा है । उन्हों ने कहा है कि इन्हें हिन्दू और सिक्ख लड़कों ने कहा है । मेरा ख्याल है कि यह जो कागज इनके पास हैं, जिस में यह कहते हैं कि लड़कों के दस्तखत हैं, इस की ही एक नकल मुझे आज अपर हाउस में दी गई है । मैं ने जो लफ़ज़ वहां पर कहे थे मैं आज उन्हें फिर यहां पर दोहराना चाहता हूं । मुझे जब इस के बारे में पूछा गया कि क्या फिर से सन 1947 के वाक्यात रूनुमा होंगे तो मैं ने कहा कि अगर कोई भाई यह चाहते हैं कि सिक्ख स्टेट इंडिया से अलहदा हो जाए तो वह आदमी हकीकत की दुनियां में नहीं रहता बेवकूफों की दुनियां में रहता है । (विघन शोर) वह बेवकूफों की दुनिया में रह कर ही इस तरह सोच सकता है कि पंजाबी ज़बान के आधार पर अलहदा मुल्क बना दिया जाए ।

श्री अध्यक्ष : आप ने प्रबोध चन्दर जी पंजाबी भाषा का नाम ले दिया । (The hon Minister Shri Prabodh Chandra has referred to the Panjabi language) (विघन, शोर)

शिक्षा मन्त्री: मैं, स्पीकर साहिब, जो बात वहां पर कही थी उस पर पाबन्ध हूं कि अगर कोई आदमी ऐसी चीज़ करेगा कि मजहब की बिना पर अलहदा हकूमत बन सकती है या अलहदा मुल्क बन सकता है तो वह हकीकत की दुनिया में नहीं रहता (शोर, विघन)

श्री अध्यक्ष: आर्डर प्लीज़ । (Order please)

सरदार अजायब सिह संधु आन ए प्वायट आफ आर्डर सर. . . (विघन, शेर)

सरदार तारा सिह लायलपुरी : आन ए प्वायंट आफ आर्डर, सर. . . . (विघन, शोर)

श्री सुरेन्द नाथ गोतम : आन ए प्वायंट आफ आर्डर सर. . . . (शोर)

श्री अध्यक्ष : आर्डर प्लीज़ (Order, please)

ਸਰਦਾਰ ਅਜਾਇਬ ਸਿਘ ਸੰਧੂ : ਆਨ ਏ ਪਵਾਇੰਟ ਆਫ ਆਰਡਰ, ਸਰ। ਮੈਂ ਤੁਹਾਡੀ ਇਸ ਗਲ ਤੇ ਰੂਲਿੰਗ ਚਾਹੁੰਦਾ ਹਾਂ ਕਿ ਸ੍ਰੀ ਪ੍ਰਬੋਧ ਚੰਦਰ ਜੀ ਕੁੜੀਆਂ ਦੇ ਸਪੋਰਟਸ ਕਾਲਜ ਵਿਚ ਕੁਰੂਕਸ਼ੇਤਰ ਗਏ ਅਤੇ ਇਨ੍ਹਾਂ ਨੇ ਉਥੇ ਇਹ ਗਲ ਕਹੀ। ਮੈਂ ਪੁਛਦਾ ਹਾਂ ਕਿ ਇਸ ਦਾ ਕੀ ਮੌਕਾ ਸੀ ? ਕੀ ਇਨਾਂ ਤੋਂ ਇਸ ਗਲ ਦੀ ਮੰਗ ਕੀਤੀ ਗਈ ਸੀ ਕਿ ਇਹ ਅਜਿਹੀਆਂ ਗਲਾਂ ਉਥੇ ਜਾ ਕੇ ਕਰਨ ਕਿ 1947 ਦੀਆਂ ਵਾਰਦਾਤਾਂ ਇਥੇ ਨਹੀਂ ਹੋਣ ਦਿਆਂਗੇ। ਕੀ ਇਸ ਤਰ੍ਹਾਂ ਇਹ ਆਪ ਅਗ ਨਹੀਂ ਭੜਕਾ ਰਹੇ ? ਫਿਰ ਇਹੀ ਹਨ....(ਵਿਘਨ, ਸ਼ੋਰ)

ਸ੍ਰੀ ਸਪੀਕਰ : ਆਰਡਰ, ਪਲੀਜ਼ (Order, please)

ਸਰਦਾਰ ਅਜਾਇਬ ਸਿਘ ਸੰਧੂ : ਇਹ ਜਲੰਧਰ ਗਏ ਲੁਧਿਆਨੇ ਗਏ ਅਤੇ ਅੰਮ੍ਰਿਤਸਰ ਗਏ ਅਤੇ ਹਰ ਥਾਂ ਤੇ ਇਨ੍ਹਾਂ ਦੇ ਨਾਲ ਸ੍ਰੀ ਵਰਿੰਦਰ, ਲਾਲਾ ਜਗਤ ਨਰਾਇਣ ਅਤੇ ਸ਼੍ਰੀ ਯਸ਼ ਸਨ ਅਤੇ ਇਨਾਂ ਨੇ ਆਪ ਲੋਕਾਂ ਨੂੰ ਚਕ ਕੇ ਇਸ ਤਰ੍ਹਾਂ ਦੀ ਅਗ ਪੰਜਾਬ ਵਿਚ ਲਗਾ ਦਿਤੀ ਹੈ ਅਤੇ ਅਜ ਇਸ ਗਲ ਤੋਂ ਇਨਕਾਰ ਕਰਦੇ ਹਨ।

(ਵਿਘਨ, ਸ਼ੋਰ)

Mr. Speaker : This is no point of order

ਸਰਦਾਰ ਲਛਮਣ ਸਿਘ ਗਿੱਲ : ਆਨ ਏ ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ : ਆਰਡਰ ਪਲੀਜ, ਨੋ ਇਨਟਰਪਸ਼ਨਜ (Order please, no interruptions)

ਸਰਦਾਰ ਲਛਮਣ ਸਿੰਘ ਗਿੱਲ : ਐਜੂਕੇਸ਼ਨ ਮਨਿਸਟਰ ਨੇ ਹੀ ਤਾਂ (x x) ਮਚਵਾਈ ਹੈ। (ਵਿਘਨ, ਸ਼ੋਰ)

Education Minister : You should talk sense.

Sardar Ajaib Singh Sandhu : You are not the only sensible person to talk sense.

Education Minister : I know whether you are sensible or I am sensible.

(शोर, विघन)

Mr. Speaker : Order, please.

शिक्षा मंत्री : अगर आप यह समझते है कि इस तरह से शोर मचा कर आप मुझे दबा सकते हैं तो मैं इस तरह दबने वाला नहीं हूं। जनाबे आली, मैं यह अर्ज करना चाहता हूं कि यह जो कहते रहे हम सब ने सुना अब इन्हें जरा ठंडे दिल से सारी बात को सुन लेना चाहिए। बात सुनने की जुर्त होनी चाहिए। इस तरह शोर मचाने से मैं दब नहीं सकता।

(विघन, शोर)

Note.—Expunged as ordered by the chair.

सरदार लछमन सिंह गिल : कोई आदमी हो तो बात सुने । (विघन)

सरदार अजायब सिंह सन्धु : आन ए प्वायंट आफ आर्डर, सर ।

श्री अध्यक्ष : आर्डर प्लीज । मैं, सरदार गुरनाम सिंह जी, आप से कहना चाहता हूं कि आप की पार्टी में दो मेम्बर सरदार लछमन सिंह गिल और सरदार अजायब सिंह सन्धु यह समझते हैं कि जो वह कहते हैं वही ठीक है और चाहे कुछ भी हो । (Order please, I would like to point out to Sardar Gurnam Singh that two members of his party viz, Sarvshri Lachhman Singh Gill and Ajaib Singh Sandhu appear to feel that whatever they say is correct although others may not subscribe to them (विघन, शोर)

ਸਰਦਾਰ ਲਛਮਨ ਸਿੰਘ ਗਿਲ : ਸਾਡੇ ਵਿਚ ਹਿਮਤ ਹੈ ਅਤੇ ਜੁਰੱਤ ਨਾਲ ਕਹਿ ਸਕਦੇ ਹਾਂ ।

श्री अध्यक्ष : आर्डर प्लीज । इसलिए मैं आप से रिक्वेस्ट करूंगा कि जो कुछ मिनिस्टर साहिब कहना चाहें उनकी बात को पूरी करने देना चाहिए, चाहे आप के ख्याल उस के बारे में कुछ ही क्यों न हो लेकिम यह बात नहीं होनी चाहिए कि उन की बात को सुना ही न जाए । (Order please, I would, therefore, request you to let the Minister have his say irrespective of your individual opinion in relation to him But he should not go unheard I would request you to persuade them not to interrupt)

ਸਰਦਾਰ ਗੁਰਨਾਮ ਸਿੰਘ : ਮੈਂ ਤਾਂ ਸੁਣਾਂਗਾ ਪਰ ਜਿਹੜਾ ਲਹਿਜਾ ਇਹ ਇਸਤੇਮਾਲ ਕਰ ਰਹੇ ਹਨ ਉਸ ਤੋਂ ਇਹ ਕੀ ਲੋਕਾਂ ਪਾਸੋਂ ਐਕਸਪੈਕਟ ਕਰਦੇ ਹਨ ।

Mr. Speaker : First of all persuade your members not to interrupt.

शिक्षा मंत्री : मैं फिर यह अर्ज़ करता हूं कि जो लीडर इस तरह की मांग करता है कि हमें अलहदा मुल्क दिया जाए वह हकीकत की दुनिया में नहीं रहता (विघन, शोर)

श्री अध्यक्ष : आर्डर प्लीज़ (Order please)

ਸਰਦਾਰ ਲਛਮਨ ਸਿੰਘ ਗਿਲ : ਆਨ ਏ ਪੁਆਇੰਟ ਆਫ਼ ਆਰਡਰ, ਸਰ .... ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸ੍ਰੀ ਪ੍ਰਬੋਧ ਚੰਦਰ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਕੁਰੁਕਸ਼ੇਤਰ ਵਿਚ ਇਨ੍ਹਾਂ ਨੂੰ ਕੋਈ ਐਡਰੈਸ ਪੇਸ਼ ਕੀਤਾ ਗਿਆ ਸੀ ਜਿਸ ਵਿਚ ਇਸ ਤਰ੍ਹਾਂ ਦੀ ਕੋਈ ਗਲ ਲਿਖੀ ਹੋਈ ਸੀ ਜਿਸ ਦਾ ਇਨ੍ਹਾਂ ਨੇ ਜਵਾਬ ਦੇਣਾ ਮੁਨਾਸਿਬ ਸਮਝਿਆ ਅਤੇ ਪੰਜਾਬ ਦੇ ਪੀਸ ਨੂੰ ਖਤਰੇ ਵਿਚ ਪਾ ਦਿਤਾ, ਜਾਂ ਇਨ੍ਹਾਂ ਨੇ ਪੀਸ ਕਾਇਮ ਕਰਨ ਦੀ ਖਾਤਰ ਇਸ ਤਰ੍ਹਾਂ ਦੀਆਂ ਗੱਲਾਂ ਕਹੀਆਂ । ਕੀ ਜਦ ਇਹ ਸਪੋਰਟਸ ਕਾਲੇਜ ਵਿਚ ਗਏ ਤਾਂ ਇਨ੍ਹਾਂ ਨੂੰ ਜਿਹੜਾ ਐਡਰੈਸ ਪੇਸ਼ ਕੀਤਾ ਗਿਆ ਉਸ ਵਿਚ ਇਸ ਗਲ ਦਾ ਖਦਸ਼ਾ ਜ਼ਾਹਿਰ ਕੀਤਾ ਗਿਆ ਸੀ, ਜੇਕਰ ਨਹੀਂ ਤਾਂ ਉਥੇ ਜਾ ਕੇ ਇਸ ਤਰ੍ਹਾਂ ਦੀਆਂ ਗੱਲਾਂ ਕਹਿਣ ਦੀ ਕੀ ਨਸੈਸਿਟੀ ਅਰਾਈਜ਼ ਹੋਈ ਸੀ ।

ਸੀ ਸਪੀਕਰ : ਆਰਡਰ ਪਲੀਜ਼ (Order please)

शिक्षा मंत्री : अगर उन्हों ने मेरी सारी तकरीर सुनी होती तो इस तरह का सवाल न करते । मैं ने पहले ही ज़िक्र किया था कि वहां के रेस्ट हाउस में मुझे कुछ दोस्त मिले ..... (विघ्न)

सरदार लछमन सिंह गिल : नेम दैम । कौन थे वह ।

शिक्षा मंत्री : उन दोस्तों ने खदशात जाहिर किए । उन के खदशात का जवाब देते हुए मैं ने कहा था कि सन 1947 के वाक्यात अंग्रेज की एक तहशुदा पालेसी के मुताबिक हुए । लेकिन आज एक आज़ाद मुल्क में इस तरह से डरने की कोई ज़रूरत नहीं और न ही कोई किसी मज़हब की बिना पर अलहदा मुल्क बनने वाला है । (विघ्न, शोर)

ਸਰਦਾਰ ਗੁਰਨਾਮ ਸਿੰਘ : ਸਾਡੀਆਂ ਤਾਂ ਐਲੀਗੇਸ਼ਨਜ਼ ਇਹ ਹਨ ਕਿ ਪ੍ਰਾਈਵੇਟਲੀ ਤੁਸਾਂ ਇਨ੍ਹਾਂ ਲੋਕਾਂ ਨੂੰ ਮਿਲਦੇ ਹੋ ਜਿਹੜੇ ਅਮਨ ਕਾਇਮ ਨਹੀਂ ਕਰਨਾ ਚਾਹੁੰਦੇ । (ਵਿਘਨ, ਸ਼ੋਰ)

Sardar Ajaib Singh Sandhu: Name those friends.

Mr. Speaker: Order please.

शिक्षा मन्त्री : जनाबे आली, मैं तो यह कहूंगा कि मेरी तरफ से पंजाब के एजूकेशन डिपार्टमेंट मिनिस्टर को 10 तारीख को हिदायत गई है और वह आज तयार नहीं की गई। गवर्नमेन्ट के रिकार्ड में उस तारीख की फ़ाइल में मौजूद है कि तमाम सी० औज़० इ० और डी० इ० औज़० की तरफ से तमाम डिनामीनेंश्नल कालेजों और स्कूलों में हिदायत कर दी जाए कि उन की मैनेजिंग कमेटियां इस बात का ख्याल रखें कि अगर वह इस तरह के झगड़े में किसी तरह से भी कनाइत करेंगे तो उन की ग्रांटस को बंद कर दिया जाएगा । और यह हिदायतें तमाम जगहों पर पहुंच गई हैं । (विघ्न)

ਸਰਦਾਰ ਅਜਾਇਬ ਸਿੰਘ ਸੰਧੂ : ਕੀ ਤੁਹਾਡੇ ਨਾਲ ਯਸ਼ ਜੀ ਨਹੀਂ ਸਨ ?

शिक्षा मन्त्री : अब यह कहा गया कि मैं यश जी को मिला हूं और वह मेरे साथ थे लेकिन मैं ने आज उनको कई दिनों के बाद तो यहां पर इस हाउस में देखा है ।

ਸਰਦਾਰ ਲਛਮਣ ਸਿੰਘ ਗਿਲ. ਕੀ ਤੁਹਾਡੇ ਨਾਲ ਹਰ ਥਾਂ ਲਾਲਾ ਜਗਤ ਨਰਾਇਣ ਅਤੇ ਸ੍ਰੀ ਵਰਿੰਦਰ ਨਹੀਂ ਸਨ ਗਏ ?

शिक्षा मन्त्री: मैं ने सरकट हाउस में मीटिंग बुलाई थी। वहां पर डी.सी. एस.पी. थे, अकाली भाई थे और दूसरी पार्टियों के आदमी भी मौजूद थे। और मैं ने उन्हें ऐडरैस किया। इसी तरह जालंधर अमृतसर में और लुधियाना में भी मीटिंग को ऐंडरैस किया। मेरे साथ वीरेन्द्र जी भी थे और लाला जगत नारायण जी भी थे। मैं उन को इन से ज्यादा ज़िमेवार समझता हूं। (विघन, शोर) और मैं उन की इन से कहीं ज्यादा इज्जत करता हूँ। वह आप से हज़ार दर्जा बेहतर इन्सान हैं।

Sardar Ajaib Singh Sandhu: The cat has come out of the bag now, Mr. Speaker.

(*Interruption, noise*)

Mr. Speaker : Order, please. No interruptions.

Giani Kartar Singh : On a point of order Sir.

Mr. Speaker : Order, please, I am standing

ਗਿਆਨੀ ਕਰਤਾਰ ਸਿੰਘ : ਆਨ ਏ ਪਵਾਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ: ਗਿਆਨੀ ਜੀ, ਮੈਂ ਖੜਾ ਹਾਂ। ਤੁਸੀਂ ਬੈਠ ਜਾਉ।

मैं फिर मेम्बर साहिबान से रिक्वेस्ट करना चाहता हूं कि इस तरह से इन्ट्रप्ट नहीं करना चाहिए क्योंकि इस तरह से हाउस की प्रोसीडिंगज नहीं चल सकतीं। आप का रिएकशन कुछ भी हो सकता है और जो आप ने स्पीचें की हैं उन के बारे में भी कोई और रिएक्शन हो सकता है। इस लिए इस तरह की इन्ट्रप्शन्ज नहीं होनी चाहिए (विघन) आर्डर प्लीज। (I am on my legs. The hon. Member Giani Ji may please resume his seat. I would again request the hon. members not to resort to such interruptions because the proceedings of the House cannot be conducted smoothly in this manner. You may have a different reaction and the speeches which you have made might have also found reaction in a different way. Therefore, such interruptions should not be repeated (Interruptions) Order please.)

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ: ਸਪੀਕਰ ਸਾਹਿਬ, ਮੇਰੀ ਇਹ ਅਰਜ਼ ਹੈ ਕਿ ਹੁਣੇ ਹੀ ਕੁਝ ਹੋਰ ਵਾਕਿਆਤ ਹੋ ਗਏ ਹਨ ਇਸ ਲਈ ਮੈਨੂੰ ਕੁਝ ਵਕਤ ਅਰਜ ਕਰਨ ਲਈ ਦਿੱਤਾ ਜਾਵੇ। ਪਜ ਸਤ-ਮਿੰਟ ਬੋਲਣ ਦਿਤਾ ਜਾਵੇ। ਚੰਡੀਗੜ੍ਹ ਵਿਚ ਇਕ ਸਿਨੇਮਾ ਜਲਾ ਦਿੱਤਾ ਗਿਆ ਹੈ ਅਤੇ ਹੋਰ ਵਾਰਦਾਤਾਂ ਹੁਣ ਹੋ ਰਹੀਆਂ ਹਨ......... (ਵਿਘਨ)

Mr. Speaker : Please take your seat.

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : ਕੀ ਮੇਰੇ ਤੇ ਕੋਈ ਤੁਸੀਂ ਪਾਬੰਦੀ ਲਗਾਈ ਹੋਈ ਹੈ ਕਿ ਮੈਂ ਬੋਲ ਨਹੀਂ ਸਕਦਾ ? (ਵਿਘਨ)

ਸ੍ਰੀ ਸਪੀਕਰ : ਆਰਡਰ, ਪਲੀਜ਼ (Order please.)

शिक्षा मन्त्री : जनाबे ग्राली, मैं बड़े जोर से कहना चाहता हूं कि यह चीज बिल्कुल बेबुन्याद ग्रौर गलत है। मेरी तरफ से किसी को बरगलाया नहीं गया । सर्वश्री वीरेंद्र ग्रौर यश जिन के मुताल्लिक इन लोगों को शिकवा है, मैं उन की इन लोगों की निसबत हजार दरजे ज्यादा इज्जत करता हूं । इस लिये कि इन लोगों ने इस सूबे की शान को ऊंचा किया है। मैं ग्रगर उन से मिला हूँ तो मैं ने कोई ऐसा गुनाह नहीं किया । लुध्याना में जब मैं इन से मिला तो ग्रौर बीसियों ग्रकाली भी वहां माजूद थे । वहां पर सरदार हरनाम सिह लुध्याना वाले थे । इसके ग्रलावा प्रैजीडैंट कलगीधर गुरदवारा ग्रौर इन की मैनेजिग कमेटी के जरनल सैक्रेटरी भी थे । मैं कहता हूं मैंने इस सारी चीज को बहुत ही बुरी तरह कंडैम किया है । ग्रगर एक ग्रादमी भी, जो कि वहां था, यह कह दे कि मैं ने कंडैम नहीं किया तो जो मरजी सज़ा दें । ग्रमृतसर में कोई चार बजे पहुंचा हूँ दो बजे तक मैं जालन्धर में ही था । वहां पर लोगों ने मुझे इँसिस्ट किया कि शहर की हालत खराब नहीं है करफ्यू हटाग्रो, यह मांग उन लोगों ने मेरे सामने की । मैं ने उन को यह कहा कि करफ्यू लगाना या करफ्यू हटाना यह लोकल ग्रथारिटीज़ का काम है । ग्राप ग्रपने ऐमाल से ग्रगर साबत कर देंगे कि ग्रमन है तो करफ्यू हट सकता है। ग्राप मेरे ग्रल्फाज की तसल्ली किसी से भी जो वहां था, पूछ कर कह सकते हैं । एक तरफ तो ग्राप कहते हैं कि मैं फिरकादार हूं दूसरी तरफ ग्राप कहते हैं मैं लोगों को बरगलाता हूं ग्रगर मैं ग्रमन कायम करने के लिये दौड़ धूप करता हूं । मैं जब श्री यज्ञ दत्त जी से रिक्वेस्ट करने गया हूं. मैं ही जानता हूं कि किस बुरी तरह से वहां की सिचूएशन को हैंडल किया गया। वहां मेरे ऊपर पत्थर पड़े, मेरी कार के शीशे तोड़ दिये । स्पीकर साहिब, मैं ग्राप से रिक्वेस्ट करूंगा कि ग्राप इस तरह से किसी खास ग्रादमी के बारे में किसी तरह का प्रापेगंडा करने की इन को इजाजत न देंगे । सरदार ग्रजायब सिंह की बात भी मैं समझता हूं कि मैंने उन के एक काम में जवाब दिया है । मगर ग्रगर यह समझते हैं कि इस तरह के इलज़ाम लगा कर या किसी तरह का दबाव डालकर यह ग्रपना काम करवाना चाहते हैं तो मैं हरगिज हरगिज इनकी बातों में ग्राने वाला नहीं हूं । इस तरह की इनकी bullying में मैं हरगिज़ नहीं ग्राऊंगा ।

(*Interruptions*)

चौधरी देवी लाल : On a point of order, Sir, आनरेबल मैंबर के खिलाफ एक आनरेबल मिनिस्टर ने यह इलजाम लगाया है कि यह मेरे डिपार्टमेंट में काम कराने की गरज़ से आये। मैं कहता हूं कि हर लैजिसलेटर का यह हक है कि वह अपने इलाके की तकालीफ दूर कराने के लिये मुताल्लिका आफीसर या वज़ीर से मिलें। मगर क्या कोई वज़ीर लैजिसलेटर को इस तरह से बदनाम कर सकता है (No reply from the chair)

PERSONAL EXPLANATION BY SARDAR AJAIB SINGH SANDHU

ਸਰਦਾਰ ਅਜਾਇਬ ਸਿੰਘ ਸੰਧੂ (ਮੁਰਿੰਡਾ, ਐਸ. ਸੀ.) : ਆਨ ਏ ਪੁਆਇੰਟ ਆਫ ਪਰਸਨਲ ਐਕਪਲਾਨੇਸ਼ਨ । ਏਥੇ ਹੁਣੇ ਸ੍ਰੀ ਪ੍ਰਬੋਧ ਚੰਦਰ ਨੇ ਕਿਹਾ ਹੈ ਕਿ ਮੈਂ ਉਨ੍ਹਾਂ ਨੂੰ ਕਿਸੇ ਕੰਮ ਬਾਰੇ ਕਿਹਾ । ਉਨ੍ਹਾਂ ਨੇ ਜਵਾਬ ਦੇ ਦਿੱਤਾ ਇਸ ਕਰਕੇ ਮੈਂ ਨਾਰਾਜ਼ਗੀ ਵਿੱਚ ਉਨ੍ਹਾਂ ਤੇ ਇਸ ਤਰ੍ਹਾਂ ਦੇ ਇਲਜ਼ਾਮ ਲਾਉਂਦਾ ਹਾਂ । ਮੈਂ ਇਹ ਗੱਲ ਹਾਊਸ ਵਿਚ ਸਾਫ਼ ਕਰ ਦੇਣੀ ਚਾਹੁੰਦਾ ਹਾਂ ਕਿ ਨਾ ਮੈਂ ਉਨ੍ਹਾਂ ਨੂੰ ਏਥੇ ਅਤੇ ਨਾ ਹੀ ਕਦੇ ਦਫਤਰ ਵਿੱਚ ਮਿਲਿਆ ਹਾਂ ਅਤੇ ਨਾ ਹੀ ਘਰ ਮਿਲਿਆਂ ਹਾਂ ਕਿਸੇ ਕੰਮ ਵਾਸਤੇ ਪਿਛਲੇ 2-3 ਮਹੀਨਿਆਂ ਵਿੱਚ ਉਨ੍ਹਾਂ ਨੇ ਗਲਤ ਕਿਹਾ ਹੈ । ਐਜੂਕੇਸ਼ਨ ਦੇ ਸਬੰਧ ਵਿਚ ਜਿਤਨੇ ਵੀ ਕੰਮ ਹਨ ਉਹ ਡੀ. ਪੀ. ਆਈ. ਰਾਂਹੀਂ ਅਪਨੇ ਆਪ ਹੀ ਹੋ ਜਾਂਦੇ ਹਨ । ਮੇਰੇ ਮੁਤੱਲਿਕ ਉਨ੍ਹਾਂ ਨੇ ਬਿਲਕੁਲ ਗਲਤ ਕਿਹਾ ਹੈ । ਮੈਂ ਅਜ ਫੇਰ ਕਹਿੰਦਾ ਹਾਂ ਕਿ ਇਨ੍ਹਾਂ ਦੀ ਸ਼ਹਿ ਹੈ, ਜਿਤਨੀ ਗੜਬੜ ਹੁੰਦੀ ਹੈ ਇਨ੍ਹਾਂ ਰਾਹੀ ਹੁੰਦੀ ਹੈ । ਮਹਾਸ਼ਾ ਯਸ਼ ਤੇ ਵਿਰੇਂਦਰ ਨੂੰ ਇਨਾਂ ਨੇ ਖੁਲ੍ਹੀ ਛੁੱਟੀ ਦੇ ਰੱਖੀ ਹੈ ਕਿ ਲੋਕਾਂ ਨੂੰ ਭੜਕਾਉ, ਇਹ ਬਿਲਕੁਲ ਝੂਠ ਬੋਲਦੇ ਹਨ ।

ਸ੍ਰੀ ਸਪੀਕਰ: ਸਰਕਾਰ ਅਜਾਇਬ ਸਿੰਘ ਜੀ, ਪਰਸਨਲ ਐਕਸਪਲੇਨੇਸ਼ਨ ਵਿੱਚ ਇਸ ਤਰ੍ਹਾਂ ਦੀਆਂ ਚੀਜ਼ਾਂ ਨਹੀਂ ਆਉਂਦੀਆਂ । ਤੁਸੀਂ ਤਾਂ ਸਪੀਚ ਕਰਨੀ ਸ਼ੁਰੂ ਕਰ ਦਿੱਤੀ । (I would like to remind the hon. Member that such things are not covered by Personal Explanation. He has started making a speech.

ADJOURNMENT MOTIONS (RESUMPTION).

S. Gurcharn Singh : On a point of order, Sir.

ਸ੍ਰੀ ਸਪੀਕਰ : ਮੈਂ ਅਰਜ਼ ਕਰਾਂਗਾ ਕਿ ਹਾਊਸ ਦੀਆਂ ਫੀਲਿੰਗਜ਼ ਨੂੰ ਸਾਮ੍ਹਣੇ ਰਖਦੇ ਹੋਏ ਮੈਂ ਇਸ ਸਬਜੈਕਟ ਤੇ ਜਿਤਨਾ ਵੀ ਪਾਸੀਬਲ ਹੋ ਸਕਦਾ ਸੀ ਬੋਲਣ ਦਾ ਬਹੁਤ ਸਾਰੇ ਮੈਂਬਰਾਨ ਨੂੰ ਮੌਕਾ ਦਿੱਤਾ ਹੈ (I would like to point out that keeping in view the feeling of the House I have allowed opportunity to a maximum possible number of hon. Members to express themselves on this issue).

ਸਰਦਾਰ ਤਾਰਾ ਸਿੰਘ : ਅਜੇ ਹੋਰ ਬੰਦੇ ਬੋਲਣੇ ਹਨ ਜੀ ।

ਸ੍ਰੀ ਸਪੀਕਰ : ਸਰਦਾਰ ਤਾਰਾ ਸਿੰਘ ਜੀ ਜਦ ਮੈਂ ਬੋਲ ਰਿਹਾ ਹਾਂ ਤਾਂ ਇਸ ਤਰ੍ਹਾਂ ਦਰਮਿਆਨ ਵਿਚ ਇੰਟਰਪਟ ਕਰਨਾ ਮੈਨੂੰ ਅੱਛਾ ਨਹੀਂ ਲਗਦਾ । ਅਗਰ ਹਾਊਸ ਕਾਰਵਾਈ ਆਪਣੀ ਮਰਜ਼ੀ ਨਾਲ ਚਲਾਉਣਾ ਚਾਹੁੰਦਾ ਹੈ ਤਾਂ ਜੁਦਾ ਗੱਲ ਹੈ, ਨਹੀਂ ਤਾਂ ਮੇਰੇ ਖਿਆਲ ਅਨੁਸਾਰ ਜਿਤਨੇ ਵੀ ਵਧ ਤੋਂ ਵਧ ਨੂੰ ਬੋਲਣ ਦਾ ਮੌਕਾ ਦਿੱਤਾ ਜਾ ਸਕਦਾ ਸੀ ਬੋਲਣ ਦੀ ਅਜਾਜ਼ਤ ਦੇ ਦਿੱਤੀ ਗਈ ਹੈ । ਹੁਣ ਹੋਰ ਕਿਸੇ ਨੂੰ ਅਜਾਜ਼ਤ ਨਹੀਂ ਦਿੱਤੀ ਜਾ ਸਕਦੀ । ਹੁਣ ਸਿਰਫ ਚੀਫ ਮਨਿਸਟਰ ਸਾਹਿਬ ਹੀ ਬੋਲਣਗੇ । ਜੇਕਰ ਕਿਸੇ ਮੈਂਬਰ ਵੱਲੋਂ ਰੁਕਾਵਟ ਪਾਉਣ ਦੀ ਕੋਸ਼ਸ਼ ਕੀਤੀ ਜਾਵੇਗੀ ਤਾਂ ਹਾਊਸ ਐਡਜਰਨ ਕਰ ਦਿੱਤਾ ਜਾਵੇਗਾ । (Sardar Tara Singh Ji, I do not like such interruptions when I am speaking. It is a separate matter if the House want to conduct the proceedings of their own accord, otherwise I feel that maximum number of hon. Members have been allowed to express their views on the subject. No more hon. Member can now be permitted to speak. Now only the Chief Minister will take the floor. In case any hon. Member insisted to obstruct the proceedings I would adjourn the House.)

(ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ ਅਤੇ ਬਾਬੂ ਅਜੀਤ ਕੁਮਾਰ ਬੋਲਣ ਲਈ ਉਠੇ ।)

ਸਰਦਾਰ ਨਾਰਾਇਣ ਸਿੰਘ ਸਹਿਬਾਜ਼ਪੁਰੀ : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਚੀਫ ਮਿਨਿਸਟਰ ਸਾਹਿਬ ਬੋਲਣ ਚੰਗਾ ਹੁੰਦਾ ਕਿ ਮੈਨੂੰ ਕੁਝ ਕਹਿਣ ਦੀ ਅਜਾਜ਼ਤ ਦਿੱਤੀ ਜਾਂਦੀ। ਉਹ ਮੇਰੀ ਗਲ ਸੁਣ ਲੈਂਦੇ ਫੇਰ ਜਵਾਬ ਦਿੰਦੇ ।

ਸ੍ਰੀ ਸਪੀਕਰ : ਬਹੁਤ ਟਾਈਮ ਹੋ ਚੁਕਾ ਹੈ; ਹੁਣ ਤੁਸੀਂ ਬੈਠ ਜਾਓ । (A lot of time has already been taken, Please resume your seat now.)

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣੋ, ਹੁਣ ਦਾ ਵਾਕਾ ਹੈ । ਉਥੇ ਨੀਲਮ ਸਿਨਮਾ ਦੇ ਸ਼ੀਸ਼ੇ ਤੋੜ ਦਿੱਤੇ ਗਏ ਹਨ (ਵਿਘਨ) ਗੜਬੜ ਕਰਨ ਵਾਲੇ ਨੁਕਸਾਨ ਕਰੀ ਜਾ ਰਹੇ ਹਨ (ਵਿਘਨ) ਜੇ ਹੁਣ ਨਹੀਂ ਤਾਂ ਚੀਫ ਮਿਨਿਸਟਰ ਦੇ ਪਿਛੋਂ ਬੋਲਣ ਦਾ ਮੌਕਾ ਦੇ ਦੇਣਾ । (ਵਿਘਨ) ਸਪੀਕਰ ਸਹਿਬ........

ਸ੍ਰੀ ਸਪੀਕਰ : ਬੈਠ ਜਾਓ ਜੀ, (Please resume your seat,)

NAMING OF A MEMBER

ਸ੍ਰੀ ਸਪੀਕਰ : ਅਜੀਤ ਕੁਮਾਰ ਜੀ, ਬੈਠ ਜਾਉ (Babu Ajit Kumar should please resume his seat,)

ਬਾਬੂ ਅਜੀਤ ਕੁਮਾਰ : ਸਪੀਕਰ ਸਾਹਿਬ, ਮੈਂ ਬੈਠਣ ਵਾਸਤੇ ਤਿਆਰ ਹਾਂ, ਜੇਕਰ ਮੈਨੂੰ ਅਜਾਜ਼ਤ ਦਿੱਤੀ ਜਾਵੇ ਕਿ ਪਿਛੋਂ ਬੋਲਣ ਦਿੱਤਾ ਜਾਵੇਗਾ ।

ਸ੍ਰੀ ਸਪੀਕਰ : ਸ੍ਰੀ ਅਜੀਤ ਕੁਮਾਰ ਜੀ, ਆਪ ਨੂੰ ਦੁਬਾਰਾ ਬੋਲਣ ਦੀ ਅਜਾਜ਼ਤ ਨਹੀਂ ਦਿੱਤੀ ਜਾ ਸਕਦੀ । ਬੈਠ ਜਾਓ ਹੁਣ ਪ੍ਰੋਸੀਡਿੰਗਜ਼ ਇੰਟਰਪਟ ਨਾ ਕਰੋ । (The hon. Member Babu Ajit Kumar can not be permitted to speak again. He should resume his seat and not interrupt the proceedings.)

(ਬਾਰ ਬਾਰ 'ਬੈਠ ਜਾਓ' ਕਹਿਣ ਦੇ ਬਾਵਜੂਦ ਵੀ ਆਪ ਖੜ੍ਹੇ ਰਹੇ)

ਬਾਬੂ ਅਜੀਤ ਕੁਮਾਰ : ਸਪੀਕਰ ਸਾਹਿਬ, ਕੀ ਦੋ ਮਿੰਟ ਵਾਸਤੇ ਮੈਨੂੰ ਬੋਲਣ ਦੀ ਅਜਾਜ਼ਤ ਨਹੀਂ ਦਿੱਤੀ ਜਾ ਸਕਦੀ ?

Mr. Speaker : It is for me to regulate the proceedings.

ਬਾਬੂ ਅਜੀਤ ਕੁਮਾਰ ; ਮੇਰਾ ਆਪਣਾ ਰਾਈਟ ਹੈ ਬੋਲਣ ਦਾ । ਸਪੀਕਰ ਸਾਹਿਬ, ਮੈਂ ਪੁਛਦਾ ਹਾਂ ਕਿ ਮੈਨੂੰ ਬੋਲਣ ਦੀ ਅਜਾਜ਼ਤ ਕਿਉਂ ਨਹੀਂ ਦਿੱਤੀ ਜਾ ਸਕਦੀ ?

ਸ੍ਰੀ ਸਪੀਕਰ : ਮੇਰੇ ਬਾਰ ਬਾਰ ਕਹਿਣ ਤੇ ਕਿਉਂਕਿ ਬਾਬੂ ਅਜੀਤ ਕੁਮਾਰ ਹਾਊਸ ਦੀਆਂ ਪ੍ਰੋਸੀਡਿੰਗਜ਼ ਨੂੰ ਇੰਟਰਪਟ ਕਰਦੇ ਹਨ, ਇਸ ਲਈ ਮੈਂ ਹੁਕਮ ਦਿੰਦਾ ਕਿ ਉਹ ਹਾਊਸ ਵਿਚੋਂ ਬਾਹਰ ਚਲੇ ਜਾਣ । (Despite my repeated requests Babu Ajit Kumar is interrupting the proceedings of the House, therefore order him to withdraw from the House.)

(ਸ੍ਰੀ ਅਜੀਤ ਕੁਮਾਰ ਖੜ੍ਹੇ ਰਹੇ ਅਤੇ ਇਹ ਕਹਿਕੇ ਕਿ ਬੋਲਣਾ ਮੇਰਾ ਰਾਈਟ ਹੈ ਹਾਊਸ ਵਿਚ ਵਿਘਨ ਪਾਉਂਦੇ ਰਹੇ)

Mr. Speeker. Please withdraw from the House (interruption).

ਕਿਉਂਕਿ ਇਹ ਹਾਊਸ ਵਿਚੋਂ ਵਿਦਡਰਾ ਨਹੀਂ ਹੋ ਰਹੇ ਇਸ ਲਈ ਮਜਬੂਰਨ ਮੈਨੂੰ ਮਾਰਸ਼ਲ ਭੇਜਣਾ ਪੈ ਰਿਹਾ ਹੈ [Please withdraw from the House (Interruption). (Since he is not withdrawing from the House I am compelled to direct the Serjeant at Arms to enforce my orders) (ਮਾਰਸ਼ਲ ਨੇ ਆਨਰੇਬਲ ਮੈਂਬਰ ਦੀ ਬਾਂਹ ਨੂੰ ਹਥ ਲਗਾਇਆ ਅਤੇ ਉਹ ਆਪਣੀ ਸੀਟ ਤੇ ਬੈਠ ਗਏ)

(ਚੌਧਰੀ ਨੇਤ ਰਾਮ ਨੇ ਵਿਘਨ ਪਾਉਣਾ ਸ਼ੁਰੂ ਕਰ ਦਿੱਤਾ)

ਸ੍ਰੀ ਸਪੀਕਰ : ਚੌਧਰੀ ਨੇਤ ਰਾਮ ਜੀ, ਆਪ ਬੈਠ ਜਾਏਂ । ਅਜੀਤ ਕੁਮਾਰ ਜੀ, ਵਿਦਡਰਾ ਫਰਾਮ ਦੀ ਹਾਊਸ । (Chaudhri Net Ram should resume his seat and Babu Ajit Kumar should withdraw from the House).

ਬਾਬੂ ਅਜੀਤ ਕੁਮਾਰ : ਸਪੀਕਰ ਸਾਹਿਬ, ਇਕ ਮੈਂਬਰ ਦੀ ਆਵਾਜ਼ ਨੂੰ ਇਸ ਤਰ੍ਹਾਂ ਦਬਾਉਣ ਦਾ ਤੁਹਾਨੂੰ ਕੋਈ ਹਕ ਨਹੀਂ ਹੈ । ਤੁਸੀਂ ਇਸ ਆਵਾਜ਼ ਨੂੰ ਹੋਰ ਕਿਤਨੀ ਦੇਰ ਤੱਕ ਦਬਾਉਂਦੇ ਚਲੇ ਜਾਓਗੇ........ (ਵਿਘਨ-ਸ਼ੋਰ)

ਕਾਮਰੇਡ ਰਾਮ ਪਿਆਰਾ: ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ ਮੇਰੀ ਪਰਾਰਥਨਾ ਹੈ ਕਿ ਮੈਂ ਸ੍ਰੀ ਅਜੀਤ ਕੁਮਾਰ ਨੂੰ ਪਰਸੂਏਡ ਕਰਦਾ ਹਾਂ । ਮੈਂ ਉਸ ਨੂੰ ਕਹਿ ਦਿੰਦਾ ਹਾਂ ਕਿ ਜੋ ਲਫਜ਼ ਉਸ ਨੇ ਕਹੇ ਹਨ ਉਹ ਵਿਦਡਰਾ ਕਰ ਲੈਂਦਾ ਹੈ । ਤੁਸੀਂ ਸ੍ਰੀ ਅਜੀਤ ਕੁਮਾਰ ਨੂੰ ਦੋ ਮਿੰਟ ਲਈ ਇਜਾਜ਼ਤ ਦੇ ਦਿਓ ।

Mr. Speaker: I am sorry that can never be allowed. (interruption)

ਬਾਬੂ ਅਜੀਤ ਕੁਮਾਰ : ਸਪੀਕਰ ਸਾਹਿਬ, ਤੁਸੀਂ ਕਿਹੜੇ ਰੂਲ ਦੇ ਤਹਿਤ ਮੈਨੂੰ ਬੋਲਣ ਨਹੀਂ ਦਿੰਦੇ.... .....(ਵਿਘਨ)

Mr. Speaker: Please withdraw from the House.

ਬਾਬੂ ਅਜੀਤ ਕੁਮਾਰ : ਸਪੀਕਰ ਸਾਹਿਬ, ਮੈਂ ਆਪਣਾ ਰਾਈਟ ਐਕਸਰਸਾਈਜ਼ ਕਰਨਾ ਚਾਹੁੰਦਾ ਹਾਂ (ਵਿਘਨ)

Mr. Speaker: Please withdraw from the House.

ਬਾਬੂ ਅਜੀਤ ਕੁਮਾਰ : ਮੈਂ ਪਰੋਟੈਸਟ ਦੇ ਤੌਰ ਤੇ ਬਾਹਰ ਜਾਂਦਾ ਹਾਂ ।

(ਇਸ ਸਮੇਂ ਬਾਬੂ ਅਜੀਤ ਕੁਮਾਰ ਮਾਰਸ਼ਲ ਦੁਆਰਾ ਬਾਹਰ ਗਏ ।)

PERSONAL EXPLANATIONS

श्री यश पाल (जालंधर-दक्षिण पश्छिम) : आन ए प्वायंट आफ पर्सनल एक्स-पलेनेशन, सर। स्पीकर साहिब, मैं गुजारिश करुंगा कि कल से बार बार मेरा जिक्र हो रहा है, अगर मैं अपना प्रसनल एक्सप्लेनेशन देता हुआ कुछ ज्यादा वक्त ले लूं तो आप इजाज़त दे देंगे, मेरे मुतालिक इतना जिक्र आया है ।

श्री अध्यक्ष : जो आप के खिलाफ एलीगेशन हैं उनका जवाब दें । मेहरबानी करके स्पीच ना करें । (He should reply only to the allegations made against him. He should not make a speech.)

श्री यश पाल : बार बार अकाली मैम्बरों और कम्यूनिस्ट मैम्बरों की तरफ से कहा गया कि यश को गरिफ्तार क्यों नहीं करते ।

ਅਕਾਲੀ ਮੈਂਬਰਾਂ ਵਲੋਂ ਆਵਾਜ਼ਾਂ : ਕਾਂਗਰਸ ਵਾਲਿਆਂ ਨੇ ਵੀ ਕਿਹਾ ਹੈ ।

श्री यश पाल : जिन्होंने कांग्रेस की तरफ से कहा है मैं उन्हें कांग्रेसी नहीं समझता, वह तो अकाली हैं ।

ਅਕਾਲੀ ਮੈਂਬਰਾਂ ਵਲੋਂ ਆਵਾਜ਼ਾਂ : ਯੂ ਆਰ ਏ ਜਨ ਸੰਘੀ ।

श्री यश पाल : अगर मेरे गिरफतार होने से अमन हो सकता है तो मैं अपने आप को गिरफ्तारी के लिए पेश करता हूं । इससे जो मुज़ाहरे मेरे खिलाफ हो रहे हैं वे नहीं होंगे । अब तो कांग्रेसियों को जलाया जा रहा है, कम अज़ कम जलने से तो बच जाउंगा । जस्टिस गुरनाम सिंह जी ने कहा है, कि यश ने कांग्रेस के डिसिप्लन को डिफाई किया है । मैं कांग्रेस के असूलों का पाबंद हूं, मैंने 7 बरस जेल में गुज़ारे । मेरे लिए कांग्रेस से डिफाई करने का सवाल पैदा नहीं होता । मैंनें कांग्रेस वर्किंग कमेटी के रेज़ोल्यूशन से इतफाक नहीं किया कुछ लोग ऐसे होतें हैं कि अपनी आत्मा को, ज़मीर को कुचल देते हैं । मेरी तबीयत इस से कुछ मुख्तलिफ हैं । अजीब बात है कि कल तक पंजाबी सूबे की डिमांड को कम्युनल कहा जाता था, और आज इसे फिरकाप्रस्ती की बजाए ज़बान के आधार पर कहा जा रहा है । आज हम इसकी मुखालफित करते हैं तो इस पर हमें फिरकाप्रस्त कहा जा रहा है । लोगों का अपना नज़रिया है । न ही अभी मेरे अस्तीफा देने का सवाल पैदा होता है । जिस दिन पंजाब को डिसइन्टैग्रेट किया जायगा उस दिन मैं कांग्रेस असैंबली पार्टी और असैंबली से अस्तीफा दे दूंगा । 18 बरस तक जिसकी मैं मुखालिफत करता रहा हूं अब मैं उसकी हिमायत नहीं कर सकता । इस बारे मे मैंने अपनें वोटरों को एशोरेंसिज़ दी हैं, वह मेरी अपनी नहीं है, वह पंडित जवाहर लाल जी नेहरु का वादा है । उस के मुताबिक मैंने लड़ाई लड़ी है और इस लड़ाई को जारी रखूंगा ।

ਸਰਦਾਰ ਗੁਰਚਰਨ ਸਿੰਘ . ਆਨ ਏ ਪੁਆਇੰਟ ਆਫ਼ ਆਰਡਰ ਸਰ । ਸਪੀਕਰ ਸਾਹਿਬ, ਤੁਸੀਂ ਪਰਸਨਲ ਐਕਸਪਲੇਨੇਸ਼ਨ ਵਾਸਤੇ ਇਜਾਜ਼ਤ ਦਿੱਤੀ ਹੈ ਕਿ ਜਿਹੜੇ ਐਲੀਗੇਸ਼ਨ ਲਾਏ ਹਨ ਉਨ੍ਹਾਂ ਬਾਰੇ ਕਹਿਣ । ਉਨ੍ਹਾਂ ਨੇ ਆਪਣੀ ਸਫਾਈ ਅਤੇ

1.00 p.m.

ਬੈਕ ਹਿਸਟਰੀ ਦੇਣੀ ਸ਼ੁਰੂ ਕਰ ਦਿੱਤੀ ਹੈ ਇਨ੍ਹਾਂ ਨੇ ਪਾਕਿਸਤਾਨ ਵਿਚ ਰਹਿਣਾ ਕਬੂਲ ਕਰ ਲਿਆ ਸੀ ।

श्री जगन्नाथ : आन ए प्वायंट आफ आर्डर, सर । श्री अजीत कुमार खड़े हुए वह बार 2 खड़े हुए। यह रिपब्लीकन पार्टी का व्यू रखना चाहते थे । उन्हें इजाज़त नहीं दी गई । श्री बनवारी लाल जी खड़े हुए तो उन्हें इजाज़त नहीं दी गई । जब हरिजन मैंबर खड़े होते हैं तो ऐसे ही होता है । जब यश जी खड़े होतें हैं तो इन्हें 15, 15 मिनट दे देते हैं । आपका यह रवैया ठीक नहीं । जो पंजाब का हिन्दू होता है उसे इजाज़त दे देते हैं । (विघ्न) जब हरिजन मैम्बर खड़ा होता है तो इजाज़त नहीं देते आप हरेक से ऐसा करते है ।

श्री अध्यक्ष : श्री जगन्नाथ, बैठिए । देखिए, आपने चेयर पर कुछ रिफलेक्शेज़ की हैं । अपने लफ़ज वापिस लें। (Sh. Jagan Nath to please resume his seat. He has made somerefelctions on the Chair. He should withdraw his words.)

श्री जगन्नाथ : मैंनें ठीक कहा है ।

श्री अध्यक्ष : आप वह लफज वापस लीजिए । (Please withdraw those words.

श्री जगन्नाथ : स्पीकर साहिब मैंने जो कुछ कहा है ठीक कहा है मगर वापस लेता हूं ।

श्री अध्यक्ष : मैं आप को फिर मौका देता हूं । आप ने अपने लफजों पर दोबारा इंसिस्ट किया है अनकंडीशनली विदड्रा करें । (I give you another chance. He has insisted again on his words. Please withdraw these words unconditionally.)

श्री जगन्नाथ : आप ने जितने वर्डज़ पर एतराज किया है वह वापिस लेता हूं ।

श्री अध्यक्ष : आप ने कुछ लफज़ कहे हैं वह विदड्रा करें । (You have uttered some words which should be withdrawn.)

श्री जगन्नाथ : मैंने जो बात कही थी, बिदड्रा करता हूं ।

श्री अध्यक्ष : आप बैठिए, आपका प्वायंट आफ आर्डर नहीं है । (Please resume your seat. This is no point of order.)

श्री यश पाल : एक यहां पर यह कहा गया कि प्रबोध जी ने मुझे मिल कर बात की है । मेरे प्रबोध जी के साथ ताल्लुकात कुछ अच्छे नहीं । मुद्दत से हम बात नहीं करते । पंजाबी सूबे के बारे में, पंजाबी सूबे के खिलाफ एजीटेशन के बारे में, अंदोलन के सिलसिले में आज तक मेरी उनसे कोई बात नहीं हुई । अफसोस इस बात से होता है कि इतने जिम्मेदार आदमी इतनी गैर जिम्मेदारी की बात कहते हैं । अगर यह पंजाब गवर्नमैंट मुझे गिरफतार नहीं कर सकती तो कम अज कम किसी जेलखाने में एक कमरा अलाट कर दें, मैं आराम से वहां बैठूगा ।

ਸਰਦਾਰ ਲਛਮਣ ਸਿੰਘ ਗਿਲ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ੍ਰੀ ਸਪੀਕਰ : ਸਰਦਾਰ ਲਛਮਣ ਸਿੰਘ, ਤੁਸੀਂ ਬੈਠੋ । (Sardar Lachhman Singh should please resume his seat).

ਸਰਦਾਰ ਲਛਮਣ ਸਿੰਘ ਗਿਲ : ਸਪੀਕਰ ਸਾਹਿਬ, ਨਿਹਾਇਤ ਜ਼ਰੂਰੀ ਗਲ ਹੈ ।

(*Interuptians*)

Mr. Speaker : Order, please. (*Noise*)

ਸਰਦਾਰ ਲਛਮਣ ਸਿੰਘ ਗਿਲ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਯਸ਼ ਸਾਹਿਬ ਨੇ ਹੁਣੇ ਹੀ ਕਿਹਾ ਸੀ ਕਿ ਮੈਂ ਪ੍ਰਬੋਧ ਚੰਦਰ ਨੂੰ ਕਦੇ ਨਹੀਂ ਮਿਲਿਆ ਅਤੇ ਨਾ ਮੇਰਾ ਔਗਾਂ ਲਗਵਾਉਣ ਵਿਚ ਹੱਥ ਹੈ । ਮੈਂ ਉਸ ਮੌਕੇ ਦੀ ਗਲ ਦਸਣਾ ਚਾਹੁੰਦਾ ਹਾਂ

ਜਦੋਂ ਮੈਂ ਇਨ੍ਹਾਂ ਨੂੰ ਸਾਜ਼ਸ਼ ਕਰਦਿਆਂ ਪਕੜਿਆ ਸੀ । ਮੈਂ ਕੈਪਟਨ ਕੇਸ਼ਬ ਚੰਦਰ ਦੇ ਮਕਾਨ ਤੇ ਗਿਆ, ਉਥੇ ਮਧੋਕ ਸਾਹਿਬ ਵੀ ਸਨ । ਮੈਂ ਦੇਖਿਆ । ਉਥੇ ਯਸ਼, ਜਗਤ ਨਾਰਾਇਣ ਅਤੇ ਵਰਿੰਦਰ ਬੈਠੇ ਹੋਏ ਸੀ । ਮੇਰੇ ਪਹੁੰਚਣ ਤੇ ਇਹ ਉਥੋਂ ਖਿਸਕ ਗਏ ਔਰ ਕੈਪਟਨ ਸਾਹਿਬ ਨੇ ਦੱਸਿਆ ਕਿ ਇਹ ਅਨ-ਇਨਵਾਈਟਿਡ ਹੀ ਆਏ ਸਨ, ਉਥੇ ਅੱਗਾਂ ਲਗਵਾ ਦਿੱਤੀਆਂ ਹਨ ਅਤੇ ਹੁਣ ਏਥੇ ਅੱਗਾਂ ਲਗਵਾਉਣ ਦੀ ਕੋਸ਼ਿਸ਼ ਕਰ ਰਹੇ ਹਨ ।

Mr. Speaker: Order please. This is no point of order. (*noise*)

(*At this stage Giani Kartar Singh rose on a point of personal explanation*)

ਸ੍ਰੀ ਸਪੀਕਰ : ਗਿਆਨੀ ਜੀ, ਮੈਂ ਪ੍ਰੋਸੀਡਿੰਗਜ਼ ਸੁਣੀਆਂ ਹਨ ਕਿਸੇ ਨੇ ਤੁਹਾਡੇ ਖਿਲਾਫ ਕੋਈ ਗਲ ਨਹੀਂ ਕਹੀ। (Giani ji, I have heard the proceedings. Nobody has said anything against you.)

ਗਿਆਨੀ ਕਰਤਾਰ ਸਿੰਘ: ਸਪੀਕਰ ਸਾਹਿਬ, ਯਸ਼ ਸਾਹਿਬ ਨੇ ਫਰਮਾਇਆ ਸੀ ਕਿ ਉਹ ਮੈਨੂੰ ਕਾਂਗਰਸੀ ਤਸਲੀਮ ਨਹੀਂ ਕਰਦੇ। ਸ਼ਾਇਦ ਜਿੰਨੇ ਦਰਜੇ ਦੇ ਸਿਖ ਕਾਂਗਰਸੀ ਨੂੰ ਉਹ ਦੁਸ਼ਮਣ ਸਮਝਦੇ ਹੋਣ ਉਹ ਮੈਂ ਨਹੀਂ ਹਾਂ । ਦੂਜੀ ਗੱਲ ਇਹ ਹੈ ਕਿ ਕਾਂਗਰਸ ਤਾਂ ਮੈਨੂੰ ਕਾਂਗਰਸੀ ਤਸਲੀਮ ਕਰਦੀ ਹੈ, ਵਜ਼ੀਰ ਵੀ ਬਣਾ ਦਿੰਦੇ ਰਹੇ ਹਨ ਅਤੇ ਟਿਕਟ ਵੀ ਦੇ ਦਿੰਦੇ ਰਹੇ ਨੇ ਅਤੇ ਬਾਕੀ ਵੀ ਜੋ ਕਾਂਗਰਸ ਦੇ ਵਿਚ ਵਡਿਆਈ ਦੀ ਗੱਲ ਹੈ ਉਸ ਦੇ ਵਿਚ ਅਗੇ ਲਿਆਉਂਦੇ ਰਹੇ ਹਨ । ਉਨ੍ਹਾਂ ਨੂੰ ਪਤਾ ਨਹੀਂ ਹੋਰ ਕੀ ਸਬੂਤ ਚਾਹੀਦਾ ਹੈ । ਮੈਂ ਤਾਂ ਆਪਣੇ ਆਪ ਨੂੰ ਕਾਂਗਰਸੀ ਸਮਝਦਾ ਹਾਂ ਲੇਕਿਨ ਉਸ ਦਰਜੇ ਤਕ ਨਹੀਂ ਪਹੁੰਚਦਾ ਜਿੱਥੋਂ ਤਕ ਉਹ ਪਹੁੰਚਦੇ ਹਨ । ਜਿਸ ਤਰ੍ਹਾਂ ਉਹ ਕਲਾ ਬਾਜ਼ੀਆਂ ਮਾਰਦੇ ਰਹੇ ਹਨ ਕਦੇ ਅਜ ਅਸਤੀਫਾ ਦੇ ਦਿੱਤਾ ਤੇ ਕਦੇ ਕਲ ਅਸਤੀਫਾ ਦੇ ਦਿੱਤਾ ਅਤੇ ਕਦੇ ਪਾਕਿਸਤਾਨ ਵਿਚ ਹੀ ਰਹਿ ਗਏ । ਬਸ ਮੈਂ ਏਨੀ ਗਲ ਹੀ ਕਹਿਣੀ ਸੀ ।

ADJOURNMENT MOTIONS (*Resumption*)—(conld.)

मुख्य मन्त्री (श्री राम किशन) : स्पीकर साहिब, पानीपत में जो कल वाका हुआ है उस पर मैम्बर साहिबान ने जो रोष का इजहार किया है वह बजा है क्योंकि इस से बढ़ कर heinous, gruesome, कमीना और ज़लील खेल और कोई नहीं हो सकता । यह आग लगाने की बात ही नहीं बल्कि मैं समझता हूं कि यह एक इतना नंगा मर्डर किया गया है जिस की कोई भी इनसान निन्दा किए बगैर नहीं रह सकता । ऐसा वाका राज में हो और उस की हम मजम्मत न करें । तो हमारी जमीर जागती नहीं बल्कि सोई हुई रहती है जहां तक एडजर्नमैंट मौशन्ज़ का ताल्लुक है उस पर तो मैं सिर्फ एक ही बात अर्ज करनी चाहता हूं । रूल्ज़ आफ बिज़नेस के सैकशन 67 में लिखा है ।

(मुख्य मंत्री)

(1) "Notice of an adjournment motion shall be given in writing not less than one and a half hours before the commencement of the sitting on the day on which the motion is proposed to be made to each of the following :—

(i) Speaker.

(ii) Minister concerned or Chief Parliamentary Secretary.

(iii) Secretary.

(2) Notice of an adjournment motion shall be accompanied by a brief explanatory memorandum explaining the motion. Such memorandum shall not be part of the motion."

लेकिन, स्पीकर साहिब, आप ने इस मुताबिक इस पर डिसकशन की अजाजत दी है ताकि मैम्बर साहिबान अपने खयालात का इज़हार करें। चुनाचे तमाम मैम्बरान ने अपने खयालात का इज़हार करके उन वाक्यात की पूरे ज़ोरों से मुज़म्मत की है। ठीक है, करनी चाहिए थी स्पीकर साहिब, सवाल इस से कुछ और भी उठते हैं। जहां तक पानीपत के वाके का ताल्लुक है कल शाम के छः बजे हमारे पास इतलाह आई कि पानीपत में एक वायलेंट माब वायलेंट प्रोसेशन की शकल में निकला है। रास्ते में पुलिस को एक जगह उस पर गोली चलानी पड़ी जिस से एक स्टूडट ज़ख्मी हो कर चन्द मिन्ट बाद मर गया और उस का पोस्ट मार्टम हो रहा है। जिस वक्त यह इतलाह आई उस वक्त हमारी पार्टी मीटिंग हो रही थी। और डिटेल्ज़ नहीं पहुची थी जब मीटिंग खत्म हुई तो मैंने उस वक्त डी. सी., एस. पी. और डी. आई. जी. को कांटैक्ट किया। डिप्टी कमिश्नर ने कहा कि मैं हस्पताल से बोल रहा हूं, यहां लड़के का पोस्ट मार्टम हो रहा है। मैं पूरी डिटेल भेज रहा हूं कि और कौन कौन जख्मी हुआ है उसके आध घंटा बाद वहां के आर्य कालज के प्रिंसीपल का टैलीफून आया और उन्होंने कहा कि एक स्टूडैंट की डैथ हो गई है आप उसकी इन्क्वायरी करवाएं। मैंने उन को कहा कि मेरे पास कोई डिटेल नहीं, डिटेलज़ आने के बाद देखेंगे कि सारे वाक्यात क्या हैं। उस के बाद स्पीकर साहिब रात के पौने गयारा बजे के करीब मुझे पानीपत से डिप्टी कमिशनर की तरफ से फोन आया। इस के आधा घंटा बाद खादी आश्रम पानीपत से फोन आया। फिर एक बजे एक कांग्रेस वरकर मलिक अमृत लाल बतरा का टैलीफून आया। मैंने उसी बक्त डी. आई. जी. सी. आई. डी. को डी. सी., एस. पी. और ऐस. डी. एम. को कोंटेक्ट करने की कोशिश की तांकि इस की डिटेलज़ ली जाए और यह पता चले कि जो ज़लील फेल हुआ है उसके लिए कौन जिम्मेदार है। वहां के एस. पी. जो थे वहां एग्जामीनेशन बोर्ड के सिलसले में फिलौर गए हुए थे। मैंने हिदायत की कि वह फौरन करनाल पहुंच जाएं और डी. आई. जी. को कहा कि अम्बाला डिवीजन की पुलिस फोर्स ले कर वहां पहुंचे। सुबह फिर मैंने डी. सी., एस. पी. और एस. डी. एम. से बात की है और उन को कहा है कि आज दोपहर से पहले जिन लोगों ने यह फेल किया हैं उनको जरूर arrest किया जाना चाहिए चाहे जो भी स्टैपस़ लेने पड़े क्यों कि यह गवर्नमैंट पर इस से बढ़ कर बदनुमा धब्बा और कोई नहीं हो सकता हम ने यहां से अपने इडीशनल आई. जी. पी. को भी फौरन वहां पर भेजा

है और अम्बाला डिवीजन के कमिशनर को इनक्वायरी के लिए मुकर्रर कर दिया है और कहा है कि 24 घन्टों के अन्दर अन्दर सारी रिपोर्ट आनी चाहिए । उन को यह भी कहा है कि इस बात की भी तहकीकात करनी है कि वहां के अफसर ने तो किसी किस्म की ड्यूटी देने में कोताही तो नहीं की, जब आग लग रही थी तो उन्हों ने क्या पार्ट पले किया । उन से कहा है कि पूरी छान-बीन करके हमें रिपोर्ट आनी चाहिए । मैं हाउस को यकीन दिलाना चाहता हूं कि यह गवर्नमैंट अवाम के जज़बात की कद्र करने वाली है, उन के जज़बात से खेलने वाली नहीं है । मैं यह भी यकीन दिलाना चाहाता हूं कि कल रिपोर्ट पहुंचने पर अगर यह मालूम हुआ कि किसी अफसर ने कोई नैगलीजेंस आफ ड्यूटी की है तो उसके खिलाफ जो भी एक्शन लिया जा सकता होगा वह लिया जाएगा । जहां तक कातलों का ताल्लुक है उनके मुताल्लिक जो इतलाह आई है वह यह है कि इस में 9 अशखास शामिल थे जिन में से चार आदमी गिरफ्तार किए जा चुके हैं और डी. सी. साहिब ने बताया है कि इस काम के लिए सारी फोर्स लगाई हुई है और वह हमें आफटर नून को खबर बताएंगे । हम आशा रखते हैं कि उन तमाम आदमियों को गिरफ्तार करने में कामयाब हो जाएंगे । स्पीकर साहिब, यह एक ऐसा फेल है जिसकी जितनी भी निन्दा की जाए उतनी कम है । यह तीनों, श्री कान्ति कुमार, श्री दीवान चन्द ठक्कर और श्री सन्त राम लाम्बा मेरे नज़दीकी साथी थे । जहां तक श्री कान्ति कुमार का संबंध है, उनके और हमारे पारिवारिक संबंध हैं । हम लाहौर में एक ही गली में रहते थे और जेल में भी हम एक दूसरे के साथ रहे । मुझे तो ज़ाती तौर पर भी भारी चोट लगी है । हम ऐसी चीजें कभी बरदाश्त नहीं कर सकते । इस बारे में मैं हाउस को पूरा यकीन दिलाना चाहता हूं । पंजाब में रहने वाला एक एक इनसान एक एक जान हमारे लिए बहुत कीमती है । हमारे लिए खाह हमारे मुखालिफ हों या साथी हों एक एक इनसान की जान हमारे लिए कीमती है और उसकी पूरे ज़ोर के साथ हिफातज़ की जाएगी । श्री कान्ति कुमार ने देश की आज़ादी के लिए बहुत कुरबानियां की हैं और अब उन्होंने देश के लिए ही बलिदान दे दिया है । यह हम बरदाश्त नहीं कर सकेंगे । इस बारे महता रूप लाल जी ने एक सुझाव दिया है । मैं जानता हूं कि यह तीनों परिवार कसमपुरसी की हालत में हो गए हैं उन की कीमत कौन दे सकता है ? लेकिन फिर भी गवर्नमैंट ने उसी वक्त पांच पांच हज़ार रुपए इन तीनों परिवारों के लिए सैंक्शन किए हैं (Cheers) ताकि उन के परिवारों की कुछ न कुछ देखभाल हो सके । यह कोई कीमत नहीं है । हमारा यह इनसानी फर्ज़ है कि हम उनके परिवारों की देख भाल करें । सोमवार को फिर जब पुलिस और ऐडमिनिस्ट्रेशन की मांगों पर बहस हो रही है उस वक्त यह सारी बातें आएंगी और जो वाकयात उस वक्त तक हमारे पास आएंगे वह, स्पीकर साहिब, आपकी मारफत हाउस में पेश करूंगा । चौधरी हरद्वारी लाल जी और कामरेड शमशेर सिंह जोश ने भिवानी के बारे में ज़िक्र किया था । भिवानी के वाक्यात का

[मुख्य मंत्री]

जहां तक सम्बन्ध है वहां जैसा कि सरदार गुरनाम सिंह जी ने कहा वहां एक वायोलैंट माब आया जिसने रैस्ट हाउस, एस. डी. एम. की कोर्ट, रेजीडैंस और सरकारी इमारतों को जलाया। उस वायोलैंट माब को डिसपर्स करने की कोशिश की गई और उन में एक डी. एस. पी. और दूसरे पुलिस कर्मचारी ज़ख्मी हुए कल मैंने उस वायोलैंट माब में कम्युनिस्टों के शामिल होने का ज़िक्र किया था इस बारे में मुझे जोश साहिब और दूसरे कम्युनिस्ट भाई मिले और कहा कि आपने हमारी पार्टी का नाम साथ लगा कर ठीक बात नहीं कही। मैं मानता हूं कि जहां तक बाकी जगहों का सम्बन्ध है वहां अमन शान्ति रखने के लिए कम्युनिस्ट साथियों ने पूरा तुआवन दिया है लेकिन भिवानी के बारे में जो मेरे पास रिपोर्ट आई है उस में यही है कि कम्युनिस्ट उसमें शामिल हुए हैं। मैंने उन से कहा था कि आप चैक कर लें और मेरे नोटिस में लाएं। डी. आई. जी., डी सी और दूसरे अफसरों की तरफ से जो रिपोर्ट आई उसके मुताबिक तो जो मैंने कहा ठीक है। माब के पास कैरोसीन आयल और पट्रौल के टीन थे। चौधरी हरद्वारी लाल ने एक लैटर को पढ़ा। मैंने कहा है कि अगर ऐसी कोई बात है तो इन-वेस्टीगेशन कर लेंगे जो बात आप करते हैं। जो वाक्यात आए हैं वे यह हैं कि माब ने वायोलैंस किया। तहसील जलाने की, टैलीफून ऐक्सचेंज' जलाने की कोशिश की। एक्सचेंज कट आफ रहा। रेलवे स्टेशन भिवानी से टैलीफोन आया तब सारा पता लगा। बहरहाल जहां तक उन्होंने कालिज की बात कही है उसकी इन्वेस्टीगेशन कर लेंगे। हमें हर बेगुनाह के साथ हमदर्दी है लेकिन रायटर के साथ नहीं हो सकती।

ला ऐंड आर्डर के बारे में यहां काफी कुछ कहा गया है। मैं मानता हूं। इस ऐजीटेशन में पांच सात दिन से सिचुएशन ऐसी हुई है जिसे सीरियस कहा जा सकता है लेकिन अब हालात अमृतसर में नारमल हो रहे हैं। सुबह की इतलाह के मुताबिक जालंधर में मंडी फैंटन गंज, सबजी मंडी बगैरा के बाजार खुल गए हैं और नार-मैलसी आ रही है। लुधियाना में कुछ जगह दुकानें नहीं खुली हैं बाकी जगह खुल रही हैं। यह ठीक है कि पिछले पांच सात दिन में ऐसे वाक्यात हुए हैं जिन में वायोलैंस हुआ है, प्रापरटी फूंकी गई है। यह चीज़ काबिले मुजम्मत है। गवर्नमैंट जो स्टैप्स ले सकती थी हालात के मुताबिक लिए हैं हम ने डिस्ट्रिक्ट अथारिटीज को स्ट्रिक्ट इन्स्ट्रकशनज दी हैं कि अमन कायम रखने के लिए आपको खुली छुट्टी है और अपने अपने इलाकों में अमन कायम रखने के लिए और दंगा फसाद करने वालों से डील करने के लिए आन दी स्पाट जो मुनासिब समझें कार्यवाही करें जो कि हालात के मुताबिक करनी जरूरी हो उन से कहा गया है कि पंजाब में हर हालत में अमन कायम रखना है। जालंधर में ठीक है कुछ बहुत अफसोसनाक वाक्यात हुए हैं और उन्हें देख कर मेरा सिर शर्म से झुकता है। जिस जालंधर से मैं रिटर्न हो कर आता हूं वहां अगर ऐसे वाक्यात हों तो मेरे लिए इस से बढ़ कर और अफसोसनाक बात नहीं हो सकती है आई. जी. साहिब को भेजा है कि वह लुधियाना, जालंधर, अमृतसर जाकर हालात को देखें और जिला अफसरों से

